ਬੁੱਧਵਾਰ, 2 ਜੁਲਾਈ, 2025
18 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 31

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 2 JULY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 16

# ਟਰੰਪ ਤੇ ਮਸਕ ਵਿਚਾਲੇ ਪੇਚਾ ਪੈ ਗਿਆ

## ਸਰਕਾਰੀ ਸਬਸਿਡੀ ਬੰਦ ਹੋ ਜਾਵੇ ਤਾਂ ਮਸਕ ਨੂੰ ਦੱਖਣੀ ਅਫਰੀਕਾ ਭੱਜਣਾ ਪੈਣੈ : ਟਰੰਪ

## ਖਰਚਿਆਂ ਬਾਰੇ ਬਿੱਲ ਪਾਸ ਹੋਣ ਦੇ ਅਗਲੇ ਦਿਨ ਨਵੀਂ ਪਾਰਟੀ ਖੜ੍ਹੀ ਕਰ ਦੇਵਾਂਗਾ : ਮਸਕ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨ੍ਹਾ ਦੇ ਆੜੀ ਰਹੇ ਖਰਬਪਤੀ ਐਲਨ ਮਸਕ ਵਿਚਾਲੇ ਜੰਗ ਤੇਜ਼ ਹੋ ਗਈ ਹੈ। ਟੈਸਲਾ ਦੇ ਮਾਲਕ ਮਸਕ ਬਾਰੇ ਟਰੰਪ ਨੇ ਕਿਹਾ ਹੈ ਕਿ ਜੇ ਮਸਕ ਨੂੰ ਮਿਲਣ ਵਾਲੀ ਸਰਕਾਰੀ ਸਬਸਿਡੀ ਬੰਦ ਹੋ ਜਾਵੇ ਤਾਂ ਉਸ ਨੂੰ ਆਪਣੀ ਦੁਕਾਨ (ਕੰਪਨੀ) ਬੰਦ ਕਰਕੇ ਦੱਖਣੀ ਅਫਰੀਕਾ ਪਰਤਣਾ ਪਵੇਗਾ। ਸਬਸਿਡੀ ਬੰਦ ਹੋਣ ਨਾਲ ਨਾ ਤਾਂ ਟੈਸਲਾ ਇਲੈਕਟ੍ਰਿਕ ਕਾਰਾਂ ਦਾ ਉਤਪਾਦਨ ਹੋਵੇਗਾ ਅਤੇ ਨਾ ਹੀ ਸਪੇਸਐਕਸ ਦੇ ਰਾਕੇਟ ਤੇ ਸੈਟੇਲਾਈਟ ਲਾਂਚ ਹੋਣਗੇ।

ਟਰੰਪ ਨੇ ਕਿਹਾ ਕਿ ਮਸਕ ਨੂੰ ਸਰਕਾਰੀ ਸਬਸਿਡੀ ਵਜੋਂ ਏਨਾ ਪੈਸਾ ਮਿਲਿਆ ਹੈ, ਜਿੰਨਾ ਸ਼ਾਇਦ ਕਿਸੇ ਹੋਰ ਨੂੰ ਨਹੀਂ ਮਿਲਿਆ। ਉਨ੍ਹਾ ਕਿਹਾ ਕਿ ਸਰਕਾਰੀ ਕੁਸ਼ਲਤਾ ਬਾਰੇ ਵਿਭਾਗ (ਡਿਪਾਰਟਮੈਂਟ ਆਫ ਗੌਰਮਿੰਟ ਐਫੀਸ਼ੀਐਂਸੀ) ਇਸ ਮਾਮਲੇ ਦੀ ਜਾਂਚ ਕਰੇ। ਇਸ ਨਾਲ ਦੇਸ਼ ਦਾ ਪੈਸਾ ਬਚੇਗਾ।



ਟਰੰਪ ਨੇ ਕਿਹਾ—ਮਸਕ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਮੇਰੀ ਹਮਾਇਤ ਕਰਨ ਤੋਂ ਬਹੁਤ ਪਹਿਲਾਂ ਹੀ ਪਤਾ ਸੀ ਕਿ ਮੈਂ ਈ ਵੀ (ਇਲੈਕਟ੍ਰਿਕ ਵਹੀਕਲ) ਫਤਵੇ ਦੇ ਖਿਲਾਫ ਹਾਂ। ਇਲੈਕਟ੍ਰਿਕ ਗੱਡੀਆਂ ਚੰਗੀਆਂ ਹਨ, ਪਰ ਹਰ ਇਨਸਾਨ ਨੂੰ ਇਨ੍ਹਾਂ ਨੂੰ ਖਰੀਦਣ ਲਈ ਮਜਬੂਰ ਕਰਨਾ ਗਲਤ ਹੈ। ਅਮਰੀਕਾ ਦੇ ਊਰਜਾ ਵਿਭਾਗ ਨੇ ਟੈਸਲਾ ਨੂੰ 46 ਲੱਖ 50 ਹਜ਼ਾਰ ਡਾਲਰ ਦਾ ਕਰਜ਼ਾ ਦਿੱਤਾ ਸੀ। ਇਸ ਨਾਲ ਟੈਸਲਾ ਨੂੰ ਮਾਡਲ-ਐੱਸ ਕਾਰ ਲਾਂਚ ਕਰਨ ਵਿੱਚ ਮਦਦ ਮਿਲੀ। ਨੇਵਾਦਾ ਨੇ 2014 ਵਿੱਚ ਟੈਸਲਾ ਨੂੰ ਗੀਗਾ ਫੈਕਟਰੀ ਲਈ 11 ਹਜ਼ਾਰ ਕਰੋੜ ਰੁਪਏ ਦੀ ਟੈਕਸ ਛੋਟ ਦਿੱਤੀ। ਟੈਸਲਾ ਖਰੀਦਣ ਵਾਲੇ ਨੂੰ ਹਰ ਇਲੈਕਟ੍ਰਿਕ ਗੱਡੀ 'ਤੇ 7500 ਡਾਲਰ ਦਾ ਟੈਕਸ ਕਰੈਡਿਟ ਮਿਲਦਾ ਹੈ। ਸਪੇਸਐਕਸ ਨੂੰ 2008 ਤੋਂ 16 ਲੱਖ ਕਰੋੜ ਰੁਪਏ ਦੇ ਸਰਕਾਰੀ ਠੇਕੇ ਮਿਲੇ ਹਨ।

ਦਰਅਸਲ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਮਸਕ ਟਰੰਪ ਦੇ ਬਿੱਗ ਬਿਊਟੀਫੁੱਲ ਬਿੱਲ ਦੇ ਖਿਲਾਫ ਹੈ। ਉਸ ਦਾ ਕਹਿਣਾ ਹੈ ਕਿ ਇਹ ਬਿੱਲ ਅਮਰੀਕਾ ਵਿੱਚ ਲੱਖਾਂ ਨੌਕਰੀਆਂ ਖਤਮ ਕਰ ਦੇਵੇਗਾ ਅਤੇ ਦੇਸ਼ ਨੂੰ ਬਹੁਤ ਵੱਡਾ ਸਿਆਸੀ ਨੁਕਸਾਨ ਪਹੁੰਚਾਏਗਾ। ਇਹ ਪੂਰੀ ਤਰ੍ਹਾਂ ਪਾਗਲਪਨ ਨਾਲ ਭਰਿਆ ਤੇ ਵਿਨਾਸ਼ਕਾਰੀ ਬਿੱਲ ਹੈ। ਇਹ • ਬਾਕੀ ਸਫਾ 2 'ਤੇ

# ਬਿਆਸ ਚੜ੍ਹਿਆ ਆਉਂਦਾ



ਮੰਡੀ ਵਿੱਚ ਬਿਆਸ ਦਰਿਆ 'ਚ ਚੜ੍ਹਿਆ ਪਾਣੀ।

**ਸ਼ਿਮਲਾ** : ਹਿਮਾਚਲ 'ਚ ਸੋਮਵਾਰ ਰਾਤ ਤੋਂ ਜਾਰੀ ਭਾਰੀ ਮੀਂਹ, ਹੜ੍ਹਾਂ ਤੇ ਬੱਦਲ ਫਟਣ ਦੀਆਂ ਘਟਨਾਵਾਂ ਕਰਕੇ ਮੰਡੀ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਤਬਾਹੀ ਹੋਈ ਹੈ। ਚਾਰ ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ, ਜਦੋਂਕਿ 16 ਵਿਅਕਤੀ ਲਾਪਤਾ ਦੱਸੇ ਜਾਂਦੇ ਹਨ। ਇਸੇ ਦੌਰਾਨ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਦੇ ਨੇੜੇ ਪਹੁੰਚ ਗਿਆ ਹੈ। ਕੈਚਮੈਂਟ ਏਰੀਏ ਵਿਚ ਪਾਣੀ ਦਾ ਪੱਧਰ ਵਧਣ ਮਗਰੋਂ ਇਹਤਿਆਤ ਵਜੋਂ ਪੰਡੋਹ ਡੈਮ ਦੇ ਗੇਟ ਖੋਲ੍ਹ ਦਿੱਤੇ ਗਏ ਹਨ। ਲੋਕਾਂ ਤੇ ਸੈਲਾਨੀਆਂ ਨੂੰ ਨਦੀ-ਨਾਲਿਆਂ ਦੇ ਕੰਢਿਆਂ 'ਤੇ ਨਾ ਜਾਣ ਦੀ ਅਪੀਲ ਕੀਤੀ ਗਈ ਹੈ। ਵਾਧੂ ਪਾਣੀ ਛੱਡੇ ਜਾਣ ਕਰਕੇ ਬਿਆਸ ਦਰਿਆ ਦਾ ਵਹਾਅ ਵਧਣ ਕਰਕੇ ਪੰਡੋਹ ਬਾਜ਼ਾਰ ਨੂੰ ਅੱਧੀ ਰਾਤ ਦੇ ਕਰੀਬ ਖਾਲੀ ਕਰਵਾ ਲਿਆ ਗਿਆ। ਖੁਸ਼ਕਿਸਮਤੀ ਨਾਲ, ਇਲਾਕੇ ਵਿੱਚੋਂ ਕਿਸੇ ਵੀ ਜਾਨੀ ਨੁਕਸਾਨ ਜਾਂ ਵਿਅਕਤੀ ਦੇ ਫਸਣ ਦੀ ਖਬਰ ਨਹੀਂ ਹੈ। ਕਰਸੋਗ ਸਬ-ਡਵੀਜ਼ਨ ਵਿੱਚ ਬੱਦਲ ਫਟਣ ਕਰਕੇ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦੋਂਕਿ 16 ਹੋਰਾਂ ਨੂੰ ਬਚਾਇਆ ਗਿਆ। ਇਨ੍ਹਾਂ ਵਿੱਚ 12 ਬੱਚੇ ਅਤੇ 4 ਮਹਿਲਾਵਾਂ ਸ਼ਾਮਲ ਹਨ।

ਕੀਰਤਪੁਰ-ਮਨਾਲੀ ਹਾਈਵੇਅ 'ਤੇ ਜ਼ਮੀਨ ਖਿਸਕਣ ਤੇ ਢਿੱਗਾਂ ਡਿੱਗਣ ਕਰਕੇ ਮੰਡੀ ਤੇ ਕੁੱਲੂ ਵਿਚਾਲੇ ਕਈ ਥਾਵਾਂ 'ਤੇ ਸੜਕਾਂ ਬੰਦ ਹੋ ਗਈਆਂ ਹਨ। ਬਹੁਤ ਸਾਰੇ ਯਾਤਰੀ ਰਾਤ ਭਰ ਸੜਕੀ ਸੁਰੰਗਾਂ ਅੰਦਰ ਫਸੇ ਰਹੇ। ਜ਼ਿਲ੍ਹਾ ਪ੍ਰਸ਼ਾਸਨ ਦੇ ਵਲੰਟੀਅਰ ਫਸੇ ਲੋਕਾਂ ਨੂੰ ਭੋਜਨ ਅਤੇ ਪਾਣੀ ਦੀ ਸਪਲਾਈ ਕਰ ਰਹੇ ਹਨ। ਸੁਰੱਖਿਆ ਕਾਰਨਾਂ ਕਰਕੇ ਮੰਡੀ ਤੋਂ ਕੁੱਲੂ ਵੱਲ ਵਾਹਨਾਂ ਦੀ ਆਵਾਜਾਈ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਨਦੀ ਦੇ ਪੱਧਰ ਵਿੱਚ ਵਾਧੇ ਅਤੇ ਗਾਦ ਕਾਰਨ ਲਾਰਜੀ ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟ (126 ਮੈਗਾਵਾਟ) ਕੁੱਲੂ ਤੋਂ ਵੀ ਪਾਣੀ ਛੱਡਿਆ ਗਿਆ ਹੈ। ਆਮ ਲੋਕਾਂ ਅਤੇ ਸੈਲਾਨੀਆਂ ਨੂੰ ਇੱਕ ਵਾਰ ਫਿਰ ਨਦੀ ਦੇ ਕਿਨਾਰਿਆਂ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ ਗਈ ਹੈ।

ਭਾਰੀ ਮੀਂਹ ਕਰਕੇ ਚੰਬਾ, ਮੰਡੀ, ਹਮੀਰਪੁਰ, ਸ਼ਿਮਲਾ, ਸਿਰਮੌਰ ਅਤੇ ਸੋਲਨ ਜ਼ਿਲ੍ਹਿਆਂ ਵਿਚ ਅਗਲੇ 24 ਘੰਟਿਆਂ ਲਈ ਹੜ੍ਹਾਂ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਭਾਰੀ ਮੀਂਹ ਕਰਕੇ ਸ਼ਿਮਲਾ ਜ਼ਿਲ੍ਹੇ ਦੇ ਕਿੰਗਲ ਅਤੇ ਬਿਠਲ ਨੇੜੇ ਕਈ ਥਾਵਾਂ 'ਤੇ ਕੌਮੀ ਸ਼ਾਹਰਾਹ 5 ਵੀ ਬੰਦ ਹੋ ਗਿਆ ਹੈ, ਜਿਸ ਨਾਲ ਸੜਕ ਆਵਾਜਾਈ ਵਿੱਚ ਵਿਘਨ ਪੈ ਰਿਹਾ ਹੈ।

## ਪੰਜਾਬ 'ਚ ਇੱਕ ਹਫਤਾ ਭਾਰੀ ਮੀਂਹ ਦੀ ਪੇਸ਼ੀਨਗੋਈ

**ਨਵੀਂ ਦਿੱਲੀ** : ਭਾਰਤੀ ਮੌਸਮ ਵਿਭਾਗ ਨੇ ਮੰਗਲਵਾਰ ਕਿਹਾ ਕਿ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਯੂ ਪੀ, ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਅਗਲੇ ਛੇ ਤੋਂ ਸੱਤ ਦਿਨਾਂ ਵਿੱਚ ਬਹੁਤ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਮੱਧ ਪ੍ਰਦੇਸ਼, ਵਿਦਰਭ, ਛੱਤੀਸਗੜ੍ਹ, ਬਿਹਾਰ, ਪੱਛਮੀ ਬੰਗਾਲ, ਸਿੱਕਮ ਅਤੇ ਝਾਰਖੰਡ ਵਿੱਚ ਵੀ ਭਾਰੀ ਮੀਂਹ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਦੇਸ਼ ਵਿੱਚ ਜੁਲਾਈ ਵਿੱਚ ਆਮ ਨਾਲੋਂ ਵੱਧ ਮੀਂਹ ਦੀ ਭਵਿੱਖਬਾਣੀ ਕਰਦਿਆਂ ਮੱਧ ਭਾਰਤ, ਉੱਤਰਾਖੰਡ ਅਤੇ ਹਰਿਆਣਾ ਵਿੱਚ ਅਧਿਕਾਰੀਆਂ ਅਤੇ ਲੋਕਾਂ ਨੂੰ ਹੜ੍ਹਾਂ ਦੇ ਖਤਰੇ ਕਾਰਨ ਚੌਕਸ ਰਹਿਣ ਲਈ ਕਿਹਾ।

# ਥਾਈਲੈਂਡ ਦੀ ਪ੍ਰਧਾਨ ਮੰਤਰੀ ਮੁਅੱਤਲ

**ਬੈਂਕਾਕ** : ਥਾਈਲੈਂਡ ਦੀ ਸੰਵਿਧਾਨਕ ਅਦਾਲਤ ਨੇ ਮੰਗਲਵਾਰ ਪ੍ਰਧਾਨ ਮੰਤਰੀ ਪਾਏਤੋਂਗਤਾਰਨ ਸ਼ਿਨਾਵਾਤਰਾ ਨੂੰ ਉਸ ਦੀ ਬਰਖਾਸਤਗੀ ਦੀ ਮੰਗ ਕਰਨ ਵਾਲੇ ਕੇਸ ਦੇ ਫੈਸਲੇ ਤੱਕ ਅਹੁਦੇ ਤੋਂ ਮੁਅੱਤਲ ਕਰ ਦਿੱਤਾ। ਇਹ ਕਦਮ ਇੱਕ ਅਜਿਹੀ ਸਰਕਾਰ 'ਤੇ ਵਧਦੇ ਦਬਾਅ ਨੂੰ ਦਰਸਾਉਂਦਾ ਹੈ, ਜੋ ਕਈ ਮੋਰਚਿਆਂ 'ਤੇ ਜੀਵਤ ਰਹਿਣ ਲਈ ਸੰਘਰਸ਼ ਕਰ ਰਹੀ ਹੈ। ਅਦਾਲਤ ਨੇ 36 ਸੈਨੇਟਰਾਂ ਦੀ ਪਟੀਸ਼ਨ ਨੂੰ ਸਵੀਕਾਰ ਕੀਤਾ ਹੈ। ਇਸ ਪਟੀਸ਼ਨ ਵਿੱਚ ਪਾਏਤੋਂਗਤਾਰਨ 'ਤੇ ਕੰਬੋਡੀਆ ਦੇ ਪ੍ਰਭਾਵਸ਼ਾਲੀ ਸਾਬਕਾ ਨੇਤਾ ਹੁਨ ਸੇਨ ਨਾਲ ਇੱਕ ਰਾਜਨੀਤਕ ਤੌਰ 'ਤੇ ਸੰਵੇਦਨਸ਼ੀਲ ਟੈਲੀਫੋਨ ਗੱਲਬਾਤ ਲੀਕ ਕਰਨ ਦੇ ਸੰਬੰਧ ਵਿੱਚ ਬੇਈਮਾਨੀ ਅਤੇ ਨੈਤਿਕ ਮਾਪਦੰਡਾਂ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ ਹੈ। ਅਦਾਲਤ ਨੇ ਇੱਕ ਬਿਆਨ ਵਿੱਚ ਕਿਹਾ, "ਅਦਾਲਤ ਨੇ ਪਟੀਸ਼ਨ 'ਤੇ ਵਿਚਾਰ ਕੀਤਾ ਹੈ ਅਤੇ ਸਰਬਸੰਮਤੀ ਨਾਲ ਕੇਸ ਨੂੰ ਵਿਚਾਰਨ ਲਈ ਸਵੀਕਾਰ ਕਰ ਲਿਆ ਹੈ।"



ਜਦੋਂ ਤੱਕ ਅਦਾਲਤ ਪਾਏਤੋਂਗਤਾਰਨ ਵਿਰੁੱਧ ਕੇਸ ਦਾ ਫੈਸਲਾ ਨਹੀਂ ਕਰ ਲੈਂਦੀ, ਉਦੋਂ ਤੱਕ ਉਪ ਪ੍ਰਧਾਨ ਮੰਤਰੀ ਸੂਰੀਆ ਜੁਆਂਗ ਕਾਰਜਕਾਰੀ ਸਮਰੱਥਾ ਵਿੱਚ ਅਹੁਦਾ ਸੰਭਾਲਣਗੇ। ਪਾਏਤੋਂਗਤਾਰਨ ਕੋਲ ਜਵਾਬ ਦੇਣ ਲਈ 15 ਦਿਨ ਹਨ ਅਤੇ ਉਹ ਇੱਕ ਮੰਤਰੀ ਮੰਡਲ ਵਿੱਚ ਬਦਲਾਅ ਤੋਂ ਬਾਅਦ ਨਵੇਂ ਸੱਭਿਆਚਾਰ ਮੰਤਰੀ ਵਜੋਂ ਕੈਬਨਿਟ ਵਿੱਚ ਬਣੀ ਰਹੇਗੀ। ਸੈਰ-ਸਪਾਟਾ ਮੰਤਰੀ ਅਤੇ ਫਿਊ ਥਾਈ ਪਾਰਟੀ ਦੇ • ਬਾਕੀ ਸਫਾ 2 'ਤੇ

## ਰੂਸ ਦਾ ਲੁਹਾਨਸਕ 'ਤੇ ਪੂਰਾ ਕਬਜ਼ਾ

**ਮਾਸਕੋ** : ਰੂਸ-ਯੂਕਰੇਨ ਲੜਾਈ ਦੇ ਤਿੰਨ ਸਾਲ ਤੋਂ ਵੱਧ ਸਮੇਂ ਬਾਅਦ ਰੂਸ ਨੇ ਯੂਕਰੇਨ ਦੇ ਪੂਰਬੀ ਲੁਹਾਨਸਕ ਖੇਤਰ 'ਤੇ ਪੂਰਾ ਕੰਟਰੋਲ ਕਰ ਲਿਆ ਹੈ। ਲੁਹਾਨਸਕ ਰੂਸ ਵੱਲੋਂ 2014 ਵਿੱਚ ਕ੍ਰੀਮੀਆ ਨੂੰ ਆਪਣੇ ਨਾਲ ਮਿਲਾਉਣ ਤੋਂ ਬਾਅਦ ਪੂਰੀ ਤਰ੍ਹਾਂ ਰੂਸੀ ਫੌਜਾਂ ਦੇ ਨਿਯੰਤਰਣ ਵਿੱਚ ਆਉਣ ਵਾਲਾ ਪਹਿਲਾ ਯੂਕਰੇਨੀ ਖੇਤਰ ਹੈ। ਸਤੰਬਰ 2022 ਵਿੱਚ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਸੀ ਕਿ ਲੁਹਾਨਸਕ ਰੂਸ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਵਿਸ਼ਵ ਦੇ ਬਹੁਤੇ ਦੇਸ਼ਾਂ ਨੇ ਇਸ ਨੂੰ ਮਾਨਤਾ ਨਹੀਂ ਦਿੱਤੀ ਸੀ। ਲੁਹਾਨਸਕ ਨੂੰ 1920 ਵਿੱਚ ਲਾਲ ਫੌਜ ਨੇ ਕੰਟਰੋਲ ਵਿੱਚ ਲਿਆ ਸੀ ਅਤੇ ਫਿਰ 1922 ਵਿੱਚ ਯੂਕਰੇਨੀ ਸੋਵੀਅਤ ਸਮਾਜਵਾਦੀ ਗਣਰਾਜ ਦੇ ਹਿੱਸੇ ਵਜੋਂ ਸੋਵੀਅਤ ਯੂਨੀਅਨ ਦਾ ਹਿੱਸਾ ਬਣ ਗਿਆ ਸੀ। ਗੁਆਂਢੀ ਡੋਨੇਟਸਕ ਦੇ ਨਾਲ ਲੁਹਾਨਸਕ ਉਸ ਸੰਘਰਸ਼ ਦਾ ਮੁੱਖ ਕੇਂਦਰ ਸੀ, ਜੋ 2014 ਵਿੱਚ ਯੂਕਰੇਨ ਦੇ ਮੈਦਾਨੀ ਇਨਕਲਾਬ ਵਿੱਚ ਇੱਕ ਰੂਸ ਪੱਖੀ ਰਾਸ਼ਟਰਪਤੀ ਨੂੰ ਗੱਦੀਓਂ ਲਾਹ ਦੇਣ ਅਤੇ ਰੂਸ ਦੁਆਰਾ ਕਰੀਮੀਆ ਨੂੰ ਆਪਣੇ ਨਾਲ ਮਿਲਾ ਲੈਣ ਤੋਂ ਬਾਅਦ ਸ਼ੁਰੂ ਹੋਇਆ ਸੀ। ਇਸ ਸੰਘਰਸ਼ ਵਿੱਚ ਰੂਸ-ਸਮਰਥਤ ਵੱਖਵਾਦੀ ਤਾਕਤਾਂ ਲੁਹਾਨਸਕ ਅਤੇ ਡੋਨੇਟਸਕ ਦੋਵਾਂ ਵਿੱਚ ਯੂਕਰੇਨ ਦੀਆਂ ਹਥਿਆਰਬੰਦ ਫੌਜਾਂ ਨਾਲ ਲੜ ਰਹੀਆਂ ਸਨ।

## ਕਮਰਸ਼ੀਅਲ ਸਿਲੰਡਰ ਸਸਤਾ

**ਨਵੀਂ ਦਿੱਲੀ** : ਕਮਰਸ਼ੀਅਲ ਐੱਲ ਪੀ ਜੀ ਦਾ 19 ਕਿੱਲੋ ਦਾ ਸਿਲੰਡਰ 58.50 ਰੁਪਏ ਸਸਤਾ ਹੋ ਗਿਆ ਹੈ। ਦਿੱਲੀ ਵਿੱਚ 1,665 ਰੁਪਏ ਅਤੇ ਮੁੰਬਈ ਵਿੱਚ 1,616.50 ਰੁਪਏ ਦਾ ਮਿਲੇਗਾ।

## ਨਵੀਂ ਮੁੰਬਈ 'ਚ ਹੈਰੋਇਨ ਸਣੇ ਦੋ ਪੰਜਾਬੀ ਫੜੇ

**ਠਾਣੇ** : ਮਹਾਰਾਸ਼ਟਰ ਦੇ ਨਵੀਂ ਮੁੰਬਈ ਟਾਊਨਸ਼ਿਪ ਵਿੱਚ 1.05 ਲੱਖ ਰੁਪਏ ਦੀ ਹੈਰੋਇਨ ਜ਼ਬਤ ਕਰਦਿਆਂ ਪੁਲਸ ਨੇ ਪੰਜਾਬ ਦੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਐਤਵਾਰ ਦੇਰ ਰਾਤ ਨਵੀਂ ਮੁੰਬਈ ਦੇ ਪਨਵੇਲ ਖੇਤਰ ਵਿੱਚ ਇੱਕ ਨਿਰਮਾਣ ਅਧੀਨ ਪੁਲ ਦੇ ਨੇੜੇ ਜਾਲ ਵਿਛਾ ਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ 35 ਗ੍ਰਾਮ ਹੈਰੋਇਨ, ਜੋ ਕਿ ਗੇਂਦ ਅਤੇ ਪੱਥਰ ਦੇ ਰੂਪ ਵਿੱਚ ਸੀ, ਜ਼ਬਤ ਕੀਤੀ। ਇਹ ਸਤਨਾਮ ਸਿੰਘ (31) ਅਤੇ ਸੁਖਵਿੰਦਰ ਸਿੰਘ (59) ਤਰਨ ਤਾਰਨ ਦੇ ਰਹਿਣ ਵਾਲੇ ਹਨ।

## ਨਜ਼ਰਬੰਦਾਂ ਦੀਆਂ ਸੂਚੀਆਂ ਦਾ ਵਟਾਂਦਰਾ

**ਇਸਲਾਮਾਬਾਦ** : ਪਾਕਿਸਤਾਨ ਅਤੇ ਭਾਰਤ ਨੇ ਮੰਗਲਵਾਰ ਕੈਦੀਆਂ ਦੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ। ਪਾਕਿਸਤਾਨ ਨੇ 53 ਨਾਗਰਿਕ ਅਤੇ 193 ਮਛੇਰਿਆਂ ਸਮੇਤ 246 ਭਾਰਤੀ ਨਜ਼ਰਬੰਦਾਂ ਦੇ ਨਾਂਅ ਭਾਰਤੀ ਹਾਈ ਕਮਿਸ਼ਨ ਨੂੰ ਸੌਂਪੇ। ਭਾਰਤ ਨੇ 463 ਪਾਕਿਸਤਾਨੀ ਕੈਦੀਆਂ (382 ਨਾਗਰਿਕ ਕੈਦੀ ਅਤੇ 81 ਮਛੇਰੇ) ਦੀ ਸੂਚੀ ਨਵੀਂ ਦਿੱਲੀ 'ਚ ਪਾਕਿਸਤਾਨ ਦੇ ਹਾਈ ਕਮਿਸ਼ਨ ਦੇ ਡਿਪਲੋਮੈਟ ਨਾਲ ਸਾਂਝੀ ਕੀਤੀ। ਪਾਕਿਸਤਾਨ ਨੇ ਉਨ੍ਹਾਂ ਸਾਰੇ ਪਾਕਿਸਤਾਨੀ ਕੈਦੀਆਂ ਅਤੇ ਮਛੇਰਿਆਂ ਦੀ ਤੁਰੰਤ ਰਿਹਾਈ ਅਤੇ ਵਾਪਸੀ ਦੀ ਮੰਗ ਕੀਤੀ ਹੈ, ਜਿਨ੍ਹਾਂ ਨੇ ਆਪਣੀ-ਆਪਣੀ ਸਜ਼ਾ ਪੂਰੀ ਕਰ ਲਈ ਹੈ ਅਤੇ ਜਿਨ੍ਹਾਂ ਦੀ ਰਾਸ਼ਟਰੀ ਸਥਿਤੀ ਦੀ ਪੁਸ਼ਟੀ ਕੀਤੀ ਗਈ ਹੈ।

## ਸਾਢੇ ਤਿੰਨ ਕਰੋੜ ਨੌਕਰੀਆਂ ਪੈਦਾ ਕਰਨ ਦੀ ਯੋਜਨਾ

**ਨਵੀਂ ਦਿੱਲੀ** : ਕੇਂਦਰੀ ਕੈਬਨਿਟ ਨੇ ਮੰਗਲਵਾਰ ਸਾਰੇ ਖੇਤਰਾਂ ਵਿੱਚ ਰੁਜ਼ਗਾਰ ਪੈਦਾ ਕਰਨ, ਰੁਜ਼ਗਾਰਯੋਗਤਾ ਅਤੇ ਸਮਾਜਕ ਸੁਰੱਖਿਆ ਨੂੰ ਉਤਸ਼ਾਹਤ ਕਰਨ ਲਈ ਰੁਜ਼ਗਾਰ ਨਾਲ ਜੁੜੀ ਪ੍ਰੋਤਸਾਹਨ (ਈ ਐੱਲ ਆਈ) ਯੋਜਨਾ ਨੂੰ ਮਨਜ਼ੂਰੀ ਦਿੱਤੀ। ਇਸ ਯੋਜਨਾ ਦਾ ਉਦੇਸ਼ 2 ਸਾਲਾਂ ਵਿੱਚ ਦੇਸ਼ ਵਿੱਚ 3.5 ਕਰੋੜ ਤੋਂ ਵੱਧ ਨੌਕਰੀਆਂ ਦੀ ਸਿਰਜਣਾ ਨੂੰ ਉਤਸ਼ਾਹਤ ਕਰਨਾ ਹੈ। ਇਸ ਦਾ ਕੁੱਲ ਬਜਟ 99,446 ਕਰੋੜ ਰੁਪਏ ਹੈ।

## ਗਡਕਰੀ ਨੇ ਅਫਸਰ ਕੁੱਟਣ ਦਾ ਮਾਮਲਾ ਸੁੱਖੂ ਕੋਲ ਉਠਾਇਆ

**ਸ਼ਿਮਲਾ** : ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ 'ਤੇ ਸੋਮਵਾਰ ਨੂੰ ਬੇਕਾਬੂ ਹੋਈ ਭੀੜ ਵੱਲੋਂ ਹਮਲਾ ਕੀਤਾ ਗਿਆ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਸ ਹਮਲੇ ਵਿੱਚ ਪੇਂਡੂ ਵਿਕਾਸ ਮੰਤਰੀ ਅਨਿਰੁਧ ਸਿੰਘ ਦੀ ਕਥਿਤ ਸ਼ਮੂਲੀਅਤ ਦੇ ਦੋਸ਼ ਲਾਉਂਦਿਆਂ ਇਸ ਮਾਮਲੇ 'ਤੇ ਕਾਰਵਾਈ ਦੀ ਮੰਗ ਕੀਤੀ ਹੈ, ਜਿਸ ਕਾਰਨ ਇਹ ਵਿਵਾਦ ਵਧ ਗਿਆ ਹੈ। ਗਡਕਰੀ ਨੇ ਇੱਕ ਟਵੀਟ ਵਿੱਚ ਕਿਹਾ ਕਿ ਅਥਾਰਟੀ ਦੇ ਸ਼ਿਮਲਾ ਦੇ ਮੈਨੇਜਰ ਅਚਲ ਜਿੰਦਲ 'ਤੇ ਕਥਿਤ ਹਮਲਾ ਕੀਤਾ ਗਿਆ।

ਇਹ ਹਮਲਾ ਪੰਚਾਇਤੀ ਰਾਜ ਮੰਤਰੀ ਦੇ ਸਹਿਯੋਗੀਆਂ ਵਲੋਂ ਕੀਤਾ ਗਿਆ, ਜਿਸ ਦੀ ਉਹ ਸਖਤ ਨਿੰਦਾ ਕਰਦੇ ਹਨ। ਉਨ੍ਹਾ ਮੁੱਖ ਮੰਤਰੀ ਸੁਖਵਿੰਦਰ ਸਿੰਘ ਨਾਲ ਗੱਲ ਕਰਕੇ ਸਾਰੇ ਦੋਸ਼ੀਆਂ ਵਿਰੁੱਧ ਤੁਰੰਤ ਅਤੇ ਮਿਸਾਲੀ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

## ਬਾਰਸੀਲੋਨਾ ਵੀ ਗਰਮੀ ਦੀ ਲਪੇਟ 'ਚ

**ਪੈਰਿਸ** : ਸਪੇਨ ਦੀ ਕੌਮੀ ਮੌਸਮ ਸੇਵਾ ਨੇ ਕਿਹਾ ਕਿ ਬਾਰਸੀਲੋਨਾ ਨੇ ਇੱਕ ਸਦੀ ਪਹਿਲਾਂ ਜਦੋਂ ਤੋਂ ਮੌਸਮ ਦੇ ਅੰਕੜਿਆਂ ਨੂੰ ਰਿਕਾਰਡ ਕਰਨਾ ਸ਼ੁਰੂ ਕੀਤਾ, ਉਸ ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਗਰਮ ਜੂਨ ਮਹੀਨਾ ਰਿਕਾਰਡ ਕੀਤਾ ਹੈ।

ਬਾਰਸੀਲੋਨਾ ਦੇ ਉੱਪਰ ਇੱਕ ਪਹਾੜੀ 'ਤੇ ਸਥਿਤ ਕੈਨ ਫੈਬਰਾ ਆਬਜ਼ਰਵੇਟਰੀ ਨੇ ਔਸਤਨ 26 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ, ਜਿਸ ਨੇ 1914 ਤੋਂ ਬਾਅਦ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ।

ਜੂਨ ਲਈ ਪਿਛਲਾ ਸਭ ਤੋਂ ਗਰਮ ਔਸਤ ਤਾਪਮਾਨ 2003 ਵਿੱਚ 25.6 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਸੀ। ਸਪੇਨ ਦੇ ਉੱਤਰ-ਪੂਰਬੀ ਕੋਨੇ ਵਿੱਚ ਪਹਾੜੀਆਂ ਅਤੇ ਮੈਡੀਟੇਰੀਅਨ ਦੇ ਵਿਚਕਾਰ ਸਥਿਤ ਹੋਣ ਕਾਰਨ ਬਾਰਸੀਲੋਨਾ ਆਮ ਤੌਰ 'ਤੇ ਸਪੇਨ ਵਿੱਚ ਸਭ ਤੋਂ ਭੈੜੀ ਗਰਮੀ ਤੋਂ ਬਚਿਆ ਰਹਿੰਦਾ ਹੈ, ਪਰ ਹੁਣ ਦੇਸ਼ ਦਾ ਜ਼ਿਆਦਾਤਰ ਹਿੱਸਾ ਸਾਲ ਦੀ ਪਹਿਲੀ ਗਰਮੀ ਦੀ ਲਪੇਟ ਵਿੱਚ ਆ ਗਿਆ ਹੈ।

## ਰੇਲ ਯਾਤਰੀਆਂ ਲਈ ਨਵੀਂ ਐਪ

**ਨਵੀਂ ਦਿੱਲੀ** : ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਮੰਗਲਵਾਰ RailOne ਮੋਬਾਈਲ ਐਪਲੀਕੇਸ਼ਨ ਲਾਂਚ ਕਰਦਿਆਂ ਰੇਲ ਯਾਤਰੀਆਂ ਨੂੰ ਵੱਡੀ ਸਹੂਲਤ ਪ੍ਰਦਾਨ ਕੀਤੀ ਹੈ। ਇਹ ਐਪ ਯਾਤਰੀਆਂ ਨੂੰ ਕਈ ਸੇਵਾਵਾਂ, ਜਿਵੇਂ ਕਿ ਟਿਕਟ ਬੁਕਿੰਗ, ਟਰੇਨ ਅਤੇ ਪੀ ਐੱਨ ਆਰ ਪੁੱਛਗਿੱਛ, ਯਾਤਰਾ ਦੀ ਯੋਜਨਾਬੰਦੀ, ਰੇਲ ਹੈਲਪ ਸੇਵਾਵਾਂ ਅਤੇ ਭੋਜਨ ਬੁਕਿੰਗ ਤੱਕ ਆਸਾਨ ਪਹੁੰਚ ਪ੍ਰਦਾਨ ਕਰੇਗੀ। ਇਹ ਐਪ ਐਂਡਰਾਇਡ ਪਲੇਅ ਸਟੋਰ ਤੇ iOS ਐਪ ਸਟੋਰ ਦੋਵਾਂ ਪਲੇਟਫਾਰਮਾਂ 'ਤੇ ਉਪਲੱਬਧ ਹੈ।

## ਦੇਸ਼ ਦੇ ਮਸਲੇ ਹੱਲ ਕਰਨ ਦੀ ਥਾਂ ਮੋਦੀ ਬਾਹਰ ਭੱਜ ਰਹੇ : ਕਾਂਗਰਸ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਲਕ ਤੋਂ ਸ਼ੁਰੂ ਹੋ ਰਹੇ 8 ਰੋਜ਼ਾ ਪੰਜ ਮੁਲਕੀ ਦੌਰੇ ਤੋਂ ਪਹਿਲਾਂ ਕਾਂਗਰਸ ਨੇ ਕਿਹਾ ਹੈ ਕਿ ਉਹ ਦੇਸ਼ ਨੂੰ ਦਰਪੇਸ਼ ਮੁੱਦਿਆਂ ਤੋਂ ਭੱਜ ਰਹੇ ਹਨ। ਕਾਂਗਰਸ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਵੱਲੋਂ ਲਏ ਫੈਸਲਿਆਂ ਕਰਕੇ 'ਅਪ੍ਰੇਸ਼ਨ ਸਿੰਧੂਰ' ਦੇ ਪਹਿਲੇ ਦੋ ਦਿਨਾਂ ਵਿੱਚ ਭਾਰਤ ਨੂੰ ਨੁਕਸਾਨ ਝੱਲਣਾ ਪਿਆ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਐਕਸ 'ਤੇ ਇਕ ਪੋਸਟ ਵਿੱਚ ਪ੍ਰਧਾਨ ਮੰਤਰੀ ਦੇ ਪੰਜ ਮੁਲਕੀ ਦੌਰੇ ਨੂੰ ਸੈਰ-ਸਪਾਟਾ ਦੱਸਿਆ। ਰਮੇਸ਼ ਨੇ ਕਿਹਾ, "ਸੁਪਰ ਪ੍ਰੀਮੀਅਮ ਫਰੀਕੁਐਂਟ ਫਲਾਇਰ ਪੀ ਐੱਮ 5-ਦੇਸ਼ਾਂ, 8-ਦਿਨਾਂ ਦੀ ਯਾਤਰਾ 'ਤੇ ਹਨ। ਉਹ ਘੱਟੋ-ਘੱਟ 4 ਮੁੱਦਿਆਂ ਤੋਂ ਭੱਜ ਰਹੇ ਹਨ, ਜੋ ਦੇਸ਼ ਨੂੰ ਪ੍ਰੇਸ਼ਾਨ ਕਰ ਰਹੇ ਹਨ।"

ਉਨ੍ਹਾ ਮਨੀਪੁਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਤੋਂ ਰਾਜ ਵਿੱਚ ਡਬਲ ਇੰਜਣ ਲੀਹੋਂ ਲੱਥਿਆ ਹੈ ਅਤੇ ਜਦੋਂ ਤੋਂ ਰਾਜ ਵਿੱਚ ਆਮ ਜੀਵਨ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ, ਪ੍ਰਧਾਨ ਮੰਤਰੀ ਉਦੋਂ ਦੇ ਉਥੇ ਨਹੀਂ ਗਏ ਹਨ।" ਉਨ੍ਹਾ ਕਿਹਾ, "ਰਾਸ਼ਟਰਪਤੀ ਟਰੰਪ ਲਗਾਤਾਰ ਦਾਅਵਾ ਕਰ ਰਹੇ ਹਨ ਕਿ ਉਨ੍ਹਾ ਵਪਾਰ ਸਮਝੌਤੇ ਦਾ ਇਸਤੇਮਾਲ ਕਰਕੇ ਭਾਰਤ ਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਕਰਵਾਈ ਹੈ।" ਉਨ੍ਹਾਂ ਕਿਹਾ ਕਿ ਮੋਦੀ ਦੀ ਅਗਵਾਈ ਵਾਲੀ ਸਰਕਾਰ 70 ਦਿਨਾਂ ਬਾਅਦ ਵੀ ਪਹਿਲਗਾਮ ਦਹਿਸ਼ਤੀ ਹਮਲੇ ਦੇ ਕਸੂਰਵਾਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਖੜ੍ਹਾਉਣ ਵਿੱਚ ਨਾਕਾਮ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ 2 ਤੋਂ 9 ਜੁਲਾਈ ਤੱਕ ਘਾਨਾ, ਤ੍ਰਿਨੀਦਾਦ ਅਤੇ ਟੋਬੈਗੋ, ਅਰਜਨਟੀਨਾ, ਬ੍ਰਾਜ਼ੀਲ ਅਤੇ ਨਾਮੀਬੀਆ ਜਾਣਗੇ। ਇਸ ਦੌਰੇ ਦਾ ਮੁੱਖ ਪ੍ਰੋਗਰਾਮ 6-7 ਜੁਲਾਈ ਨੂੰ ਰੀਓ ਡੀ ਜਨੇਰੀਓ (ਬ੍ਰਾਜ਼ੀਲ) ਵਿੱਚ 'ਬ੍ਰਿਕਸ' ਸੰਮੇਲਨ ਹੋਵੇਗਾ।

# ਪੰਜਾਬ ਨੇ ਜੀ ਐੱਸ ਟੀ ਪ੍ਰਾਪਤੀ ਦਾ ਰਿਕਾਰਡ ਤੋੜਿਆ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਨੇ ਨਵੇਂ ਕੀਰਤੀਮਾਨ ਸਥਾਪਤ ਕਰਦਿਆਂ ਜੂਨ 2025 ਲਈ ਸ਼ੁੱਧ ਜੀ ਐੱਸ ਟੀ ਪ੍ਰਾਪਤੀ ਵਿੱਚ ਰਿਕਾਰਡ ਤੋੜ 44.44 ਪ੍ਰਤੀਸ਼ਤ ਵਾਧਾ ਅਤੇ ਵਿੱਤੀ ਸਾਲ 2025-26 ਦੀ ਪਹਿਲੀ ਤਿਮਾਹੀ ਲਈ 27.01 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਹੈ, ਜੋ ਕਿ ਸੂਬੇ ਦੇ ਇਤਿਹਾਸ ਵਿੱਚ ਕਿਸੇ ਵਿੱਤੀ ਤਿਮਾਹੀ ਦੌਰਾਨ ਅਤੇ ਜੂਨ ਮਹੀਨੇ ਲਈ ਹੁਣ ਤੱਕ ਦਾ ਦਰਜ ਕੀਤਾ ਗਿਆ ਸਭ ਤੋਂ ਵੱਧ ਜੀ ਐੱਸ ਟੀ ਮਾਲੀਆ ਵਾਧਾ ਹੈ।



ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਹ ਪ੍ਰਗਟਾਵਾ ਰਾਜ ਦੇ ਚੋਟੀ ਦੇ ਪੰਜ ਟੈਕਸਦਾਤਾਵਾਂ ਨੂੰ ਰਾਜ ਦੇ ਆਰਥਿਕ ਵਿਕਾਸ ਅਤੇ ਮਾਲੀਆ ਉਤਪਾਦਨ ਵਿੱਚ ਉਨ੍ਹਾਂ ਦੇ ਮਿਸਾਲੀ ਯੋਗਦਾਨ ਲਈ ਸਨਮਾਨਤ ਕਰਨ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਸਨਮਾਨਤ ਕੀਤੇ ਗਏ ਕਰਦਾਤਾਵਾਂ ਵਿੱਚ ਅੰਬੂਜਾ ਸੀਮੈਂਟ ਤੋਂ ਆਸ਼ੂ ਅਗਨੀਹੋਤਰੀ, ਐੱਚ ਪੀ ਸੀ ਐੱਲ-ਮਿੱਤਲ ਐਨਰਜੀ ਲਿਮਟਿਡ (ਐੱਚ ਐੱਮ ਈ ਐੱਲ) ਤੋਂ ਸੰਜੇ ਮਲਹੋਤਰਾ, ਸੈਮਸੰਗ ਇੰਡੀਆ ਪ੍ਰਾਈਵੇਟ ਲਿਮਟਿਡ ਤੋਂ ਚਮਨ ਲਾਲ ਸ਼ਰਮਾ, ਟਾਟਾ ਸਟੀਲ ਤੋਂ ਅੰਕੁਸ਼ ਸ਼ਰਮਾ ਅਤੇ ਦਾਦਾ ਮੋਟਰਜ਼ ਤੋਂ ਨਿਤਿਨ ਦਾਦਾ ਸ਼ਾਮਲ ਹਨ। ਵਿੱਤ ਮੰਤਰੀ ਨੇ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਮਾਵੇਸ਼ੀ ਵਿਕਾਸ ਅਤੇ ਵਿੱਤੀ ਸਥਿਰਤਾ ਪ੍ਰਾਪਤ ਕਰਨ ਵਿੱਚ ਜ਼ਿੰਮੇਵਾਰ ਟੈਕਸਦਾਤਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਚੀਮਾ ਨੇ ਕਿਹਾ ਕਿ ਜੂਨ 2025 ਲਈ ਸ਼ੁੱਧ ਜੀ ਐੱਸ ਟੀ ਪ੍ਰਾਪਤੀ 2379.90 ਕਰੋੜ ਰੁਪਏ ਰਹੀ, ਜੋ ਕਿ ਜੂਨ 2024 ਵਿੱਚ ਪ੍ਰਾਪਤ ਹੋਏ 1647.69 ਕਰੋੜ ਰੁਪਏ ਦੇ ਮੁਕਾਬਲੇ 732.21 ਕਰੋੜ ਰੁਪਏ ਦੇ ਸ਼ਾਨਦਾਰ ਮਾਲੀਆ ਵਾਧੇ ਨੂੰ ਦਰਸਾਉਂਦਾ ਹੈ।ਵਿੱਤ ਮੰਤਰੀ ਨੇ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਅਗਵਾਈ ਵਾਲੀਆਂ ਸਰਕਾਰਾਂ 'ਤੇ ਵੀ ਤਿੱਖਾ ਹਮਲਾ ਕਰਦਿਆਂ ਟੈਕਸ ਚੋਰੀ ਨੂੰ ਰੋਕਣ ਅਤੇ ਸੂਬੇ ਦੀ ਵਿੱਤੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਉਨ੍ਹਾਂ ਦੀ ਅਸਫਲਤਾ ਨੂੰ ਉਜਾਗਰ ਕੀਤਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮਹੀਨਾ-ਦਰ-ਮਹੀਨਾ ਅਤੇ ਸਾਲ-ਦਰ-ਸਾਲ ਨਿਰੰਤਰ ਵਿਕਾਸ ਨੂੰ ਯਕੀਨੀ ਬਣਾਇਆ ਹੈ। ਉਨ੍ਹਾ ਵਿੱਤੀ ਸਾਲ 2022-23 ਵਿੱਚ 16.25 ਪ੍ਰਤੀਸ਼ਤ, ਵਿੱਤੀ ਸਾਲ 2023-24 ਵਿੱਚ 15.51 ਪ੍ਰਤੀਸ਼ਤ ਅਤੇ ਵਿੱਤੀ ਸਾਲ 2024-25 ਵਿੱਚ 12.84 ਪ੍ਰਤੀਸ਼ਤ ਦੀ ਜੀ ਐੱਸ ਟੀ ਸੰਗ੍ਰਹਿ ਵਿਕਾਸ ਦਰ ਦਾ ਜ਼ਿਕਰ ਕੀਤਾ, ਜਿਸ ਨਾਲ ਤਿੰਨ ਸਾਲਾਂ ਵਿੱਚ ਕੁੱਲ 62,733 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ। ਇਸ ਦੇ ਉਲਟ, ਵਿੱਤੀ ਸਾਲ 2018-19 ਤੋਂ ਵਿੱਤੀ ਸਾਲ 2021-22 ਤੱਕ ਕਾਂਗਰਸ ਦੇ ਸ਼ਾਸਨ ਦੌਰਾਨ ਸੂਬੇ ਨੇ ਸਿਰਫ਼ 55,146 ਕਰੋੜ ਰੁਪਏ ਇਕੱਠੇ ਕੀਤੇ। ਇਸੇ ਤਰ੍ਹਾਂ, ਅਕਾਲੀ-ਭਾਜਪਾ ਸਰਕਾਰ ਦੌਰਾਨ ਸੂਬੇ ਵਿੱਚ ਵਿੱਤੀ ਸਾਲ 2014-15 ਅਤੇ ਵਿੱਤੀ ਸਾਲ 2015-16 ਦੌਰਾਨ ਵੈਟ ਅਤੇ ਸੀ ਐੱਸ ਟੀ ਪ੍ਰਾਪਤੀ ਵਿੱਚ ਕ੍ਰਮਵਾਰ ਸਿਰਫ 4.57 ਪ੍ਰਤੀਸ਼ਤ ਅਤੇ 2.67 ਪ੍ਰਤੀਸ਼ਤ ਵਾਧਾ ਹੋਇਆ। ਵਿੱਤ ਨੇ ਕਿਹਾ ਕਿ ਆਪ ਸਰਕਾਰ ਨੇ ਤਿੰਨ ਸਾਲਾਂ ਵਿੱਚ ਹੀ ਕਾਂਗਰਸ ਸਰਕਾਰ ਦੁਆਰਾ ਆਪਣੇ ਪੂਰੇ ਪੰਜ ਸਾਲਾਂ ਵਿੱਚ ਪ੍ਰਾਪਤ ਕੀਤੇ ਗਏ ਜੀ ਐੱਸ ਟੀ ਮਾਲੀਏ ਨਾਲੋਂ ਵੱਧ ਮਾਲੀਆ ਪ੍ਰਾਪਤ ਕਰ ਲਿਆ ਹੈ।




## ਅੱਜ-ਨਾਮਾ

ਮਜੀਠੀਆ ਮੁੱਦੇ ਦਾ ਜਦੋਂ ਹੈ ਪਿਆ ਰੌਲਾ,
ਮਸਲੇ ਬਾਕੀ ਗਏ ਸਾਰੇ ਹਨ ਦੱਬ ਮੀਆਂ।
ਹਰ ਕੋਈ ਸੋਚਦਾ ਸਿਰਫ ਆ ਬਾਤ ਏਹੀ,
ਜਾਵੇ ਨਹੀਂ ਨਸ਼ਾ ਜਵਾਨੀ ਨੂੰ ਚੱਬ ਮੀਆਂ।
ਉਸਾਰੇ ਮਹਿਲ ਆ ਜਿਨ੍ਹਾਂ ਨੇ ਏਸ ਵਿੱਚੋਂ,
ਬੈਠਾ ਜੜ੍ਹੀਂ ਪਿਆ ਉਨ੍ਹਾਂ ਦਾ ਲੱਬ ਮੀਆਂ।
ਕਰਦੇ ਸੁਣਿਆ ਹਨ ਲੋਕ ਜੋ ਆਪ ਹੀਲਾ,
ਆਉਂਦਾ ਉਨ੍ਹਾਂ ਦੀ ਮਦਦ ਨੂੰ ਰੱਬ ਮੀਆਂ।
ਪੰਜਾਬੀਉ ਉੱਠੋ, ਕਦੀ ਕੁਝ ਕਰੋ ਹਿੰਮਤ,
ਅਗਲੀ ਪੀੜ੍ਹੀ ਲਈ ਕੁਝ ਤੇ ਕਰੋ ਮੀਆਂ।
ਮੇਲੇ ਮੜ੍ਹੀਆਂ 'ਚ ਲੱਗਣ ਤੋਂ ਰੋਕ ਲਈਏ,
ਬਥੇਰਾ ਜਰ ਲਿਆ, ਹੋਰ ਨਾ ਜਰੋ ਮੀਆਂ।

-ਤੀਸ ਮਾਰ ਖਾਂ

# ਸਿਗਾਚੀ ਦੁਖਾਂਤ ਦੀ ਜਵਾਬਦੇਹੀ ਤੈਅ ਹੋਵੇ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਪਾਰਟੀ ਤੇਲੰਗਾਨਾ ਦੇ ਸੰਗਰੇਡੀ ਜ਼ਿਲ੍ਹੇ ਵਿੱਚ ਸਿਗਾਚੀ ਇੰਡਸਟਰੀਜ਼ ਯੂਨਿਟ ਵਿੱਚ ਹੋਈ ਭਿਆਨਕ ਘਟਨਾ ਤੋਂ ਬਹੁਤ ਹੈਰਾਨ ਅਤੇ ਦੁਖੀ ਹੈ। ਘੱਟੋ-ਘੱਟ 45 ਮਜ਼ਦੂਰਾਂ ਦੀ ਮੌਤ, ਬਹੁਤ ਸਾਰੇ ਜ਼ਖਮੀ ਅਤੇ ਕਈ ਅਜੇ ਵੀ ਲਾਪਤਾ ਹੋਣ ਦੀ ਰਿਪੋਰਟ ਦੇ ਨਾਲ, ਇਹ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਦੁਖਦਾਈ ਉਦਯੋਗਿਕ ਆਫ਼ਤ ਹੈ। ਸੀ ਪੀ ਆਈ ਮ੍ਰਿਤਕਾਂ ਦੇ ਪਰਵਾਰਾਂ ਪ੍ਰਤੀ ਆਪਣੀ ਦਿਲੀ ਸੰਵੇਦਨਾ ਪ੍ਰਗਟ ਕਰਦੀ ਹੈ ਅਤੇ ਜ਼ਖਮੀਆਂ ਅਤੇ ਆਪਣੇ ਅਜ਼ੀਜ਼ਾਂ ਦੀ ਖ਼ਬਰ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਲੋਕਾਂ ਨਾਲ ਆਪਣੀ ਏਕਤਾ ਪ੍ਰਗਟ ਕਰਦੀ ਹੈ।

ਇਹ ਤਬਾਹੀ ਕੋਈ ਇਕੱਲਾ ਹਾਦਸਾ ਨਹੀਂ, ਬਲਕਿ ਲਗਾਤਾਰ ਲਾਪਰਵਾਹੀ, ਸੁਰੱਖਿਆ ਪ੍ਰਕਿਰਿਆਵਾਂ ਦੀ ਅਣਦੇਖੀ ਅਤੇ ਨਿਯਮਤ ਰੱਖ-ਰਖਾਅ ਦੀ ਅਣਹੋਂਦ ਦਾ ਨਤੀਜਾ ਹੈ। ਇਹ ਉਨ੍ਹਾਂ ਖ਼ਤਰਿਆਂ ਦੀ ਇੱਕ ਭਿਆਨਕ ਯਾਦ ਦਿਵਾਉਂਦਾ ਹੈ, ਜੋ ਉਦਯੋਗਿਕ ਇਕਾਈਆਂ, ਖਾਸ ਕਰਕੇ ਜੋ ਖਤਰਨਾਕ ਪਦਾਰਥਾਂ ਨੂੰ ਸੰਭਾਲਦੀਆਂ ਹਨ, ਸਖ਼ਤ ਸੁਰੱਖਿਆ ਨਿਯਮਾਂ ਅਤੇ ਨਿਗਰਾਨੀ ਤੋਂ ਬਿਨਾਂ ਕੰਮ ਕਰਦੀਆਂ ਹਨ।ਇਹ ਘਟਨਾ ਨੀਤੀਗਤ ਤਬਦੀਲੀਆਂ ਦੇ ਨਤੀਜਿਆਂ ਨੂੰ ਵੀ ਉਜਾਗਰ ਕਰਦੀ ਹੈ, ਜਿਨ੍ਹਾਂ ਰੈਗੂਲੇਟਰੀ ਢਾਂਚੇ ਨੂੰ ਹੌਲੀ-ਹੌਲੀ ਕਮਜ਼ੋਰ ਕਰ ਦਿੱਤਾ ਹੈ, ਕੋਈ ਨਿਰੀਖਣ ਨਹੀਂ ਕੀਤਾ ਗਿਆ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਅਤੇ ਤੰਦਰੁਸਤੀ ਦੀ ਰੱਖਿਆ ਲਈ ਬਣਾਏ ਗਏ ਸੰਸਥਾਗਤ ਵਿਧੀਆਂ ਨੂੰ ਖਤਮ ਕਰ ਦਿੱਤਾ ਹੈ।

ਕਿਰਤ ਕਾਨੂੰਨਾਂ ਦੇ ਕਮਜ਼ੋਰ ਹੋਣ ਅਤੇ ਟਰੇਡ ਯੂਨੀਅਨਾਂ- ਕਾਰਜ ਸਥਾਨ ਸੁਰੱਖਿਆ ਦੇ ਮੋਹਰੀ ਰਾਖੇ ਦੇ ਹਾਸ਼ੀਏ 'ਤੇ ਧੱਕੇ ਜਾਣ ਕਾਰਨ ਇੱਕ ਅਜਿਹਾ ਮਾਹੌਲ ਪੈਦਾ ਹੋਇਆ ਹੈ, ਜਿੱਥੇ ਸੁਰੱਖਿਆ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਸਾਵਧਾਨੀਆਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਕਾਮਿਆਂ ਨੂੰ ਅਸੁਰੱਖਿਅਤ ਛੱਡ ਦਿੱਤਾ ਜਾਂਦਾ ਹੈ। ਜਦੋਂ ਮੁਨਾਫ਼ਾ ਮੁੱਖ ਤਰਜੀਹ ਬਣ ਜਾਂਦਾ ਹੈ, ਤਾਂ ਮਨੁੱਖੀ ਜਾਨਾਂ ਨੂੰ ਜਮਾਂਦਰੂ ਮੰਨਿਆ ਜਾਂਦਾ ਹੈ।

ਤੇਲੰਗਾਨਾ ਤੇ ਕੇਂਦਰ ਸਰਕਾਰ ਦੋਵਾਂ 'ਤੇ ਇਹ ਯਕੀਨੀ ਬਣਾਉਣ ਲਈ ਤੁਰੰਤ ਅਤੇ ਵਿਆਪਕ ਉਪਾਅ ਕਰਨ ਦੀ ਜ਼ਿੰਮੇਵਾਰੀ ਹੈ ਕਿ ਅਜਿਹੇ ਦੁਖਾਂਤ ਦੁਬਾਰਾ ਨਾ ਹੋਣ। ਖਤਰਨਾਕ ਰਸਾਇਣਾਂ ਦੇ ਨਿਰਮਾਣ ਅਤੇ ਪ੍ਰੋਸੈਸਿੰਗ ਨੂੰ ਉਚਤਮ ਸੁਰੱਖਿਆ ਮਾਪਦੰਡਾਂ ਦੁਆਰਾ ਨਿਯੰਤਰਿਤ ਕੀਤਾ ਜਾਣਾ ਚਾਹੀਦਾ ਹੈ, ਨਾ ਸਿਰਫ ਮਜ਼ਦੂਰਾਂ ਦੀ ਸੁਰੱਖਿਆ ਲਈ, ਸਗੋਂ ਆਲੇ-ਦੁਆਲੇ ਦੇ ਭਾਈਚਾਰਿਆਂ ਦੀ ਸੁਰੱਖਿਆ ਲਈ ਵੀ। ਇਹ ਘਟਨਾ ਇੱਕ ਜਾਗਣ ਦੀ ਘੰਟੀ ਵਜੋਂ ਕੰਮ ਕਰਦੀ ਹੈ।

ਸੀ ਪੀ ਆਈ ਉਨ੍ਹਾਂ ਲੋਕਾਂ ਦੇ ਪਰਵਾਰਾਂ ਨੂੰ ?50 ਲੱਖ ਦਾ ਤੁਰੰਤ ਮੁਆਵਜ਼ਾ ਅਤੇ ਜ਼ਖਮੀਆਂ ਨੂੰ ਢੁਕਵਾਂ ਮੁਆਵਜ਼ਾ, ਡਾਕਟਰੀ ਇਲਾਜ ਅਤੇ ਲੰਮੇ ਸਮੇਂ ਦੀ ਸਹਾਇਤਾ ਦੀ ਪਹੁੰਚ ਦੀ ਮੰਗ ਕਰਦੀ ਹੈ। ਨਿਗਰਾਨੀ ਅਤੇ ਸੁਰੱਖਿਆ ਵਿੱਚ ਕਮੀਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਇੱਕ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਰਾਹੀਂ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ।

ਬਹੁਤ ਸਾਰੇ ਪਰਵਾਰ ਆਪਣੇ ਰੋਜ਼ੀ-ਰੋਟੀ ਕਮਾਉਣ ਵਾਲਿਆਂ ਤੋਂ ਬਿਨਾਂ ਰਹਿ ਜਾਂਦੇ ਹਨ ਅਤੇ ਉਨ੍ਹਾਂ ਦੇ ਦੁੱਖ ਨੂੰ ਬੇਇਨਸਾਫ਼ੀ ਜਾਂ ਅਣਗਹਿਲੀ ਨਾਲ ਹੋਰ ਨਹੀਂ ਵਧਾਉਣਾ ਚਾਹੀਦਾ। ਉਦਯੋਗਿਕ ਨੀਤੀ ਦੇ ਕੇਂਦਰ ਵਿੱਚ ਕਾਮਿਆਂ ਦੀ ਸੁਰੱਖਿਆ ਅਤੇ ਮਾਣ-ਸਨਮਾਨ ਨੂੰ ਬਹਾਲ ਕੀਤਾ ਜਾਣਾ ਚਾਹੀਦਾ ਹੈ।

## ਲਾਇਨਜ਼ ਕਲੱਬ ਕੋਟਕਪੂਰਾ ਰਾਇਲ ਦੀ ਸਿਲਵਰ ਜੁਬਲੀ ਮਨਾਈ



**ਕੋਟਕਪੂਰਾ (ਰਛਪਾਲ ਭੁੱਲਰ)**-'ਲਾਇਨਜ਼ ਕਲੱਬ ਕੋਟਕਪੂਰਾ ਰਾਇਲ' ਦਾ 25ਵਾਂ ਸਿਲਵਰ ਜੁਬਲੀ ਸਹੁੰ ਚੁੱਕ ਸਮਾਗਮ ਹੋਇਆ, ਜਿਸ ਦੇ ਮੁੱਖ ਮਹਿਮਾਨ ਵਿਨੋਦ ਖੰਨਾ ਪੀ ਆਈ ਡੀ (2007-2009) ਸਨ।ਇੰਡਕਸ਼ਨ ਅਫਸਰ ਡੀ.ਕੇ. ਸੂਦ ਪੀ.ਡੀ.ਜੀ, ਇੰਸਟਾਲੇਸ਼ਨ ਅਫਸਰ ਅਜੇ ਕੁਮਾਰ ਗੋਇਲ ਵੀ.ਡੀ.ਜੀ.-1 ਇਲੈਕਟ (2025-26) ਸਨ।ਮਨਜੀਤ ਸਿੰਘ ਲਵਲੀ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ।ਮੈਡਮ ਨੀਰੂ ਗੋਇਲ ਨੇ ਪ੍ਰਾਰਥਨਾ ਤੇ ਫਲੈਗ ਵੰਦਨਾ ਪੜ੍ਹੀ।ਡੀ.ਕੇ. ਸੂਦ ਨੇ ਦੋ ਨਵੇਂ ਮੈਂਬਰਾਂ ਨੂੰ ਮਹਿੰਦਰ ਸਿੰਘ ਘੁਲਿਆਣੀ ਤੇ ਮਨੋਜ ਕੁਮਾਰ ਮਿੱਤਲ ਨੂੰ ਸਹੁੰ ਚੁਕਾ ਕੇ ਲਾਇਨ ਪਰਵਾਰ ਵਿੱਚ ਵਾਧਾ ਕੀਤਾ।ਅਜੇ ਕੁਮਾਰ ਗੋਇਲ ਨੇ ਸਾਲ 2025-26 ਦੀ ਟੀਮ ਨੂੰ ਸਹੁੰ ਚੁਕਾਉਣ ਉਪਰੰਤ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਦੱਸਣ ਤੋਂ ਬਾਅਦ ਮੁੱਖ ਮਹਿਮਾਨ ਨੇ ਲਾਇਨਇਜ਼ਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਲਾਇਨ ਕਲੱਬ ਰਾਇਲ ਨੂੰ ਨਵਾਂ ਲਾਇਨ ਭਵਨ ਬਣਾਉਣ ਲਈ ਕੁਝ ਸੁਝਾਅ ਦਿੱਤੇ ਅਤੇ ਮਾਇਕ ਸਹਾਇਤਾ ਵਾਸਤੇ ਸਿਫ਼ਾਰਸ਼ ਦਾ ਵੀ ਭਰੋਸਾ ਦਿਵਾਇਆ।ਸਮਾਜ ਪ੍ਰਤੀ ਚੰਗੀਆਂ ਸੇਵਾਵਾਂ ਬਦਲੇ ਸਟੇਟ ਬੈਂਕ ਆਫ ਇੰਡੀਆ ਦੇ ਸਹਾਇਕ ਬਰਾਂਚ ਮੈਨੇਜਰ ਰਾਹੁਲ ਅਤੇ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਦਾ ਸਨਮਾਨ ਕੀਤਾ ਗਿਆ।ਮੁੱਖ ਮਹਿਮਾਨ ਨੇ ਸੰਜੀਵ ਅਹੂਜਾ (ਕਿੱਟੂ), ਭੁਪਿੰਦਰ ਸਿੰਘ ਮੱਕੜ, ਮਨਜੀਤ ਸਿੰਘ ਲਵਲੀ, ਸੁਨੀਲ ਛਾਬੜਾ ਨੂੰ ਇੰਟਰਨੈਸ਼ਨਲ ਪਿੰਨ ਲਾ ਕੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਨਵੀਂ ਟੀਮ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਨੂੰ ਸਾਲ 2025-26 ਦੀ ਜ਼ਿੰਮੇਵਾਰੀ ਬਾਰੇ ਕੁਝ ਨੁਕਤਿਆਂ ਤੋਂ ਜਾਣੂ ਕਰਾਇਆ।ਕਲੱਬ ਵੱਲੋਂ 25ਵੀਂ ਵਰ੍ਹੇਗੰਢ 'ਤੇ ਮੁੱਖ ਮਹਿਮਾਨ ਤੇ ਆਏ ਹੋਏ ਲੀਡਰਾਂ ਵਲੋਂ ਕੇਕ ਕੱਟ ਕੇ 25ਵੀਂ ਵਰ੍ਹੇਗੰਢ ਦੀ ਖੁਸ਼ੀ ਸਾਂਝੀ ਕੀਤੀ ਗਈ।

## ਕੁੰਵਰ ਵਿਜੇ ਪ੍ਰਤਾਪ ਨੂੰ ਸੱਚ ਬੋਲਣ ਦੀ ਸਜ਼ਾ ਮਿਲੀ : ਸਿਮਰਨਜੀਤ ਸਿੰਘ ਮਾਨ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਵੱਲੋਂ ਆਪਣੇ ਹੀ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੂੰ ਪੰਜ ਸਾਲ ਲਈ ਪਾਰਟੀ ਤੋਂ ਬਰਖਾਸਤ ਕਰਨ ਦੇ ਫੈਸਲੇ 'ਤੇ ਸਿਆਸੀ ਘਮਾਸਾਨ ਛਿੜ ਗਿਆ ਹੈ। ਇਸ ਮਾਮਲੇ ਵਿੱਚ ਹੁਣ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਮ ਆਦਮੀ ਪਾਰਟੀ ਦੀ ਸਖਤ ਆਲੋਚਨਾ ਕਰਦੇ ਹੋਏ ਕਿਹਾ ਕਿ ਇਹ ਫੈਸਲਾ ਲੋਕਤੰਤਰ ਦੀ ਆਜ਼ਾਦੀ ਵਿਰੁੱਧ ਹੈ। ਸ੍ਰ. ਮਾਨ ਨੇ ਕਿਹਾ, "ਕੁੰਵਰ ਵਿਜੇ ਪ੍ਰਤਾਪ ਹਮੇਸ਼ਾ ਲੋਕਤੰਤਰਕ ਅਸੂਲਾਂ 'ਤੇ ਚੱਲਦੇ ਹੋਏ ਸੱਚ ਬੋਲਦੇ ਆਏ ਹਨ। ਉਨ੍ਹਾਂ ਆਪਣੀ ਪਾਰਟੀ ਦੀਆਂ ਅੰਦਰੂਨੀ ਨੀਤੀਆਂ ਤੋਂ ਇਲਾਵਾ ਲੋਕ-ਹਿੱਤ ਦੇ ਮੁੱਦਿਆਂ 'ਤੇ ਹਿੰਮਤ ਨਾਲ ਅਵਾਜ਼ ਚੁੱਕੀ। ਇਹ ਉਨ੍ਹਾਂ ਦੀ ਈਮਾਨਦਾਰੀ ਤੇ ਜ਼ਮੀਨੀ ਹਕੀਕਤ ਨਾਲ ਜੁੜੇ ਰਹਿਣ ਦੀ ਨਿਸ਼ਾਨੀ ਹੈ। ਉਨ੍ਹਾਂ ਨੂੰ ਬਾਹਰ ਕਰਨਾ ਸੱਚ ਬੋਲਣ ਦੀ ਸਜ਼ਾ ਦੇਣ ਵਰਗਾ ਕਦਮ ਹੈ।" ਉਨ੍ਹਾਂ ਕਿਹਾ ਕਿ ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਜੇਕਰ ਇੱਕ ਚੰਗਾ ਵਿਧਾਇਕ, ਜੋ ਲੋਕਾਂ ਦੀ ਵਕਾਲਤ ਕਰ ਰਿਹਾ ਹੈ, ਉਸ ਨੂੰ ਆਪਣੀ ਹੀ ਪਾਰਟੀ ਤੋਂ ਕੱਢ ਦਿੱਤਾ ਜਾਂਦਾ ਹੈ, ਤਾਂ ਇਹ ਸਿੱਧ ਕਰਦਾ ਹੈ ਕਿ ਸਿਆਸੀ ਪਾਰਟੀਆਂ ਅੰਦਰ ਆਵਾਜ਼ ਉਠਾਉਣ ਵਾਲਿਆਂ ਲਈ ਥਾਂ ਘੱਟ ਰਹਿ ਗਈ ਹੈ। ਜ਼ਿਕਰਯੋਗ ਹੈ ਕਿ ਕੁੰਵਰ ਵਿਜੇ ਪ੍ਰਤਾਪ ਨੇ ਹਾਲ ਹੀ ਵਿੱਚ ਬਿਕਰਮ ਮਜੀਠੀਆ ਖਿਲਾਫ ਕਾਨੂੰਨੀ ਕਾਰਵਾਈ ਸਬੰਧੀ ਸਖਤ ਟਿੱਪਣੀਆਂ ਕੀਤੀਆਂ ਸਨ, ਜਿਸ ਕਾਰਨ ਆਮ ਆਦਮੀ ਪਾਰਟੀ ਨੇ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਹੈ। ਸ੍ਰ. ਮਾਨ ਵੱਲੋਂ ਦਿੱਤਾ ਗਿਆ ਇਹ ਬਿਆਨ ਸਿੱਧ ਕਰਦਾ ਹੈ ਕਿ ਪੰਜਾਬ ਦੀ ਸਿਆਸਤ ਅੰਦਰ ਇਹ ਹਾਲਾਤ ਹੁਣ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਵੱਲ ਵਧ ਰਹੇ ਹਨ।

## ਨਸ਼ਾ ਤਸਕਰਾਂ ਦੀ ਗੈਰ-ਕਾਨੂੰਨੀ ਉਸਾਰੀ ਢਾਹੀ



**ਜਗਰਾਓਂ (ਅਮਿਤ ਖੰਨਾ)**-ਜਗਰਾਉਂ ਜੇਲ੍ਹ ਵਿੱਚ ਬੰਦ ਨਸ਼ਾ ਤਸਕਰਾਂ ਵੱਲੋਂ ਕੀਤੀ ਗਈ ਗੈਰ-ਕਾਨੂੰਨੀ ਉਸਾਰੀ 'ਤੇ ਬੁਲਡੋਜ਼ਰ ਚਲਾਇਆ ਗਿਆ।ਮਾਈਜੀਨਾ ਇਲਾਕੇ ਵਿੱਚ ਨਗਰ ਕੌਂਸਲ ਨੇ ਪੁਲਸ ਦੀ ਮਦਦ ਨਾਲ ਇੱਕ ਗੈਰ-ਕਾਨੂੰਨੀ ਉਸਾਰੀ ਢਾਹ ਦਿੱਤੀ।

ਨਗਰ ਕੌਂਸਲ ਅਧਿਕਾਰੀ ਸੁਖਦੇਵ ਸਿੰਘ ਰੰਧਾਵਾ ਅਨੁਸਾਰ, ਇੰਦਰਜੀਤ ਕੌਰ ਨੇ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਕੇ ਮਹਿਲ ਵਰਗਾ ਘਰ ਬਣਾਇਆ ਸੀ।ਕੌਂਸਲ ਨੇ ਪਹਿਲਾਂ ਮਾਲਕਾਂ ਨੂੰ ਦਸਤਾਵੇਜ਼ ਮੰਗਣ ਲਈ ਨੋਟਿਸ ਭੇਜਿਆ ਸੀ। ਦਸਤਾਵੇਜ਼ ਨਾ ਮਿਲਣ 'ਤੇ ਕਾਰਵਾਈ ਕੀਤੀ ਗਈ।ਐੱਸ ਐੱਸ ਪੀ ਡਾ. ਅੰਕੁਰ ਗੁਪਤਾ ਨੇ ਕਿਹਾ ਕਿ ਘਰ ਦੇ ਮਾਲਕ ਹਰਪ੍ਰੀਤ ਸਿੰਘ ਹੈਪੀ ਲੋਗਾ ਤੇ ਉਨ੍ਹਾਂ ਦੀ ਪਤਨੀ ਇੰਦਰਜੀਤ ਕੌਰ ਇੰਦੂ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਜੇਲ੍ਹ ਵਿੱਚ ਹਨ।ਕਾਰਵਾਈ ਦੌਰਾਨ ਇੰਦਰਜੀਤ ਕੌਰ ਦੇ ਵਕੀਲ ਰਾਜਵਿੰਦਰ ਸਿੰਘ ਰਾਜਾ ਨੇ ਕਿਹਾ ਕਿ ਇਸ ਘਰ ਸਬੰਧੀ ਜਗਰਾਉਂ ਅਦਾਲਤ ਨੰਬਰ 4 ਵਿੱਚ ਸਟੇਅ ਆਰਡਰ ਲਈ ਕੇਸ ਦਾਇਰ ਕੀਤਾ ਗਿਆ ਸੀ।ਅਗਲੀ ਸੁਣਵਾਈ 4 ਜੁਲਾਈ ਨੂੰ ਤੈਅ ਕੀਤੀ ਗਈ ਸੀ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਨੂੰ 11 ਜੂਨ ਨੂੰ ਨੋਟਿਸ ਭੇਜਿਆ ਗਿਆ ਸੀ।ਕੌਂਸਲ ਨੇ ਜਾਣਬੁੱਝ ਕੇ ਸੁਣਵਾਈ ਤੋਂ ਪਹਿਲਾਂ ਘਰ ਢਾਹ ਦਿੱਤਾ।ਕੌਂਸਲ ਅਦਾਲਤ ਵਿੱਚ ਸੁਣਵਾਈ ਤੋਂ ਬਾਅਦ ਵੀ ਕਾਰਵਾਈ ਕਰ ਸਕਦੀ ਸੀ।ਵਕੀਲ ਨੇ ਕੌਂਸਲ 'ਤੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ।ਉਨ੍ਹਾਂ ਸਵਾਲ ਉਠਾਇਆ ਕਿ ਜਦੋਂ ਘਰ ਬਣਾਇਆ ਜਾ ਰਿਹਾ ਸੀ ਤਾਂ ਕੌਂਸਲ ਨੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ।ਕਾਰਵਾਈ ਦੌਰਾਨ ਪੁਲਸ ਨੇ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਸੀ।

## ਵਿਕਾਸ ਮਿਸ਼ਨ ਨੇ ਏ ਡੀ ਸੀ ਨੂੰ ਪਾਰਕ ਸੁੰਦਰੀਕਰਨ ਸੰਬੰਧੀ ਦਿੱਤਾ ਪੱਤਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਵਫਦ ਵੱਲੋਂ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ 'ਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਏ.ਡੀ.ਸੀ. ਗੁਰਪ੍ਰੀਤ ਸਿੰਘ ਥਿੰਦ ਨਾਲ ਮੁਲਾਕਾਤ ਕੀਤੀ ਗਈ। ਵਫਦ ਵਿੱਚ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਸਹਾਇਕ ਸਕੱਤਰ ਬਲਜੀਤ ਸਿੰਘ ਕੋਆਪ੍ਰੇਟਿਵ ਤੇ ਨਰਿੰਦਰ ਕਾਕਾ ਆਦਿ ਸ਼ਾਮਲ ਸਨ। ਮਿਸ਼ਨ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨੇੜਲੇ ਡਾ. ਅੰਬੇਡਕਰ ਪਾਰਕ ਦੇ ਸੁੰਦਰੀਕਰਨ ਸਬੰਧੀ ਏ.ਡੀ.ਸੀ. ਨਾਲ ਗੱਲਬਾਤ ਕੀਤੀ ਗਈ। ਵਫਦ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਆਪਣੇ ਮੈਂਬਰਾਂ ਤੇ ਹੋਰ ਲੋਕਾਂ ਦੇ ਸਹਿਯੋਗ ਨਾਲ ਪਾਰਕ ਦਾ ਸੁੰਦਰੀਕਰਨ ਕਰਾਉਣਾ ਚਾਹੁੰਦੀ ਹੈ। ਪ੍ਰਧਾਨ ਢੋਸੀਵਾਲ ਵੱਲੋਂ ਏ.ਡੀ.ਸੀ. ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਸੰਸਥਾ ਸਮੇਂ-ਸਮੇਂ 'ਤੇ ਸਮਾਜ ਸੇਵਾ ਦੇ ਕਾਰਜ ਕਰਦੀ ਰਹਿੰਦੀ ਹੈ ਤੇ ਪਾਰਕ ਦੇ ਸੁੰਦਰੀਕਰਨ ਦਾ ਕਾਰਜ ਵੀ ਇਸੇ ਏਜੰਡੇ ਅਧੀਨ ਕੀਤਾ ਜਾਣਾ ਹੈ। ਵਿਕਾਸ ਮਿਸ਼ਨ ਵੱਲੋਂ ਉਕਤ ਪਾਰਕ ਦੇ ਸੁੰਦਰੀਕਰਨ ਲਈ ਪ੍ਰਵਾਨਗੀ ਦੇਣ ਸਬੰਧੀ ਏ.ਡੀ.ਸੀ. ਨੂੰ ਇੱਕ ਪ੍ਰਾਰਥਨਾ ਪੱਤਰ ਵੀ ਦਿੱਤਾ ਗਿਆ। ਏ.ਡੀ.ਸੀ. ਥਿੰਦ ਨੇ ਤੁਰੰਤ ਕਾਰਵਾਈ ਕਰਦੇ ਹੋਏ ਦਫਤਰ ਦੀ ਐੱਮ.ਏ. ਬ੍ਰਾਂਚ ਦੇ ਕਰਮਚਾਰੀ ਦੀਪਕ ਕੁਮਾਰ ਨੂੰ ਇਸ ਸਬੰਧੀ ਨਗਰ ਕੌਂਸਲ ਦੇ ਈ.ਓ. ਨਾਲ ਤਾਲਮੇਲ ਕਰਕੇ ਪ੍ਰਵਾਨਗੀ ਦੇਣ ਲਈ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕਰ ਦਿੱਤੀ।

ਢੋਸੀਵਾਲ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਪ੍ਰਵਾਨਗੀ ਜਲਦੀ ਹੀ ਮਿਲ ਜਾਣ ਦੀ ਸੰਭਾਵਨਾ ਹੈ, ਜਿਸ ਉਪਰੰਤ ਉਹ ਪਾਰਕ ਦੇ ਸੁੰਦਰੀਕਰਨ ਦਾ ਕਾਰਜ ਸ਼ੁਰੂ ਕਰ ਦੇਣਗੇ।

ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੌਕੇ ਅੰਬੇਡਕਰ ਪਾਰਕ ਦੀ ਸੇਵਾ ਸੰਭਾਲ ਤੇ ਦੇਖ-ਰੇਖ ਦਾ ਕੰਮ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਕੋਲ ਹੈ ਤੇ ਮੁਲਾਕਾਤ ਦੌਰਾਨ ਯੂਨੀਵਰਸਿਟੀ ਵੱਲੋਂ ਅਧਿਕਾਰਤ ਕੀਤੇ ਪ੍ਰਿੰਸੀਪਲ ਸੰਜੀਵ ਜਿੰਦਲ ਤੇ ਉਨ੍ਹਾਂ ਦੇ ਸਹਾਇਕ ਦਪਿੰਦਰ ਸਿੰਘ ਵੀ ਮੁਲਾਕਾਤ ਦੌਰਾਨ ਮੌਜੂਦ ਸਨ।

## ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਦੀ ਸਰਬਸੰਮਤੀ ਨਾਲ ਚੋਣ

### ਪ੍ਰੀਤਮ ਸਿੰਘ ਨਾਗੀ ਪ੍ਰਧਾਨ ਤੇ ਇਕਬਾਲ ਸਿੰਘ ਬੱਲ ਜਨਰਲ ਸਕੱਤਰ ਚੁਣੇ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਦੀ ਸਾਲਾਨਾ ਚੋਣ ਦੌਰਾਨ ਸੀਨੀਅਰ ਪੱਤਰਕਾਰ ਪ੍ਰੀਤਮ ਸਿੰਘ ਨਾਗੀ ਨੂੰ ਸਰਬਸੰਮਤੀ ਨਾਲ ਨਵਾਂ ਪ੍ਰਧਾਨ ਚੁਣਿਆ ਗਿਆ।ਇਹ ਚੋਣ ਅਗਰਵਾਲ ਧਰਮਸ਼ਾਲਾ ਵਿਖੇ ਹੋਈ ਇੱਕ ਬੈਠਕ ਦੌਰਾਨ ਕੀਤੀ ਗਈ।ਬੈਠਕ ਦੀ ਸ਼ੁਰੂਆਤ ਵਿੱਚ ਮੌਜੂਦਾ ਪ੍ਰਧਾਨ ਚਮਕੌਰ ਸਿੰਘ ਮੋਤੀਫਾਰਮ ਵੱਲੋਂ ਕਲੱਬ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਪੇਸ਼ ਕੀਤਾ ਗਿਆ, ਜੋ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ।ਮੀਟਿੰਗ ਵਿੱਚ ਨਵੇਂ ਪ੍ਰਧਾਨ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ ਹੋਈ ਤਾਂ ਪ੍ਰਧਾਨਗੀ ਪਦ ਲਈ ਪ੍ਰੀਤਮ ਸਿੰਘ ਨਾਗੀ ਦਾ ਨਾਮ ਸਾਹਮਣੇ ਆਇਆ, ਜਿਸ 'ਤੇ ਕਲੱਬ ਦੇ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ ਤਾਂ ਪ੍ਰੀਤਮ ਸਿੰਘ ਨਾਗੀ ਨੂੰ ਬਿਨਾਂ ਕਿਸੇ ਵਿਰੋਧ ਦੇ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਦਾ ਪ੍ਰਧਾਨ ਚੁਣ ਲਿਆ ਗਿਆ।ਇਸੇ ਤਰ੍ਹਾਂ ਬਾਕੀ ਅਹੁਦੇਦਾਰਾਂ ਦੀ ਚੋਣ ਵੀ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਚਮਕੌਰ ਸਿੰਘ ਮੋਤੀ ਫਾਰਮ ਸਰਪ੍ਰਸਤ, ਸਾਹਿਬ ਸਿੰਘ ਐਡਵੋਕੇਟ ਚੇਅਰਮੈਨ, ਰਮੇਸ਼ ਅਨੇਜਾ ਉੱਪ ਚੇਅਰਮੈਨ, ਇਕਬਾਲ ਸਿੰਘ ਬੱਲ ਜਨਰਲ ਸਕੱਤਰ, ਕੁਲਵਿੰਦਰ ਸਿੰਘ ਪੁਰੀ ਸੀਨੀਅਰ ਮੀਤ ਪ੍ਰਧਾਨ, ਸੁਭਾਸ਼ ਪਾਠਕ ਸੀਨੀਅਰ ਮੀਤ ਪ੍ਰਧਾਨ, ਪ੍ਰਿੰਸ ਕੁਮਾਰ ਵਧਵਾ ਮੀਤ ਪ੍ਰਧਾਨ, ਅਮਿਤ ਸ਼ਰਮਾ ਸੰਯੁਕਤ ਸਕੱਤਰ, ਦੀਪਕ ਸ਼ਰਮਾ ਖ਼ਜ਼ਾਨਚੀ ਚੁਣੇ ਗਏ।ਨਵੇਂ ਚੁਣੇ ਪ੍ਰਧਾਨ ਪ੍ਰੀਤਮ ਸਿੰਘ ਨਾਗੀ ਨੇ ਆਪਣਾ ਪ੍ਰਧਾਨਗੀ ਪਦ ਸੰਭਾਲਦੇ ਹੋਏ ਕਿਹਾ ਕਿ ਉਹ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਨਿਪਟਾਰੇ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਇਸ ਮੌਕੇ ਦੀਵਾਨ ਥਰੇਜਾ, ਹੀਰਾ ਸਿੰਘ ਕੋਮਲ ਤੇ ਗੁਰਪਿਆਰ ਸਿੰਘ ਨੂੰ ਨਵੇਂ ਮੈਂਬਰ ਵਜੋਂ ਕਲੱਬ ਵਿੱਚ ਸ਼ਾਮਲ ਕੀਤਾ ਗਿਆ।ਬੈਠਕ ਵਿੱਚ ਸੰਜੇ ਬਾਂਸਲ, ਗੁਰਬਾਜ਼ ਸਿੰਘ ਸਮੇਤ ਕਈ ਹੋਰ ਮੈਂਬਰ ਵੀ ਹਾਜ਼ਰ ਸਨ।

## ਸੰਤ ਜਸਵੀਰ ਸਿੰਘ ਖਾਲਸਾ ਦੀ ਯਾਦ 'ਚ 26ਵਾਂ ਵਿਸ਼ਾਲ ਖ਼ੂਨਦਾਨ ਕੈਂਪ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖਾਲਸਾ ਕਾਲਾਮਲ੍ਹਾ ਦੀ ਬਰਸੀ ਮੌਕੇ 26ਵਾਂ ਵਿਸ਼ਾਲ ਖ਼ੂਨਦਾਨ ਕੈਂਪ ਗੁਰਦੁਆਰਾ ਸਿੱਧਸਰ ਕਾਲਾਮਲ੍ਹਾ ਸਾਹਿਬ ਛਾਪਾ ਵਿਖੇ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵੱਲੋਂ ਗ੍ਰਾਮ ਪੰਚਾਇਤ, ਯੂਥ ਕਲੱਬਾਂ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸ ਦਾ ਉਦਘਾਟਨ ਭਾਈ ਸੁਰਜੀਤ ਸਿੰਘ ਠੀਕਰੀਵਾਲਾ ਮੈਨੇਜਰ ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ ਨੇ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪਾਂ ਦਾ ਆਯੋਜਨ ਪਿੰਡ-ਪਿੰਡ ਹੋਣਾ ਚਾਹੀਦਾ ਹੈ, ਤਾਂ ਜੋ ਨੌਜਵਾਨ ਪੀੜ੍ਹੀ ਸਮਾਜਿਕ ਬੁਰਾਈਆਂ ਤੋਂ ਬਚਾ ਕੇ ਸਮਾਜ ਸੇਵੀ ਕਾਰਜਾਂ 'ਚ ਉਨ੍ਹਾਂ ਦੀ ਰੁਚੀ ਬਣਾਈ ਜਾ ਸਕੇ। ਉਨ੍ਹਾਂ ਸੰਤ ਜਸਵੀਰ ਸਿੰਘ ਖਾਲਸਾ ਵੱਲੋਂ ਧਾਰਮਿਕ ਖੇਤਰ ਤੇ ਸਮਾਜ ਸੇਵਾ ਦੇ ਖੇਤਰ 'ਚ ਪਾਏ ਅਹਿਮ ਯੋਗਦਾਨ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਾਬਕਾ ਮੈਂਬਰ ਪਾਰਲੀਮੈਂਟ ਸ੍ਰ: ਰਾਜਦੇਵ ਸਿੰਘ ਖਾਲਸਾ, ਪਿਆਰਾ ਸਿੰਘ ਮਾਹਮਦਪੁਰ, ਜਥੇ: ਮਨਜੀਤ ਸਿੰਘ ਲੋਹਟਬੱਦੀ, ਚੇਅਰਮੈਨ ਅਮਰਜੀਤ ਸਿੰਘ ਸਹਿਬਾਜ਼ਪੁਰਾ, ਭਾਨ ਸਿੰਘ ਜੱਸੀ ਪੇਧਨੀ, ਆਪ ਆਗੂ ਸਰਪੰਚ ਗੁਰਦੀਪ ਸਿੰਘ ਛਾਪਾ, ਲਖਵਿੰਦਰ ਸਿੰਘ ਸਪਰਾ ਰਾਏਕੋਟ, ਸੀਨੀ: ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ ਨੇ ਪ੍ਰਬੰਧਕਾਂ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖ਼ੂਨ ਦਾਨ ਇੱਕ ਉੱਤਮ ਦਾਨ ਹੈ, ਐਮਰਜੈਂਸੀ ਸਮੇਂ ਖ਼ੂਨ ਦਾਨ ਕਰ ਕੇ ਕੀਮਤੀ ਜ਼ਿੰਦਾਂ ਨੂੰ ਬਚਾਇਆ ਜਾ ਸਕਦਾ ਹੈ। ਪ੍ਰਬੰਧਕਾਂ ਅਵਤਾਰ ਸਿੰਘ ਅਣਖੀ, ਬਲਜਿੰਦਰ ਸਿੰਘ ਢਿੱਲੋਂ, ਸੋਨੀ ਮਾਂਗੇਵਾਲ ਨੇ ਕੈਂਪ ਦੀ ਸਫਲਤਾ ਲਈ ਸਹਿਯੋਗ ਦੇਣ ਤੇ ਸਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਭਵਿੱਖ ਵਿੱਚ ਇਸ ਖ਼ੂਨਦਾਨ ਦੀ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਨੂੰ ਖ਼ੂਨਦਾਨੀਆਂ ਵੱਲੋਂ 53 ਯੂਨਿਟ ਖ਼ੂਨ ਦਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ, ਖ਼ੂਨਦਾਨੀਆਂ ਤੇ ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਰੀਡਰ ਗੁਰਦੀਪ ਸਿੰਘ ਛੀਨੀਵਾਲ, ਗੁਰੀ ਔਲਖ ਆੜ੍ਹਤੀਆ, ਪ੍ਰਧਾਨ ਬਾਬਾ ਸ਼ੇਰ ਸਿੰਘ ਖਾਲਸਾ, ਬਾਬਾ ਗੁਰਦੀਪ ਸਿੰਘ ਕਾਰ ਸੇਵਾ, ਬਾਬਾ ਬਖਸ਼ੀਸ਼ ਸਿੰਘ, ਹੈੱਡ ਗ੍ਰੰਥੀ ਭਾਈ ਜਸਵੀਰ ਸਿੰਘ ਮਾਣਕੀ, ਭਾਈ ਗੁਰਜੰਟ ਸਿੰਘ ਛੀਨੀਵਾਲ, ਰਿੰਕਾ ਕੁਤਬਾ ਬਾਹਮਣੀਆਂ, ਗਿਆਨੀ ਕਰਮ ਸਿੰਘ ਆਸਟ੍ਰੇਲੀਆ, ਚੇਅਰਮੈਨ ਜਗਸੀਰ ਸਿੰਘ ਖਾਲਸਾ, ਜਥੇ: ਮੁਖਤਿਆਰ ਸਿੰਘ ਛਾਪਾ, ਲੱਖਾ ਖਿਆਲੀ, ਮੇਘ ਰਾਜ ਜੋਸ਼ੀ, ਬਲਵੰਤ ਸਿੰਘ ਚੁਹਾਣਕੇ, ਜਗਸੀਰ ਸਿੰਘ ਸਹਿਜੜਾ, ਰਾਜਵਿੰਦਰ ਸਿੰਘ ਖਾਲਸਾ, ਸੁਖਵੀਰ ਸਿੰਘ ਜਗਦੇ, ਰਮਨਦੀਪ ਸਿੰਘ ਠੁੱਲੀਵਾਲ, ਜਗਮੋਹਣ ਸ਼ਾਹ ਰਾਏਸਰ, ਪਰਮਜੀਤ ਸਿੰਘ ਜਗਦੇ, ਬੀਬੀ ਪਰਮਜੀਤ ਕੌਰ ਭੱਠਲ ਆਦਿ ਹਾਜ਼ਰ ਸਨ।

## ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ : ਡੀ ਸੀ

- ਮੂਨਕ ਖੇਤਰ ਵਿਖੇ ਘੱਗਰ ਦਰਿਆ ਦੇ ਹਾਲਾਤ ਦਾ ਲਿਆ ਜਾਇਜ਼ਾ
- 50,000 ਗੱਟਿਆਂ 'ਚ ਰੇਤਾ ਭਰ ਕੇ ਰੱਖਿਆ, ਹੋਰ ਗੱਟੇ ਭਰਨ ਦਾ ਕੰਮ ਜਾਰੀ



**ਮੂਨਕ (ਰਾਜਪਾਲ ਸਿੰਗਲਾ)**-ਬੇਸ਼ੱਕ ਪਹਾੜੀ ਇਲਾਕੇ ਵਿੱਚ ਮੂਸਲਾਧਾਰ ਬਾਰਸ਼ ਹੋ ਰਹੀ ਹੈ, ਪਰ ਮੌਸਮ ਵਿਭਾਗ ਅਨੁਸਾਰ ਇਸ ਵਾਰ ਮੌਨਸੂਨ ਸਮੇਂ ਤੋਂ ਪਹਿਲਾਂ ਆ ਰਹੀ ਹੈ ਤੇ ਭਾਰੀ ਬਾਰਸ਼ ਹੋਣ ਦੇ ਅਨੁਮਾਨ ਲਗਾਏ ਜਾ ਰਹੇ ਹਨ, ਜਿਸ ਨੂੰ ਲੈ ਕੇ ਇਲਾਕੇ ਅੰਦਰ ਤਬਾਹੀ ਮਚਾਉਣ ਵਾਲੇ ਘੱਗਰ ਤੋਂ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਤੋਂ ਕਿੰਨੀ ਕੁ ਰਾਹਤ ਮਿਲੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ?

ਬੀਤੇ ਦਿਨੀਂ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਤੇ ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਨੇ ਮੂਨਕ ਖੇਤਰ ਵਿਖੇ ਸੰਭਾਵੀ ਹੜ੍ਹਾਂ ਦੀ ਰੋਕਥਾਮ ਹਿਤ ਘੱਗਰ ਦਰਿਆ ਦੇ ਹਾਲਾਤ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਮਕਰੌੜ ਸਾਹਿਬ, ਟੋਹਾਣਾ ਰੋਡ ਵਿਖੇ ਘੱਗਰ ਦਰਿਆ ਦੇ ਪੁਲ ਸਮੇਤ ਘੱਗਰ ਦੇ ਆਲੇ ਦੁਆਲੇ ਦੀਆਂ ਵੱਖੋ ਵੱਖ ਥਾਂਵਾਂ ਦਾ ਦੌਰਾ ਕੀਤਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵੇਲੇ ਖਨੌਰੀ ਵਿਖੇ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ 730 ਫੁੱਟ ਹੈ ਤੇ ਓਥੇ 748 ਫੁੱਟ ਤੋਂ ਖਤਰੇ ਦਾ ਨਿਸ਼ਾਨ ਸ਼ੁਰੂ ਹੁੰਦਾ ਹੈ। ਇਸ ਵੇਲੇ ਕਿਸੇ ਵੀ ਕਿਸਮ ਦੀ ਹੜ੍ਹ ਸਬੰਧੀ ਸਥਿਤੀ ਨਹੀਂ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਰੰਤਰ ਘੱਗਰ ਦਰਿਆ 'ਚ ਪਾਣੀ ਦੇ ਪੱਧਰ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਨਹਿਰੀ ਵਿਭਾਗ, ਮਾਲ ਵਿਭਾਗ, ਪੁਲਸ ਤੇ ਹੋਰ ਵਿਭਾਗਾਂ ਵੱਲੋਂ ਨਿਰੰਤਰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨਜ਼ਰ ਰੱਖੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 50 ਹਜ਼ਾਰ ਗੱਟੇ ਰੇਤੇ ਦੇ ਤਿਆਰ ਰੱਖੇ ਗਏ ਹਨ ਤੇ ਹੋਰ ਗੱਟੇ ਭਰਨ ਦਾ ਕੰਮ ਜਾਰੀ ਹੈ।

ਇਸ ਦੇ ਨਾਲ ਨਾਲ ਲੋਹੇ ਦੇ ਜਾਲਾਂ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਜ਼ਿਲ੍ਹੇ ਵਿੱਚ ਕੰਟਰੋਲ ਰੂਮ ਸਥਾਪਤ ਕੀਤੇ ਜਾ ਚੁੱਕੇ ਹਨ। ਇਸ ਮੌਕੇ ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਨੇ ਕਿਹਾ ਕਿ ਪੁਲਸ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ।

## ਸਮਾਜ ਵਿਰੋਧੀ ਅਨਸਰ ਬਾਜ਼ ਆਉਣ ਵਰਨਾ ਪਿੰਡ ਛੱਡਣ : ਸਰਪੰਚ



**ਦੋਰਾਹਾ (ਹਰਮਿੰਦਰ ਸੇਠ)**-ਪਾਇਲ ਹਲਕੇ ਦੇ ਵੱਡੇ ਪਿੰਡ ਰਾਮਪੁਰ 'ਚੋਂ ਗੈਰ ਸਮਾਜਿਕ ਅਨਸਰਾਂ ਦੀ ਦੌੜ ਲਵਾਉਣ ਵਾਲੇ ਸਰਪੰਚ ਜਸਵੰਤ ਸਿੰਘ ਕਾਲ਼ਾ ਦਾ ਦਾਅਵਾ ਤੇ ਵਾਅਦਾ ਹੈ ਕਿ ਰਾਮਪੁਰ ਪਿੰਡ ਦੇ ਇਰਦ-ਗਿਰਦ ਘੁੰਮ ਕੇ ਅਸ਼ਾਂਤੀ ਫੈਲਾਉਣ ਵਾਲੇ ਸਮਾਜ ਵਿਰੋਧੀ ਅਨਸਰ ਬਾਜ ਆਉਣ ਵਰਨਾ ਪਿੰਡ ਛੱਡ ਜਾਣ।ਰਾਮਪੁਰ ਪਿੰਡ ਦੀ ਹਦੂਦ ਅੰਦਰ ਕਿਸੇ ਨੂੰ ਨਸ਼ਾ ਤਸਕਰੀ ਕਰਨ ਜਾ ਲੁੱਟ-ਖ਼ੋਹ ਕਰਨ ਵਰਗੀਆਂ ਗ਼ਲਤ ਹਰਕਤਾਂ ਕਰਨ ਦੀ ਇਜਾਜ਼ਤ ਨਹੀ ਦੇਵਾਂਗੇ।ਇਹ ਸ਼ਬਦ ਸਰਪੰਚ ਜਸਵੰਤ ਸਿੰਘ ਕਾਲਾ ਨੇ ਐਸ.ਐਸ.ਪੀ ਖੰਨਾ ਮੈਡਮ ਜਯੋਤੀ ਯਾਦਵ ਬੈਂਸ ਵੱਲੋਂ ਸਨਮਾਨਤ ਕੀਤੇ ਜਾਣ ਸਮੇਂ ਕਹੇ।

## ਗੋਲਡਨ ਐਰੋ ਡਵੀਜ਼ਨ ਨੇ 63ਵਾਂ ਸਥਾਪਨਾ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਸੈਨਾ ਦੀ ਮਾਣਮੱਤੀ ਗੋਲਡਨ ਐਰੋ ਡਵੀਜ਼ਨ (7ਵੀਂ ਇਨਫੈਂਟਰੀ ਡਵੀਜ਼ਨ) ਨੇ ਬਰਕੀ ਮੈਮੋਰੀਅਲ ਫਿਰੋਜ਼ਪੁਰ ਛਾਉਣੀ ਵਿਖੇ ਆਪਣਾ 63ਵਾਂ ਸਥਾਪਨਾ ਦਿਵਸ ਮਨਾਇਆ। ਇਸ ਮੌਕੇ ਸੈਨਿਕਾਂ ਨੇ ਦੇਸ਼ ਲਈ ਸਰਵਉੱਚ ਬਲੀਦਾਨ ਦੇਣ ਵਾਲੇ ਬਹਾਦਰਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਮਾਲਾ ਅਰਪਣ ਸਮਾਰੋਹ ਰਾਹੀਂ ਉਨ੍ਹਾਂ ਨੂੰ ਯਾਦ ਕੀਤਾ। ਸਮਾਰੋਹ ਦੀ ਸ਼ੁਰੂਆਤ ਮਾਲਾ ਅਰਪਣ ਨਾਲ ਹੋਈ, ਜਿੱਥੇ ਮੇਜਰ ਜਨਰਲ ਆਰ ਐੱਸ ਮਨਰਾਲ, ਸੈਨਾ ਮੈਡਲ, ਵਿਸ਼ਿਸ਼ਟ ਸੇਵਾ ਮੈਡਲ, ਜਨਰਲ ਆਫੀਸਰ ਕਮਾਂਡਿੰਗ, ਗੋਲਡਨ ਐਰੋ ਡਵੀਜ਼ਨ ਨੇ ਹੋਰ ਸੀਨੀਅਰ ਅਧਿਕਾਰੀਆਂ ਤੇ ਸੈਨਿਕਾਂ ਨਾਲ ਮਿਲ ਕੇ ਸ਼ਹੀਦਾਂ ਨੂੰ ਸਲਾਮੀ ਦਿੱਤੀ। 'ਦਿ ਲਾਸਟ ਪੋਸਟ' ਦੀ ਬਿਗੁਲ ਧੁਨੀ ਨੇ ਮਾਹੌਲ ਨੂੰ ਭਾਵੁਕ ਕਰ ਦਿੱਤਾ। ਇਸ ਤੋਂ ਬਾਅਦ ਸਾਬਕਾ ਸੈਨਿਕਾਂ ਦੇ ਸਨਮਾਨ ਲਈ ਵਿਸ਼ੇਸ਼ ਸਮਾਰੋਹ ਹੋਇਆ, ਜਿੱਥੇ ਉਨ੍ਹਾਂ ਦੇ ਅਮੁੱਲ ਯੋਗਦਾਨ ਨੂੰ ਸਰਾਹਿਆ ਗਿਆ। ਜਨਰਲ ਆਫੀਸਰ ਕਮਾਂਡਿੰਗ ਨੇ ਫਿਰੋਜ਼ਪੁਰ ਦੇ ਇੱਕ ਦਿਵਯੰਗ ਸੈਨਿਕ, ਸਿਪਾਹੀ ਗੁਰਵਿੰਦਰ ਸਿੰਘ ਨੂੰ ਸੰਸ਼ੋਧਤ ਸਕੂਟਰ ਵੀ ਭੇਟ ਕੀਤਾ।

## ਮਹਾਨ ਮਨੁੱਖੀ ਗੁਣਾਂ ਦਾ ਵਿਕਾਸ ਹਮੇਸ਼ਾ ਸਤਿਗੁਰੂ ਦੀ ਰਹਿਮਤ ਹੇਠ ਹੀ ਹੋਇਆ : ਭਾਰਤੀ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਆਸ਼ਰਮ ਵਿਖੇ ਅਧਿਆਤਮਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸੇਵਿਕਾ ਸਾਧਵੀ ਇਸ਼ਵਰਪ੍ਰੀਤਾ ਭਾਰਤੀ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਦੱਸਿਆ ਕਿ ਵਿਦਵਾਨ ਸਮਾਜ ਆਧੁਨਿਕ ਜੀਵਨ ਦੀ ਹੜਬੜਾਹਟ ਵਿੱਚ ਇੱਕ ਪੂਰਨ ਸਤਿਗੁਰੂ ਦੀ ਅਹਿਮੀਅਤ ਨੂੰ ਭੁੱਲ ਗਿਆ ਹੈ, ਪਰ ਜੇਕਰ ਅਸੀਂ ਇਤਿਹਾਸ ਨੂੰ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਮਹਾਨ ਮਨੁੱਖੀ ਗੁਣਾਂ ਦਾ ਵਿਕਾਸ ਹਮੇਸ਼ਾ ਸਤਿਗੁਰੂ ਦੀ ਰਹਿਮਤ ਹੇਠ ਹੀ ਹੋਇਆ ਹੈ।ਉਨ੍ਹਾਂ ਕਿਹਾ ਕਿ ਸਵਾਮੀ ਵੀਰਜਾਨੰਦ ਜੀ ਦਾ ਆਸ਼ਰਮ ਦਯਾਨੰਦ ਸਰਸਵਤੀ ਦੀ ਨਿਰਮਾਣ ਸਥਲੀ ਸੀ, ਤਾਂ ਸਮਰਥ ਗੁਰੂ ਰਾਮਦਾਸ ਜੀ ਦੀ ਸ਼ਕਤੀ ਨੇ ਹੀ ਸ਼ਿਵਾ ਨੂੰ ਛਤਰਪਤੀ ਸ਼ਿਵਾਜੀ ਬਣਾਇਆ ਸੀ।ਚਾਣੱਕਿਆ ਦੀ ਕੁਟੀਆ ਚੰਦਰਗੁਪਤ ਮੌਰਯਾ ਦਾ ਪ੍ਰਸ਼ਿਕਸ਼ਣ ਕੇਂਦਰ ਸੀ ਤਾਂ ਨਰਿੰਦਰ ਵਿੱਚ ਲੁਕੇ ਹੋਏ ਵਿਵੇਕਾਨੰਦ ਨੂੰ ਪਰਮਹੰਸ ਦੇ ਮਾਹਿਰ ਹੱਥਾਂ ਨੇ ਹੀ ਘੜਿਆ ਸੀ।ਰਾਜਸੀ ਵਾਤਾਵਰਣ ਵਿਚ ਰਹਿੰਦਿਆਂ ਵੀ ਜਿਸ ਗੁਰੂ ਨੇ ਰਾਜਾ ਜਨਕ ਨੂੰ 'ਵਿਦੇਹੀ' ਬਣਾ ਦਿੱਤਾ, ਉਹ ਗੁਰੂ ਅਸ਼ਟਾਵਕ੍ਰ ਹੀ ਸਨ।ਕਹਿਣ ਦਾ ਅਰਥ ਇਹ ਕਿ ਜਦੋਂ ਵੀ ਸਮਾਜ ਦੇ ਅਕਾਸ਼ 'ਤੇ ਕੋਈ ਮਹਾਨ ਵਿਅਕਤੀ ਚਮਕਿਆ ਤਾਂ ਉਸਦੀ ਚਮਕ ਪਿੱਛੇ ਗੁਰੂ ਦੀ ਕ੍ਰਿਪਾ ਦੀ ਜੋਤ ਹੀ ਕੰਮ ਕਰ ਰਹੀ ਸੀ।ਸਮਾਜ ਨੂੰ ਅਜਿਹੇ ਸ਼੍ਰੇਸ਼ਠ ਵਿਅਕਤੀ ਹਮੇਸ਼ਾ ਗੁਰੂਆਂ ਦੀ ਹੀ ਦੇਣ ਰਹੇ ਹਨ, ਇਸੇ ਕਰਕੇ ਸ਼ਾਸਤਰਾਂ ਵਿੱਚ ਸਤਿਗੁਰੂ ਦੀ ਤੁਲਨਾ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਨਾਲ ਕੀਤੀ ਗਈ ਹੈ, ਜਿਵੇਂ ਬ੍ਰਹਮਾ ਜੀ ਸ੍ਰਿਸ਼ਟੀ ਦੇ ਜਨਮਦਾਤਾ ਹਨ, ਉਸੇ ਤਰ੍ਹਾਂ ਗੁਰੂ ਆਪਣੇ ਸ਼ਿਸ਼ਯ ਨੂੰ ਆਧਿਆਤਮਿਕ ਜਗਤ ਵਿੱਚ ਜਨਮ ਦਿੰਦੇ ਹਨ। ਜਦੋਂ ਸ਼ਿਸ਼ਯ ਦਾ ਆਧਿਆਤਮਿਕ ਜਨਮ ਹੁੰਦਾ ਹੈ, ਤਾਂ ਉਹ ਅੰਦਰੂਨੀ ਜਗਤ ਵਿੱਚ ਦਾਖਲ ਹੋ ਕੇ ਪ੍ਰਭੂ ਦੇ ਰਾਜ ਦਾ ਪ੍ਰਤੱਖ ਸਾਖਸ਼ਾਤਕਾਰ ਕਰ ਸਕਦਾ ਹੈ, ਪਰ ਅੰਦਰੂਨੀ ਜਗਤ ਵਿੱਚ ਸਿਰਫ਼ ਦਾਖਲ ਹੋਣਾ ਹੀ ਕਾਫ਼ੀ ਨਹੀਂ ਹੁੰਦਾ।ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਨਿਰੰਤਰ ਅੱਗੇ ਵਧਣਾ ਵੀ ਜ਼ਰੂਰੀ ਹੈ ਤੇ ਅੱਗੇ ਵਧਣ ਦੌਰਾਨ ਸੰਭਾਵਨਾ ਹੈ ਕਿ ਰਾਹ ਵਿੱਚ ਕੁਝ ਰੁਕਾਵਟਾਂ ਆਉਣ, ਅਜਿਹੇ ਵਿੱਚ ਗੁਰੂ ਹੀ ਸ਼ਿਸ਼ਯ ਦੀ ਰੱਖਿਆ ਕਰਦਾ ਹੈ, ਹਰ ਪਲ ਉਸਦੀ ਮਦਦ ਕਰਦਾ ਹੈ।ਇਸ ਦੌਰਾਨ ਆਸ਼ਰਮ ਦੀਆਂ ਸਾਧਵੀਆਂ ਨੇ ਅਲੌਕਿਕ ਭਜਨਾਂ ਰਾਹੀਂ ਸਮਝਾਇਆ ਤੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਾਂਤ ਮਨ ਨਾਲ ਭਜਨਾਂ ਨੂੰ ਸੁਣਿਆ।

## ਰਾਸ਼ਟਰੀ ਕਰਾਟੇ ਮੁਕਾਬਲਿਆਂ 'ਚ ਆਕਸਫੋਰਡ ਸਕੂਲ ਨੇ ਮਾਰੀਆਂ ਮੱਲਾਂ



**ਚੀਮਾਂ (ਰਵਿੰਦਰ ਚੀਮਾ)**-ਇਲਾਕੇ ਦੀ ਨਾਮਵਰ ਸੰਸਥਾ (ਆਈ.ਸੀ.ਐੱਸ. ਈ.) ਬੋਰਡ ਤੋਂ ਮਾਨਤਾ ਪ੍ਰਾਪਤ ਦੀ ਆਕਸਫੋਰਡ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਹਿਮਾਚਲ (ਊਨਾ) ਵਿਖੇ ਹੋਏ ਆਲ ਇੰਡੀਆ ਗੁਜੂ ਰਿਊ ਕਰਾਟੇ ਚੈਂਪੀਅਨਸ਼ਿਪ 2025 ਦੇ ਰਾਸ਼ਟਰੀ ਕਰਾਟੇ ਮੁਕਾਬਲਿਆਂ ਵਿੱਚ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਗੋਲਡ ਮੈਡਲ, ਪਿਊਸ਼ ਗਰਗ ਤੇ ਅਮਰਜੀਤ ਸਿੰਘ ਨੇ ਸਿਲਵਰ ਮੈਡਲ ਹਾਸਲ ਕਰਕੇ ਆਪਣੇ ਮਾਪਿਆਂ ਤੇ ਆਪਣੀ ਸੰਸਥਾ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਆਉਣ ਵਾਲੇ ਇੰਟਰਨੈਸ਼ਨਲ ਨੇਪਾਲ ਟੂਰਨਾਮੈਂਟ ਵਿੱਚ ਚੋਣ ਕਰਾਉਣ ਵਿੱਚ ਸਫਲ ਹੋਏ।ਇਸ ਖੇਡ ਮੁਕਾਬਲੇ ਵਿੱਚ 14 ਰਾਜਾਂ ਨੇ ਹਿੱਸਾ ਲਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਦੀਪ ਕੁਮਾਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਵਿਦਿਆਰਥੀਆਂ ਉੱਤੇ ਸਾਨੂੰ ਮਾਣ ਮਹਿਸੂਸ ਹੁੰਦਾ ਹ, ਜੋ ਸਖ਼ਤ ਮਿਹਨਤ ਦੇ ਸਦਕਾ ਪੜ੍ਹਾਈ ਦੇ ਨਾਲ- ਨਾਲ ਖੇਡਾਂ ਵਿੱਚ ਭਾਗ ਲੈ ਕੇ ਆਪਣਾ ਤੇ ਮਾਪਿਆਂ ਦਾ ਮਾਣ ਵਧਾ ਰਹੇ ਹਨ।ਉਨ੍ਹਾ ਬਾਕੀ ਬੱਚਿਆਂ ਨੂੰ ਵੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਉਨ੍ਹਾ ਕੋਚ ਰਾਹੁਲ ਕੁਮਾਰ ਤੇ ਡੀ.ਪੀ.ਈ. ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੂੰ ਚੰਗੇ ਅਭਿਆਸ ਕਰਵਾਉਣ ਸਦਕਾ ਜਿੱਤ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ।ਸਕੂਲ ਪੁੱਜਣ 'ਤੇ ਪ੍ਰਿੰਸੀਪਲ ਤੇ ਸਮੂਹ ਮੈਨੇਜਮੈਂਟ ਮੈਂਬਰਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਸੰਸਥਾ ਦੇ ਚੇਅਰਮੈਨ ਚਮਕੌਰ ਸਿੰਘ, ਮੈਨੇਜਿੰਗ ਡਾਇਰੈਕਟਰ ਗੁਰਧਿਆਨ ਸਿੰਘ ਚਹਿਲ ਹਾਜ਼ਰ ਸਨ।

## ਡੀ ਐੱਸ ਪੀ ਹਰਵਿੰਦਰ ਸਿੰਘ ਖੈਰਾ ਪ੍ਰਾਈਡ ਆਫ ਆਨਰ ਨਾਲ ਸਨਮਾਨਤ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਡੀ ਐਸ ਪੀ ਹਰਵਿੰਦਰ ਸਿੰਘ ਖੈਰਾ ਵੱਲੋਂ ਧੂਰੀ ਵਿੱਚ ਇਕ ਪ੍ਰਦਰਸ਼ਨਕਾਰੀ ਅਧਿਆਪਕ ਦੀ ਜਾਨ ਬਚਾਉਣ ਲਈ ਕੀਤੇ ਗਏ ਬਹਾਦਰੀ ਭਰੇ ਕਦਮ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ।ਘਟਨਾ ਤਦ ਦੀ ਹੈ ਜਦ ਇੱਕ ਅਧਿਆਪਕ ਨੇ ਰੋਸ ਵਜੋਂ ਨਹਿਰ ਵਿੱਚ ਛਾਲ ਮਾਰ ਦਿੱਤੀ।ਡੀਐਸਪੀ ਖੈਰਾ ਨੇ ਆਪਣੀ ਜ਼ਿੰਦਗੀ ਦੀ ਪ੍ਰਵਾਹ ਨਾ ਕਰਦਿਆਂ ਕੱਪੜਿਆਂ ਸਮੇਤ ਨਹਿਰ ਵਿੱਚ ਛਾਲ ਮਾਰ ਕੇ ਉਸ ਅਧਿਆਪਕ ਦੀ ਜਾਨ ਬਚਾਈ।ਉਨ੍ਹਾਂ ਦੀ ਇਸ ਬਹਾਦਰੀ ਤੇ ਫ਼ਰਜ਼ ਨਿਭਾਉਣ ਦੀ ਭਾਵਨਾ ਦੇ ਮੱਦੇਨਜ਼ਰ ਰੋਟਰੀ ਕਲੱਬ ਸੁਨਾਮ ਗ੍ਰੀਨ ਵੱਲੋਂ ਕਲੱਬ ਪ੍ਰਧਾਨ ਸੰਦੀਪ ਗਰਗ ਦੀ ਅਗਵਾਈ ਵਿੱਚ ਡੀਐਸਪੀ ਦਫਤਰ ਪਹੁੰਚ ਕੇ ਉਨ੍ਹਾਂ ਨੂੰ 'ਪ੍ਰਾਈਡ ਆਫ ਆਨਰ' ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਕਲੱਬ ਦੇ ਪ੍ਰਧਾਨ ਸੰਦੀਪ ਗਰਗ ਨੇ ਕਿਹਾ ਕਿ ਡੀਐਸਪੀ ਖੈਰਾ ਦਾ ਇਹ ਕੰਮ ਪੁਲਿਸ ਵਰਦੀ ਦੀ ਇਜ਼ਤ ਨੂੰ ਹੋਰ ਵਧਾਉਂਦਾ ਹੈ। ਕਲੱਬ ਦੇ ਹੋਰ ਮੈਂਬਰਾਂ 'ਚ ਆਈ ਪੀ ਪੀ ਪੁਨੀਤ ਮਿੱਤਲ, ਜਨਰਲ ਸਕੱਤਰ ਗੌਰਵ ਕਾਂਸਲ, ਖਜ਼ਾਂਚੀ ਮਨੋਜ ਬਾਂਸਲ ਤੇ ਕਲੱਬ ਦੇ ਮੁੱਖ ਸਲਾਹਕਾਰ ਆਰ.ਐਨ. ਕਾਂਸਲ ਵੀ ਹਾਜ਼ਰ ਸਨ।

## ਛੁੱਟੀਆਂ ਤੋਂ ਬਾਅਦ ਸਕੂਲ ਖੁੱਲ੍ਹਣ 'ਤੇ ਬੱਚਿਆਂ ਦਾ ਸਵਾਗਤ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿਚ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਮੁੜ ਸਕੂਲ ਖੁੱਲ੍ਹਣ 'ਤੇ ਸਕੂਲ ਦੇ ਪ੍ਰਿੰਸੀਪਲ ਜੀਨਮ ਗਰਗ ਤੇ ਮਨੋਜ ਕੁਮਾਰ ਨੇ ਬੱਚਿਆਂ ਦਾ ਨਿੱਘਾ ਸਵਾਗਤ ਕੀਤਾ।ਪ੍ਰਿੰਸੀਪਲ ਨੇ ਬੱਚਿਆਂ ਨੂੰ ਸੰਬੋਧਨ



ਕਰਦੇ ਹੋਏ ਕਿਹਾ ਕਿ ਗਰਮੀ ਦੀ ਤਾਜ਼ਗੀ ਭਰੀਆਂ ਛੁੱਟੀਆਂ ਤੋਂ ਬਾਅਦ ਤੁਹਾਡਾ ਸਵਾਗਤ ਹੈ।ਆਓ ਨਵੇਂ ਸਿੱਖਣ ਦੇ ਸਾਹਸ ਵਿੱਚ ਡੁੱਬੀਏ ਤੇ ਇਕੱਠੇ ਅਕਾਦਮਿਕ ਸਫ਼ਲਤਾ ਪ੍ਰਾਪਤ ਕਰੀਏ।ਇਸ ਸਾਲ ਦਿਲਚਸਪ ਮੌਕੇ ਸਾਡੀ ਉਡੀਕ ਕਰ ਰਹੇ ਹਨ।ਤੁਹਾਡੇ ਸਾਰਿਆਂ ਦਾ ਇੱਥੇ ਹੋਣਾ ਬਹੁਤ ਵਧੀਆ ਹੈ, ਕਿਉਂਕਿ ਅਸੀਂ ਇਕੱਠੇ ਸਿੱਖਣ ਤੇ ਵਿਕਾਸ ਦੇ ਇੱਕ ਨਵੇਂ ਸਾਲ ਦੀ ਸ਼ੁਰੂਆਤ ਕਰਦੇ ਹਾਂ।ਮੈਂ ਦੇਖਣ ਲਈ ਉਤਸ਼ਾਹਤ ਹਾਂ ਕਿ ਅਸੀਂ ਇਕ ਕਲਾਸ ਦੇ ਸਮੂਹ ਵਿੱਚ ਕੀ ਪ੍ਰਾਪਤ ਕਰ ਸਕਦੇ ਹਾਂ।ਅਧਿਆਪਕਾਂ ਵੱਲੋਂ ਬੱਚਿਆਂ ਦਾ ਵੱਖ-ਵੱਖ ਗਤੀਵਿਧੀਆਂਨਾਲ ਸਵਾਗਤ ਕੀਤਾ ਗਿਆ।ਬੱਚਿਆਂ ਨੂੰ ਚਾਕਲੇਟ, ਟੌਫੀਆਂ ਤੇ ਤੋਹਫੇ ਦੇ ਕੇ ਸਵਾਗਤ ਕੀਤਾ। ਬੱਚਿਆਂ ਦੇ ਮੁੜ ਵਾਪਸ ਆਉਣ 'ਤੇ ਉਨ੍ਹਾਂ ਦੇ ਚਿਹਰੇ 'ਤੇ ਖੁਸ਼ੀ ਪ੍ਰਤੀਕ ਹੋ ਰਹੀ ਸੀ।

## ਪਿੰਡਾਂ ਨੂੰ ਸਹੂਲਤਾਂ ਪੱਖੋਂ ਹੁਣ ਨਹੀਂ ਰਹਿਣ ਦਿੱਤਾ ਜਾਵੇਗਾ ਫਾਡੀ : ਵਿਧਾਇਕ ਬੁੱਧ ਰਾਮ



**ਬਰੇਟਾ (ਰੀਤਵਾਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਿੱਚ ਪਿੰਡਾਂ ਨੂੰ ਸਹੂਲਤਾਂ ਪੱਖੋਂ ਫਾਡੀ ਨਹੀਂ ਰਹਿਣ ਦਿੱਤਾ ਜਾਵੇਗਾ।ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਵੀ ਬਰਾਬਰ ਤਰਜੀਹੀ ਆਧਾਰ 'ਤੇ ਕਰਾਇਆ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਬੁਢਲਾਡਾ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਪਿੰਡ ਖੁਡਾਲ ਕਲਾਂ, ਰਾਮਨਗਰ ਭੱਠਲ ਤੇ ਆਲਮਪੁਰ ਮੰਦਰਾਂ ਵਿਖੇ ਬਣੀਆਂ ਨਵੀਆਂ ਸੜਕਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਵਿਧਾਇਕ ਬੁੱਧ ਰਾਮ ਨੇ ਦੱਸਿਆ ਕਿ ਪਿੰਡ ਖੁਡਾਲ ਕਲਾਂ ਨੂੰ ਜਾਖਲ ਰੋਡ ਨਾਲ ਜੋੜਨ ਲਈ 23.49 ਲੱਖ ਰੁਪਏ ਦੀ ਲਾਗਤ ਨਾਲ 02 ਕਿਲੋਮੀਟਰ ਨਵੀਂ ਸੜ੍ਹਕ ਦਾ ਨਿਰਮਾਣ ਕੀਤਾ ਗਿਆ ਹੈ ਤੇ ਪਿੰਡ ਵਿੱਚ 62.94 ਲੱਖ ਰੁਪਏ ਦੀ ਲਾਗਤ ਨਾਲ 850 ਮੀਟਰ ਅਤੇ 78.86 ਲੱਖ ਰੁਪਏ ਦੀ ਲਾਗਤ ਨਾਲ 1.40 ਕਿਲੋਮੀਟਰ ਫਿਰਨੀ ਦੀਆਂ ਸੜਕਾਂ ਦਾ ਉਦਘਾਟਨ ਕੀਤਾ ਗਿਆ।ਇਸ ਤੋਂ ਇਲਾਵਾ ਪਿੰਡ ਰਾਮਨਗਰ ਭੱਠਲ ਵਿਖੇ 75.87 ਲੱਖ ਰੁਪਏ ਨਾਲ 01 ਕਿਲੋਮੀਟਰ ਅਤੇ ਪਿੰਡ ਆਲਮਪੁਰ ਮੰਦਰਾਂ ਵਿਖੇ 35.96 ਲੱਖ ਰੁਪਏ ਦੀ ਲਾਗਤ ਨਾਲ 550 ਮੀਟਰ ਸੜਕ ਦਾ ਨਿਰਮਾਣ ਕੀਤਾ ਗਿਆ ਹੈ ।ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਆਵਾਜਾਈ ਅਤੇ ਰੋਜ਼ਾਨਾ ਆਉਣ ਜਾਣ ਦੇ ਕੰਮਾਂ ਵਿੱਚ ਤੇਜ਼ੀ ਆਵੇਗੀ।

## ਚੇਅਰਮੈਨ ਦੀ ਅਗਵਾਈ 'ਚ ਮਲਕੀਤ ਗਰੁੱਪ ਵਿਖੇ ਪੌਦੇ ਲਗਾਏ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਗੁਰੂਆਂ, ਪੀਰਾਂ ਤੇ ਪੰਜ ਦਰਿਆਵਾਂ ਦੀ ਧਰਤੀ ਹੈ। ਅੱਜ ਦੇ ਇਨਸਾਨ ਨੇ ਆਪਣੇ ਨਿੱਜੀ ਹਿੱਤਾਂ ਲਈ ਇੱਥੋਂ ਦੀ ਧਰਤੀ, ਪਾਣੀ ਤੇ ਹਵਾ ਨੂੰ ਲਗਾਤਾਰ ਗੰਧਲਾ ਕੀਤਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਨਾਭਾ ਦੇ ਇੰਪਰੂਵਮੈਂਟ ਟਰੱਸਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਮਲਕੀਤ ਗਰੁੱਪ ਵਿਖੇ ਹਵਾਦਾਰ ਤੇ ਫਲਦਾਰ ਪੌਦੇ ਲਗਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਨੇ ਕਿਹਾ ਕਿ ਜਿਸ ਕਾਰਨ ਲੋਕ ਜਿੱਥੇ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਉੱਥੇ ਉਨ੍ਹਾਂ ਦੀ ਉਮਰ ਲਗਾਤਾਰ ਘਟਦੀ ਜਾ ਰਹੀ ਹੈ।ਅੱਜ ਲੋੜ ਹੈ ਕਿ ਅਸੀਂ ਪੰਜਾਬ ਦੀ ਧਰਤੀ ਨੂੰ ਸਵਰਗ ਬਣਾਉਣ ਵਾਸਤੇ ਪਹਿਲ ਕਰੀਏ।ਹਰ ਵਰਗ ਦੇ ਲੋਕ ਅੱਗੇ ਆ ਕੇ ਅਹਿਮ ਭੂਮਿਕਾ ਨਿਭਾਉਣ ਤੇ ਪੰਜਾਬ ਦੇ ਵਾਤਵਰਨ, ਪਾਣੀ ਤੇ ਧਰਤੀ ਨੂੰ ਬਚਾਉਣ ਲਈ ਠੋਸ ਉਪਰਾਲੇ ਕੀਤੇ ਜਾਣ।ਸੁਰਿੰਦਰ ਪਾਲ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਧਰਤੀ ਨੂੰ ਸੁੰਦਰ, ਹਰਿਆਵਲ ਭਰਪੂਰ ਤੇ ਰਹਿਣਯੋਗ ਬਣਾਉਣ ਲਈ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ।ਇਸ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਤੇ ਇਸ ਨੇਕ ਕਾਰਜ ਲਈ ਹਰ ਵਿਅਕਤੀ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਮਲਕੀਤ ਗਰੁੱਪ ਦੇ ਐੱਮ ਡੀ ਚਰਨ ਸਿੰਘ ਨੇ ਸੁਰਿੰਦਰ ਪਾਲ ਸ਼ਰਮਾ ਚੇਅਰਮੈਨ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ।ਉਨ੍ਹਾਂ ਬੱਚਿਆਂ ਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਆਪਣੇ ਘਰ ਦੀ ਖੁਸ਼ੀ ਮੌਕੇ ਤੇ ਜਨਮ ਦਿਨ ਮੌਕੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ।ਇਸ ਮੌਕੇ ਕੁਲਵੰਤ ਸਿੰਘ ਸਿਆਣ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਮੈਡੀਕਲ ਸਟੋਰਾਂ 'ਚੋਂ ਮਿਲ ਰਹੇ ਨਸ਼ੇ ਵਾਲੇ ਕੈਪਸੂਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਰਕਾਰ ਨਸ਼ਿਆਂ ਵਿਰੁੱਧ ਇਕ ਮਹਿਮ ਛੇੜੀ ਹੋਈ ਹੈ।ਯੁੱਧ ਨਸ਼ਿਆਂ ਵਿਰੁੱਧ, ਜਿਸ ਨੂੰ ਲੈ ਕੇ ਪੰਜਾਬ ਸਰਕਾਰ ਨੇ ਕਾਫੀ ਹੱਦ ਤੱਕ ਸਫਲਤਾ ਵੀ ਪ੍ਰਾਪਤ ਕੀਤੀ ਹੈ।ਦੂਜੇ ਪਾਸੇ ਸਿਵਲ ਸਰਜਨ ਦਫਤਰ ਬਠਿੰਡਾ ਦੇ ਅਧੀਨ ਆਉਂਦੇ ਡਰੱਗਜ਼ ਕੰਟਰੋਲ ਅਫਸਰ ਇਸ ਮੁਹਿੰਮ ਨੂੰ ਖੋਰਾ ਲਾ ਰਹੇ ਹਨ, ਜਿਸ ਦੀ ਤਾਜ਼ਾ ਮਿਸਾਲ ਭੁੱਚੋ ਮੰਡੀ ਦੇ ਮੈਡੀਕਲ ਸਟੋਰਾਂ ਤੋਂ ਵੱਡੇ ਪੱਧਰ 'ਤੇ ਨਸ਼ਿਆਂ ਵਾਲੇ ਕੈਪਸੂਲਾਂ ਦਾ ਫੜਿਆ ਜਾਣਾ ਹੈ।ਇਹ ਪਹਿਲਾ ਕੇਸ ਨਹੀ ਹੈ ਇਸ ਤਰਾਂ ਦੇ ਕੇਸ ਪਹਿਲਾ ਵੀ ਵਾਪਰ ਚੁੱਕੇ।ਪਿਛਲੇ 6 ਸਾਲਾਂ ਜ਼ਿਲ੍ਹਾ ਬਠਿੰਡਾ ਵਿੱਚ ਸਾਢੇ 900 ਦੇ ਕਰੀਬ ਨਵੇਂ ਮੈਡੀਕਲ ਸਟੋਰ ਕਰਿਆਨਾ ਦੀਆਂ ਦੁਕਾਨਾਂ ਵਾਂਗ ਖੋਲ੍ਹੇ ਜਾ ਚੁੱਕੇ ਹਨ।ਸਿਹਤ ਵਿਭਾਗ ਪੰਜਾਬ ਵੱਲੋ 2019 ਤੇ 2021 ਨੂੰ ਸੋਧਿਤ ਦਵਾਈਆਂ ਨੀਤੀ-ਤਹਿਤ ਦੋ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ, ਜਿਸ ਵਿੱਚ ਇੱਕ ਵੀ ਨਵਾਂ ਮੈਡੀਕਲ ਸਟੋਰ ਖੋਲ੍ਹਣ ਲਈ ਸਖਤ ਸ਼ਰਤਾਂ ਤਹਿਤ ਨਿਰਦੇਸ਼ ਜਾਰੀ ਕੀਤੇ ਗਏ ਸਨ, ਜਿਵੇਂ ਜੇਕਰ ਜਿੱਥੇ ਇੱਕ ਮੈਡੀਕਲ ਸਟੋਰ ਪਹਿਲਾਂ ਹੀ ਦਵਾਈਆਂ ਸਬੰਧੀ ਲੋੜ ਪੂਰੀ ਕਰ ਰਿਹਾ ਹੈ, ਉਥੇ ਨਵਾਂ ਮੈਡੀਕਲ ਸਟੋਰ ਨਹੀਂ ਦਿੱਤਾ ਜਾ ਸਕਦਾ।ਪਹਿਲਾਂ ਤੋਂ ਮੌਜੂਦ ਮੈਡੀਕਲ ਸਟੋਰ ਤੋਂ ਨਵਾਂ ਮੈਡੀਕਲ 500 ਮੀਟਰ ਦੂਰ ਖੋਲ੍ਹਿਆ ਜਾਵੇਗਾ। ਦੂਜੇ ਨੋਟੀਫਿਕੇਸ਼ਨ ਵਿੱਚ ਇਹ ਸਰਤ 100 ਮੀਟਰ ਦੂਰ ਦੀ ਰੱਖੀ ਗਈ ਹੈ।ਪਰ ਇਨ੍ਹਾਂ ਡਰੱਗਜ ਕੰਟਰੋਲ ਅਫਸਰਾਂ ਨੇ ਤਾਂ ਨਵੇਂ ਮੈਡੀਕਲ ਸਟੋਰ ਨਿਯਮਾਂ ਨੂੰ ਛਿੱਕੇ ਟੰਗ ਕੇ 100 ਮੀਟਰ ਦੂਰ ਦੀ ਬਜਾਏ ਪਹਿਲਾਂ ਤੋਂ ਮੌਜੂਦ ਪਰਾਣੇ ਮੈਡੀਕਲ ਸਟੋਰਾਂ ਦੇ ਨੇੜੇ ਜਾਂ ਸਾਂਝੀਆਂ ਕੰਧ ਨਾਲ ਹੀ ਖੋਲ੍ਹ ਦਿੱਤੇ ਹਨ।ਰਾਮਪੁਰਾ ਫੂਲ ਵਿੱਚ 100 ਦੇ ਕਰੀਬ ਪੁਰਾਣੇ ਮੈਡੀਕਲ ਸਟੋਰ ਪਹਿਲਾਂ ਹੀ ਕੰਮ ਕਰ ਰਹੇ ਹਨ। ਹੁਣ ਬਿਨਾਂ ਮਤਲਬ ਤੋਂ 49 ਦੇ ਕਰੀਬ ਹੋਰ ਮੈਡੀਕਲ ਸਟੋਰ ਖੋਲ੍ਹ ਦਿੱਤੇ ਹਨ।ਸਮਾਜ ਸੇਵਕ ਸੀਤਾਰਾਮ ਦੀਪਕ ਨੇ ਪੰਜਾਬ ਸਰਕਾਰ ਖਾਸਕਾਰ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਇਸ ਦੀ ਵੱਡੇ ਪੱਧਰ 'ਤੇ ਜਾਂਚ ਕੀਤੀ ਜਾਵੇ।

## ...ਸ.ਫ਼ਾ 1 ਦੇ ਬਾਕੀ

### ਟਰੰਪ ਤੇ ਮਸਕ...

ਪੁਰਾਣੇ ਉਦਯੋਗਾਂ ਨੂੰ ਰਿਆਇਤ ਦਿੰਦਾ ਹੈ, ਪਰ ਭਵਿੱਖ ਦੇ ਉਦਯੋਗਾਂ ਨੂੰ ਤਬਾਹ ਕਰ ਦੇਵੇਗਾ। ਮਸਕ ਨੇ ਪਿਛਲੇ ਮਹੀਨੇ ਇਸ ਬਿੱਲ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਵਿੱਚ ਸਰਕਾਰੀ ਕੁਸ਼ਲਤਾ ਵਿਭਾਗ ਦੇ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਟਰੰਪ ਦਾ ਦਾਅਵਾ ਹੈ ਕਿ ਬਿੱਲ ਦੇਸ਼ਭਗਤੀ ਨਾਲ ਭਰਪੂਰ ਹੈ। ਇਸ ਨਾਲ ਅਮਰੀਕਾ ਵਿੱਚ ਨਿਵੇਸ਼ ਵਧੇਗਾ ਤੇ ਚੀਨ 'ਤੇ ਨਿਰਭਰਤਾ ਘਟੇਗੀ। ਬਿੱਲ ਵਿੱਚ ਰੱਖਿਆ, ਊਰਜਾ ਤੇ ਬਾਰਡਰ ਸਕਿਉਰਟੀ ਲਈ ਵੱਧ ਪੈਸੇ ਰੱਖੇ ਗਏ ਹਨ, ਜਦਕਿ ਨਿਊਟ੍ਰੀਸ਼ਿਅਨ ਤੇ ਹੈੱਲਥ ਕੇਅਰ ਪ੍ਰੋਗਰਾਮਾਂ ਲਈ ਫੰਡ ਘਟਾਏ ਗਏ ਹਨ।

ਟਰੰਪ ਦੇ ਤਾਜ਼ਾ ਬਿਆਨ ਤੋਂ ਬਾਅਦ ਮਸਕ ਨੇ ਉਸ ਨੂੰ ਵੰਗਾਰਿਆ ਹੈ ਕਿ ਉਹ ਜੋ ਮਰਜ਼ੀ ਕਰ ਲਵੇ। ਉਸ ਨੇ ਇਹ ਵੀ ਕਿਹਾ ਹੈ ਕਿ ਸੈਨੇਟ ਨੇ ਜਿਸ ਦਿਨ ਬਿੱਲ ਪਾਸ ਕੀਤਾ, ਉਹ ਅਗਲੇ ਦਿਨ 'ਅਮਰੀਕਾ ਪਾਰਟੀ' ਲਾਂਚ ਕਰ ਦੇਵੇਗਾ।

### ਥਾਈਲੈਂਡ ਦੀ ਪ੍ਰਧਾਨ...

ਸਕੱਤਰ-ਜਨਰਲ ਸੋਰਾਵੋਂਗ ਥੀਅਨਥੋਂਗ ਨੇ ਰਾਇਟਰਜ਼ ਨੂੰ ਦੱਸਿਆ, "ਸਰਕਾਰੀ ਕੰਮ ਨਹੀਂ ਰੁਕਦਾ, ਕੋਈ ਸਮੱਸਿਆ ਨਹੀਂ ਹੈ। ਸੂਰੀਆ ਕਾਰਜਕਾਰੀ ਪ੍ਰਧਾਨ ਮੰਤਰੀ ਬਣਨਗੇ।" ਇੱਥੇ ਦੱਸਣਾ ਬਣਦਾ ਹੈ ਕਿ ਕੰਬੋਡੀਆ ਦੇ ਸਿਆਸਤਦਾਨ ਨਾਲ ਲੀਕ ਹੋਈ ਫੋਨ ਕਾਲ ਨੇ ਘਰੇਲੂ ਪੱਧਰ 'ਤੇ ਗੁੱਸਾ ਪੈਦਾ ਕੀਤਾ ਹੈ ਅਤੇ ਪਾਏਤੋਂਗਤਾਰਨ ਦੀ ਗੱਠਜੋੜ ਸਰਕਾਰ ਕੋਲ ਬਹੁਤ ਹੀ ਘੱਟ ਬਹੁਮਤ ਬਚਿਆ ਹੈ। 15 ਜੂਨ ਨੂੰ ਕੰਬੋਡੀਆ ਨਾਲ ਵਧਦੇ ਸਰਹੱਦੀ ਤਣਾਅ ਨੂੰ ਘੱਟ ਕਰਨ ਦੇ ਇਰਾਦੇ ਨਾਲ ਕੀਤੀ ਗਈ ਇੱਕ ਕਾਲ ਦੌਰਾਨ 38 ਸਾਲਾ ਪਾਏਤੋਂਗਤਾਰਨ ਹੁਨ ਸੇਨ ਅੱਗੇ ਝੁਕ ਗਈ ਅਤੇ ਇੱਕ ਥਾਈ ਫੌਜੀ ਕਮਾਂਡਰ ਦੀ ਆਲੋਚਨਾ ਕੀਤੀ। ਹਾਲਾਂਕਿ ਉਸ ਨੇ ਮੁਆਫੀ ਮੰਗੀ ਹੈ ਅਤੇ ਕਿਹਾ ਹੈ ਕਿ ਇਹ ਉਸ ਦੀ ਟਿੱਪਣੀ ਇੱਕ ਗੱਲਬਾਤ ਦੀ ਚਾਲ ਸੀ।

## ਸਾਬਕਾ ਸਰਪੰਚ ਦੇ ਪਰਵਾਰ ਨੇ ਛੱਤਿਆਣਾ ਸਕੂਲ ਨੂੰ ਦਿੱਤਾ ਏ ਸੀ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਛੱਤਿਆਣਾ ਨੂੰ ਸਵ: ਗੁਰਚਰਨ ਸਿੰਘ ਸਾਬਕਾ ਸਰਪੰਚ ਦੀ ਯਾਦ ਵਿੱਚ ਉਨ੍ਹਾਂ ਦੇ ਪਰਵਾਰ ਵੱਲੋਂ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਲਈ ਇੱਕ ਏ ਸੀ ਭੇਟ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੁਰਚਰਨ ਸਿੰਘ ਦੇ ਸਪੁੱਤਰ ਜਸਮੇਲ ਸਿੰਘ ਅਤੇ ਪਟਵਾਰੀ ਰਣਜੋਧ ਸਿੰਘ ਸੰਧੂ ਨੇ ਵਿਦਿਆਰਥੀਆਂ ਦੀਆਂ ਲੋੜਾਂ ਦੀ ਪੂਰਤੀ ਲਈ ਆਪਣੇ ਪਰਿਵਾਰ ਵੱਲੋਂ ਹਮੇਸ਼ਾ ਸਹਿਯੋਗ ਦੇਣ ਦਾ ਭਰੋਸਾ ਦਿੰਦੇ ਹੋਏ ਦੱਸਿਆ ਕਿ ਗਰਮੀ ਦੇ ਮੌਸਮ ਵਿੱਚ ਸਕੂਲ ਦੇ ਵਿਦਿਆਰਥੀਆਂ ਨੂੰ ਹੋਣ ਵਾਲੀ ਔਖ ਨੂੰ ਦੇਖਦੇ ਹੋਏ ਉਹ ਵੀ ਇਸ ਸਕੂਲ ਵਿੱਚ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਸਕੂਲ ਨੂੰ ਏ ਸੀ ਦਿੱਤਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਲੋੜੀਂਦੀ ਸਹੂਲਤ ਦੇਣੀ ਚਾਹੀਦੀ ਹੈ, ਤਾਂ ਜੋ ਵਿਦਿਆਰਥੀ ਪੜ੍ਹਾਈ ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ। ਸਕੂਲ ਦੇ ਸਮੂਹ ਸਟਾਫ ਨੇ ਸੰਧੂ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਇੱਕ ਵੱਡਾ ਪੁੰਨ ਹੈ।

## ਡਾਕਟਰ ਡੇਅ 'ਤੇ ਮੈਡੀਕਲ ਅਫ਼ਸਰ ਡਾ. ਰੇਖਾ ਭੱਟੀ ਦਾ ਸਨਮਾਨ



**ਮਮਦੋਟ (ਹਰਪਾਲ ਸੋਢੀ)**-ਜੈ ਮਲਾਪ ਲੈਬੋਰਟਰੀ ਐਸੋਸੀਏਸ਼ਨ ਬਲਾਕ ਮਮਦੋਟ ਵੱਲੋਂ ਡਾਕਟਰ ਦਿਵਸ ਤੇ ਬਲਾਕ ਪ੍ਰਧਾਨ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਸਮੂਹ ਬਲਾਕ ਨੇ ਸਿਵਲ ਹਸਪਤਾਲ ਵਿਖੇ ਮੈਡੀਕਲ ਅਫਸਰ ਡਾ. ਰੇਖਾ ਭੱਟੀ ਦਾ ਸਨਮਾਨ ਕੀਤਾ।ਬਲਾਕ ਪ੍ਰਧਾਨ ਸੁਰਿੰਦਰ ਸਿੰਘ ਵੱਲੋਂ ਡਾ. ਰੇਖਾ ਭੱਟੀ ਨੂੰ ਦੱਸਿਆ ਕਿ ਜੈ ਮਿਲਾਪ ਲੈਬੋਰਟਰੀ ਐਸੋਸੀਏਸ਼ਨ ਵੱਲੋਂ ਹਮੇਸ਼ਾ ਸਿਹਤ ਵਿਭਾਗ ਦਾ ਸਾਥ ਦਿੱਤਾ ਗਿਆ ਹੈ।ਕੋਵਿਡ ਮਹਾਂਮਾਰੀ 'ਚ ਪੰਜਾਬ ਪੱਧਰ 'ਤੇ ਜੈ ਮਿਲਾਪ ਐਸੋਸੀਏਸ਼ਨ ਵੱਲੋਂ ਸਿਹਤ ਵਿਭਾਗ ਬਕਾਇਦਾ ਕਿਹਾ ਸੀ, ਜਦੋਂ ਵੀ ਜਿੱਥੇ ਵੀ ਜੈ ਮਿਲਾਪ ਦੇ ਵਲੰਟੀਅਰਾਂ ਦੀ ਲੋੜ ਹੋਈ, ਅਸੀਂ 24 ਘੰਟੇ ਆਪਣੇ ਲੋਕਾਂ ਦੀ ਸੇਵਾ ਲਈ ਹਾਜ਼ਰ ਹਾਂ ਤੇ ਕਈ ਥਾਂਵਾਂ 'ਤੇ ਸਾਡੇ ਵਲੰਟੀਅਰਾਂ ਨੇ ਇਸ ਮਹਾਂਮਾਰੀ 'ਚ ਬਹੁਤ ਥਾਂਵਾਂ ਤੇ ਆਪਣੀਆਂ ਸੇਵਾਵਾਂ ਸਿਹਤ ਵਿਭਾਗ ਨੂੰ ਦਿੱਤੀਆਂ ਵੀ ਸਨ।ਪਿਛਲੇ ਸਮੇਂ ਜੰਗ ਦੇ ਮਾਹੌਲ ਵਿੱਚ ਵੀ ਜੈ ਮਿਲਾਪ ਐਸੋਸੀਏਸ਼ਨ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋ ਸਿਵਲ ਸਰਜਨ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਪੇਸ਼ਕਸ਼ ਕੀਤੀ ਸੀ ਤੇ ਸਿਵਲ ਸਰਜਨ ਨੇ ਬਕਾਇਦਾ ਸਾਡੇ ਮੈਂਬਰਾਂ ਨੂੰ ਖ਼ੂਨਦਾਨ ਦੇ ਲਈ ਤਿਆਰ ਬਰ ਤਿਆਰ ਰਹਿਣ ਲਈ ਕਿਹਾ ਸੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 130 ਕਿਲੋ ਹੈਰੋਇਨ ਬਰਾਮਦ; 800 ਦੇ ਕਰੀਬ ਨਸ਼ਾ ਸਮੱਗਲਰ ਕਾਬੂ : ਐੱਸਐੱਸਪੀ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-** ਐੱਸਐੱਸਪੀ ਅੰਮ੍ਰਿਤਸਰ ਮਨਿੰਦਰ ਸਿੰਘ ਨੇ ਜੰਡਿਆਲਾ ਗੁਰੂ ਵਿਖੇ ਨਸ਼ਾ ਤਸਕਰਾਂ ਵਿਰੁੱਧ ਵਿੱਢੀ ਮੁਹਿੰਮ ਦੀ ਅਗਵਾਈ ਕਰਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਪੁਲਸ ਨੇ ਹੁਣ ਤੱਕ 130 ਕਿਲੋ ਹੈਰੋਇਨ ਵੱਖ-ਵੱਖ ਥਾਵਾਂ ਤੋਂ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ ਇਸ ਮੁਹਿੰਮ ਨੂੰ ਵੱਡਾ ਸਹਿਯੋਗ ਮਿਲਿਆ ਹੈ ਅਤੇ ਇਸੇ ਜਾਣਕਾਰੀ ਦੇ ਅਧਾਰ ਉੱਤੇ ਪੁਲਸ ਨੇ ਇੰਨੀ ਵੱਡੀ ਮਾਤਰਾ ਵਿੱਚ ਨਸ਼ੇ ਬਰਾਮਦ ਕਰਨ ਤੋਂ ਇਲਾਵਾ ਦੋ ਕਰੋੜ ਰੁਪਏ ਡਰੱਗ ਮਨੀ ਜ਼ਬਤ ਕੀਤੀ ਹੈ ਅਤੇ 800 ਦੇ ਕਰੀਬ ਨਸ਼ਾ ਸਮੱਗਲਰਾਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਨਸ਼ਾ ਸਮੱਗਲਰਾਂ ਵੱਲੋਂ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹਿਆ ਗਿਆ ਹੈ ਅਤੇ ਡੇਢ ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਪੁਲਸ ਨਸ਼ਾ ਸਮੱਗਲਰਾਂ ਦੇ ਨਾਲ ਨਾਲ ਨਸ਼ੇ ਦੇ ਰੋਗੀਆਂ ਦਾ ਇਲਾਜ ਕਰਵਾਉਣ ਲਈ ਵੀ ਕੰਮ ਕਰ ਰਹੀ ਹੈ ਅਤੇ ਦਿਹਾਤੀ ਪੁਲਸ ਨੇ ਹੁਣ ਤੱਕ 850 ਵਿਅਕਤੀਆਂ ਨੂੰ ਨਸ਼ਾ ਛਡਾਊ ਕੇਂਦਰਾਂ ਅਤੇ 300 ਵਿਅਕਤੀਆਂ ਨੂੰ ਓਟ ਕੇਂਦਰਾਂ ਵਿੱਚ ਭੇਜਣ ਵਿੱਚ ਕਾਮਯਾਬੀ ਪ੍ਰਾਪਤ ਕੀਤੀ ਹੈ।ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਨਿਰੰਤਰ ਜਾਰੀ ਰਹੇਗੀ ਤੇ ਅੱਜ ਜੰਡਿਆਲਾ ਗੁਰੂ ਦੇ ਸ਼ੇਖੂਪੁਰਾ ਮਹੱਲੇ ਵਿੱਚ ਵੀ ਇਸੇ ਮੁਹਿੰਮ ਤਹਿਤ ਸਵੇਰ ਦਾ ਤਲਾਸ਼ੀ ਅਭਿਆਨ ਜਾਰੀ ਹੈ।



# ਨਾਥਪੁਰ 'ਚ ਸਰਕਾਰੀ ਕਣਕ ਵੰਡਣ ਨੂੰ ਲੈ ਕੇ ਸਥਿਤੀ ਬਣੀ ਤਣਾਅਪੂਰਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਪਿੰਡ ਨਾਥਪੁਰ ਵਿੱਚ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਕਣਕ ਲੋਕਾਂ ਨੂੰ ਦੇਣ ਦੇ ਲਈ ਸੰਬੰਧਿਤ ਅਧਿਕਾਰੀਆਂ ਨੇ ਪਿੰਡ ਪਹੁੰਚਣਾ ਸੀ ਤਾਂ ਉਸ ਤੋਂ ਪਹਿਲਾਂ ਹੀ ਪਿੰਡ ਵਿੱਚ ਸਥਿਤੀ ਤਣਾਅਪੂਰਨ ਬਣ ਗਈ ਜਿੱਥੇ ਕਿ ਇੱਕ ਧਿਰ

**ਪੁਲਸ ਦੇ ਦਖਲ ਤੋਂ ਬਾਅਦ ਮਾਮਲਾ ਹੋਇਆ ਸ਼ਾਂਤ**

ਦੇ ਵੱਲੋਂ ਦੋਸ਼ ਲਗਾਏ ਗਏ ਕਿ ਜੋ ਵੀ ਕਣਕ ਵੰਡੀ ਜਾ ਰਹੀ ਹੈ ਉਹ ਸਰਕਾਰੀ ਜਗ੍ਹਾ 'ਤੇ ਨਹੀਂ ਵੰਡੀ ਜਾ ਰਹੀ ਕਿਉਂਕਿ ਡਿਪੂ ਨੂੰ ਕੈਂਸਲ ਕਰਵਾ ਕੇ ਪਿੰਡ ਦੇ ਹੀ ਅੰਦਰ ਬਣੇ ਇੱਕ ਯੂਥ ਕਲੱਬ ਦੇ ਕਮਰੇ ਵਿੱਚ ਵੰਡੀ ਜਾ ਰਹੀ ਸੀ।ਇਸ ਸਬੰਧੀ ਪਿੰਡ ਦੇ ਸਰਪੰਚ ਸਰਬਜੀਤ ਕੌਰ ਦੇ ਪਤੀ ਮੈਂਬਰ ਜਰਮਨ ਸਿੰਘ ਨੇ ਦੱਸਿਆ ਕਿ ਉਹ ਪਹਿਲਾਂ ਡਿਪੂ ਹੋਲਡਰ ਸਨ ਤੇ ਉਨ੍ਹਾਂ ਵੱਲੋਂ ਹੀ ਪਿੰਡ ਦੇ ਵਿੱਚ ਲੋਕਾਂ ਨੂੰ ਕਣਕ ਵੰਡੀ ਜਾਂਦੀ ਸੀ ਜਿਸ ਕਾਰਨ ਉਨ੍ਹਾਂ ਵੱਲੋਂ ਹੀ ਪਿੰਡ ਵਿੱਚ ਪਰਚੀਆਂ ਕੱਟੀਆਂ ਜਾਂਦੀਆਂ ਸਨ ਅਤੇ ਲੋਕਾਂ ਨੂੰ ਕਣਕ ਮੁਹੱਈਆ ਕਰਵਾਈ ਜਾਂਦੀ ਸੀ ਪਰ ਇਸ ਵਾਰ ਮੇਰਾ ਡਿਪੂ ਕੈਂਸਲ ਕਰਵਾ ਕੇ ਪਿੰਡ ਦੇ ਸਾਬਕਾ ਸਰਪੰਚ ਵੱਲੋਂ ਸਿਆਸੀ ਦਬਾਅ ਬਣਾ ਕੇ ਕਣਕ ਵੰਡੀ ਜਾ ਰਹੀ। ਉਨ੍ਹਾਂ ਮੰਗ ਕੀਤੀ ਕਿ ਕਣਕ ਬੇਸ਼ੱਕ ਅਧਿਕਾਰੀ ਹੀ ਵੰਡ ਦੇਣ ਪਰ ਕਣਕ ਜਾਂ ਤਾਂ ਪਿੰਡ ਦੇ ਆਂਗਣਵਾੜੀ ਸੈਂਟਰ ਜਾਂ ਪਾਣੀ ਵਾਲੀ ਟੈਂਕੀ ਜਾਂ ਗੁਰਦੁਆਰਾ ਸਾਹਿਬ ਸਾਂਝੀਆਂ ਥਾਵਾਂ 'ਤੇ ਵੰਡੀ ਜਾਵੇ। ਉੱਧਰ ਦੂਜੇ ਪਾਸੇ ਜਦੋਂ ਇਸ ਮਾਮਲੇ ਨੂੰ ਲੈ ਕੇ ਫੂਡ ਸਪਲਾਈ ਵਿਭਾਗ ਦੇ ਅਧਿਕਾਰੀ ਏਐੱਫਐੱਸਓ ਹਰਮਿੰਦਰ ਸਿੰਘ ਤੇ ਇੰਸਪੈਕਟਰ ਸੁਖਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਅੱਜ ਕਣਕ ਵੰਡਣ ਦੀ ਅਖੀਰਲੀ ਤਰੀਕ ਸੀ, ਇਸ ਲਈ ਪਿੰਡ ਵਿੱਚ ਉਹ ਪਰਚੀਆਂ ਕੱਟਣ ਲਈ ਪਹੁੰਚੇ ਸਨ ਜਿੱਥੇ ਕਿ ਸ਼ਾਂਤਮਈ ਢੰਗ ਦੇ ਨਾਲ ਪਰਚੀਆਂ ਕੱਟੀਆਂ ਗਈਆਂ ਹਨ ਅਤੇ ਕਣਕ ਵੀ ਵੰਡੀ ਜਾ ਰਹੀ ਹੈ।ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਆਪਣੀ ਟੀਮ ਦੇ ਨਾਲ ਪਿੰਡ ਨਾਥਪੁਰ ਪਹੁੰਚੇ ਜਿਨ੍ਹਾਂ ਨੇ ਸਥਿਤੀ ਨੂੰ ਦੇਖਦੇ ਹੋਏ ਦੋਵਾਂ ਧਿਰਾਂ ਨੂੰ ਸਮਝਾਇਆ ਅਤੇ ਜਿਸ ਤੋਂ ਬਾਅਦ ਪਰਚੀਆਂ ਕੱਟਣੀਆਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਸ਼ੁਰੂ ਕੀਤੀਆਂ ਗਈਆਂ।ਇਸ ਮੌਕੇ ਪਿੰਡ ਦੇ ਸਰਪੰਚ ਸਰਬਜੀਤ ਕੌਰ ਪਤਨੀ ਮੈਂਬਰ ਜਰਮਨ ਸਿੰਘ, ਮੈਂਬਰ ਅਵਤਾਰ ਸਿੰਘ, ਮੈਂਬਰ ਜਸਬੀਰ ਸਿੰਘ, ਬਲਕਾਰ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ ਅਤੇ ਹੋਰ ਪਿੰਡ ਦੇ ਲੋਕ ਹਾਜ਼ਰ ਸਨ।





# ਨਹਾਉਂਦੇ ਸਮੇਂ ਪੰਦਰਾ ਸਾਲਾ ਸਾਹਿਲ ਰਾਵੀ 'ਚ ਡੁੱਬਿਆ

**ਪਠਾਨਕੋਟ (ਦਵਿੰਦਰ):** ਦੁਪਹਿਰ 1 ਵਜੇ ਦੇ ਕਰੀਬ ਪਠਾਨਕੋਟ ਦੇ ਚਾਰ ਲੋਕਾਂ ਵਿੱਚੋਂ ਇੱਕ 15 ਸਾਲ ਦਾ ਸਾਹਿਲ, ਬਾਬਾ ਮੁਕਤੇਸ਼ਵਰ ਮੰਦਰ ਦੇ ਹੇਠਾਂ ਵਗਦੀ ਨਦੀ ਵਿੱਚ ਨਹਾਉਂਦੇ ਸਮੇਂ ਡੁੱਬ ਗਿਆ ਅਤੇ ਹੁਣ ਤੱਕ ਸਾਹਿਲ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ।ਸੂਚਨਾ ਮਿਲਣ ਤੇ ਸ਼ਾਹਪੁਰ ਕੰਢੀ ਪੁਲਸ ਸਮੇਤ ਐੱਸਐੱਚਓ ਸਬ ਇੰਸਪੈਕਟਰ ਅਮਨਪ੍ਰੀਤ ਕੌਰ, ਏਐੱਸਆਈ ਨਰੇਸ਼ ਕੁਮਾਰ ਅਤੇ ਹੋਰ ਪੁਲਸ ਕਰਮਚਾਰੀ ਮੌਕੇ 'ਤੇ ਪਹੁੰਚੇ ਅਤੇ ਡੁੱਬੇ ਸਾਹਿਲ ਦੀ ਭਾਲ ਸ਼ੁਰੂ ਕਰ ਦਿੱਤੀ।ਹਾਲਾਂਕਿ ਬਾਬਾ ਮੁਕਤੇਸ਼ਵਰ ਮੰਦਰ ਕਮੇਟੀ ਨੇ ਬਰਸਾਤ ਦੇ ਮੌਸਮ ਵਿੱਚ ਸਾਰੇ ਲੋਕਾਂ ਨੂੰ ਰਾਵੀ ਨਦੀ ਦੇ ਨੇੜੇ ਜਾਣ ਦੀ ਮਨਾਹੀ ਕੀਤੀ ਹੈ, ਪਰ ਉਕਤ ਲੋਕ ਕਿਸੇ ਨੂੰ ਦੱਸੇ ਬਿਨਾਂ ਰਾਵੀ ਨਦੀ ਦੇ ਨੇੜੇ ਇਸ਼ਨਾਨ ਕਰਨ ਚਲੇ ਗਏ।ਮੰਦਰ ਕਮੇਟੀ ਨੇ ਦੱਸਿਆ ਕਿ ਜਦੋਂ ਉਹ ਦੁਪਹਿਰ ਦਾ ਖਾਣਾ ਖਾਣ ਅਤੇ ਸ਼ਰਧਾਲੂਆਂ ਨੂੰ ਭੋਜਨ ਪਰੋਸਣ ਵਿੱਚ ਰੁੱਝੇ ਹੋਏ ਸਨ ਤਾਂ ਅਚਾਨਕ ਚਾਰੇ ਲੋਕ ਰਾਵੀ ਨਦੀ ਦੇ ਕੰਢੇ ਪੌੜੀਆਂ ਦੇ ਨੇੜੇ ਗਏ ਅਤੇ ਨਹਾਉਣ ਲੱਗ ਪਏ, ਹਾਲਾਂਕਿ ਮੰਦਰ ਕਮੇਟੀ ਵੱਲੋਂ ਪੌੜੀਆਂ ਤੱਕ ਜਾਣ ਲਈ ਲਗਾਇਆ ਗਿਆ ਗੇਟ ਵੀ ਬੰਦ ਸੀ।ਇਸ ਦੌਰਾਨ ਸਾਹਿਲ ਦੇ ਡੁੱਬਣ ਦੀ ਸੂਚਨਾ ਮਿਲਦੇ ਹੀ ਸਾਹਿਲ ਦੀ ਮਾਂ ਰਸ਼ਮੀ, ਪਿਤਾ ਤਿਲਕ ਅਤੇ ਹੋਰ ਪਰਿਵਾਰਕ ਮੈਂਬਰ ਰਾਵੀ ਨਦੀ ਦੇ ਨੇੜੇ ਬਾਬਾ ਮੁਕਤੇਸ਼ਵਰ ਮੰਦਰ ਪਹੁੰਚੇ।ਐੱਸਐੱਚਓ ਸ਼ਾਹਪੁਰ ਕੰਢੀ ਸਬ ਇੰਸਪੈਕਟਰ ਅਮਨਪ੍ਰੀਤ ਕੌਰ ਨੇ ਦੱਸਿਆ ਕਿ ਉਹ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚ ਗਏ ਅਤੇ ਡੁੱਬੇ ਸਾਹਿਲ ਦੀ ਭਾਲ ਸ਼ੁਰੂ ਕਰ ਦਿੱਤੀ, ਪਰ ਦਰਿਆ ਵਿੱਚ ਪਾਣੀ ਜ਼ਿਆਦਾ ਹੋਣ ਕਾਰਨ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਲਈ ਉਨ੍ਹਾਂ ਨੇ ਆਪਣੇ ਉਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ।

# ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਲਿਆਉਣ ਲਈ ਕਰ ਰਹੀ ਹੈ ਵੱਡੇ ਉਪਰਾਲੇ : ਸ਼ੈਰੀ ਕਲਸੀ

**ਬਟਾਲਾ (ਡਾ. ਮਲਵਿੰਦਰ ਸਿੰਘ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜਿੱਥੇ ਹੋਰ ਵਰਗਾਂ ਦੀ ਉੱਨਤੀ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਉੱਥੇ ਹੀ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਵੀ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ।ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿੱਤੀ ਸਾਲ 2025-26 ਦੌਰਾਨ 245 ਕਰੋੜ ਰੁਪਏ ਬਜਟ 'ਚ ਸ਼ਾਮਲ ਕੀਤੇ ਗਏ ਹਨ।ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ 2 ਲੱਖ 70 ਹਜ਼ਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਰੱਖਿਆ ਹੈ।ਇਹ ਟੀਚਾ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਜੀਵਨ ਪੱਧਰ ਨੂੰ ਉੱਚਾ ਲਿਜਾਣ ਵਿੱਚ ਸਹਾਈ ਸਿੱਧ ਹੋਵੇਗਾ।ਉਨ੍ਹਾਂ ਨੇ ਕਿਹਾ ਕਿ ਪਿਛਲੇ ਵਿੱਤੀ ਸਾਲ ਦੌਰਾਨ ਵੀ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ 2 ਲੱਖ 36 ਹਜ਼ਾਰ 575 ਵਿਦਿਆਰਥੀਆਂ ਨੂੰ ਕਵਰ ਕੀਤਾ ਗਿਆ ਸੀ ਅਤੇ ਰਾਜ ਸਰਕਾਰ ਦੇ ਹਿੱਸੇ ਵੱਜੋ 266.57 ਕਰੋੜ ਰੁਪਏ ਦੀ ਰਾਸ਼ੀ ਅਦਾ ਕੀਤੀ ਗਈ ਸੀ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਪਾਸੋਂ ਆਨ-ਲਾਈਨ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਜਲਦ ਹੀ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਜਾ ਰਿਹਾ ਹੈ।ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸਕੀਮ ਸਬੰਧੀ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਲਈ ਜ਼ਿਲ੍ਹਾ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਏ ਜਾਣਗੇ।



# ਅਜਨਾਲਾ ਪੁਲਸ ਵੱਲੋਂ ਰੇਤਾ ਚੋਰੀ ਕਰਨ ਵਾਲਿਆਂ 'ਤੇ ਪਰਚਾ ਦਰਜ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-** ਬੀਤੀ ਰਾਤ ਥਾਣਾ ਅਜਨਾਲਾ ਦੀ ਪੁਲਸ ਨੇ ਐੱਸਐੱਚਓ ਮੁਖਤਾਰ ਸਿੰਘ ਦੀ ਅਗਵਾਈ ਵਿੱਚ ਕਥਿਤ ਤੌਰ ਤੇ ਸਿਆਸੀ ਸਰਪ੍ਰਸਤੀ ਹਾਸਲ ਗੈਰ ਕਾਨੂੰਨੀ ਰੇਤ ਮਾਫੀਆ ਦੇ ਵੱਡੇ ਗ੍ਰੋਹ ਦਾ ਪਰਦਾ ਫਾਸ਼ ਕਰਦਿਆਂ ਵੱਡੀ ਗਿਣਤੀ ਵਿੱਚ ਰੇਤ ਨਾਲ ਲੱਦੇ ਹੋਏ ਟਿੱਪਰਾਂ ਸਮੇਤ ਉਨ੍ਹਾਂ ਦੇ ਮਾਲਕਾਂ ਤੇ ਡਰਾਈਵਰਾਂ 'ਤੇ ਕਾਰਵਾਈ ਕਰਦਿਆਂ ਨਜਾਇਜ਼ ਮਾਈਨਿੰਗ ਕਰਕੇ ਚੋਰੀ ਦੀ ਰੇਤਾ ਲੋਡ ਕਰਨ ਦੇ ਜੁਰਮ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਪ੍ਰੈੱਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਐੱਸਐੱਚਓ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਹੁਕਮਾਂ ਤਹਿਤ ਥਾਣਾ ਅਜਨਾਲਾ ਦੀ ਪੁਲਸ ਪਾਰਟੀ ਵੱਲੋਂ ਸ਼ੱਕੀ ਨਾਲੇ ਉਪਰ ਨਾਕਾਬੰਦੀ ਕੀਤੀ ਹੋਈ ਸੀ। ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਇਕ ਟਰੱਕ ਨੰਬਰੀ 202-52-7173 ਜਿਸ ਵਿਚ ਚੋਰੀ ਦੀ ਰੇਤਾ ਲੋਡ ਹੈ, ਜਿਸ ਨੂੰ ਸਕੱਤਰ ਸਿੰਘ ਪੁੱਤਰ ਬਹਾਲ ਸਿੰਘ ਵਾਸੀ ਸਾਹੋਵਾਲ ਚਲਾ ਰਿਹਾ ਹੈ ਅਤੇ ਇਕ ਟਿੱਪਰ ਵਿਚ ਵੀ ਨਜਾਇਜ਼ ਮਾਈਨਿੰਗ ਕੀਤੀ ਰੇਤਾ ਲੋਡ ਹੈ, ਜਿਸ ਨੂੰ ਗੁਰਪ੍ਰੀਤ ਸਿੰਘ ਉਰਫ ਗੋਰਾ ਪੁੱਤਰ ਸੰਤੋਖ ਸਿੰਘ ਵਾਸੀ ਚਾਹੜਪੁਰ ਥਾਣਾ ਰਮਦਾਸ ਚਲਾ ਰਿਹਾ ਹੈ ਅਤੇ ਇਕ ਕੈਂਟਰ 6 ਚੱਕੀ ਨੰਬਰੀ 206-੭-1658 ਜਿਸ ਵਿਚ ਵੀ ਨਜਾਇਜ਼ ਮਾਈਨਿੰਗ ਕੀਤੀ ਹੋਈ ਚੋਰੀ ਦੀ ਰੇਤਾ ਲੋਡ ਹੈ ਜਿਸ ਨੂੰ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਬਾਊ ਸਿੰਘ ਵਾਸੀ ਸਾਰੰਗਦੇਵ ਚਲਾ ਰਿਹਾ ਹੈ ਲੈ ਕੇ ਵਾਇਆ ਅਜਨਾਲਾ ਅੰਮ੍ਰਿਤਸਰ ਨੂੰ ਜਾ ਰਹੇ ਹਨ। ਐੱਸਐੱਚਓ ਮੁਖਤਾਰ ਸਿੰਘ ਨੇ ਦੱਸਿਆ ਕਿ ਉਕਤ ਟਰੱਕਾਂ ਅਤੇ ਟਿੱਪਰਾਂ ਨੂੰ ਰੋਕ ਕੇ ਜਾਂਚ ਕੀਤੀ ਤਾਂ ਉਨ੍ਹਾਂ ਵਿੱਚ ਕਥਿਤ ਤੌਰ ਤੇ ਗੈਰ-ਕਾਨੂੰਨੀ ਰੇਤ ਪਾਈ ਗਈ ਜਿਸ ਉਤੇ ਕਾਨੂੰਨੀ ਕਾਰਵਾਈ ਕਰਦਿਆਂ ਗੁਰਪ੍ਰੀਤ ਸਿੰਘ ਉਰਫ ਗੋਰਾ ਪੁੱਤਰ ਸੰਤੋਖ ਸਿੰਘ ਵਾਸੀ ਚਾਹੜਪੁਰ ਥਾਣਾ ਰਮਦਾਸ, ਸਕੱਤਰ ਸਿੰਘ ਪੁੱਤਰ ਬਹਾਲ ਸਿੰਘ ਵਾਸੀ ਸਾਹੋਵਾਲ, ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਬਾਊ ਸਿੰਘ ਵਾਸੀ ਸਾਰੰਗਦੇਵ, ਗੁਰਪ੍ਰਤਾਪ ਸਿੰਘ ਉਰਫ ਗੋਰਾ ਪੁੱਤਰ ਪ੍ਰਗਟ ਸਿੰਘ ਵਾਸੀ ਸਾਹੋਵਾਲ 'ਤੇ ਮੁਕੱਦਮਾ ਦਰਜ ਕਰਕੇ ਉਪਰੋਕਤ ਤਿੰਨ ਨੂੰ ਗ੍ਰਿਫਤਾਰ ਕਰ ਲਿਆ ਹੈ ਜਦੋਂਕਿ ਗੁਰਪ੍ਰਤਾਪ ਸਿੰਘ ਉਰਫ ਗੋਰਾ ਪੁੱਤਰ ਪ੍ਰਗਟ ਸਿੰਘ ਵਾਸੀ ਸਾਹੋਵਾਲ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।



## ਧੰਨ-ਧੰਨ ਬਾਬਾ ਨੂਰ ਸ਼ਾਹ ਦੀ ਯਾਦ 'ਚ ਭਰਿਆ ਜੋੜ ਮੇਲਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-** ਧੰਨ ਧੰਨ ਬਾਬਾ ਨੂਰ ਸ਼ਾਹ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਘਾਹ ਮੰਡੀ ਚੌਕ ਜੰਡਿਆਲਾ ਗੁਰੂ ਵਿਖੇ ਕਰਵਾਇਆ ਗਿਆ।ਬਾਬਾ ਨੂਰ ਸ਼ਾਹ ਜੀ ਦਰਬਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ 'ਤੇ ਪਹੁੰਚੇ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈਟੀਓ ਦੇ ਭਰਾ ਸਤਿੰਦਰ ਸਿੰਘ ਅਤੇ ਰਾਕੇਸ਼ ਕੁਮਾਰ ਨੇ ਕੀਤੀ।ਮੇਲੇ 'ਚ ਆਏ ਕਲਾਕਾਰਾਂ ਨੇ ਆਪੋ ਆਪਣੀ ਕਲਾ ਦਾ ਜੌਹਰ ਦਿਖਾ ਕੇ ਸਰੋਤਿਆਂ ਨੂੰ ਝੂਮਣ ਲਾਈ ਮਜਬੂਰ ਕਰ ਦਿੱਤਾ ਤੇ ਪੰਜਾਬੀ ਗੀਤਾਂ ਦੀ ਝੜੀ ਲਾ ਕੇ ਸਰੋਤਿਆਂ ਦਾ ਮਨ ਮੋਹ ਲਿਆ।ਇਸ ਮੌਕੇ ਸਤਿੰਦਰ ਸਿੰਘ, ਸਰਬਜੀਤ ਸਿੰਘ ਡਿੰਪੀ ਸ਼ਹਿਰੀ ਪ੍ਰਧਾਨ, ਨਰੇਸ਼ ਪਾਠਕ ਐੱਸਐੱਸ ਬੋਰਡ ਮੈਂਬਰ, ਰਾਜਬੀਰ ਸਿੰਘ, ਰਕੇਸ਼ ਪ੍ਰਧਾਨ , ਅਮਰੀਕ ਕੁਮਾਰ, ਲਾਲੀ, ਰੇਸ਼ਮ, ਅਰਜਨ, ਬਿੰਦੀ ਸਿੰਘ, ਸੁਖਦੇਵ ਸਿੰਘ, ਹਰਤੇਜ ਸਿੰਘ, ਗੁਰਪ੍ਰੀਤ ਸਿੰਘ ਆਦਿ ਸ਼ਖਸੀਅਤ ਹਾਜ਼ਰ ਸਨ।



## ਗ੍ਰਾਮ ਪੰਚਾਇਤ ਝਬਾਲ ਪੁਖਤਾ ਵੱਲੋਂ ਪਿੰਡ ਦੇ ਵਿਕਾਸ ਕੰਮਾਂ ਸੰਬੰਧੀ ਵਿਚਾਰ-ਵਟਾਂਦਰਾ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਗ੍ਰਾਮ ਪੰਚਾਇਤ ਝਬਾਲ ਦੇ ਸਰਪੰਚ ਬੀਬੀ ਕਵਿਤਾ ਸ਼ਰਮਾ ਦੀ ਅਗਵਾਈ ਹੇਠ ਉਨ੍ਹਾਂ ਦੇ ਪਤੀ ਚੇਅਰਮੈਨ ਰਮਨ ਕੁਮਾਰ ਝਬਾਲ ਤੇ ਸਮੂਹ ਮੈਂਬਰ ਸਹਿਬਾਨ ਦੀ ਹਾਜ਼ਰੀ ਵਿੱਚ ਸਰਕਾਰੀ ਹਾਈ ਸਕੂਲ ਝਬਾਲ ਲੜਕਿਆਂ ਵਿਖੇ ਕਰਵਾਏ ਗਏ ਜਨਰਲ ਇਜਲਾਸ ਦੌਰਾਨ ਪਿੰਡ ਦੇ ਪੀਣ ਵਾਲੇ ਪਾਣੀ, ਸੀਵਰੇਜ ਤੇ ਵਿਕਾਸ ਕਾਰਜਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ, ਜਿਸ ਸਬੰਧੀ ਪੰਚਾਇਤ ਸਕੱਤਰ ਮਨਦੀਪ ਕੌਰ ਨੇ ਮਤਾ ਪਾਉਂਦਿਆਂ ਸਰਪੰਚ, ਚੇਅਰਮੈਨ ਰਮਨ ਕੁਮਾਰ ਝਬਾਲ ਤੇ ਸਮੂਹ ਪੰਚਾਇਤ ਮੈਂਬਰ ਤੇ ਹਾਜ਼ਰ ਪਿੰਡ ਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਸਬੰਧਿਤ ਵਿਭਾਗਾਂ ਕੋਲ ਪਹੁੰਚ ਕਰਦਿਆਂ ਸਰਪੰਚ ਪਿੰਡ ਦੇ ਜੰਗੀ ਪੱਧਰ ਦੇ ਵਿਕਾਸ ਲਈ ਚਾਰਾਜੋਈ ਕਰਨਗੇ। ਇਸ ਮੌਕੇ ਮੈਂਬਰ ਗੁਰਜੰਟ ਸਿੰਘ ਰਾਜੂ, ਮਧੂ ਬਾਲਾ, ਗੋਰਾ ਸੂਦ ਜੌਂਟੀ, ਨਿਰਵੈਲ ਸਿੰਘ, ਬੂਟਾ ਸਿੰਘ, ਰੂਬੀ, ਸੋਨੂੰ ਝਬਾਲ, ਦਿਲਬਾਗ ਸਿੰਘ, ਪ੍ਰਗਟ ਸਿੰਘ ਤੋਂ ਇਲਾਵਾ ਭਾਈ ਮਨਜੀਤ ਸਿੰਘ ਝਬਾਲ, ਮਾਣਕ ਬੰਬੇ ਵਾਲੇ, ਕੁਲਵੰਤ ਸਿੰਘ ਵਾਹਗਾ, ਨੰਬਰਦਾਰ ਹਰਬੰਸ ਸਿੰਘ, ਪਿੰਕਾ ਝਬਾਲ, ਬਿੱਟੂ ਸਮੇਤ ਝਬਾਲ ਪੁਖਤਾ ਵਾਸੀ ਹਾਜ਼ਰ ਸਨ।



# ਰੇਲਵੇ ਪੁਲਸ ਵੱਲੋਂ 1.5 ਕਿਲੋ ਅਫੀਮ ਸਮੇਤ ਨੌਜਵਾਨ ਗ੍ਰਿਫ਼ਤਾਰ

**ਪਠਾਨਕੋਟ (ਦਵਿੰਦਰ ਸਿੰਘ):** ਪਠਾਨਕੋਟ ਰੇਲਵੇ ਪੁਲਸ ਨੂੰ ਅੱਜ ਵੱਡੀ ਸਫਲਤਾ ਮਿਲੀ ਜਦੋਂ ਰੇਲਵੇ ਪੁਲਸ ਨੇ ਇੱਕ ਵਿਅਕਤੀ ਨੂੰ 1.5 ਕਿਲੋ ਅਫੀਮ ਸਮੇਤ ਗ੍ਰਿਫ਼ਤਾਰ ਕੀਤਾ। ਅਫੀਮ ਸਮੇਤ ਫੜਿਆ ਗਿਆ ਦੋਸ਼ੀ ਮੱਧ ਪ੍ਰਦੇਸ਼ ਤੋਂ ਜਲੰਧਰ ਨੂੰ ਅਫੀਮ ਸਪਲਾਈ ਕਰਨ ਵਾਲਾ ਸੀ ਪਰ ਉਹ ਗਲਤੀ ਨਾਲ ਪਠਾਨਕੋਟ ਕੈਂਟ ਸਟੇਸ਼ਨ ਪਹੁੰਚ ਗਿਆ।ਰੇਲਵੇ ਪੁਲਸ ਨੇ ਤਲਾਸ਼ੀ ਦੌਰਾਨ ਉਸਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਮਾਮਲਾ ਦਰਜ ਕਰਕੇ ਅਦਾਲਤ ਤੋਂ 3 ਦਿਨ ਦਾ ਰਿਮਾਂਡ ਲਿਆ।ਰੇਲਵੇ ਪੁਲਸ ਪਠਾਨਕੋਟ ਸਟੇਸ਼ਨ ਤੇ ਗਸ਼ਤ ਕਰ ਰਹੀ ਸੀ ਅਤੇ ਇਸ ਦੌਰਾਨ ਪੁਲਸ ਨੂੰ ਇੱਕ ਸ਼ੱਕੀ ਵਿਅਕਤੀ ਦਿਖਾਈ ਦਿੱਤਾ। ਤਲਾਸ਼ੀ ਲੈਣ 'ਤੇ ਉਸ ਕੋਲੋਂ 1 ਕਿਲੋ 500 ਗ੍ਰਾਮ ਅਫੀਮ ਬਰਾਮਦ ਹੋਈ।ਇਸ ਸਬੰਧੀ ਜਦੋਂ ਰੇਲਵੇ ਪੁਲਸ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਗਈ ਤਾਂ ਸੁਖਵਿੰਦਰ ਸਿੰਘ (ਐੱਸਐੱਚਯੂ ਰੇਲਵੇ ਪੁਲਸ) ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਪਠਾਨਕੋਟ ਸਟੇਸ਼ਨ 'ਤੇ ਗਸ਼ਤ ਕਰ ਰਹੀ ਸੀ ਅਤੇ ਇਸ ਦੌਰਾਨ ਪਲੇਟਫਾਰਮ ਨੰਬਰ ਇੱਕ 'ਤੇ ਇੱਕ ਵਿਅਕਤੀ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ।ਇਹ ਦੇਖ ਕੇ ਪੁਲਸ ਨੇ ਦੋਸ਼ੀ ਨੂੰ ਫੜ ਲਿਆ ਅਤੇ ਜਦੋਂ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 1 ਕਿਲੋ 500 ਗ੍ਰਾਮ ਅਫੀਮ ਬਰਾਮਦ ਹੋਈ।ਇਸ ਤੋਂ ਬਾਅਦ ਰੇਲਵੇ ਪੁਲਸ ਨੇ ਦੋਸ਼ੀ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਮਾਣਯੋਗ ਅਦਾਲਤ ਤੋਂ ਤਿੰਨ ਦਿਨ ਦਾ ਰਿਮਾਂਡ ਹਾਸਲ ਕਰਨ ਤੋਂ ਬਾਅਦ ਦੋਸ਼ੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।



# ਅਧਿਆਪਕਾਂ ਲਈ ਮੈਨੇਜਮੈਂਟ ਵਿਸ਼ੇ 'ਤੇ ਪ੍ਰਭਾਵਸ਼ਾਲੀ ਵਰਕਸ਼ਾਪ ਲਗਾਈ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)** ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵੱਲੋਂ ਅਧਿਆਪਕਾਂ ਲਈ ਪ੍ਰਭਾਵਸ਼ਾਲੀ ਸਿਖਲਾਈ ਵਿਸ਼ੇ 'ਤੇ ਸਮਰੱਥਾ ਨਿਰਮਾਣ ਪ੍ਰੋਗਰਾਮ ਦਾ ਸੈਮੀਨਾਰ ਆਯੋਜਨ ਕੀਤਾ ਗਿਆ ਜਿਸਦਾ ਉਦੇਸ਼ ਅਧਿਆਪਨ ਵਿਧੀਆਂ ਨੂੰ ਹੋਰ ਵਧੀਆ ਬਣਾਉਣਾ ਅਤੇ ਕਲਾਸਰੂਮਾਂ ਵਿੱਚ ਵਿਦਿਆਰਥੀਆਂ ਦੀ ਡੂੰਘੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ ਸੀ।ਇਸ ਸੈਸ਼ਨ ਦਾ ਸੰਚਾਲਨ ਵਿੰਮੀ ਸੇਠੀ ਦੁਆਰਾ ਕੁਸ਼ਲਤਾ ਨਾਲ ਕੀਤਾ ਗਿਆ, ਜਿਨ੍ਹਾਂ ਦੀ ਮੁਹਾਰਤ ਅਤੇ ਇੰਟਰਐਕਟਿਵ ਡਿਲੀਵਰੀ ਨੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਅਤੇ ਸਿੱਖਣ ਦੇ ਨਤੀਜਿਆਂ ਨੂੰ ਵਧਾਉਣ ਲਈ ਵਿਹਾਰਕ ਰਣਨੀਤੀਆਂ ਨਾਲ ਲੈਸ ਕੀਤਾ। ਸੈਸ਼ਨ ਵਿਦਿਆਰਥੀ-ਕੇਂਦ੍ਰਿਤ ਪਹੁੰਚਾਂ, ਸਰਗਰਮ ਭਾਗੀਦਾਰੀ ਤਕਨੀਕਾਂ ਅਤੇ ਨਵੀਨਤਾਕਾਰੀ ਕਲਾਸਰੂਮ ਅਭਿਆਸਾਂ ਤੇ ਕੇਂਦ੍ਰਿਤ ਸੀ।ਪ੍ਰੋਗਰਾਮ ਵਿੱਚ ਡਾ. ਮੰਗਲ ਸਿੰਘ ਕਿਸ਼ਨਪੁਰੀ, (ਮੈਨੇਜਿੰਗ ਡਾਇਰੈਕਟਰ ਸੇਂਟ ਸੋਲਜਰ ਆਫ ਗਰੁਪਸ) ਅਤੇ ਪ੍ਰਿੰਸਿਪਲ ਅਮਰਪ੍ਰੀਤ ਕੌਰ, ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੀ ਨਿਰੰਤਰ ਸਹਾਇਤਾ ਅਤੇ ਦੂਰਦਰਸ਼ੀ ਅਗਵਾਈ ਕੈਂਪਸ ਵਿੱਚ ਅਜਿਹੀਆਂ ਅਰਥਪੂਰਨ ਪਹਿਲਕਦਮੀਆਂ ਨੂੰ ਚਲਾਉਂਦੀ ਹੈ॥ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ ਦੇ ਡਾਇਰੈਕਟਰ ਪ੍ਰਿੰ. ਅਮਨਦੀਪ ਕੌਰ ਦੁਆਰਾ ਧੰਨਵਾਦ ਦਾ ਇੱਕ ਨਿੱਘਾ ਵੋਟ ਦਿੱਤਾ ਗਿਆ, ਜਿਨ੍ਹਾਂ ਨੇ ਸਰੋਤ ਵਿਅਕਤੀ ਦਾ ਦਿਲੋਂ ਧੰਨਵਾਦ ਕੀਤਾ ਅਤੇ ਪ੍ਰਬੰਧਕ ਟੀਮ ਅਤੇ ਅਧਿਆਪਕਾਂ ਦੇ ਸਮੂਹਿਕ ਯਤਨਾਂ ਦਾ ਸਨਮਾਨ ਕੀਤਾ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਅਸੀਂ ਨਿਰੰਤਰ ਪੇਸ਼ੇਵਰ ਵਿਕਾਸ ਅਤੇ ਵਿਦਿਅਕ ਉੱਤਮਤਾ ਲਈ ਵਚਨਬੱਧ ਹਾਂ।ਇਸ ਮੌਕੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ, ਸ਼੍ਰੀਮਤੀ ਲਕਸ਼ਿਤਾ (ਪ੍ਰਿੰਸੀਪਲ ਮਜੀਠਾ ਸਕੂਲ), ਸਮੂਹ ਸਟਾਫ ਹਾਜ਼ਰ ਸੀ।




# ਸਾਫ-ਸਫਾਈ ਨਾ ਰੱਖਣ ਵਾਲੇ ਦੋ ਦੁਕਾਨਦਾਰਾਂ ਦੇ ਚਲਾਨ ਕੱਟੇ

**ਬਟਾਲਾ (ਡਾ. ਮਲਵਿੰਦਰ ਸਿੰਘ)-** ਨਗਰ ਨਿਗਮ ਬਟਾਲਾ ਵੱਲੋਂ ਸ਼ਹਿਰ ਅੰਦਰ ਸਾਫ਼-ਸਫਾਈ ਨੂੰ ਲੈ ਕੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ, ਜਿਸ ਦੇ ਚੱਲਦਿਆਂ ਕਾਹਨੂੰਵਾਨ ਰੋਡ 'ਤੇ ਆਪਣੀਆਂ ਦੁਕਾਨਾਂ ਦੇ ਅੱਗੇ ਸਫਾਈ ਨਾ ਰੱਖਣ ਵਾਲੇ 02 ਦੁਕਾਨਦਾਰਾਂ ਦੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 323 ਤਹਿਤ ਚਲਾਨ ਕੱਟੇ ਗਏ ਹਨ।ਜਾਣਕਾਰੀ ਦਿੰਦਿਆਂ ਪ੍ਰਭਜੋਤ ਕੌਰ ਇਨਫਰਮੇਸ਼ਨ ਐਜੂਕੇਸ਼ਨ ਕਮਿਊਨੀਕੇਸ਼ਨ ਅਤੇ ਕੈਪੇਸਿਟੀ ਬਿਲਡਿੰਗ ਐਕਸਪਰਟ ਨੇ ਦੱਸਿਆ ਕਿ ਵਿਕਰਮਜੀਤ ਸਿੰਘ ਪਾਂਥੇ ਐੱਸਡੀਐੱਮ-ਕਮ-ਕਮਿਸ਼ਨਰ, ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਨਗਰ ਨਿਗਮ ਬਟਾਲਾ ਵੱਲੋਂ ਲਗਾਤਾਰ ਸ਼ਹਿਰ ਦੀ ਚੈਕਿੰਗ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਨਗਰ ਨਿਗਮ ਬਟਾਲਾ ਵੱਲੋਂ ਇੱਕ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ, ਜਿਸ ਵੱਲੋਂ ਲਗਾਤਾਰ ਸ਼ਹਿਰ ਵਿੱਚ ਸਾਫ਼ ਸਫਾਈ ਸਬੰਧੀ ਚੈਕਿੰਗ ਕੀਤੀ ਜਾਂਦੀ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ, ਦੁਕਾਨਾਂ ਵਿੱਚ ਡਸਟਬੀਨ ਰੱਖੇ ਜਾਣ।

## ਪਾਵਰਕਾਮ ਤੇ ਟਰਾਂਸਕੋ ਦੇ ਪੈਨਸ਼ਨਰਾਂ ਦੀ ਮੀਟਿੰਗ ਅੱਜ

**ਗੁਰਦਾਸਪੁਰ (ਜਨਕ ਮਹਾਜਨ)-** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਟਰਾਂਸਕੋ ਪੈਨਸ਼ਨਰ ਐਸੋਸੀਏਸ਼ਨ ਸਰਕਲ ਗੁਰਦਾਸਪੁਰ ਦੇ ਸਕੱਤਰ ਸੁਰਿੰਦਰ ਪੱਪੂ ਨੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਾਵਰਕਾਮ ਤੇ ਟਰਾਂਸਕੋ ਦੇ ਸਰਕਲ ਗੁਰਦਾਸਪੁਰ ਦੇ ਪੈਨਸ਼ਨਰਾਂ ਦੀ ਮੀਟਿੰਗ ਅੱਜ ਬੁੱਧਵਾਰ 2 ਜੁਲਾਈ ਨੂੰ 11 ਵਜੇ ਗੁਰੂ ਨਾਨਕ ਪਾਰਕ ਵਿੱਚ ਬੁਲਾਈ ਗਈ ਹੈ। ਇਸ ਮੀਟਿੰਗ ਵਿੱਚ ਪੈਨਸ਼ਨਰਾਂ ਨੂੰ ਮਿਲਣ ਵਾਲੀ ਛੇਵੇਂ ਪੇ ਕਮਿਸ਼ਨ ਤਹਿਤ ਲੀਵ ਇਨ ਕੈਸ਼ਮੈਂਟ ਅਤੇ ਅਪ੍ਰੈਲ, ਮਈ ਦੀਆਂ ਦੋ ਕਿਸ਼ਤਾਂ ਵਿੱਚ ਮੰਡਲਾਂ ਵੱਲੋਂ ਕੀਤੀ ਜਾ ਰਹੀ ਦੇਰੀ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਜੇਕਰ ਲੀਵ ਇਨ ਕੈਸ਼ਮੈਂਟ ਅਤੇ ਦੋ ਏਰੀਅਰ ਦੀਆਂ ਕਿਸ਼ਤਾਂ 10 ਜੁਲਾਈ ਨੂੰ ਨਾ ਪਾਈਆਂ ਗਈਆਂ ਤਾਂ ਬਕਾਏ ਦਿਵਾਉਣ ਲਈ ਸਰਕਲ ਪੱਧਰ 'ਤੇ ਧਰਨੇ ਲਗਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਪੱਪੂ ਨੇ ਦੱਸਿਆ ਕਿ 12 ਜੁਲਾਈ ਨੂੰ ਗੁਰਾਇਆ ਵਿਖੇ ਸਟੇਟ ਪੱਧਰ ਦੀ ਹੋ ਰਹੀ ਚੋਣ ਲਈ ਚੋਣ ਇਜਲਾਸ ਵਿੱਚ ਸ਼ਾਮਿਲ ਹੋਣ ਲਈ ਸਰਕਲ ਡੈਲੀਗੇਟਾਂ ਨੂੰ ਜਾਣੂੰ ਕਰਵਾ ਕੇ ਉਨ੍ਹਾਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ ਤਾਂ ਜੋ ਸਟੇਟ ਪੱਧਰ ਦੀ ਚੋਣ ਨੂੰ ਨੇਪਰੇ ਚਾੜ੍ਹਿਆ ਜਾ ਸਕੇ।



## ਧੰਨ-ਧੰਨ ਬਾਬਾ ਸਿਧਾਣਾ ਸਾਹਿਬ ਦੀ ਯਾਦ 'ਚ ਲੱਗਾ ਸਾਲਾਨਾ ਜੋੜ ਮੇਲਾ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਝਬਾਲ ਦੀ ਗ੍ਰਾਮ ਪੰਚਾਇਤ ਬਘੇਲ ਸਿੰਘ ਵਾਲਾ ਵਿਖੇ ਸਥਿਤ ਧੰਨ-ਧੰਨ ਬਾਬਾ ਸਿਧਾਣਾ ਸਾਹਿਬ ਦੀ ਯਾਦ 'ਚ ਬਣੇ ਗੁਰਦੁਆਰਾ ਬਾਬਾ ਸਿਧਾਣਾ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ ਮੇਲਾ ਪ੍ਰਬੰਧਕ ਕਮੇਟੀ ਤੇ ਇਲਾਕੇ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ, ਸਤਿਕਾਰ ਤੇ ਧੂਮਧਾਮ ਨਾਲ ਮਨਾਇਆ ਗਿਆ। ਸਵੇਰੇ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਜਿੱਥੇ ਪੰਥ ਦੇ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਬਾਬਾ ਸਿਧਾਣਾ ਸਾਹਿਬ ਦੇ ਜੀਵਨ ਅਧਾਰਿਤ ਇਤਿਹਾਸ ਤੇ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਹੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਬਲਜੀਤ ਸਿੰਘ ਬੱਲੂ, ਭਾਈ ਗੁਰਭੇਜ ਸਿੰਘ ਭੋਲਾ, ਸੁਖਬੀਰ ਸਿੰਘ, ਕੁਲਦੀਪ ਸਿੰਘ, ਦਵਿੰਦਰ ਸਿੰਘ, ਗੁਰਮੀਤ ਸਿੰਘ, ਠਾਣੇਦਾਰ ਸੁਖਦੇਵ ਸਿੰਘ, ਸਟੇਜ ਸਕੱਤਰ ਕਸਮੀਰ ਸਿੰਘ, ਸੁਖਦੇਵ ਸਿੰਘ, ਸਰਪੰਚ ਜਤਿੰਦਰ ਸਿੰਘ ਬਘੇਲ ਸਿੰਘ ਵਾਲਾ, ਭਾਈ ਰਣਧੀਰ ਸਿੰਘ ਝਬਾਲ, ਪ੍ਰਗਟ ਸਿੰਘ, ਡਾ. ਮਲਕੀਤ ਸਿੰਘ, ਕੰਵਲਜੀਤ ਸਿੰਘ, ਹਰਦੇਵ ਸਿੰਘ ਆਦਿ ਵੱਲੋਂ ਪੁੱਜੀਆਂ ਧਾਰਮਿਕ ਤੇ ਰਾਜਸੀ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਵੱਖ-ਵੱਖ ਪਕਵਾਨਾਂ ਦੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਸ਼ਾਮ ਵੇਲੇ ਨਾਮਵਰ ਕਬੱਡੀ ਕਲੱਬਾਂ ਦੀਆਂ ਟੀਮਾਂ ਵਿਚਕਾਰ ਕਰਵਾਏ ਗਏ ਪ੍ਰਦਰਸ਼ਨੀ ਮੈਚ ਵਿੱਚ ਜੇਤੂ ਟੀਮਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਦਿਲਕਸ਼ ਨਗਦ ਇਨਾਮ ਦੇ ਕੇ ਨਿਵਾਜਿਆ ਗਿਆ। ਇਸ ਸਮੇਂ ਇੰਸਪੈਕਟਰ ਸਰਵਣ ਸਿੰਘ ਐਕਸਾਈਜ਼ ਵਿਭਾਗ, ਹਰਜੀਤ ਸਿੰਘ ਝਬਾਲ, ਗ੍ਰੰਥੀ ਰਣਜੀਤ ਸਿੰਘ, ਗੁਰਮੀਤ ਸਿੰਘ ਝਬਾਲ ਤੋਂ ਇਲਾਵਾ ਇਲਾਕੇ ਦੇ ਮੋਹਤਬਰ ਤੇ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਵੀ ਹਾਜ਼ਰ ਸਨ।



# ਮੂੰਗੀ, ਮਾਂਹ, ਜਵਾਰ ਅਤੇ ਬਾਜਰੇ ਦਾ ਬੀਜ ਸਬਸਿਡੀ 'ਤੇ ਉਪਲਬਧ : ਡਾ. ਅਮਰੀਕ ਸਿੰਘ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਹੇਠੋਂ ਰਕਬਾ ਕੱਢ ਕੇ ਹੋਰਨਾਂ ਫਸਲਾਂ ਹੇਠ ਲਿਆਉਣ ਦੇ ਮਕਸਦ ਨਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਾਉਣੀ 2025-26 ਦੌਰਾਨ ਨੈਸ਼ਨਲ ਫੂਡ ਸਕਿਓਰਿਟੀ ਮਿਸ਼ਨ ਦਾਲਾਂ ਅਤੇ ਮਿਲਟਸ ਅਧੀਨ ਪੰਜਾਬ ਸਰਕਾਰ ਵੱਲੋਂ ਸਪਲਾਈ ਕੀਤਾ ਮੂੰਗੀ, ਮਾਂਹ, ਜਵਾਰ ਅਤੇ ਬਾਜਰੇ ਦਾ ਬੀਜ ਉਪਦਾਨ (ਸਬਸਿਡੀ) ਤੇ ਮੁਹੱਈਆ ਕਰਵਾਇਆ ਜਾ ਰਿਹਾ ਅਤੇ ਇਛੁੱਕ ਕਿਸਾਨ ਆਪਣੇ ਨਜ਼ਦੀਕੀ ਖ਼ੇਤੀਬਾੜੀ ਦਫਤਰ ਨਾਲ ਸੰਪਰਕ ਕਰ ਸਕਦੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿਚ ਆ ਰਹੀ ਗਿਰਾਵਟ ਨੂੰ ਰੋਕਣ ਪੰਜਾਬ ਸਰਕਾਰ ਵਲੋਂ ਕਈ ਉਪਰਾਲੇ ਕੀਤੇ ਜਾ ਰਹੇ, ਇਨ੍ਹਾਂ ਉਪਰਾਲਿਆਂ ਤਹਿਤ ਪੰਜਾਬ ਸਰਕਾਰ ਵੱਲੋਂ ਬਰਸਾਤੀ ਮੂੰਗੀ ਅਤੇ ਮਾਂਹ ਦਾ ਤਸਦੀਕਸ਼ੁਦਾ ਬੀਜ 5000 ਰੁਪਏ ਕੁਇੰਟਲ ਸਹਾਇਤਾ, ਜਵਾਰ ਅਤੇ ਬਾਜਰੇ ਦਾ ਬੀਜ 3000 ਰੁਪਏ ਕੁਇੰਟਲ ਸਬਸਿਡੀ ਤੇ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾ ਰਿਹਾ ।ਇਹ ਬੀਜ ਕਿਸਾਨ ਵੀਰਾਂ ਨੂੰ ਖਰੀਦ ਸਮੇਂ ਹੀ ਸਬਸਿਡੀ ਵਾਲੀ ਰਾਸ਼ੀ ਘਟਾ ਕੇ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਿਸਾਨ ਆਪਣੇ ਮੁਕੰਮਲ ਬਿਨੈ ਪੱਤਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਰਕਲ ਪੱਧਰ, ਬਲਾਕ ਪੱਧਰ ਜਾਂ ਜ਼ਿਲ੍ਹਾ ਪੱਧਰ ਦੇ ਦਫਤਰਾਂ ਵਿੱਚ ਜਮ੍ਹਾਂ ਕਰਵਾ ਸਕਦੇ ਹਨ।ਉਨ੍ਹਾਂ ਸਮੂਹ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਪਰੋਕਤ ਸਕੀਮ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ ਅਤੇ ਫਸਲੀ ਵਿਭਿੰਨਤਾ ਸਕੀਮ ਅਧੀਨ ਵੱਧ ਤੋਂ ਵੱਧ ਰਕਬਾ ਝੋਨੇ/ਬਾਸਮਤੀ ਦੇ ਫਸਲੀ ਚੱਕਰ ਵਿੱਚੋਂ ਕੱਢ ਕੇ ਦੂਜੀਆ ਫਸਲਾਂ ਅਧੀਨ ਲਿਆਂਦਾ ਜਾਵੇ ਤਾਂ ਜੋ ਧਰਤੀ ਹੇਠਲੇ ਡੂੰਘੇ ਜਾ ਰਹੇ ਪਾਣੀਆਂ ਦੀ ਬੱਚਤ ਕਰਨ ਦੇ ਨਾਲ ਨਾਲ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

# 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਲਈ ਪੂਰਾ ਤਾਣ ਲਾਉਣ ਦਾ ਸੱਦਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)—** ਕੇਂਦਰ ਦੀ ਮੋਦੀ ਸਰਕਾਰ ਵੱਲੋਂ ਧੜੱਲੇ ਨਾਲ ਦੇਸ਼ ਵਿੱਚ ਕਾਰਪੋਰੇਟ ਪੱਖੀ ਨੀਤੀਆਂ ਨੂੰ ਲਾਗੂ ਕਰਦੇ ਹੋਏ ਦੇਸ਼ ਦੇ ਸਮੁੱਚੇ ਪਾਵਰ ਸੈਕਟਰ ਸਮੇਤ ਸਾਰੇ ਸਰਕਾਰੀ ਅਦਾਰਿਆਂ ਨੂੰ ਆਪਣੇ ਜੋਟੀਦਾਰ ਪੂੰਜੀਪਤੀਆਂ ਦੇ ਹਵਾਲੇ ਕਰਨ ਅਤੇ ਮਿਹਨਤਕਸ਼ ਜਮਾਤ ਦਾ ਪੱਖ ਪੂਰਨ ਵਾਲੇ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾਉਣ ਖਿਲਾਫ਼ ਕੇਂਦਰੀ ਟਰੇਡ ਯੂਨੀਅਨਾਂ ਦੇ ਦੇਸ਼ ਵਿਆਪੀ ਸੱਦੇ 'ਤੇ 9 ਜੁਲਾਈ ਨੂੰ ਕੀਤੀ ਜਾ ਰਹੀ ਇਕ ਰੋਜ਼ਾ ਹੜਤਾਲ ਦੀ ਤਿਆਰੀ ਲਈ ਟਰੇਡ ਯੂਨੀਅਨ ਕੌਂਸਲ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂਆਂ ਦੀ ਭਰਵੀਂ ਮੀਟਿੰਗ ਸਥਾਨਕ ਬਾਠ ਰੋਡ 'ਤੇ ਅਰਜਨ ਸਿੰਘ ਗੜਗੱਜ ਯਾਦਗਾਰੀ ਭਵਨ ਵਿਖੇ ਏਟਕ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਗੁਰਦਿਆਲ ਸਿੰਘ ਖਡੂਰ ਸਾਹਿਬ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਦੱਸਿਆ ਕਿ ਕੇਂਦਰੀ ਟਰੇਡ ਯੂਨੀਅਨਾਂ , ਸੰਯੁਕਤ ਕਿਸਾਨ ਮੋਰਚਾ, ਮੁਲਾਜ਼ਮ ਫੈਡਰੇਸ਼ਨਾਂ, ਆਜ਼ਾਦ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਹੋ ਰਹੀ ਹੈ ਕਿਉਂਕਿ ਕੇਂਦਰੀ ਹਕੂਮਤ ਲਗਾਤਾਰ ਕਾਰਪੋਰੇਟ ਪੱਖੀ ਨੀਤੀਆਂ ਘੜ ਰਹੀ ਹੈ ਜਿਸ ਦੇ ਚਲਦਿਆਂ ਦੇਸ਼ ਦੀ ਸਮੁੱਚੀ ਮਿਹਨਤਕਸ਼ ਜਮਾਤ ਦਾ ਜਿਊਣਾ ਦੁੱਭਰ ਹੋ ਰਿਹਾ ਹੈ। ਮਹਿੰਗਾਈ ਬੇਰੋਕ ਟੋਕ ਵਧਦੀ ਜਾ ਰਹੀ ਹੈ।ਆਗੂਆਂ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਦੇਸ਼ ਦੀ ਭਾਜਪਾ ਸਰਕਾਰ ਤੇ ਜ਼ਿਆਦਾਤਰ ਸੂਬਾਈ ਸਰਕਾਰਾਂ ਵੀ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਆਮ ਕਾਰੋਬਾਰੀਆਂ ਤੇ ਵਪਾਰੀਆਂ ਦੇ ਵਿਰੁੱਧ ਕਾਨੂੰਨ ਬਣਾ ਰਹੀਆਂ ਹਨ।ਮਿਹਨਤਕਸ਼ ਜਨਤਾ ਮੰਗ ਕਰਦੀ ਹੈ ਕਿ ਹਰ ਇੱਕ ਨੂੰ ਰੁਜ਼ਗਾਰ ਮਿਲੇ, ਸਿੱਖਿਆ ਮੁਫ਼ਤ ਤੇ ਲਾਜ਼ਮੀ ਹੋਵੇ, ਬੁਢਾਪਾ ਪੈਨਸ਼ਨ ਘੱਟੋ-ਘੱਟ ਦਸ ਹਜ਼ਾਰ ਰੁਪਏ ਮਹੀਨਾ ਹੋਵੇ, ਇਲਾਜ ਦਾ ਵਧੀਆ ਪ੍ਰਬੰਧ ਹੋਵੇ, ਸਰਕਾਰੀ ਨੀਤੀਆਂ ਛੋਟੇ ਕਿਸਾਨਾਂ, ਵਪਾਰੀਆਂ, ਦੁਕਾਨਦਾਰਾਂ, ਮਜ਼ਦੂਰਾਂ ਮੁਲਾਜ਼ਮਾਂ ਦੇ ਹੱਕ ਦੀਆਂ ਬਣਨ ਤਾਂ ਕਿ ਮਿਹਨਤਕਸ਼ ਜਨਤਾ ਚੰਗੀ ਜ਼ਿੰਦਗੀ ਬਸਰ ਕਰ ਸਕੇ।ਆਗੂਆਂ ਨੇ 9 ਜੁਲਾਈ ਦੀ ਹੜਤਾਲ ਵਿੱਚ ਸ਼ਾਮਲ ਹੋਣ ਲਈ ਸਮੁੱਚੇ ਕਿਰਤੀ ਵਰਗ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਇਸ ਦਿਨ ਥਾਂ ਥਾਂ ਰੈਲੀਆਂ ਰੋਸ ਪ੍ਰਦਰਸ਼ਨ ਕਰਕੇ ਹਾਕਮਾਂ ਦੀਆਂ ਪੂੰਜੀਪਤੀਆਂ ਦੇ ਹਿੱਤ ਪਾਲਣ ਵਾਲੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ । ਇਸ ਮੌਕੇ ਹੋਰਨਾਂ ਤੋਂ ਇਲਾਵਾ ਟਰੇਡ ਯੂਨੀਅਨ ਆਗੂ ਦਵਿੰਦਰ ਸੋਹਲ, ਕਾਰਜ ਸਿੰਘ ਕੈਰੋਂ, ਬਲਜਿੰਦਰ ਕੌਰ, ਪੂਰਨ ਦਾਸ, ਸੁਖਦੇਵ ਸਿੰਘ ਮਾਣੋਚਾਹਲ, ਅਵਤਾਰ ਕ੍ਰਿਸ਼ਨ, ਬਲਕਾਰ ਸਿੰਘ ਜੰਡੋਕੇ, ਜਸਬੀਰ ਸਿੰਘ, ਬਲਵਿੰਦਰ ਸਿੰਘ ਮੂਸੇ, ਅਮਰ ਸਿੰਘ, ਚਰਨ ਸਿੰਘ, ਰਾਣਾ ਰਣਜੀਤ ਸਿੰਘ, ਬਲਵਿੰਦਰ ਸਿੰਘ ਪਲਾਸੌਰ, ਸਰਬਜੀਤ ਸਿੰਘ ਜਵੰਦਾ ਆਦਿ ਆਗੂ ਹਾਜ਼ਰ ਸਨ।




# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੀਐੱਚਸੀ ਸਰਹਾਲੀ ਵਿਖੇ ਲੋਕਾਂ ਨੂੰ ਕੀਤਾ ਜਾਗਰੂਕ

**ਚੋਹਲਾ ਸਾਹਿਬ (ਰਮਨ ਚੱਢਾ)-** ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸੀਐੱਚਸੀ ਸਰਹਾਲੀ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਨਸ਼ਾ ਕਰਨ ਨਾਲ ਮਨੁੱਖ ਦੀ ਆਪਣੀ ਜ਼ਿੰਦਗੀ ਬਰਬਾਦ ਹੁੰਦੀ ਹੈ ਅਤੇ ਨਾਲ ਨਾਲ ਪਰਿਵਾਰਕ ਮੈਂਬਰਾਂ ਨੂੰ ਵੀ ਸੰਤਾਪ ਭੋਗਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਆਉਣਾ ਚਾਹੀਦਾ ਹੈ ਅਤੇ ਆਪਣੀ ਹੀਰੇ ਵਰਗੀ ਜ਼ਿੰਦਗੀ ਨੂੰ ਬਚਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਹੋਏ ਹਨ। ਨਸ਼ੇ ਦੇ ਆਦੀ ਵਿਅਕਤੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਜਾ ਕੇ ਡਾਕਟਰ ਦੇ ਦੱਸੇ ਅਨੁਸਾਰ ਸਮੇਂ ਸਿਰ ਦਵਾਈ ਲੈਣ ਅਤੇ ਨਸ਼ਿਆਂ ਤੋਂ ਬਚਣ। ਇਸ ਸਮੇਂ ਬਲਰਾਜ ਸਿੰਘ ਬੀਈਈ ਨੇ ਦੱਸਿਆ ਕਿ ਨੌਜਵਾਨਾਂ ਨੂੰ ਕਬੱਡੀ, ਫੁੱਟਬਾਲ, ਹਾਕੀ, ਕੁਸ਼ਤੀ ਆਦਿ ਖੇਡਾਂ ਵੱਲ ਆਪਣਾ ਰੁਝਾਨ ਵਧਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਧਿਆਨ ਬੁਰਾਈ ਵੱਲ ਨਾ ਜਾਵੇ ਅਤੇ ਉਹ ਭਿਆਨਕ ਬਿਮਾਰੀਆਂ ਤੋਂ ਬਚ ਸਕਣ। ਇਸ ਸਮੇਂ ਜਤਿੰਦਰ ਕੌਰ ਐੱਲਟੀ, ਮਨਦੀਪ ਕੌਰ ਰੇਡੀਓਗ੍ਰਾਫਰ, ਲਖਵਿੰਦਰ ਕੌਰ ਐੱਲਟੀ, ਕਸ਼ਮੀਰ ਕੌਰ ਐੱਲਟੀ, ਐੱਸਆਈ ਬਿਕਰਮਜੀਤ ਸਿੰਘ, ਹੈਲਥ ਵਰਕਰ ਜਸਪਿੰਦਰ ਸਿੰਘ, ਲਖਵਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।




# ਨਵ-ਨਿਯੁਕਤ ਹਲਕਾ ਸੰਗਠਨ ਇੰਚਾਰਜ ਕਿਰਪਾਲ ਸਿੰਘ ਸਨਮਾਨਿਤ

**ਮਜੀਠਾ (ਸੋਇਮ ਆਨੰਦ)-** ਆਮ ਆਦਮੀ ਪਾਰਟੀ ਵੱਲੋਂ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਪਾਰਟੀ ਦੇ ਮਿਹਨਤੀ ਵੱਲੰਟੀਅਰਾਂ ਨੂੰ ਹਲਕਾ ਸੰਗਠਨ ਇੰਚਾਰਜ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ ਜਿਸਦੇ ਤਹਿਤ ਪਾਰਟੀ ਵੱਲੋਂ ਆਪ ਵਲੰਟੀਅਰ ਕਿਰਪਾਲ ਸਿੰਘ ਨੂੰ ਹਲਕਾ ਮਜੀਠਾ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ।ਹਲਕਾ ਮਜੀਠਾ ਦੇ ਸੀਨੀਅਰ ਆਪ ਆਗੂ ਮਨਪ੍ਰੀਤ ਸਿੰਘ ਰੰਧਾਵਾ ਤੇ ਸਰਪੰਚ ਚੰਨਪ੍ਰੀਤ ਸਿੰਘ ਅਜਾਇਬਵਾਲੀ ਵੱਲੋਂ ਨਵ-ਨਿਯੁਕਤ ਹਲਕਾ ਸੰਗਠਨ ਇੰਚਾਰਜ ਕਿਰਪਾਲ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਆਪ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਰੰਧਾਵਾ ਅਤੇ ਚੰਨਪ੍ਰੀਤ ਸਿੰਘ ਅਜਾਇਬ ਵਾਲੀ ਨੇ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਆਪ ਹੀ ਅਜਿਹੀ ਪਾਰਟੀ ਹੈ ਜੋ ਜ਼ਮੀਨੀ ਪੱਧਰ 'ਤੇ ਮਿਹਨਤ ਕਰਨ ਵਾਲੇ ਵਲੰਟੀਅਰਾਂ ਨੂੰ ਉੱਚ ਅਹੁਦਿਆਂ ਨਾਲ ਨਿਵਾਜਦੀ ਹੈ। ਉਨ੍ਹਾਂ ਕਿਹਾ ਕਿ ਕਿਰਪਾਲ ਸਿੰਘ ਦੀ ਇਸ ਨਿਯੁਕਤੀ ਨਾਲ ਪਾਰਟੀ ਬੂਥ ਪੱਧਰ 'ਤੇ ਹੋਰ ਵੀ ਮਜ਼ਬੂਤ ਹੋਵੇਗੀ। ਪਾਰਟੀ ਦੀ ਲੁਧਿਆਣਾ ਜ਼ਿਮਨੀ ਚੋਣ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਲੋਕ ਹਿੱਤਾਂ 'ਚ ਲਏ ਗਏ ਫੈਸਲਿਆਂ ਤੋਂ ਸੂਬੇ ਦੇ ਲੋਕ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹਨ ।ਉਨ੍ਹਾਂ ਇਹ ਗੱਲ ਦਾਅਵੇ ਨਾਲ ਆਖੀ ਕਿ ਆਮ ਆਦਮੀ ਪਾਰਟੀ 2027 'ਚ ਇਕ ਵਾਰ ਫਿਰ ਤੋਂ ਸੂਬੇ 'ਚ ਸਰਕਾਰ ਬਣਾਏਗੀ ।



# ਸ਼ਹੀਦ ਬਾਬਾ ਸਿੱਧ ਸੌਂਹ ਰੰਧਾਵਾ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਸਥਾਨਕ ਕਸਬੇ ਦੇ ਨਜ਼ਦੀਕੀ ਹਿੰਦ-ਪਾਕਿ ਸਰਹੱਦ ਡੇਰਾ ਬਾਬਾ ਨਾਨਕ ਸ਼੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਨੇੜੇ ਗੁਰਦੁਆਰਾ ਸ਼ਹੀਦ ਬਾਬਾ ਸਿੱਧ ਸੌਂਹ ਰੰਧਾਵਾ ਵਿਖੇ ਪਿੰਡ ਪੱਖੋਕੇ ਟਾਹਲੀ ਸਾਹਿਬ ਦੇ ਰੰਧਾਵਾ ਪਰਿਵਾਰਾਂ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਸਿੱਧ ਸੌਂਹ ਰੰਧਾਵਾ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ।ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਹੈੱਡ ਗ੍ਰੰਥੀ ਬਾਬਾ ਪਰਮਿੰਦਰ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਭਾਈ ਸ਼ਾਮ ਸਿੰਘ ਜੋੜੀਆਂ ਵਾਲਿਆਂ ਦੇ ਕੀਰਤਨੀ ਜਥੇ ਸਮੇਤ ਵੱਖ-ਵੱਖ ਕੀਰਤਨੀ ਜਥਿਆਂ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਇਸ ਮੌਕੇ ਇੰਟਰਨੈਸ਼ਨਲ ਗੋਲਡ ਮੈਡਲਿਸਟ ਕਵੀਸ਼ਰ ਜਥਾ ਭਾਈ ਸੁੱਚਾ ਸਿੰਘ ਡੇਰੇ ਪਠਾਣਾ, ਭਾਈ ਮਲੂਕ ਸਿੰਘ, ਭਾਈ ਸਵਿੰਦਰ ਸਿੰਘ ਕਵੀਸ਼ਰ ਜਥਾ ਭਗਠਾਣਾ ਤੁਲੀਆਂ, ਭਾਈ ਹਰਵੰਤ ਸਿੰਘ ਕਵੀਸ਼ਰ ਜਥਾ ਬਰਿਆਰ, ਭਾਈ ਹਰਪਾਲ ਬਾਗੋਆਣੀ ਬੀਬੀਆਂ ਦੇ ਕਵੀਸ਼ਰੀ ਜਥੇ ਸਮੇਤ ਵੱਖ-ਵੱਖ ਜਥਿਆਂ ਵੱਲੋਂ ਵੀ ਹਾਜ਼ਰੀ ਭਰ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਕੀਰਤਨੀ ਜਥਿਆਂ ਸਮੇਤ ਆਈਆਂ ਹੋਈਆਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਲੰਗਰ ਵੀ ਲਗਾਇਆ ਗਿਆ।ਇਸ ਮੌਕੇ ਪ੍ਰਧਾਨ ਸੁਰਜੀਤ ਸਿੰਘ ਰੰਧਾਵਾ, ਕੈਸ਼ੀਅਰ ਦਰਸ਼ਨ ਸਿੰਘ, ਗੁਰਨਾਮ ਸਿੰਘ ਰੰਧਾਵਾ, ਰਘਬੀਰ ਸਿੰਘ ਰੰਧਾਵਾ, ਹਰਭਾਗ ਸਿੰਘ ਰੰਧਾਵਾ, ਬਾਬਾ ਸੁਖਦੇਵ ਸਿੰਘ ਨਿਹੰਗ, ਲਾਡੀ ਰੰਧਾਵਾ, ਗੁਰਬਖਸ਼ ਸਿੰਘ ਰੰਧਾਵਾ, ਜੋਗਿੰਦਰ ਸਿੰਘ, ਹਰਦੇਵ ਸਿੰਘ ਫੌਜੀ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕੌਂਸਲਰ ਸੁਖਜਿੰਦਰ ਸਿੰਘ ਪੱਖੋਕੇ, ਵੀਰ ਸਿੰਘ ਰੰਧਾਵਾ, ਸਵਰਨ ਸਿੰਘ, ਮਾਸਟਰ ਸਤਨਾਮ ਸਿੰਘ ਰੰਧਾਵਾ, ਕਰਤਾਰ ਸਿੰਘ, ਮੁਖਤਿਆਰ ਸਿੰਘ ਫੌਜੀ, ਸੁਰਜੀਤ ਮਾਹਲ ਨੰਗਲ, ਰਸ਼ਪਾਲ ਸਿੰਘ ਰੰਧਾਵਾ ਸਮੇਤ ਸੰਗਤਾਂ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# ਚੀਫ ਜਸਟਿਸ ਦੇ ਨਾਂਅ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਈ ਵਾਰ ਕਿਹਾ ਹੈ ਕਿ ਜੰਮੂ-ਕਸ਼ਮੀਰ ਦਾ ਰਾਜ ਦਾ ਰੁਤਬਾ ਬਹਾਲ ਕਰ ਦਿੱਤਾ ਜਾਵੇਗਾ, ਪਰ ਇਸ ਮਾਮਲੇ ਵਿੱਚ ਹੁਣ ਤੱਕ ਕੋਈ ਪ੍ਰਗਤੀ ਨਹੀਂ ਹੋਈ। ਜੰਮੂ-ਕਸ਼ਮੀਰ ਦੇ ਲੋਕ ਤਾਂ ਇਸ ਦੀ ਲਗਾਤਾਰ ਮੰਗ ਕਰਦੇ ਹੀ ਆ ਰਹੇ ਹਨ, ਦੇਸ਼ ਦੇ ਹੋਰ ਲੋਕ ਵੀ ਰਾਜ ਦੀ ਬਹਾਲੀ 'ਤੇ ਜ਼ੋਰ ਦਿੰਦੇ ਆ ਰਹੇ ਹਨ। ਹੁਣ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਗੋਪਾਲ ਪਿਲੱਈ, ਸਾਬਕਾ ਮੇਜਰ ਜਨਰਲ ਅਸ਼ੋਕ ਕੇ ਮਹਿਤਾ, ਸਾਬਕਾ ਏਅਰ ਵਾਈਸ ਮਾਰਸ਼ਲ ਕਪਿਲ ਕਾਕ, ਜੰਮੂ-ਕਸ਼ਮੀਰ ਲਈ ਵਾਰਤਾਕਾਰ ਰਹਿ ਚੁੱਕੀ ਰਾਧਾ ਕੁਮਾਰ ਤੇ ਅੰਤਰ-ਰਾਜ ਕੌਂਸਲ ਦੇ ਸਾਬਕਾ ਕੇਂਦਰੀ ਸਕੱਤਰ ਅਮਿਤਾਭ ਪਾਂਡੇ ਨੇ ਭਾਰਤ ਦੇ ਚੀਫ ਜਸਟਿਸ ਬੀ ਆਰ ਗਵਈ ਦੇ ਨਾਂਅ ਲਿਖੇ ਖੁੱਲ੍ਹੇ ਪੱਤਰ ਵਿੱਚ ਉਨ੍ਹਾ ਨੂੰ ਚੇਤੇ ਕਰਾਇਆ ਹੈ ਕਿ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਅਗਸਤ 2019 ਵਿੱਚ ਖੋਹ ਲਿਆ ਗਿਆ ਸੀ। ਕੇਂਦਰੀ ਗ੍ਰਹਿ ਮੰਤਰੀ ਨੇ ਨਵੰਬਰ 2019 ਵਿੱਚ ਸੰਸਦ ਵਿੱਚ ਵਾਰ-ਵਾਰ ਕਿਹਾ ਸੀ ਕਿ ਇਸ ਨੂੰ ਛੇਤੀ ਹੀ ਬਹਾਲ ਕਰ ਦਿੱਤਾ ਜਾਵੇਗਾ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਕਿਸੇ ਰਾਜ ਨੂੰ ਦਰਜਾ ਘਟਾ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦੇਣਾ ਸੰਵਿਧਾਨ ਦੀ ਉਲੰਘਣਾ ਹੈ, ਜਿਸ ਮੁਤਾਬਕ ਭਾਰਤ ਇੱਕ ਫੈਡਰਲ ਲੋਕਤੰਤਰ ਹੈ, ਜਿਸ ਵਿੱਚ ਰਾਜਾਂ ਦੇ ਅਧਿਕਾਰਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ, ਜੋ ਹੁਣ ਤੱਕ ਭਾਰਤੀ ਏਕਤਾ ਦੀ ਨੀਂਹ ਰਹੀ ਹੈ। ਇਨ੍ਹਾਂ ਪਤਵੰਤਿਆਂ ਨੇ ਚੀਫ ਜਸਟਿਸ ਨੂੰ ਇਸ ਮਾਮਲੇ 'ਤੇ ਖੁਦ ਧਿਆਨ ਦੇਣ ਤੇ ਫੈਸਲਾ ਕਰਨ ਲਈ ਸੁਪਰੀਮ ਕੋਰਟ ਦੀ ਬੈਂਚ ਬਣਾਉਣ ਲਈ ਕਿਹਾ ਹੈ। ਜੰਮੂ-ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹਣ ਦੀ ਸੰਵਿਧਾਨਕਤਾ 'ਤੇ ਛੇਤੀ ਸੁਣਵਾਈ ਹੋਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਭਵਿੱਖ ਵਿੱਚ ਕੋਈ ਵੀ ਸਰਕਾਰ ਇਸ ਤਰ੍ਹਾਂ ਕਿਸੇ ਵੀ ਰਾਜ ਦਾ ਦਰਜਾ ਨਾ ਖੋਹ ਸਕੇ।

ਪਤਵੰਤਿਆਂ ਨੇ ਚੀਫ ਜਸਟਿਸ ਨੂੰ ਖਬਰਦਾਰ ਕੀਤਾ ਹੈ ਕਿ ਅਪ੍ਰੈਲ ਵਿੱਚ ਪਹਿਲਗਾਮ ਹਮਲੇ ਦਾ ਹਵਾਲਾ ਦੇ ਕੇ ਕੇਂਦਰ ਸਰਕਾਰ ਫਿਰ ਦਲੀਲ ਦੇਵੇਗੀ ਕਿ ਜੰਮੂ-ਕਸ਼ਮੀਰ ਦੇ ਰਾਜ ਦੇ ਦਰਜੇ ਦੀ ਬਹਾਲੀ ਲਈ ਸਮਾਂ ਢੁਕਵਾਂ ਨਹੀਂ ਹੈ। ਇਹ ਦਲੀਲ ਟਿਕਾਊ ਨਹੀਂ ਹੈ, ਕਿਉਂਕਿ ਅਜਿਹਾ ਕਰਨ ਦਾ ਇਹੀ ਸਹੀ ਸਮਾਂ ਹੈ। ਇਨ੍ਹਾਂ ਨੇ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੀ ਕਾਰਜਸ਼ੈਲੀ 'ਤੇ ਵੀ ਸਵਾਲ ਉਠਾਏ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਜੰਮੂ-ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦਾ ਸਨਮਾਨ ਹੋਣਾ ਚਾਹੀਦਾ ਹੈ। ਲੋਕਾਂ ਨੂੰ ਬਿਨਾਂ ਕਿਸੇ ਡਰ ਦੇ ਆਪਣੀ ਗੱਲ ਕਹਿਣ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਉਂਜ ਤਾਂ ਜੰਮੂ-ਕਸ਼ਮੀਰ ਦੀਆਂ ਅਸੈਂਬਲੀ ਚੋਣਾਂ ਵਿੱਚ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਵੋਟਾਂ ਪਾਉਣ ਦੇ ਤੁਰੰਤ ਬਾਅਦ ਹੀ ਰਾਜ ਦਾ ਦਰਜਾ ਬਹਾਲ ਕਰ ਦਿੱਤਾ ਜਾਣਾ ਚਾਹੀਦਾ ਸੀ, ਕਿਉਂਕਿ ਵੋਟਾਂ ਪਾਉਣ ਵਾਲਿਆਂ ਨੇ ਇਸ ਦੀ ਬਹਾਲੀ ਲਈ ਹੀ ਪੁਰਅਮਨ ਫਤਵਾ ਦਿੱਤਾ ਸੀ, ਪਰ ਭਾਜਪਾ ਦਾ ਸੱਤਾ ਨੂੰ ਹੱਥ ਨਾ ਪੈਣ ਕਾਰਨ ਕੇਂਦਰੀ ਹਾਕਮਾਂ ਨੇ ਇਸ ਦੀ ਪਰਵਾਹ ਨਹੀਂ ਕੀਤੀ। ਸੁਪਰੀਮ ਕੋਰਟ ਦੇ ਚੀਫ ਜਸਟਿਸ ਦੇ ਫੌਰੀ ਦਖਲ ਦੀ ਇਸ ਕਰਕੇ ਵੀ ਲੋੜ ਹੈ, ਕਿਉਂਕਿ ਸੁਪਰੀਮ ਕੋਰਟ ਵਿੱਚ ਵੀ ਸਰਕਾਰ ਦਰਜਾ ਬਹਾਲੀ ਦੀ ਗੱਲ ਕਹਿ ਚੁੱਕੀ ਹੈ।

## ਕਾਵਿ-ਵਿਅੰਗ ਨਹੀਂ

ਦਿੱਤੀਆਂ ਹੋਈਆਂ ਨੇ ਸੁੱਖ-ਸਹੂਲਤਾਂ ਵੀ,
ਲੇਕਿਨ ਮਾਰੂ ਵੀ ਬੜਾ ਵਿਗਿਆਨ ਦੇਖੋ।
ਮਾਚਿਸ ਜਦੋਂ ਵੀ 'ਬਾਂਦਰਾਂ' ਹੱਥ ਆ ਜਾਏ,
ਫਿਰ ਉਹ ਕਰਨਗੇ ਪੱਕਾ ਨੁਕਸਾਨ ਦੇਖੋ।
ਹਵਾ ਵਿੱਚ 'ਹਥਿਆਰ' ਹਨ ਉੜੇ ਫਿਰਦੇ,
ਭਾਂਬੜ ਬਲਦੇ ਐ 'ਅੱਧ ਅਸਮਾਨ' ਦੇਖੋ।
ਬਣੀਆਂ ਬਿਲਡਿੰਗਾਂ ਅਤੇ ਬਜ਼ਾਰ ਸੋਹਣੇ,
ਢਾਹ-ਢਾਹ ਮਿੱਟੀ ਦੇ ਵਿੱਚ ਮਿਲਾਨ ਦੇਖੋ।
ਆਮ ਲੋਕਾਂ ਨੂੰ ਸੁੱਝੇ 'ਉਪਾਅ' ਕੋਈ ਨਾ,
ਹੋਣੋ ਰੁਕੇਗੀ 'ਵਿਸ਼ਵ ਦੀ ਜੰਗ' ਕਿੱਦਾਂ।
ਡੁੱਲ੍ਹਦਾ ਲਹੂ ਨਿਰਦੋਸ਼ਾਂ ਦਾ ਦੇਖ ਕੇ ਜੀ,
ਫੁਰਨ ਕਵੀ ਨੂੰ 'ਕਾਵਿ-ਵਿਅੰਗ' ਕਿੱਦਾਂ।

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਕਾਰਪੋਰੇਟੀ ਰਾਜ-ਪ੍ਰਬੰਧ ਦੀ ਥਾਂ ਸਾਂਝੀਵਾਲਤਾ ਵੱਲ ਵਧਣ ਦੀ ਲੋੜ


ਜਸਵੰਤ ਜੀਰਖ

ਅੱਜ ਪੂੰਜੀ ਦੇ ਰਾਜ ਵਿੱਚ ਇਨਸਾਨੀ ਕਦਰਾਂ-ਕੀਮਤਾਂ ਨੂੰ ਦਰਕਿਨਾਰ ਕਰਕੇ ਮੁਨਾਫਾ ਕਮਾਉਣ ਨੂੰ ਵੱਧ ਮਹੱਤਵ ਦੇ ਕੇ ਪੂੰਜੀਪਤੀ ਵਰਗ ਮਨੁੱਖਤਾ ਲਈ ਬੇਹੱਦ ਘਾਤਕ ਸਿੱਧ ਹੋ ਰਿਹਾ ਹੈ । ਇਸ ਰਾਜ ਪ੍ਰਬੰਧ ਦੌਰਾਨ ਸਰਕਾਰਾਂ ਵੱਲੋਂ ਦੇਸ ਦੇ ਮੁੱਖ ਅਦਾਰੇ, ਕਾਰਪੋਰੇਟ ਘਰਾਣਿਆਂ ਦਾ ਮੁਨਾਫਾ ਵਧਾਉਣ ਲਈ ਉਹਨਾਂ ਦੇ ਹਵਾਲੇ ਕਰਕੇ ਦੇਸ ਨੂੰ ਕੰਗਾਲੀ ਵੱਲ ਧੱਕਿਆ ਜਾ ਰਿਹਾ ਹੈ। ਮਜ਼ਦੂਰ ਵਰਗ ਦੀ ਗਰੀਬੀ ਅਤੇ ਬੇਵਸੀ ਦਾ ਰੱਜ ਕੇ ਫਾਇਦਾ ਉਠਾਇਆ ਜਾ ਰਿਹਾ ਹੈ। ਪੈਦਾਵਾਰ ਦੇ ਸਾਧਨਾਂ ਦੀ ਅਣਹੋਂਦ ਕਾਰਨ ਕਿਰਤੀ ਵਰਗ ਕੋਲ ਆਪਣੀ ਕਿਰਤ ਸ਼ਕਤੀ ਵੇਚਣ ਤੋਂ ਬਿਨਾਂ ਕਮਾਈ ਦਾ ਹੋਰ ਕੋਈ ਬਦਲਵਾਂ ਵਸੀਲਾ ਨਾ ਹੋਣ ਕਰਕੇ ਨਿਗੁਣੀ ਕੀਮਤ ਵਿੱਚ ਆਪਣੀ ਕਿਰਤ ਸ਼ਕਤੀ ਵੇਚਣ ਦਾ ਸਮਝੌਤਾ ਕਰਨਾ ਪੈ ਰਿਹਾ ਹੈ। ਇਸ ਪੂੰਜੀਪਤੀ ਰਾਜ ਦੇ ਬਦਲ ਵਿੱਚ ਕਈ ਸਮਾਜਿਕ ਚਿੰਤਕਾਂ ਵੱਲੋਂ ਇਨਸਾਨੀ ਕਦਰਾਂ ਨੂੰ ਪ੍ਰਣਾਇਆ ਸਾਂਝੀਵਾਲਤਾ ਵਾਲਾ ਰਾਜ ਪ੍ਰਬੰਧ ਉਸਾਰਨ ਲਈ ਯਤਨ ਜੁਟਾਏ ਜਾਂਦੇ ਰਹੇ ਹਨ । ਇਹਨਾਂ ਯਤਨਾਂ ਅਤੇ ਲੰਮੇਂ ਸੰਘਰਸਾਂ ਸਦਕਾ ਹੀ ਰੂਸ,ਚੀਨ, ਫਰਾਂਸ ਆਦਿ ਮੁਲਕਾਂ ਵਿੱਚ ਪੂੰਜੀ ਦਾ ਰਾਜ ਉਲਟਾ ਕੇ ਇਨਕਲਾਬੀ ਤਬਦੀਲੀਆਂ ਹੋਈਆਂ, ਜਿਹਨਾਂ ਦੀ ਬਦੌਲਤ ਇਹਨਾਂ ਤਰੱਕੀ ਦੀਆਂ ਬਹੁਤ ਵੱਡੀਆਂ ਪੁਲਾਂਘਾਂ ਪੁੱਟੀਆਂ , ਜਿਸ ਕਰਕੇ ਕਿਰਤੀ ਸ਼੍ਰੇਣੀ ਨੂੰ ਵੀ ਜ਼ਿੰਦਗੀ ਮਾਨਣ ਯੋਗ ਸਹੂਲਤਾਂ ਪ੍ਰਾਪਤ ਹੋਈਆਂ। ਇਹਨਾਂ ਦੇਸ਼ਾਂ ਦੇ ਇਨਕਲਾਬਾਂ ਨੇ ਦੁਨੀਆਂ ਪੱਧਰ 'ਤੇ ਪੂੰਜੀਪਤੀਆਂ ਨੂੰ ਕੰਬਣੀਆਂ ਛੇੜ ਦਿੱਤੀਆਂ ਸਨ, ਜਿਸ ਕਰਕੇ ਉਹਨਾਂ ਵੱਲੋਂ ਕਿਰਤੀ ਵਰਗ ਲਈ ਅਨੇਕਾਂ ਸਹੂਲਤਾਂ ਦਿੱਤੀਆਂ ਗਈਆਂ। ਸਾਡੇ ਦੇਸ਼ ਵਿੱਚ ਅੱਜ ਭਾਵੇਂ ਅਜਿਹੀ ਇਨਕਲਾਬੀ ਤਬਦੀਲੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇ ਗਏ ਮਹਾਨ ਸਮਾਜਿਕ ਚਿੰਤਕਾਂ ਦੇ ਨਾਂਅ ਵਰਤ ਕੇ, ਰਾਜਨੀਤੀ ਅਤੇ ਧਰਮ ਤਾਂ ਚਲਾਏ ਜਾ ਰਹੇ ਹਨ, ਪਰ ਉਹਨਾਂ ਵੱਲੋਂ ਦਿੱਤੇ ਮਨੁੱਖਤਾਵਾਦੀ ਸਾਂਝੀਵਾਲਤਾ ਦੇ ਉਪਦੇਸ਼ ਨੂੰ ਲਾਗੂ ਕਰਨ ਲਈ ਸਾਰਥਿਕ ਯਤਨਾਂ ਦੀ ਵੱਡੀ ਘਾਟ ਹੈ। ਉਨ੍ਹਾਂ ਦੇ ਨਾਂਅ 'ਤੇ ਵੱਡੇ ਵੱਡੇ ਧਰਮ ਅਸਥਾਨ ਅਤੇ ਵਿਉਪਾਰਕ ਧੰਦੇ ਤਾਂ ਵਧਾਏ ਜਾ ਰਹੇ ਹਨ, ਪਰ ਸਾਂਝੀਵਾਲਤਾ ਦੀ ਗੱਲ ਕਰਨ ਦੇ ਪੱਖ ਨੂੰ ਵਿਸਾਰਿਆ ਹੋਇਆ ਹੈ। ਇਹ ਇੱਕ ਵੱਡਾ ਸਵਾਲ ਹੈ, ਜਿਸ ਨੂੰ ਕਿਰਤੀ ਜਮਾਤ ਵੱਲੋਂ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ ।

1947 ਤੋਂ ਬਾਅਦ ਭਾਵੇਂ ਪਬਲਿਕ ਅਦਾਰੇ ਸਥਾਪਤ ਕਰਕੇ ਸਰਕਾਰੀ ਤੌਰ 'ਤੇ ਕੁਝ ਪੁਲਾਂਘਾਂ ਪੁੱਟੀਆਂ ਗਈਆਂ ਸਨ, ਜਿਨ੍ਹਾਂ ਨੇ ਦੇਸ ਦੇ ਵਿਕਾਸ ਵਿੱਚ ਹਾਂ-ਪੱਖੀ ਰੋਲ ਅਦਾ ਕੀਤਾ ਸੀ। ਇਸ ਕਰਕੇ ਬਣਦਾ ਤਾਂ ਇਹ ਸੀ ਕਿ ਇਹਨਾਂ ਪਬਲਿਕ ਅਦਾਰਿਆਂ ਨੂੰ ਹੋਰ ਸੁਚਾਰੂ ਬਣਾ ਕੇ ਲੋਕਾਂ ਦਾ ਜੀਵਨ ਸੁਧਾਰਨ ਲਈ ਹੋਰ ਵਿਕਸਤ ਕੀਤਾ ਜਾਂਦਾ, ਪਰ ਅਜਿਹਾ ਕਰਨ ਦੀ ਬਜਾਏ ਇਹਨਾਂ ਦਾ ਲੋਕ ਪੱਖੀ ਰੁਝਾਨ ਖਤਮ ਕਰਕੇ ਨਿੱਜੀ ਮਾਲਕੀ ਵਿੱਚ ਤਬਦੀਲ ਕਰਨ ਲਈ ਰਾਹ ਪੱਧਰੇ ਕੀਤੇ ਗਏ । ਵਿਦਿਆ, ਸਿਹਤ , ਬਿਜਲੀ, ਟੈਲੀਫੋਨ, ਰੇਲਵੇ, ਬੱਸਾਂ, ਹਵਾਈ ਜਹਾਜ਼, ਏਅਰਪੋਰਟ , ਬੱਸ ਅੱਡੇ ਆਦਿ ਕਮਾਊ ਅਦਾਰੇ, ਦੇਸ਼ ਦੀ ਬਜਾਏ ਕੁੱਝ ਕੁ ਕੰਪਨੀਆਂ/ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ ਇਹਨਾਂ ਰਾਹੀਂ ਹੋ ਰਹੀ ਕਮਾਈ ਨੂੰ ਦੇਸ਼ ਦੀ ਥਾਂ ਨਿੱਜੀ ਮੁਨਾਫੇ ਕਮਾਉਣ ਦੇ ਸਾਧਨ ਬਣਾ ਦਿੱਤਾ ਗਿਆ।

ਵਾਰੋ-ਵਾਰੀ ਸਰਕਾਰਾਂ ਚਲਾ ਰਹੀਆਂ ਵੱਖ-ਵੱਖ ਰਾਜਨੀਤਕ ਪਾਰਟੀਆਂ ਵੱਲੋਂ ਪੂੰਜੀਪਤੀਆਂ/ਕਾਰਪੋਰੇਟ ਘਰਾਣਿਆਂ ਅਤੇ ਵਿਦੇਸ਼ੀ ਗਿਰਝਾਂ ਦੇ ਹਿੱਤ ਵਿੱਚ ਸਰਮਾਏ ਦਾ ਨਿਕਾਸ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ। ਦੇਸ ਦੀ 80 ਫੀਸਦੀ ਅਬਾਦੀ ਗਰੀਬੀ ਵਿੱਚ ਆਪਣੀ ਜ਼ਿੰਦਗੀ ਘਸੀਟ ਰਹੀ ਹੈ। ਇਹ ਉਹ ਜਨਤਾ ਹੈ, ਜੋ ਦੇਸ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਦਿਨ-ਰਾਤ ਕਿਰਤ ਕਰਕੇ ਆਪ ਮੰਦੇ ਹਾਲਾਤ 'ਚ ਜਿਉਂਦਿਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ। ਚੰਗੀ ਖੁਰਾਕ ਦੀ ਥਾਂ ਇਸ ਦੇ ਵੱਡੇ ਹਿੱਸੇ ਨੂੰ ਸਰਕਾਰੀ ਆਟਾ-ਦਾਲ ਸਕੀਮਾਂ ਰਾਹੀਂ ਮਿਲਦੇ ਰਾਸ਼ਨ ਰਾਹੀਂ ਦਿਨ ਕਟੀ ਕਰਨੀ ਪੈ ਰਹੀ ਹੈ। ਇਸ ਵੱਡੀ ਬੇਇਨਸਾਫੀ ਲਈ ਸਰਕਾਰਾਂ ਦੀ ਜਵਾਬਦੇਹੀ ਤਹਿ ਕਰਦਿਆਂ ਇੱਕ ਵੱਡੇ ਇਨਕਲਾਬੀ ਬਦਲ ਦੀ ਲੋੜ ਹੈ, ਜੋ ਕਿਸੇ ਵੀ ਸਰਕਾਰ ਨੇ ਨਹੀਂ, ਸਗੋਂ ਇਸ ਵੱਡੀ ਗਿਣਤੀ ਜਨਤਾ ਨੂੰ ਖੁਦ ਕਰਨਾ ਪਏਗਾ । ਦੁਨੀਆਂ ਵਿੱਚ ਅਰਬਪਤੀਆਂ ਦੀ ਗਿਣਤੀ ਦੇ ਅੰਕੜੇ ਦੱਸਦੇ ਹਨ ਕਿ 2010 ਵਿੱਚ 388 ਅਰਬਪਤੀ ਸਨ, ਜਿਹਨਾਂ ਕੋਲ ਦੁਨੀਆ ਦੀ ਵਸੋਂ ਦੇ ਹੇਠਲੇ 50% ਫੀਸਦੀ ਲੋਕਾਂ ਜਿੰਨੀ ਦੌਲਤ ਸੀ। ਇਹਨਾਂ ਵਿੱਚ ਵੱਡੀ ਗਿਣਤੀ ਅਮਰੀਕਾ ਦੇ ਸਨ। 2012 ਵਿੱਚ ਇਹ ਗਿਣਤੀ ਹੋਰ ਘਟ ਗਈ, ਜੋ 159 ਰਹਿ ਗਈ। 2014 ਵਿੱਚ ਇਹਨਾਂ ਦੀ ਗਿਣਤੀ 80 ਰਹਿ ਗਈ ਅਤੇ 2016 ਵਿੱਚ ਹੋਰ ਘਟ ਕੇ 8 ਅਤੇ 2019 ਵਿੱਚ ਸਿਰਫ 5 ਰਹਿ ਗਈ । ਇਸ ਤਰ੍ਹਾਂ ਸਰਮਾਏ ਦਾ ਬਹੁਤ ਵੱਡਾ ਹਿੱਸਾ ਕੁੱਝ ਮੁੱਠੀਭਰ ਸਰਮਾਏਦਾਰਾਂ ਕੋਲ ਇਕੱਠਾ ਹੋ ਰਿਹਾ ਹੈ । ਸਿਰਫ 5 ਅਰਬਪਤੀਆਂ ਕੋਲ 4 ਅਰਬ ਲੋਕਾਂ ਜਿੰਨੀ ਦੌਲਤ ਦੇ ਬਰਾਬਰ ਦੌਲਤ ਹੋਣੀ ਇਕ ਬੇਹੱਦ ਵੱਡਾ ਪਾੜਾ ਹੈ। ਸਪੱਸ਼ਟ ਹੈ ਕਿ ਦੁਨੀਆ ਦੇ ਇਹ ਮੁੱਠੀਭਰ ਪੂੰਜੀਪਤੀ ਸਮੁੱਚੀ ਭੁੱਖਮਰੀ,ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਭਿਆਨਕ ਹਾਲਤਾਂ ਲਈ ਜ਼ੁੰਮੇਵਾਰ ਹਨ। ਇੱਕ ਰਿਪੋਰਟ ਅਨੁਸਾਰ ਭਾਰਤ ਦੇ ਕਰੋੜਪਤੀਆਂ ਵਿੱਚ ਆਂਧਰਾ ਪ੍ਰਦੇਸ ਦੇ ਡਾ. ਚੰਦਰ ਸ਼ੇਖਰ ਪੇਮਾਸਾਨੀ 5705 ਕਰੋੜ , ਜੋਤੀਰਾਦਿੱਤਿਆ ਸਿੰਧੀਆ 424 ਕਰੋੜ, ਜਨਤਾ ਦਲ (ਐੱਸ) ਦੇ ਐਚ ਡੀ ਕੁਮਾਰ ਸਵਾਮੀ 217 ਕਰੋੜ ਦੇ ਮਾਲਕ ਹਨ। ਇਹਨਾਂ ਤੋਂ ਬਿਨਾ ਪੰਜਾਬ ਸਮੇਤ 100-100 ਕਰੋੜ ਤੋਂ ਵੱਧ ਵਾਲੇ ਵੀ ਕਈ ਹਨ। ਇਹਨਾਂ ਵਿੱਚ ਬਹੁਤੇ ਉਹ ਹਨ, ਜਿਨ੍ਹਾਂ ਦੇ ਵਡੇਰਿਆਂ ਨੇ ਦੇਸ਼ ਲਈ ਅਜ਼ਾਦੀ ਦੀ ਲੜਾਈ ਵਿੱਚ ਬੱਬਰ ਅਕਾਲੀਆਂ, ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤ ਇਨਕਲਾਬੀਆਂ ਖਿਲਾਫ ਅੰਗਰੇਜ਼ ਹਕੂਮਤ ਦਾ ਸਾਥ ਨਿਭਾਇਆ, ਪਰ ਅਫਸੋਸ ਕਿ ਉਹਨਾਂ ਦੇ ਪਰਵਾਰ ਅੱਜ ਦੇਸ਼ ਦੀ ਰਾਜ-ਸੱਤਾ 'ਤੇ ਕਾਬਜ਼ ਹਨ , ਜਿਹਨਾਂ ਨੂੰ ਦੇਸ਼ ਨਾਲ ਗਦਾਰੀ ਕਰਨ ਦੇ ਬਦਲੇ ਅੰਗਰੇਜ਼ ਹਕੂਮਤ ਵੱਲੋਂ ਵੱਡੀਆਂ ਜਗੀਰਾਂ ਬਖਸੀਆਂ ਗਈਆਂ ਸਨ । ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਕੇ ਬਣੀਆਂ ਸਰਕਾਰਾਂ ਨੇ ਹੁਣ ਤੱਕ ਲੋਕਾਂ ਦੀ ਲੁੱਟ ਹੋਰ ਤੇਜ਼ ਕਰਕੇ ਇਹਨਾਂ ਕਰੋੜਪਤੀਆਂ/ ਅਰਬਪਤੀਆਂ ਨੂੰ ਹੋਰ ਅਮੀਰ ਬਣਾਇਆ ਹੈ । ਇਸ ਕਰਕੇ ਜਿਹੜੇ ਲੋਕਾਂ ਨਾਲ ਬੇਇਨਸਾਫੀ ਹੋ ਰਹੀ ਹੈ, ਉਹਨਾਂ ਦੀ ਹੀ ਲੋੜ ਹੈ ਕਿ ਉਹ ਇਸ ਵਰਤਾਰੇ ਨੂੰ ਸਮਝਣ । ਸਰਕਾਰਾਂ ਕੋਈ ਵੀ ਹੋਣ, ਲੋਕਾਂ ਨੂੰ ਆਪਣੀ ਕਿਰਤ ਦੀ ਲੁੱਟ ਖਿਲਾਫ ਆਵਾਜ਼ ਉਠਾਉਣ ਤੋਂ ਬਿਨਾ ਹੋਰ ਕੋਈ ਰਸਤਾ ਨਹੀਂ। ਜ਼ਿੰਦਗੀ ਸੁਧਾਰਨ ਲਈ ਪਿਛਲੀ ਪੌਣੀ ਸਦੀ ਤੋਂ ਵੀ ਵੱਧ ਸਮੇਂ ਤੋਂ ਲੋਕਾਂ ਨੇ ਰੰਗ-ਬਰੰਗੀਆਂ ਸਿਆਸੀ ਪਾਰਟੀਆਂ ਨੂੰ ਵੋਟਾਂ ਪਾ ਕੇ ਵੇਖ ਲਿਆ ਹੈ, ਪਰ ਸੁਧਾਰ ਲੋਕਾਂ ਦਾ ਨਹੀਂ, ਸਗੋਂ ਉਹਨਾਂ ਦੀਆਂ ਵੋਟਾਂ ਰਾਹੀਂ ਬਣੀਆਂ ਸਰਕਾਰਾਂ ਨੇ ਦੇਸ਼ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਕੇ ਉਹਨਾਂ ਨੂੰ ਹੋਰ ਮਾਲਾਮਾਲ ਕੀਤਾ ਹੈ। ਜਿਨ੍ਹਾਂ ਨੇ ਵੋਟਾਂ ਲੈ ਕੇ 78 ਸਾਲਾਂ ਵਿੱਚ ਦੇਸ਼ ਦੀ ਅੱਧਿਓਂ ਵੱਧ ਅਬਾਦੀ ਨੂੰ ਦੋ ਡੰਗ ਦੀ ਰੋਟੀ ਕਮਾਉਣ ਦੇ ਵੀ ਯੋਗ ਨਹੀਂ ਬਣਾਇਆ , ਉਹਨਾਂ ਤੋਂ ਹੋਰ ਕਿੰਨਾ ਕੁ ਸਮਾਂ ਆਸ ਰੱਖੀ ਜਾ ਸਕਦੀ ਹੈ ? ਵੋਟਾਂ ਰਾਹੀਂ ਚੁਣੇ ਜਾਂਦੇ ਰਹੇ ਅਨੇਕਾਂ ਸਾਂਸਦਾਂ ਖਿਲਾਫ ਸੰਗੀਨ ਅਪਰਾਧਾਂ ਅਧੀਨ ਅਦਾਲਤੀ ਕੇਸ ਚੱਲ ਰਹੇ ਹਨ, ਜਿਹਨਾਂ ਵਿੱਚ ਭ੍ਰਿਸ਼ਟਾਚਾਰ, ਕਤਲ, ਬਲਾਤਕਾਰ, ਔਰਤਾਂ ਦਾ ਸ਼ੋਸ਼ਣ ਆਦਿ ਗੰਭੀਰ ਕੇਸ ਸ਼ਾਮਲ ਇਸ ਤੋਂ ਬਿਨਾਂ ਲੋਕਾਂ ਦਾ ਧਿਆਨ ਉਹਨਾਂ ਦੇ ਅਸਲ ਮਸਲਿਆਂ ਤੋਂ ਭਟਕਾਉਣ ਲਈ ਧਰਮਾਂ, ਜਾਤਾਂ ਦੇ ਨਾਂਅ 'ਤੇ ਆਪਸੀ ਦੰਗੇ/ਫਸਾਦਾਂ ਵਿੱਚ ਉਲਝਾਉਣ ਵਰਗੇ ਕਾਰਨਾਮਿਆਂ ਨੂੰ ਅੰਜਾਮ ਦਿੱਤੇ ਜਾਂਦੇ ਹਨ। ਬਦਇੰਤਜ਼ਾਮੀ ਕਾਰਨ ਪੁਲਵਾਮਾ, ਪਹਿਲਗਾਮ , ਕੁੰਭ ਮੇਲੇ ਅਤੇ ਨਸ਼ਿਆਂ ਦੀ ਭੇਟ ਚੜ੍ਹ ਕੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਜਾਣ ਨਾਲ ਅਨੇਕ ਪਰਵਾਰ ਬਰਬਾਦੀ ਦੇ ਮੂੰਹ ਧੱਕੇ ਜਾਂਦੇ ਹਨ। ਇਸੇ ਤਰ੍ਹਾਂ ਰੇਲਵੇ ਅਤੇ ਹਵਾਈ ਜਹਾਜ਼ ਵਰਗੀਆਂ ਘਟਨਾਵਾਂ ਵਿੱਚ ਸੈਂਕੜੇ ਲੋਕਾਂ ਦੀ ਜਾਨ ਨਿਕੰਮੇ ਪ੍ਰਬੰਧਾਂ ਦੀ ਭੇਟ ਚੜ੍ਹ ਜਾਂਦੀ ਹੈ। ਅਡਾਨੀ-ਅੰਬਾਨੀ ਦੇ ਪ੍ਰਬੰਧਾਂ ਹੇਠ ਦਿੱਤੀ ਬੰਦਰਗਾਹ ਤੋਂ ਕੁਇੰਟਲਾਂ ਦੀ ਮਿਕਦਾਰ ਵਿੱਚ ਨਸ਼ਾ ਫੜਿਆ ਜਾਂਦਾ ਹੈ। ਪਤਾ ਨਹੀਂ ਕਿੱਧਰ ਗਿਆ, ਪਰ ਲੋਕਾਂ ਦੀ ਚੁਣੀ ਸਰਕਾਰ ਟੱਸ ਤੋਂ ਮੱਸ ਨਾ ਹੋਵੇ ਤਾਂ ਲੋਕ ਅਜਿਹੇ ਪ੍ਰਬੰਧਾਂ ਖਿਲਾਫ ਆਵਾਜ਼ ਨਾ ਉਠਾਉਣ ਤਾਂ ਹੋਰ ਕੀ ਕਰਨ ਆਦਿ ਗੰਭੀਰ ਸਵਾਲ ਹਨ, ਜਿਨ੍ਹਾਂ ਲਈ ਕਿਸੇ ਦੀ ਕੋਈ ਜਵਾਬਦੇਹੀ ਨਹੀਂ । ਜੇ ਲੋਕ ਸਾਂਝੇ ਯਤਨਾਂ ਨਾਲ ਆਪਣੇ ਆਪ ਆਪਣੀ ਜ਼ਿੰਦਗੀ ਸੁਧਾਰਨ ਲਈ ਅੱਗੇ ਆਉਂਦੇ ਹਨ ਤਾਂ ਕਾਨੂੰਨ ਅਨੁਸਾਰ ਠੀਕ ਕਰ ਰਹੇ ਹੋਣ ਦੇ ਬਾਵਜੂਦ ਕਾਨੂੰਨੀ ਅਵਸਥਾ ਬਣਾਈ ਰੱਖਣ ਦੀ ਯਾਦ ਪਤਾ ਨਹੀਂ ਕਿਵੇਂ ਜਾਗ ਪੈਂਦੀ ਹੈ ?

ਇਸੇ ਤਰ੍ਹਾਂ ਜਦੋਂ ਪੰਜਾਬ ਵਿੱਚ ਕਿਸਾਨੀ ਦੀ ਗੱਲ ਕਰਦੇ ਹਾਂ ਤਾਂ ਖੇਤੀ ਮਾਹਰਾਂ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਇੱਥੇ 5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ 34 ਫੀਸਦੀ ਹਨ, ਜਿਨ੍ਹਾਂ ਕੋਲ ਕੁਲ ਜ਼ਮੀਨ ਦਾ 9 ਫੀਸਦੀ ਰਕਬਾ ਹੈ। ਇਹ ਹੀ ਸਭ ਤੋਂ ਵੱਧ ਪੀੜਤ ਅਤੇ ਵੱਧ ਕਰਜ਼ਈ ਹਨ, ਜਿਸ ਕਾਰਨ ਸਭ ਤੋਂ ਵੱਧ ਖੁਦਕੁਸ਼ੀਆਂ ਵੀ ਇਹੋ ਕਰਦੇ ਹਨ। ਜੇਕਰ ਇਸ ਹਿੱਸੇ ਨੂੰ ਸਾਂਝੀ ਖੇਤੀ ਲਈ ਪ੍ਰੇਰਿਤ ਕਰਕੇ ਤਿਆਰ ਕਰ ਲਿਆ ਜਾਵੇ ਤਾਂ ਕਾਰਪੋਰੇਟ ਦੇ ਜੂਲੇ ਹੇਠੋਂ ਨਿਕਲ ਸਕਦੇ ਹਨ। ਕਿਸਾਨ ਜਥੇਬੰਦੀਆਂ ਨੂੰ ਵੀ ਇਸ ਸਬੰਧੀ ਵਿਚਾਰਨ ਦੀ ਲੋੜ ਹੈ । ਅਡਾਨੀ-ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੀ ਸਰਪ੍ਰਸਤੀ ਕਬੂਲ ਕਰ ਚੁੱਕੀਆਂ ਸਾਡੀਆਂ ਸਰਕਾਰਾਂ ਨੇ ਹੁਣ ਖੇਤੀ ਕਿੱਤਾ ਵੀ ਕਿਸਾਨੀ ਕੋਲੋਂ ਕਾਰਪੋਰੇਟਾਂ ਦੇ ਹੱਕ ਵਿੱਚ ਹਥਿਆਉਣ ਲਈ ਕਾਨੂੰਨੀ ਦਾਅ-ਪੇਚ ਖੇਡਣੇ ਸ਼ੁਰੂ ਕੀਤੇ ਹੋਏ ਹਨ । ਕਾਰਪੋਰੇਟਾਂ ਦੇ ਹੱਕ ਵਿੱਚ ਤਿੰਨ ਖੇਤੀ ਕਾਨੂੰਨ ਲਿਆਉਣੇ, ਪਿੰਡ ਜਿਉਂਦ (ਬਠਿੰਡਾ) ਜ਼ਮੀਨ ਮਾਮਲਾ, ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਸ਼ਹਿਰੀ ਕਰਨ ਸਕੀਮ ਦੇ ਨਾਂਅ ਹੇਠ ਲੈਣ ਦਾ ਮਾਮਲਾ, ਭਾਰਤ ਮਾਲਾ ਪ੍ਰਾਜੈਕਟ ਆਦਿ ਇਸੇ ਲੜੀ ਦਾ ਹਿੱਸਾ ਹਨ, ਜਿਸ ਬਾਰੇ ਕਿਸਾਨ ਜੱਥੇਬੰਦੀਆਂ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਹਨ। ਇਸੇ ਤਰ੍ਹਾਂ ਵਿੱਦਿਆ ਕਰਾਂਤੀ ਦੇ ਨਾਂਅ ਹੇਠ ਵਿੱਦਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰਕੇ ਕਾਰਪੋਰੇਟ ਜਗਤ ਲਈ ਸਸਤੇ ਮਜ਼ਦੂਰ ਪੈਦਾ ਕਰਨ ਦੀਆਂ ਵਿਉਂਤਾਂ ਵੀ ਉਸੇ ਲੜੀ ਦਾ ਅੰਗ ਹਨ। ਇਸ ਤਰ੍ਹਾਂ ਸਰਕਾਰਾਂ ਵੱਲੋਂ ਵੱਡੇ ਘਰਾਣਿਆਂ ਨੂੰ ਲਾਭ ਪਹੁੰਚਾਉਣ ਦਾ ਇਵਜ਼ਾਨਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ।

ਇਹ ਵੀ ਸਾਹਮਣੇ ਹੈ ਕਿ ਬਸਤਰ, ਕਸ਼ਮੀਰ, ਪੰਜਾਬ ਆਦਿ ਖੇਤਰਾਂ ਵਿੱਚ ਕੁਦਰਤੀ ਖਣਿਜ ਪਦਾਰਥਾਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣ ਲਈ ਸਰਕਾਰੀ ਨੀਤੀਆਂ ਦਾ ਵਿਰੋਧ ਕਰ ਰਹੇ ਇਹਨਾਂ ਖੇਤਰਾਂ ਦੇ ਲੋਕ ਜਦੋਂ ਆਪਣੀ ਕਿਰਤ ਦੇ ਵਸੀਲਿਆਂ (ਜਲ, ਜੰਗਲ ਅਤੇ ਜ਼ਮੀਨ) ਦੀ ਰਾਖੀ ਕਰਨ ਲਈ ਜੱਥੇਬੰਦ ਹੋ ਕੇ ਅੱਗੇ ਵਧਦੇ ਹਨ ਤਾਂ ਸਰਕਾਰ ਵੱਲੋਂ ਵਿਕਾਸ ਵਿਰੋਧੀ, ਦੇਸ਼ ਧਰੋਹੀ , ਨਕਸਲੀ, ਮਾਓਵਾਦੀ ਹੋਣ ਵਰਗੇ ਦੋਸ਼ ਮੜ੍ਹ ਕੇ ਕਤਲ ਕੀਤੇ ਜਾ ਰਹੇ ਹਨ ਅਤੇ ਕੇਸ ਦਰਜ ਕਰਨ ਦੇ ਝੂਠੇ ਬਿਰਤਾਂਤ ਸਿਰਜੇ ਜਾਂਦੇ ਹਨ। ਉੱਘੀਆਂ ਸਮਾਜ ਚਿੰਤਕ ਸ਼ਖਸੀਅਤਾਂ ਜਿਨ੍ਹਾਂ ਵਿੱਚ ਬੁੱਧੀਜੀਵੀ, ਪੱਤਰਕਾਰ , ਡਾਕਟਰ, ਵਕੀਲ ਆਦਿ ਸ਼ਾਮਲ ਹਨ, ਨੂੰ ਦੇਸ਼ ਧਰੋਹੀ , ਅਰਬਨ ਨਕਸਲੀ ਆਦਿ ਨਾਂਅ ਦੇ ਕੇ ਜੇਲ੍ਹਾਂ 'ਚ ਬੰਦ ਕੀਤਾ ਹੋਇਆ ਹੈ, ਜਿਨ੍ਹਾਂ ਨੂੰ ਕਮਾਊ ਲੋਕਾਂ ਦੇ ਹੱਕੀ ਸੰਘਰਸ਼ਾਂ ਦੇ ਹਮਾਇਤੀ ਹੋਣ ਦਾ ਇਵਜ਼ਾਨਾ ਭੁਗਤਣਾ ਪੈ ਰਿਹਾ ਹੈ।

ਸੋ ਸਪੱਸਟ ਹੈ ਕਿ ਸਰਕਾਰ ਦੇਸ਼ ਦੇ ਕੁਦਰਤੀ ਸਰੋਤਾਂ ਦੀ ਵਰਤੋਂ ਵਿੱਚ ਲੋਕਾਂ ਨੂੰ ਸਾਂਝੀਵਾਲ ਬਣਾ ਕੇ ਉਹਨਾਂ ਦੀ ਜ਼ਿੰਦਗੀ ਸੁਧਾਰਨ ਦੀ ਬਜਾਏ ਧਨਾਢਾਂ ਦੀ ਆਮਦਨ ਹੋਰ ਵਧਾਉਣ ਨੂੰ ਪਹਿਲ ਦੇ ਰਹੀ ਹੈ । ਇਸ ਨਾਲ ਦੇਸ਼ ਦੀ ਵੱਡੀ ਜਨ ਸੰਖਿਆ ਜੋ ਪਹਿਲਾਂ ਹੀ ਅਤਿ ਕੰਗਾਲੀ ਭਰਿਆ ਜੀਵਨ ਜਿਉ ਰਹੀ ਹੈ, ਦਾ ਜਿਉਂਣ ਪੱਧਰ ਹੋਰ ਨੀਵਾਂ ਹੋ ਜਾਵੇਗਾ। ਇਸ ਲਈ ਸਾਂਝੀਵਾਲਤਾ ਦੇ ਸੰਕਲਪ ਨੂੰ ਪ੍ਰਣਾਇਆ ਰਾਜ ਪ੍ਰਬੰਧ ਉਸਾਰਨ ਲਈ ਅੱਗੇ ਵਧਣ ਅਤੇ ਕਾਰਪੋਰੇਟਾਂ ਤੇ ਧਨਾਢਾਂ ਦੇ ਬੇ-ਥਾਹ ਮੁਨਾਫਿਆਂ ਨੂੰ ਬੰਦ ਕਰਕੇ ਲੋਕ ਹਿੱਤ ਵਿੱਚ ਮੋੜਾ ਦੇਣਾ ਸਮੁੱਚੇ ਦੇਸ ਦੇ ਹਿੱਤ ਵਿੱਚ ਹੋਵੇਗਾ।

# ਸੰਪਰਕ : 98151-69825

# ਸਮਾਜ ਨੂੰ ਘੁਣ ਵਾਂਗ ਖਾ ਰਿਹੈ ਸੋਸ਼ਲ ਮੀਡੀਆ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਜੇਕਰ ਇਹ ਕਹਿ ਲਿਆ ਜਾਵੇ ਕਿ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਅਜੋਕੇ ਸੰਸਾਰਕ ਜੀਵਾਂ ਲਈ 'ਲਾਈਫ਼ਲਾਈਨ' ਬਣ ਚੁੱਕੇ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਅੱਜ ਪੇਂਡੂ ਹੋਵੇ ਜਾਂ ਸ਼ਹਿਰੀ,ਵੱਧ ਪੜ੍ਹਿਆ ਹੋਵੇ ਜਾਂ ਘੱਟ , ਮਰਦ ਹੋਵੇ ਜਾਂ ਇਸਤਰੀ ਅਤੇ ਬੱਚਾ ਹੋਵੇ ਜਾਂ ਬਜ਼ੁਰਗ ਹਰੇਕ ਲਈ ਪਹਿਲਾਂ ਮੋਬਾਇਲ ਫ਼ੋਨ ਤੇ ਫਿਰ ਫ਼ੋਨ ਵਿੱਚ ਇੰਟਰਨੈੱਟ ਤੇ ਫਿਰ ਇੰਟਰਨੈੱਟ ਉੱਤੇ ਸੋਸ਼ਲ ਮੀਡੀਆ ਦੀ ਵਰਤੋਂ ਤਾਂ ਜ਼ਿੰਦਗੀ ਦਾ ਲਾਜ਼ਮੀ ਜਿਹਾ ਹਿੱਸਾ ਬਣ ਚੁੱਕੇ ਹਨ। ਅਜੋਕੇ ਬੱਚੇ ਅਤੇ ਨੌਜਵਾਨ ਰੋਟੀ ਤੋਂ ਤਾਂ ਭੁੱਖੇ ਰਹਿ ਸਕਦੇ ਹਨ, ਪਰ ਮੋਬਾਇਲ ਫ਼ੋਨ ਅਤੇ ਉਸ ਵਿਚਲੇ ਇੰਟਰਨੈੱਟ ਤੋਂ ਬਗ਼ੈਰ ਇਹ ਇਕ ਪਲ ਵੀ ਨਹੀਂ ਕੱਢ ਸਕਦੇ ਹਨ। ਸੋਸ਼ਲ ਮੀਡੀਆ ਅਸਲ ਵਿੱਚ ਮਨੁੱਖ ਨੂੰ ਦਿੱਤਾ ਤਾਂ ਮਨੋਰੰਜਨ ਅਤੇ ਪ੍ਰਚਾਰ ਲਈ ਗਿਆ ਸੀ, ਪਰ ਕੁਝ ਗ਼ਲਤ ਅਨਸਰਾਂ ਦੇ ਹੱਥਾਂ ਵਿੱਚ ਚਲਾ ਜਾਣ ਕਰਕੇ ਤੇ ਇਸ ਦੀ ਅਨੈਤਿਕ ਵਰਤੋਂ ਹੋਣ ਕਰਕੇ ਇਹ ਗਾਲੀ-ਗਲੋਚ ਅਤੇ ਕਤਲੋਗ਼ਾਰਤ ਦਾ ਸਬੱਬ ਬਣ ਚੁੱਕਾ ਹੈ। ਹੁਣ ਸਮਾਂ ਆ ਗਿਆ ਹੈ ਕਿ ਸਮਾਜ ਅਤੇ ਸਰਕਾਰ ਨੂੰ ਜਾਗ ਪੈਣਾ ਚਾਹੀਦਾ ਹੈ ਤੇ ਸੋਸ਼ਲ ਮੀਡੀਆ 'ਤੇ ਪਏ 'ਗੰਦ' ਅਤੇ 'ਕੂੜਾ-ਕਰਕਟ' ਨੂੰ ਸਾਫ਼ ਕਰਨ ਲਈ ਕੁਝ ਕਰੜੇ ਨਿਯਮ ਬਣਾਉਣੇ ਤੇ ਲਾਗੂ ਕਰਨੇ ਪੈਣਗੇ।

ਇਥੇ ਪੜ੍ਹਨ ਅਤੇ ਸਮਝਣ ਵਾਲੀ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਸੰਸਾਰ ਦੀ ਕੁੱਲ ਆਬਾਦੀ 812 ਕਰੋੜ ਦੇ ਨੇੜੇ ਹੈ ਤੇ ਇਸ ਵਿੱਚੋਂ 556 ਕਰੋੜ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਤੇ ਉਨ੍ਹਾ ਵਿੱਚੋਂ ਵੀ ਅਪ੍ਰੈਲ,2025 ਵਿੱਚ 531 ਕਰੋੜ ਲੋਕ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਨ, ਜੋ ਕਿ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਦੀ ਕੁੱਲ ਸੰਖਿਆ ਦਾ 94.24 ਫ਼ੀਸਦੀ ਬਣਦਾ ਸੀ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਸੋਸ਼ਲ ਮੀਡੀਆ ਵਰਤੋਂਕਾਰਾਂ ਵਿੱਚ 26 ਕਰੋੜ ਦੇ ਕਰੀਬ ਵਰਤੋਂਕਾਰ ਅਜੇ ਪਿਛਲੇ ਹੀ ਵਰ੍ਹੇ ਵਿੱਚ ਨਵੇਂ ਸ਼ਾਮਲ ਹੋਏ ਸਨ। ਹੈਰਾਨੀਜਨਕ ਤੱਥ ਹੈ ਕਿ ਦੁਨੀਆਂ ਵਿਚਲੇ ਕੁੱਲ ਬਾਲਗਾਂ ਵਿੱਚੋਂ 87.3 ਫ਼ੀਸਦੀ ਬਾਲਗ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ।

ਇਸ ਸਬੰਧ ਵਿੱਚ ਜੇਕਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਭਾਰਤ ਅੰਦਰ ਫ਼ਰਵਰੀ, 2025 ਵਿੱਚ ਕੁੱਲ ਆਬਾਦੀ 146 ਕਰੋੜ ਅਤੇ ਮੋਬਾਇਲ ਫ਼ੋਨਾਂ ਦੀ ਸੰਖਿਆ 112 ਕਰੋੜ ਸੀ। ਇਨ੍ਹਾਂ ਵਿੱਚੋਂ ਇੰਟਰਨੈੱਟ ਵਰਤੋਂਕਾਰਾਂ ਦੀ ਸੰਖਿਆ 80.6 ਕਰੋੜ ਦੇ ਕਰੀਬ ਸੀ ਅਤੇ ਸੋਸ਼ਲ ਮੀਡੀਆ ਵਰਤੋਂਕਾਰਾਂ ਦੀ ਸੰਖਿਆ 49.1 ਕਰੋੜ ਦੇ ਕਰੀਬ ਸੀ। ਹਰੇਕ ਭਾਰਤੀ ਔਸਤਨ ਚਾਰ ਘੰਟੇ ਪ੍ਰਤੀ ਦਿਨ ਮੋਬਾਇਲ ਫ਼ੋਨ ਚਲਾਉਣ ਸਮੇਤ ਕੰਪਿਊਟਰ, ਟੇਬਲੈੱਟ, ਸਮਾਰਟ ਟੀ.ਵੀ. ਜਾਂ ਹੋਰ ਸਾਧਨਾਂ ਰਾਹੀਂ ਸੱਤ ਘੰਟੇ ਪ੍ਰਤੀ ਦਿਨ ਦੇ ਹਿਸਾਬ ਨਾਲ ਇੰਟਰਨੈੱਟ ਦੀ ਵਰਤੋਂ ਕਰਦਾ ਸੀ। ਭਾਰਤ ਵਿੱਚ ਵਟਸਐਪ ਅਤੇ ਫ਼ੇਸਬੁਕ ਚਲਾਉਣ ਵਾਲਿਆਂ ਦੀ ਸੰਖਿਆ ਮਈ 2025 ਵਿੱਚ ਕ੍ਰਮਵਾਰ 85 ਕਰੋੜ ਅਤੇ 58 ਕਰੋੜ ਤੋਂ ਵੱਧ ਸੀ, ਜਦੋਂ ਕਿ ਇੰਸਟਾਗ੍ਰਾਮ ਅਤੇ ਮੈਸੇਂਜਰ ਆਦਿ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਕ੍ਰਮਵਾਰ 39.25 ਕਰੋੜ ਅਤੇ 38.88 ਕਰੋੜ ਸੀ।

ਉਪਰੋਕਤ ਸਾਰੇ ਅੰਕੜੇ ਅਤੇ ਸਮੁੱਚਾ ਬਿਰਤਾਂਤ ਇਹ ਇਸ਼ਾਰਾ ਕਰਦਾ ਹੈ ਕਿ ਭਾਰਤ ਵਿੱਚ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਵਰਤੋਂਕਾਰਾਂ ਦੀ ਸੰਖਿਆ ਕਾਫੀ ਜ਼ਿਆਦਾ ਹੈ ਤੇ ਇਹ ਸੰਖਿਆ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਗਤੀ ਨਾਲ ਵਧ ਰਹੀ ਹੈ। ਇਨ੍ਹਾਂ ਦੀ ਗਿਣਤੀ ਦਾ ਵਧਣਾ ਕੋਈ ਗ਼ਲਤ ਜਾਂ ਮਾੜੀ ਗੱਲ ਨਹੀਂ ਹੈ। ਹਰੇਕ ਯੁੱਗ ਵਿੱਚ ਸਮੇਂ ਦੀ ਚਾਲ ਨਾਲ ਚਾਲ ਮਿਲਾ ਕੇ ਚੱਲਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਇੰਟਰਨੈੱਟ ਦੀ ਅਤੇ ਵਿਸ਼ੇਸ਼ ਕਰਕੇ ਸੋਸ਼ਲ ਮੀਡੀਆ ਦੀ ਵਰਤੋਂ ਚੰਗੇ ਅਤੇ ਉਸਾਰੂ ਕਾਰਜਾਂ ਦੀ ਥਾਂ ਮਾੜੇ ਅਤੇ ਢਾਹੂ ਕੰਮਾਂ ਲਈ ਕਰਨਾ ਬਹੁਤ ਹੀ ਨਿੰਦਣਯੋਗ ਅਤੇ ਚਿੰਤਾਜਨਕ ਹੈ। ਆਪਣੇ ਗਿਆਨ ਨੂੰ,ਆਪਣੀ ਕਲਾ ਨੂੰ ,ਆਪਣੇ ਹੁਨਰ ਨੂੰ ਅਤੇ ਆਪਣੇ ਕਾਰੋਬਾਰ ਨੂੰ ਸੋਸ਼ਲ ਮੀਡੀਆ ਰਾਹੀਂ ਦੇਸ਼-ਵਿਦੇਸ਼ ਤੱਕ ਪਹੁੰਚਾਉਣ ਦਾ ਯਤਨ ਕਰਨਾ ਬਹੁਤ ਹੀ ਚੰਗੀ ਗੱਲ ਹੈ, ਪਰ ਸੋਸ਼ਲ ਮੀਡੀਆ ਦੀ ਵਰਤੋਂ ਨੰਗੇਜ਼ਵਾਦ, ਅਸ਼ਲੀਲਤਾ, ਧਾਰਮਿਕ ਕੱਟੜਤਾ, ਝੂਠ, ਨਫ਼ਰਤ ਅਤੇ ਹਿੰਸਾ ਫ਼ੈਲਾਉਣ ਲਈ ਕਰਨਾ ਬੇਹੱਦ ਘਟੀਆ ਅਤੇ ਅਫ਼ਸੋਸਨਾਕ ਹੈ।

ਸੋਸ਼ਲ ਮੀਡੀਆ ਰਾਹੀਂ ਕੁਝ ਔਰਤਾਂ ਅਤੇ ਮਰਦਾਂ ਵੱਲੋਂ ਪ੍ਰਸਿੱਧ ਹੋਣ ਲਈ ਜਾਂ ਪੈਸੇ ਕਮਾਉਣ ਲਈ ਅਸ਼ਲੀਲ ਇਸ਼ਾਰਿਆਂ ਜਾਂ ਭਾਸ਼ਾ ਦੀ ਵਰਤੋਂ ਕਰਨਾ ਜਿੰਨਾ ਗ਼ਲਤ ਅਤੇ ਨਿੰਦਣਯੋਗ ਹੈ, ਓਨਾ ਹੀ ਨਿੰਦਣਯੋਗ। ਅਜਿਹੇ ਅਨਸਰਾਂ ਨੂੰ ਸਜ਼ਾ ਦੇਣ ਲਈ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣਾ ਵੀ ਹੈ। ਦੋਵਾਂ ਧਿਰਾਂ ਨੂੰ ਨੈਤਿਕਤਾ ਦੇ ਪੈਮਾਨਿਆਂ ਦੀ ਪਰਵਾਹ ਕਰਨ ਅਤੇ ਸਮਾਜ ਨੂੰ ਸੇਧ ਦੇਣ ਵਾਲਾ ਕੁਝ ਉਸਾਰੂ ਕੰਟੈਂਟ ਸੋਸ਼ਲ ਮੀਡੀਆ ਰਾਹੀਂ ਸਾਂਝਾ ਕਰਨ ਦੀ ਲੋੜ ਹੈ। ਛੇਤੀ ਨਾਲ ਸੋਸ਼ਲ ਮੀਡੀਆ 'ਤੇ ਮਸ਼ਹੂਰ ਹੋਣ ਜਾਂ ਘਟੀਆ ਹਰਕਤਾਂ ਰਾਹੀਂ ਪੈਸੇ ਕਮਾਉਣ ਦੀ ਚਾਹਤ ਰੱਖਣ ਵਾਲਿਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਜ ਵਿਚਲੇ ਬੱਚੇ ਅਤੇ ਨੌਜਵਾਨ ਸਾਡੇ ਮੁਲਕ ਦਾ ਭਵਿੱਖ ਹਨ ਤੇ ਇਨ੍ਹਾਂ ਨੂੰ ਕੁਰਾਹੇ ਪਾਉਣ ਵਾਲਾ ਭਰਮਾਊ ਜਾਂ ਉਕਸਾਊ ਕੰਟੈਂਟ ਸੋਸ਼ਲ ਮੀਡੀਆ ਰਾਹੀਂ ਸ਼ੇਅਰ ਕਰਨਾ ਬਿਲਕੁਲ ਵੀ ਵਾਜਿਬ ਨਹੀਂ ਹੈ।

ਸਮਾਜ ਦੇ ਨਾਲ-ਨਾਲ ਸਿਵਲ ਪ੍ਰਸ਼ਾਸਨ ਅਤੇ ਹਰੇਕ ਸਰਕਾਰ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੋਸ਼ਲ ਮੀਡੀਆ ਨੂੰ ਸਾਫ਼-ਸੁਥਰਾ ਰੱਖਣ ਲਈ ਆਪੋ-ਆਪਣੀ ਭੂਮਿਕਾ ਪੂਰੀ ਤਨਦੇਹੀ ਨਾਲ ਨਿਭਾਉਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਪ੍ਰਸਾਰਤ ਕੀਤੇ ਜਾ ਸਕਣ ਵਾਲੇ ਕੰਟੈਂਟ ਲਈ ਕੁਝ ਸਪੱਸ਼ਟ ਮਾਪਦੰਡ ਨਿਰਧਾਰਤ ਕਰੇ, ਜਿਨ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇ। ਇਨ੍ਹਾਂ ਮਾਪਦੰਡਾਂ ਬਾਰੇ ਪ੍ਰਚਾਰ ਸਾਧਨਾਂ ਰਾਹੀਂ ਤੇ ਵਿਦਿਅਕ ਅਦਾਰਿਆਂ ਵਿਚ ਸੈਮੀਨਾਰਾਂ ਰਾਹੀਂ ਜਾਗਰੂਕਤਾ ਫ਼ੈਲਾਈ ਜਾਵੇ। ਗ਼ਲਤ ਕੰਟੈਂਟ ਪਰੋਸਣ ਵਾਲਿਆਂ ਦੀ ਕਮਾਈ 'ਤੇ ਏਨੇ ਕੁ ਟੈਕਸ ਲੱਗਣੇ ਚਾਹੀਦੇ ਹਨ ਕਿ ਉਨ੍ਹਾਂ ਦੇ ਹੱਥ ਪੱਲੇ ਕੁਝ ਵੀ ਨਾ ਪਏ ਅਤੇ ਉਸਾਰੂ ਕੰਟੈਂਟ ਪ੍ਰਸਾਰਤ ਕਰਨ ਵਾਲਿਆਂ ਲਈ ਵਿੱਤੀ ਇਨਾਮ ਅਤੇ ਹੋਰ ਸਨਮਾਨ ਐਲਾਨੇ ਜਾਣੇ ਚਾਹੀਦੇ ਹਨ, ਤਾਂ ਜੋ ਵੱਧ ਤੋਂ ਵੱਧ ਲੋਕ ਸੋਸ਼ਲ ਮੀਡੀਆ 'ਤੇ ਚੰਗਾ ਕਟੈਂਟ ਪਾਉਣ ਲਈ ਪ੍ਰੇਰਿਤ ਹੋਣ। ਮੁੱਕਦੀ ਗੱਲ ਇਹ ਵੀ ਹੈ ਕਿ ਭੱਦਾ ਅਤੇ ਅਸ਼ਲੀਲ ਮੈਟਰ ਸੋਸ਼ਲ ਮੀਡੀਆ 'ਤੇ ਪਾਉਣ ਵਾਲੇ ਖ਼ੁਦ ਹੀ ਆਪਣੇ ਜ਼ਮੀਰ ਅੰਦਰ ਝਾਕ ਕੇ ਵੇਖਣ ਕਿ ਕੀ ਉਹ ਨੇਕੀ ਅਤੇ ਹੱਕ ਦੀ ਕਮਾਈ ਖਾ ਰਹੇ ਹਨ ? ਸਾਨੂੰ ਆਪਣੇ ਅੰਦਰ ਗਾਉਣ, ਨੱਚਣ, ਸੰਗੀਤਕ ਸਾਜ਼ ਵਜਾਉਣ, ਸੁਆਦੀ ਪਕਵਾਨ ਬਣਾਉਣ, ਸੋਹਣੇ ਅਤੇ ਡਿਜ਼ਾਇਨਰ ਕੱਪੜੇ ਸਿਊਣ ਅਤੇ ਚੰਗਾ ਸਾਹਿਤ ਰਚਣ ਦਾ ਹੁਨਰ ਪੈਦਾ ਕਰਕੇ ਸੋਸ਼ਲ ਮੀਡੀਆ 'ਤੇ ਵੰਡਣਾ ਚਾਹੀਦਾ ਹੈ, ਫਿਰ ਵੇਖੋ ਸਾਨੂੰ ਕਰੋੜਾਂ 'ਲਾਈਕਸ' ਅਤੇ ਲੱਖਾਂ ਰੁਪਏ ਵੀ ਮਿਲਣਗੇ ਅਤੇ ਇੱਜ਼ਤ ਦੀ ਰੋਟੀ ਕਮਾ ਕੇ ਖਾਣ ਨਾਲ ਸਿਰ ਉੱਚਾ ਕਰਕੇ ਜਿਊਣ ਦਾ ਸ਼ਰਫ਼ ਵੀ ਹਾਸਿਲ ਹੋਵੇਗਾ।

# ਸੰਪਰਕ : 97816-46008

# ਅਜੋਕਾ ਟਰੇਡ ਵਾਰ ਅਤੇ ਡੋਨਾਲਡ ਟਰੰਪ


ਮੁਹੰਮਦ ਅੱਬਾਸ ਧਾਲੀਵਾਲ

ਸੱਚ ਆਖਾਂ ਤਾਂ ਅਜੋਕੇ ਸਮੇਂ ਨੂੰ ਹਕੀਕਤ ਵਿੱਚ ਪਦਾਰਥਵਾਦੀ ਯੁੱਗ ਆਖਿਆ ਜਾ ਸਕਦਾ ਹੈ। ਵੈਸੇ ਵੀ ਜਦੋਂ ਕਿਸੇ ਰਾਜ ਦਾ ਮੁਖੀ ਆਪਣੇ ਰਾਜ ਧਰਮ ਨਿਭਾਉਣ ਥਾਂ ਆਪਣੇ ਸੋਚ ਵਿੱਚ ਨਿੱਜੀ ਵਿਓਪਾਰ ਨੂੰ ਵਧਾਉਣ ਦੀ ਲਾਲਸਾ ਪਾਲੀ ਬੈਠਾ ਹੋਵੇ ਤਾਂ ਉਸ ਤੋਂ ਲੋਕਾਂ ਦੀ ਭਲਾਈ ਦੀ ਉਮੀਦ ਰੱਖਣਾ ਸਾਡੀ ਇੱਕ ਖਾਮ-ਖਿਆਲੀ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ। ਦਰਅਸਲ ਅਜੋਕੇ ਸਮੇਂ ਦੇ ਵਧੇਰੇ ਰਾਜਨੀਤਕ ਆਗੂਆਂ ਦੇ ਦਿਮਾਗਾਂ 'ਚ ਪਦਾਰਥਵਾਦ ਅਤੇ ਆਪਣੇ ਨਿੱਜੀ ਮੁਫ਼ਾਦ ਇਸ ਕਦਰ ਘਰ ਕਰ ਗਏ ਹਨ ਕਿ ਉਨ੍ਹਾਂ ਨੂੰ ਇਸ ਤੋਂ ਬਿਨਾਂ ਕੁਝ ਵੀ ਸੁਝਾਈ ਨਹੀਂ ਦਿੰਦਾ। ਅੱਜ ਜੋ ਵੀ ਦੁਨੀਆ ਵਿਚ ਯੁੱਧ ਹੋ ਰਹੇ ਹਨ, ਉਨ੍ਹਾਂ ਦਾ ਸੰਬੰਧ ਜਾਂ ਕੁਝ ਆਗੂਆਂ ਦੀ ਹਉਮੈਂ (ਈਗੋ) ਨਾਲ ਜੁੜਿਆ ਹੋਇਆ ਹੈ ਜਾਂ ਫਿਰ ਉਨ੍ਹਾਂ ਦੇ ਦਿਮਾਗ ਵਿੱਚ ਚੱਲ ਰਹੇ ਟਰੇਡ ਨਾਲ ਜੁੜਿਆ ਹੋਇਆ ਹੈ। ਅੱਜ ਅਸੀਂ ਟਰੇਡ ਵਾਰ ਤੇ ਚਰਚਾ ਕਰਾਂਗੇ।

ਜਦੋਂ ਅਸੀਂ ਅਜੋਕੇ ਸਮੇਂ ਵਿੱਚ ਟ੍ਰੇਡ ਵਾਰ (ਵਪਾਰਕ ਜੰਗ) ਦੀ ਗੱਲ ਕਰਦੇ ਹਾਂ ਤਾਂ ਅਸੀਂ ਇਸ ਨੂੰ ਪਰਿਭਾਸ਼ਿਤ ਕਰਦਿਆਂ ਕਹਿ ਸਕਦੇ ਹਾਂ ਕਿ ਟਰੇਡ ਵਾਰ ਇੱਕ ਆਰਥਿਕ ਟਕਰਾਅ ਹੁੰਦਾ ਹੈ, ਜਦੋਂ ਦੋ ਜਾਂ ਉਸ ਤੋਂ ਵੱਧ ਦੇਸ਼ ਇੱਕ-ਦੂਜੇ ਦੇ ਵਪਾਰ ਉੱਤੇ ਟੈਕਸਾਂ ਵਿੱਚ ਵਾਧਾ ਜਾਂ ਟੈਰਿਫ ਵਿੱਚ ਵਾਧਾ ਕੋਟਾ ਜਾਂ ਆਯਾਤ 'ਤੇ ਪਾਬੰਦੀ ਲਾ ਦਿੰਦੇ ਹਨ। ਇਹ ਅਕਸਰ ਆਪਣੇ ਦੇਸ਼ ਦੀ ਉਦਯੋਗਿਕਤਾ ਨੂੰ ਬਚਾਉਣ ਜਾਂ ਕਿਸੇ ਹੋਰ ਦੇਸ਼ ਦੀ ਨੀਤੀ ਦਾ ਵਿਰੋਧ ਕਰਨ ਲਈ ਕੀਤਾ ਜਾਂਦਾ ਹੈ, ਜਿਵੇਂ ਕਿ ਪਿਛਲੇ ਮਹੀਨਿਆਂ ਦੌਰਾਨ ਅਸੀਂ ਅਮਰੀਕਾ ਦੇ ਰਾਸਟਰਪਤੀ ਡੋਨਾਲਡ ਟਰੰਪ ਨੂੰ ਵੇਖਿਆ ਕਿ ਉਸ ਨੇ ਚੀਨ, ਭਾਰਤ ਸਮੇਤ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੀਆਂ ਟੈਰਿਫ ਦਰਾਂ ਵਾਧਾ ਕਰਦਿਆਂ ਹਰ ਦੇਸ਼ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ।

ਜੇਕਰ ਟਰੇਡ ਵਾਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੀ ਗੱਲ ਕਰੀਏ ਤਾਂ ਇਸ ਦੇ ਵਿੱਚ ਕਿਸੇ ਵਿਦੇਸ਼ੀ ਸਮਾਨ 'ਤੇ ਵਾਧੂ (ਟੈਰਿਫ) ਟੈਕਸ ਲਗਾਇਆ ਜਾਂਦਾ ਹੈ ਤਾਂ ਜੋ ਉਹ ਮਹਿੰਗਾ ਹੋ ਜਾਏ।

ਦਰਅਸਲ ਕਈ ਵਾਰ ਇਹ ਬਦਲਾ ਲੈਣ ਦੀ ਨੀਅਤ ਨਾਲ ਇਕ ਦੇਸ਼ ਦੂਜੇ ਦੀ ਕਾਰਵਾਈ ਦੇ ਜਵਾਬ ਵਜੋਂ ਆਪਣੀਆਂ ਰੁਕਾਵਟਾਂ ਵਧਾ ਦਿੰਦਾ ਹੈ। ਇਹ ਗਲੋਬਲ ਵਪਾਰ ਵਿਚ ਰੁਕਾਵਟ ਬਣਦਾ ਹੈ ਕਿਉਂਕਿ ਇਹ ਕਾਰੋਬਾਰ, ਗਾਹਕਾਂ ਅਤੇ ਸਪਲਾਈ ਚੇਨ ਨੂੰ ਨੁਕਸਾਨ ਪਹੁੰਚਾਉਣ ਦਾ ਕਾਰਨ ਬਣਦਾ ਹੈ। ਟਰੇਡ ਵਾਰ ਦੇ ਚਲਦਿਆਂ ਅਕਸਰ ਦੇਸ਼ਾਂ ਵਿਚਕਾਰ ਸਿਆਸੀ ਅਤੇ ਆਰਥਿਕ ਤਣਾਅ 'ਚ ਵਾਧਾ ਹੁੰਦਾ ਹੈ, ਜਿਸ ਦੇ ਨਤੀਜੇ ਵਜੋਂ ਦੂਜੇ ਦੇਸ਼ਾਂ ਨਾਲ ਸਬੰਧਾਂ ਚ ਖਰਾਬੀ ਤੇ ਵਿਗਾੜ ਆਉਂਦੇ ਹਨ ।

ਜਿਵੇਂ ਕਿ ਹਾਲ ਹੀ ਦੇ ਮਹੀਨਿਆਂ 'ਚ ਅਸੀਂ ਅਮਰੀਕਾ ਤੇ ਚੀਨ ਵਿਚਕਾਰ ਇਸ ਦੀ ਤਾਜ਼ਾ ਉਦਾਹਰਣ ਵੇਖੀ। ਇਸ ਤੋਂ ਪਹਿਲਾਂ ਵੀ ਇਨ੍ਹਾਂ ਦੋਵਾਂ ਦੇਸ਼ਾਂ ਦਰਮਿਆਨ ਅਰਥਾਤ ਅਮਰੀਕਾ-ਚੀਨ ਟ੍ਰੇਡ ਵਾਰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਹਿਲੀ ਟਰਮ ਵਿਚਕਾਰ ਵੀ ਵੇਖਣ ਨੂੰ ਮਿਲੀ ਸੀ। ਉਸ ਸਮੇਂ ਵੀ ਅਮਰੀਕਾ ਨੇ ਚੀਨ 'ਤੇ ਅਨੁਚਿਤ ਵਪਾਰ ਨੀਤੀਆਂ ਦਾ ਦੋਸ਼ ਲਾਇਆ ਅਤੇ ਟੈਰਿਫ ਲਗਾ ਦਿੱਤੇ। ਉਧਰ ਚੀਨ ਨੇ ਵੀ ਅਮਰੀਕੀ ਉਤਪਾਦਾਂ 'ਤੇ ਟੈਕਸ ਲਗਾ ਕੇ ਆਪਣੇ ਵੱਲੋਂ ਬਣਦਾ ਜਵਾਬ ਦਿੱਤਾ ਸੀ, ਜਿਸ ਦੇ ਚਲਦਿਆਂ ਦੁਨੀਆ ਭਰ ਦੀ ਆਰਥਿਕਤਾ 'ਤੇ ਬੁਰਾ ਅਸਰ ਪਿਆ।

ਜੇਕਰ ਗੱਲ ਮੌਜੂਦਾ ਸਮੇਂ ਅਰਥਾਤ 2025 ਦੀ ਕਰੀਏ ਤਾਂ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਕਈ ਦੇਸਾਂ ਨਾਲ ਟਰੇਡ ਵਾਰ ਜਾਂ ਟੈਰਿਫ ਸੰਬੰਧੀ ਰੱਫੜ ਪਾਏ ਗਏ ਹਨ। ਇਹਨਾਂ ਵਿੱਚੋਂ ਮੁੱਖ ਤੌਰ 'ਤੇ ਟੈਰਿਫ ਝਗੜੇ ਚੀਨ ਨਾਲ ਸ਼ੁਰੂ ਹੋਏ ਸਨ, ਪਰ ਬਾਅਦ ਵਿੱਚ ਹੋਰ ਦੇਸ਼ ਵੀ ਇਸ ਵਿੱਚ ਸ਼ਾਮਲ ਹੋ ਗਏ।

ਇਸ ਉਪਰੰਤ ਚੀਨ ਨੇ ਵੀ ਜਵਾਬੀ ਕਾਰਵਾਈ ਵਿੱਚ ਅਮਰੀਕੀ ਉਤਪਾਦਾਂ 'ਤੇ ਟੈਰਿਫ ਲਗਾ ਕੇ ਆਪਣੇ ਹਿਸਾਬ ਬਰਾਬਰ ਕਰ ਲਏ ਸਨ, ਹੁਣ ਵੀ ਦੋਵੇਂ ਦੇਸ਼ਾਂ ਵਿਚਕਾਰ ਇਹੋ ਕੁਝ ਵੇਖਣ ਨੂੰ ਮਿਲਿਆ ਤੇ ਹਾਲੇ ਤੱਕ ਦੋਹਾਂ ਵਿਚਕਾਰ ਇਹ ਟਰੇਡ ਵਾਰ ਜਾਰੀ ਹੈ।

ਇਸ ਤੋਂ ਇਲਾਵਾ ਅਮਰੀਕਾ ਨੇ ਯੂਰਪੀ ਕਾਰ, ਸਟੀਲ ਤੇ ਐਲਮੀਨੀਅਮ 'ਤੇ ਟੈਰਿਫ ਲਾਏ ਹਨ ਅਤੇ ਜਵਾਬ ਵਜੋਂ ਯੂਰਪ ਨੇ ਅਮਰੀਕੀ ਵਿਸਕੀ, ਮੋਟਰਸਾਈਕਲਾਂ ਅਤੇ ਹੋਰ ਉਤਪਾਦਾਂ 'ਤੇ ਟੈਰਿਫ ਲਾਏ।

ਟਰੰਪ ਨੇ ਆਪਣੇ ਗੁਆਂਢੀ ਦੇਸ਼ਾਂ, ਜਿਵੇਂ ਕਿ ਕੈਨੇਡਾ ਅਤੇ ਮੈਕਸੀਕੋ ਨੂੰ ਵੀ ਨਹੀਂ ਬਖਸ਼ਿਆ। ਇਸ ਦੌਰਾਨ ਟਰੰਪ ਨੇ ਨੈਫਟਾ ਨੂੰ ਖਤਮ ਕਰਕੇ ਨਵਾਂ ਵਪਾਰ ਸਮਝੌਤਾ ਕੀਤਾ। ਇਸ ਤੋਂ ਪਹਿਲਾਂ ਸ਼ੁਰੂ ਵਿੱਚ ਸਟੀਲ ਤੇ ਐਲਮੀਨੀਅਮ 'ਤੇ ਟੈਰਿਫ ਲਾਗੂ ਹੋਏ ਸਨ।

ਗੱਲ ਜੇਕਰ ਸਾਡੇ ਦੇਸ਼ ਭਾਰਤ ਦੀ ਕਰੀਏ ਤਾਂ ਟਰੰਪ ਨੇ ਦੂਜੀ ਟਰਮ ਦੀ ਸ਼ੁਰੂਆਤ ਵਿੱਚ ਹੀ ਭਾਰਤ ਤੋਂ ਆਉਣ ਵਾਲੇ ਕੁਝ ਉਤਪਾਦਾਂ ਉੱਤੇ ਟੈਰਿਫ 'ਚ ਬੇ-ਤਹਾਸ਼ਾ ਵਾਧਾ ਕਰ ਦਿੱਤਾ ਸੀ। ।

ਅਮਰੀਕਾ ਨੇ ਆਪਣੇ ਟਰੇਡ ਵਾਰ ਦਾ ਸ਼ਿਕਾਰ ਜਪਾਨ ਅਤੇ ਦੱਖਣੀ ਕੋਰੀਆ ਨੂੰ ਵੀ ਬਣਾਇਆ, ਉਹਨਾਂ 'ਤੇ ਕਾਰ ਨਿਰਯਾਤ 'ਤੇ ਵਿਸ਼ੇਸ਼ ਟੈਰਿਫ ਦੀ ਧਮਕੀ ਦੇ ਕੇ ਵਪਾਰਕ ਦਬਾਅ ਬਣਾਇਆ ਗਿਆ।

ਇਸ ਦੇ ਜਿੱਥੇ ਬਹੁਤ ਸਾਰੇ ਨੁਕਸਾਨ ਹਨ, ਉੱਥੇ ਇਸ ਦੇ ਫਾਇਦਿਆਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਲਾਭਾਂ ਦੀ ਗੱਲ ਕਰੀਏ ਤਾਂ ਇਸ 'ਚ ਘਰੇਲੂ ਉਦਯੋਗ ਅਤੇ ਰੁਜ਼ਗਾਰ ਦੀ ਰੱਖਿਆ ਹੁੰਦੀ ਹੈ। ਇਹ ਵਪਾਰਕ ਘਾਟੇ ਨੂੰ ਘਟਾਉਂਦਾ ਹੈ। ਨੇਗੋਸ਼ੀਏਸ਼ਨ ਵਿਚ ਦਬਾਅ ਬਣਾਉਣ 'ਚ ਸਹਾਈ ਸਿੱਧ ਹੁੰਦਾ ਹੈ

ਗੱਲ ਜੇਕਰ ਨੁਕਸਾਨ ਦੀ ਕਰੀਏ ਤਾਂ ਇਸ ਦੇ ਨਤੀਜੇ 'ਚ ਗਾਹਕਾਂ ਲਈ ਕੀਮਤਾਂ ਵਧ ਜਾਂਦੀਆਂ ਹਨ। ਇਸ ਦੇ ਨਾਲ-ਨਾਲ ਵਿਦੇਸ਼ੀ ਸਪਲਾਈ ਚੇਨਾਂ ਵਿਚ ਰੁਕਾਵਟ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਛੋਟੇ ਕਾਰੋਬਾਰੀਆਂ ਅਤੇ ਕਿਸਾਨਾਂ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਅਮਰੀਕਾ ਵੱਲੋਂ ਟਰੇਡ ਵਾਰ ਦੌਰਾਨ ਚੀਨ, ਯੂਰਪੀ ਸੰਘ, ਭਾਰਤ, ਕੈਨੇਡਾ, ਮੈਕਸੀਕੋ, ਜਪਾਨ, ਦੱਖਣੀ ਕੋਰੀਆ ਆਦਿ ਦੇਸ਼ਾਂ ਨਾਲ ਟੈਰਿਫ ਜਾਂ ਵਪਾਰਕ ਪੰਗੇ ਲਏ ਹੋਏ ਹਨ। ਇਹ ਟਕਰਾਅ ਵਪਾਰ, ਰਾਜਨੀਤੀ ਅਤੇ ਰਾਸ਼ਟਰੀ ਸੁਰੱਖਿਆ ਦੇ ਮੁੱਦਿਆਂ ਨਾਲ ਜੁੜੇ ਹੋਏ ਹਨ।

ਸੰਪਰਕ : 98552-59650

# ਕੌਂਸਲਰਾਂ ਵੱਲੋਂ ਸ਼ਹਿਰ 'ਚ ਸਫਾਈ ਨੂੰ ਲੈ ਕੇ ਨਗਰ ਕੌਂਸਲ ਅੱਗੇ ਧਰਨਾ



**ਜਗਰਾਓਂ (ਅਮਿਤ ਖੰਨਾ)**-ਜਗਰਾਓਂ ਵਿੱਚ ਥਾਂ-ਥਾਂ ਲੱਗੇ ਕੂੜੇ ਦੇ ਢੇਰਾਂ ਦੇ ਨਿਪਟਾਰੇ ਲਈ ਕੌਂਸਲਰਾਂ ਵੱਲੋਂ ਨਗਰ ਕੌਂਸਲ ਗੇਟ ਦੇ ਬਾਹਰ ਧਰਨਾ ਦਿੱਤਾ ਗਿਆ।ਧਰਨੇ ਵਿੱਚ ਦੁਕਾਨਦਾਰਾਂ ਤੇ ਵੱਖ-ਵੱਖ ਜਥੇਬੰਦੀਆਂ ਨੇ ਵੀ ਸ਼ਿਰਕਤ ਕੀਤੀ।ਕੌਂਸਲਰ ਸਤੀਸ਼ ਕੁਮਾਰ ਪੱਪੂ, ਰਵਿੰਦਰ ਕੁਮਾਰ ਸੱਭਰਵਾਲ, ਸਤਿੰਦਰ ਤੱਤਲਾ, ਕੌਂਸਲਰ ਕੰਵਰਪਾਲ ਸਿੰਘ ਤੇ ਅਜੀਤ ਸਿੰਘ ਠੁਕਰਾਲ ਨੇ ਕਿਹਾ ਕਿ ਕੂੜੇ ਦੀ ਸਮੱਸਿਆ ਤੋਂ ਸ਼ਹਿਰ ਵਾਸੀਆਂ ਨੂੰ ਨਿਜਾਤ ਦਿਵਾਉਣ ਲਈ 21 ਕੌਂਸਲਰਾਂ ਨੂੰ ਧਰਨੇ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਸੀ।ਕੂੜੇ ਸਬੰਧੀ ਸਾਰਿਆਂ ਨੇ ਆਪੋ-ਆਪਣੇ ਵਿਚਾਰ ਦਿੱਤੇ ਕਿ ਕਾਫੀ ਸਮੇਂ ਤੋਂ ਸ਼ਹਿਰ ਵਿੱਚ ਜਗ੍ਹਾ-ਜਗ੍ਹਾ ਲੱਗੇ ਕੂੜੇ ਦੇ ਢੇਰਾਂ ਕਾਰਨ ਸ਼ਹਿਰ ਵਾਸੀਆਂ ਦਾ ਬਾਜ਼ਾਰਾਂ ਵਿੱਚੋਂ ਲੰਘਣਾ ਵੀ ਮੁਸ਼ਕਲ ਹੋਇਆ ਪਿਆ ਹੈ।ਧਰਨੇ ਦੌਰਾਨ ਕੌਂਸਲਰਾਂ ਨੇ ਕਿਹਾ ਕਿ ਨਗਰ ਕੌਂਸਲ ਪ੍ਰਧਾਨ ਤੇ ਈ. ਓ. ਸ਼ਹਿਰ ਵਿੱਚ ਫੈਲੇ ਕੂੜੇ ਦੇ ਢੇਰਾਂ ਦੀ ਸਮੱਸਿਆ ਨੂੰ ਲੈ ਕੇ ਗੰਭੀਰ ਨਹੀਂ ਹਨ, ਜਿਸ ਕਾਰਨ ਦਿਨੋਂ-ਦਿਨ ਇਹ ਸਮੱਸਿਆ ਸ਼ਹਿਰ ਵਾਸੀਆਂ ਲਈ ਵਿਕਰਾਲ ਰੂਪ ਧਾਰ ਰਹੀ ਹੈ।ਜੇਕਰ ਇਸ ਹੀ ਰਿਹਾ ਤਾਂ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਕੋਈ ਵੀ ਕੌਂਸਲਰ ਕਿਹੜੇ ਮੂੰਹ ਨਾਲ ਲੋਕਾਂ ਦੇ ਘਰਾਂ ਵਿੱਚ ਜਾ ਕੇ ਵੋਟਾਂ ਮੰਗੇਗਾ।ਉਨ੍ਹਾਂ ਕਿਹਾ ਕਿ ਜਗਰਾਓਂ ਹੀ ਇੱਕ ਅਜਿਹੀ ਨਗਰ ਕੌਂਸਲ ਹੈ, ਜਿਸ ਦਾ ਕੋਈ ਵੀ ਵਾਲੀ ਵਾਰਿਸ ਨਹੀਂ ਹੈ।ਇੱਥੇ ਸਫਾਈ ਲਈ ਕਰੋੜਾਂ ਰੁਪਏ ਦੀਆਂ ਖਰੀਦੀਆਂ ਗਈਆਂ ਗੱਡੀਆਂ ਦੇ ਪੁਰਜ਼ੇ ਤੱਕ ਚੋਰੀ ਹੋ ਜਾਂਦੇ ਹਨ ਅਤੇ ਜਦੋਂ ਇਸ ਸਬੰਧੀ ਨਗਰ ਕੌਂਸਲ ਦੇ ਈ. ਓ. ਨਾਲ ਗੱਲਬਾਤ ਕਰ ਕੇ ਗੱਡੀਆਂ ਨੂੰ ਸੜਕਾਂ 'ਤੇ ਸਫਾਈ ਲਈ ਭੇਜਣ ਲਈ ਕਿਹਾ ਜਾਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਗੱਡੀਆਂ ਦੇ ਪੁਰਜ਼ੇ ਚੋਰੀ ਹੋ ਗਏ ਹਨ, ਜਿਸ ਕਾਰਨ ਗੱਡੀਆਂ ਸਫਾਈ ਲਈ ਨਹੀਂ ਜਾ ਸਕਦੀਆਂ।ਉਨ੍ਹਾਂ ਕਿਹਾ ਕਿ ਜਿੱਥੇ ਦੇ ਅਧਿਕਾਰੀ ਹੀ ਸ਼ਹਿਰ ਦੇ ਵਿਗੜੇ ਹਾਲਾਤ ਨੂੰ ਸੁਧਾਰਨ ਦੇ ਹੱਕ ਵਿੱਚ ਹੱਥ ਨਹੀਂ ਮਾਰ ਸਕਦੇ, ਉੱਥੇ ਸਾਡੇ ਹੱਥ ਕੀ ਉਮੀਦ ਕਰ ਸਕਦੇ ਹਾਂ।ਕੌਂਸਲਰਾਂ ਵੱਲੋਂ ਲਾਏ ਧਰਨੇ ਵਿੱਚ ਪਹੁੰਚੇ ਸਮਾਜ ਸੇਵੀ ਟੋਨੀ ਵਰਮਾ ਤੇ ਜਿੰਦਰਪਾਲ ਧੀਮਾਨ ਨੇ ਸ਼ਹਿਰ ਦੇ ਸਾਰੇ ਹੀ ਕੌਂਸਲਰਾਂ ਨੂੰ ਆਪਣੇ ਆਪਸੀ ਮਨ-ਮੁਟਾਵ ਦੂਰ ਕਰ ਕੇ ਸ਼ਹਿਰ ਦੀ ਭਲਾਈ ਲਈ ਇਕਜੁੱਟ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਸਮਾਂ ਆਪਸ ਵਿੱਚ ਉਲਝਣ ਦਾ ਨਹੀਂ, ਬਲਕਿ ਸ਼ਹਿਰ ਦੇ ਭਲੇ ਬਾਰੇ ਸੋਚਣ ਦਾ ਹੈ।ਹਾਲਾਤ ਇੰਨੇ ਕੁ ਵਿਗੜ ਚੁੱਕੇ ਹਨ ਕਿ ਸ਼ਹਿਰ ਕੂੜੇ ਦਾ ਢੇਰ ਬਣ ਚੁੱਕਿਆ ਹੈ ਤੇ ਜੇਕਰ ਆਉਣ ਵਾਲੇ ਕੁਝ ਦਿਨਾਂ ਤੱਕ ਇਸ ਦਾ ਇਹੀ ਹਾਲ ਰਿਹਾ ਤਾਂ ਸ਼ਹਿਰ ਦੀਆਂ ਸੜਕਾਂ ਤੋਂ ਲੰਘਣਾ ਹੀ ਦੁੱਭਰ ਹੋ ਜਾਵੇਗਾ।ਸਟੇਜ ਸਕੱਤਰ ਦੀ ਭੂਮਿਕਾ ਵਰਿੰਦਰ ਸਿੰਘ ਕਲੇਰ ਨੇ ਨਿਭਾਈ।

ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਰੰਧਾਵਾ ਨੇ ਧਰਨੇ ਵਿੱਚ ਆ ਕੇ ਕੂੜੇ ਦੀ ਸਮੱਸਿਆ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਮੱਸਿਆ ਦਾ ਹੱਲ ਦੋ-ਚਾਰ ਦਿਨਾਂ ਵਿੱਚ ਕਰ ਲਿਆ ਜਾਵੇਗਾ।ਨਗਰ ਕੌਂਸਲ ਵਿੱਚ ਸਫਾਈ ਸੇਵਕ ਦਾ ਕੰਮ ਕਰਦੇ ਸਫਾਈ ਸੇਵਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ ਨੇ ਦੱਸਿਆ ਕਿ ਅੱਜ ਤੋਂ ਉਹ ਸ਼ਹਿਰ ਦੇ ਘਰਾਂ ਵਿੱਚੋਂ ਉਦੋਂ ਤੱਕ ਕੂੜਾ ਨਹੀਂ ਚੁੱਕਣਗੇ, ਜਦੋਂ ਤੱਕ ਉਨ੍ਹਾਂ ਨੂੰ ਨਗਰ ਕੌਂਸਲ ਕੂੜੇ ਦਾ ਡੰਪ ਬਣਾਉਣ ਲਈ ਕੋਈ ਪੱਕੀ ਜਗ੍ਹਾ ਨਹੀਂ ਦਿੰਦੀ।ਕੂੜੇ ਦੀ ਸਮੱਸਿਆ ਦਾ ਹੱਲ ਹਫਤੇ ਵਿੱਚ ਨਾ ਹੋਇਆ ਤਾਂ ਸੜਕਾਂ ਜਾਮ ਕੀਤੀਆਂ ਜਾਣਗੀਆਂ।

# ਜਾਲ੍ਹੀ ਆਈ ਡੀ ਕਾਰਡ ਨਾਲ ਲੋਨ ਕਰਵਾ ਕੇ ਮਾਰੀ ਠੱਗੀ, 5 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਵਿੱਚ ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ ਜਾਲ੍ਹੀ ਆਈ ਡੀ ਕਾਰਡ ਬਣਾ ਕੇ ਲੋਨ ਕਰਵਾ ਕੇ ਠੱਗੀ ਮਾਰਨ ਵਾਲੇ ਚਾਰ ਔਰਤਾਂ ਸਮੇਤ ਇਕ ਵਿਅਕਤੀ ਖਿਲਾਫ ਵੱਖ ਵੱਖ ਥਾਣਿਆਂ ਵਿੱਚ 318 (4), 336 (2), 337, 338, 336 (3), 340 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਦਰਖਾਸਤ ਵੱਲੋਂ ਰਾਹੁਲ ਮੋਹਨ ਬੈਂਕ ਮੈਨੇਜਰ ਐੱਸਬੀਆਈ ਇੱਛੇਵਾਲਾ ਰੋਡ ਫਿਰੋਜ਼ਪੁਰ ਨੇ ਦੱਸਿਆ ਕਿ ਸੁਨੀਤਾ ਦੇਵੀ ਪਤਨੀ ਜਨੂੰ ਵਾਸੀ ਵਾਰਡ ਨੰਬਰ 18, ਮਨੀਨ ਗੇਟ, ਸ਼ੂਗਰ ਮਿਲ ਕਰਨਾਲ, ਕੈਂਥਲ ਹਰਿਆਣਾ, ਪੂਰਨਾ ਪੁੱਤਰੀ ਬ੍ਰਹਮ ਦੱਤ ਵਾਸੀ ਹਾਊਸ ਨੰਬਰ 3065, ਨੇੜੇ ਸ਼ਾਂਤੀ ਨਿਕੇਤਨ, ਜਵਾਹਰ ਨਗਰ, ਆਦਮਪੁਰ ਹਿਸਾਰ ਹਰਿਆਣਾ, ਜੈਸੇ ਕੁਮਾਰ ਪੁੱਤਰ ਕੁਲਵੰਤ ਸਿੰਘ ਵਾਸੀ ਹਰੀਪੁਰ ਕਲਾਇਤ ਕੈਂਥਲ ਹਰਿਆਣਾ, ਕੁਸਮ ਰਾਣੀ ਪੁੱਤਰੀ ਅਨਿਲ ਕੁਮਾਰ ਵਾਸੀ ਹਾਊਸ ਨੰਬਰ 285, ਵਾਰਡ ਨੰਬਰ 8 ਪੂਜਾ ਕਲੋਨੀ, ਪਿਹੋਵਾ, ਕੁਰੂਕਸ਼ੇਤਰ ਹਰਿਆਣਾ, ਕਿਰਨ ਬਾਲਾ ਪਤਨੀ ਬਨਵਾਰੀ ਲਾਲ ਵਾਸੀ ਹਾਊਸ ਨੰਬਰ 245, ਅਲਫਾ ਇੰਟਰਨੈਸ਼ਨਲ ਸਿਟੀ ਫਤਿਹਾਬਾਦ ਹਰਿਆਣਾ ਵੱਲੋਂ ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ ਜਾਲ੍ਹੀ ਆਈ ਡੀ ਕਾਰਡ ਬਣਾ ਕੇ ਲੋਨ ਕਰਵਾ ਕੇ ਠੱਗੀ ਮਾਰਨ ਸਬੰਧੀ ਮਾਣਯੋਗ ਅਦਾਲਤ ਵਿੱਚ ਵੱਖ ਵੱਖ ਦਾਇਰ ਕੀਤੀਆਂ ਸੀਆਰਐੱਮ-575-2025 ਵਿੱਚ ਹੁਕਮ ਨੰਬਰ 253, ਸੀਆਰਐੱਮ -582-2025 ਵਿੱਚ ਹੁਕਮ ਨੰਬਰ 254, ਸੀਆਰਐੱਮ-576-2025 ਵਿੱਚ ਹੁਕਮ ਨੰਬਰ 252, ਸੀਆਰਐੱਮ 581-2025 ਵਿੱਚ ਹੁਕਮ ਨੰਬਰ 255, ਦਾਇਰ ਕੀਤੀ ਸੀਆਰਐੱਮ-580 ਵਿੱਚ ਹੁਕਮ ਨੰਬਰ 256 ਮਿਤੀ 13 ਜੂਨ 2025 ਵੱਲੋਂ ਮਾਣਯੋਗ ਅਦਾਲਤ ਸ੍ਰੀ ਅਨੂਪ ਸਿੰਘ ਸੀਆਰਐੱਮ/ਵੱਲੋਂ ਮੁਕੱਦਮਾ ਦਰਜ ਕਰਨ ਦਾ ਹੁਕਮ ਥਾਣਾ ਮੌਸੂਲ ਹੋਣ 'ਤੇ ਉਨ੍ਹਾਂ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ। ਜਾਂਚਕਰਤਾ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਬੈਂਕ ਮੈਨੇਜਰ ਰਾਹੁਲ ਮੋਹਨ ਦੇ ਬਿਆਨਾਂ 'ਤੇ ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ, ਜਾਲ੍ਹੀ ਆਈ ਡੀ ਕਾਰਡ ਬਣਾ ਕੇ ਲੋਨ ਕਰਵਾਉਣ ਵਾਲੇ 5 ਲੋਕਾਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਪ੍ਰਾਈਵੇਟ ਡਾਕਟਰਾਂ ਵੱਲੋਂ ਦੋ ਪਿੰਡਾਂ ਦੇ ਲੋਕਾਂ ਦਾ ਇਲਾਜ ਨਾ ਕਰਨ ਦਾ ਮਾਮਲਾ ਭਖਿਆ

# ਬਲਾਕ ਰਾਮਪੁਰਾ ਦੀਆਂ ਪੰਚਾਇਤਾਂ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ

**ਕਿਹਾ; ਆਈ ਐੱਮ ਏ ਵੱਲੋਂ ਲਿਆ ਫੈਸਲਾ ਮਨੁੱਖਤਾ ਵਿਰੋਧੀ**



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਰਾਮਪੁਰਾ ਫੂਲ ਵਿਖੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਕੇ ਦੇ ਦੋ ਪਿੰਡਾਂ ਦੇ ਲੋਕਾਂ ਦਾ ਇਲਾਜ ਨਾ ਕਰਨ ਦਾ ਕੀਤਾ ਗਿਆ ਫੈਸਲਾ ਮੁੜ ਭਖਣ ਲੱਗਾ ਹੈ।ਬਲਾਕ ਰਾਮਪੁਰਾ ਦੀਆਂ ਪੰਚਾਇਤਾਂ ਵੱਲੋਂ ਇਸ ਫੈਸਲੇ ਖਿਲਾਫ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਗਿਆ ਹੈ।ਮੰਗਲਵਾਰ ਬਲਾਕ ਰਾਮਪੁਰਾ ਦੀਆਂ ਅੱਧੀ ਦਰਜਨ ਤੋਂ ਵੱਧ ਪੰਚਾਇਤਾਂ ਨੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਤੇ ਕਾਰਜਕਾਰੀ ਸੀਐੱਮਓ ਡਾ. ਰਮਨਦੀਪ ਸਿੰਗਲਾ ਨੂੰ ਮੰਗ ਪੱਤਰ ਦੇ ਕੇ ਡਾਕਟਰਾਂ ਦੇ ਇਸ ਫੈਸਲੇ ਨੂੰ ਮਨੁੱਖਤਾ ਵਿਰੋਧੀ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਹੈ। ਵਫਦ ਵਿੱਚ ਜਸਵੰਤ ਦਰਦ ਪ੍ਰੀਤ ਸਿੰਘ ਸਰਪੰਚ ਗ੍ਰਾਮ ਪੰਚਾਇਤ ਕੋਠੇ ਮੰਡੀ ਕਲਾਂ, ਕਰਮਜੀਤ ਕੌਰ ਸਰਪੰਚ ਗ੍ਰਾਮ ਪੰਚਾਇਤ ਰਾਮ ਨਿਵਾਸ, ਸਰਬਜੀਤ ਕੌਰ ਸਰਪੰਚ ਗ੍ਰਾਮ ਪੰਚਾਇਤ ਪਿੰਡ ਖੋਖਰ, ਮਨਜਿੰਦਰ ਕੌਰ ਸਰਪੰਚ ਗ੍ਰਾਮ ਪੰਚਾਇਤ ਮੰਡੀ ਕਲਾਂ, ਗੁਰਦੀਪ ਸਿੰਘ ਡਿੱਖ ਗ੍ਰਾਮ ਪੰਚਾਇਤ ਡਿੱਖ, ਪਿੰਡ ਬੁੱਗਰਾਂ ਦੇ ਸਰਪੰਚ ਤੋਂ ਇਲਾਵਾ ਇਸ ਖੇਤਰ ਦੇ ਸਰਪੰਚਾਂ ਤੇ ਪੰਚਾਂ ਨੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਕਿ ਕੁਝ ਦਿਨ ਪਹਿਲਾਂ ਪਿੰਡ ਸੂਚ ਦੇ ਨੌਜਵਾਨ ਜਸਪ੍ਰੀਤ ਸਿੰਘ ਟਰੈਕਟਰ ਹਾਦਸੇ ਵਿੱਚ ਜ਼ਖਮੀ ਹੋ ਗਿਆ ਸੀ, ਜਿਸ ਨੂੰ ਇਲਾਜ ਲਈ ਰਾਮਪੁਰਾ ਫੂਲ ਦੇ ਪ੍ਰਾਈਵੇਟ ਅਪੈਕਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।ਉਨ੍ਹਾਂ ਦੱਸਿਆ ਕਿ ਇਲਾਜ ਦੌਰਾਨ ਉਕਤ ਨੌਜਵਾਨ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ ਦੀ ਦੀਪੂ ਮੰਡੀ ਕਲਾਂ ਤੇ ਹੋਰਨਾਂ ਪਿੰਡ ਵਾਸੀਆਂ ਨੇ ਜਿੱਥੇ ਅਪੈਕਸ ਹਸਪਤਾਲ ਅੱਗੇ ਧਰਨਾ ਲਗਾ ਦਿੱਤਾ, ਉਥੇ ਹੀ ਹਸਪਤਾਲ ਦੇ ਡਾਕਟਰਾਂ ਉੱਪਰ ਸ਼ਰਾਬ ਪੀਣ ਦੇ ਦੋਸ਼ ਲਾਏ ਸਨ।ਕਿਸਾਨ ਯੂਨੀਅਨ ਦੇ ਆਗੂਆਂ ਨੇ ਇਲਾਜ ਵਿੱਚ ਲਾਪ੍ਰਵਾਹੀ ਵਰਤਣ ਦੇ ਦੋਸ਼ ਵੀ ਲਾਏ ਸਨ।ਉਨ੍ਹਾਂ ਦੱਸਿਆ ਕਿ ਨੌਜਵਾਨ ਦੀ ਮੌਤ ਤੋਂ ਬਾਅਦ ਡਾਕਟਰ ਵੱਲੋਂ ਪਰਿਵਾਰ ਨੂੰ ਕੁਝ ਆਰਥਿਕ ਮਦਦ ਦੇ ਕੇ ਮਾਮਲੇ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਗਈ।ਵਫ਼ਦ ਨੇ ਡੀ ਸੀ ਨੂੰ ਦੱਸਿਆ ਕਿ ਸਭ ਤੋਂ ਗੰਭੀਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਰਾਮਪੁਰਾ ਫੂਲ ਇਕਾਈ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਪਿੰਡ ਮੰਡੀ ਕਲਾਂ ਤੇ ਪਿੰਡ ਸੂਚ ਦੇ ਕਿਸੇ ਵੀ ਵਿਅਕਤੀ ਦਾ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਨਹੀਂ ਕੀਤਾ ਜਾਵੇਗਾ।ਸਰਪੰਚਾਂ ਤੇ ਪੰਚਾਂ ਨੇ ਕਿਹਾ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਦਾ ਇਹ ਫੈਸਲਾ ਨਿਰਾ ਮਨੁੱਖਤਾ ਵਿਰੋਧੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਧਰਨੇ ਵਿੱਚ ਸਾਰੇ ਪਿੰਡ ਦੇ ਲੋਕ ਸ਼ਾਮਲ ਨਹੀਂ ਸਨ, ਚੰਦ ਕੁ ਲੋਕਾਂ ਨੂੰ ਛੱਡ ਕੇ ਸਾਰੇ ਪਿੰਡ ਨੂੰ ਇਹ ਸਜ਼ਾ ਦੇਣੀ ਕਿਧਰੇ ਵੀ ਸਹੀ ਨਹੀਂ ਹੈ।ਉਨ੍ਹਾਂ ਕਿਹਾ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਅਜਿਹਾ ਫੈਸਲਾ ਕਰਕੇ ਦੋ ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਤੋਂ ਵਾਂਝਾ ਕਰਨ ਦਾ ਯਤਨ ਕੀਤਾ ਹੈ।ਵਫ਼ਦ ਨੇ ਮੰਗ ਕੀਤੀ ਕਿ ਪ੍ਰਾਈਵੇਟ ਹਸਪਤਾਲ ਵਿੱਚ ਨੌਜਵਾਨ ਦੀ ਹੋਈ ਮੌਤ 'ਤੇ ਨਿਰਪੱਖ ਜਾਂਚ ਕਰਕੇ ਕਾਰਵਾਈ ਕੀਤੀ ਜਾਵੇ।ਉਨ੍ਹਾਂ ਮੰਗ ਕੀਤੀ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਲਏ ਗਏ ਮਨੁੱਖਤਾ ਵਿਰੋਧੀ ਫੈਸਲੇ ਨੂੰ ਤੁਰੰਤ ਰੱਦ ਕੀਤਾ ਜਾਵੇ।ਪਿੰਡ ਕੋਠੇ ਮੰਡੀ ਕਲਾਂ ਦੇ ਸਰਪੰਚ ਜਸਵੰਤ ਦਰਦਪ੍ਰੀਤ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਾਈਵੇਟ ਹਸਪਤਾਲ ਦੇ ਡਾਕਟਰਾਂ ਵੱਲੋਂ ਲਿਆ ਗਿਆ ਇਹ ਫੈਸਲਾ ਜੇਕਰ ਤੁਰੰਤ ਰੱਦ ਨਾ ਕੀਤਾ ਗਿਆ ਤਾਂ ਬਲਾਕ ਰਾਮਪੁਰਾ ਦੀਆਂ ਪੰਚਾਇਤਾਂ ਤਿੱਖਾ ਸੰਘਰਸ਼ ਸ਼ੁਰੂ ਕਰਨਗੀਆਂ।ਜੇਕਰ ਫਿਰ ਵੀ ਇਹ ਫੈਸਲਾ ਨਾ ਬਦਲਿਆ ਗਿਆ ਤਾਂ ਇਸ ਸੰਘਰਸ਼ ਨੂੰ ਜ਼ਿਲ੍ਹਾ ਪੱਧਰੀ ਤੇ ਫਿਰ ਪੰਜਾਬ ਪੱਧਰੀ ਬਣਾਇਆ ਜਾਵੇਗਾ।

## ਕਾਤਰਾਂ

### ਬਾਰਡਰ ਏਰੀਏ 'ਚ ਡਰੋਨ ਉਡਾਉਣ 'ਤੇ ਪਾਬੰਦੀ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਮੈਜਿਸਟ੍ਰੇਟ ਅਮਰਪ੍ਰੀਤ ਕੌਰ ਸੰਧੂ ਨੇ ਬੀ.ਐਨ.ਐਸ.ਐਸ ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿੱਚ ਪੈਂਦੇ ਅੰਤਰ-ਰਾਸ਼ਟਰੀ ਬਾਰਡਰ ਏਰੀਆ ਨਾਲ ਲੱਗਦੇ 4 ਕਿਲੋਮੀਟਰ ਦੇ ਏਰੀਏ 'ਚ ਕਵਾਡ ਕਾਪਟਰ/ਡਰੋਨ ਕੈਮਰੇ ਆਦਿ ਉਡਾਉਣ 'ਤੇ ਪਾਬੰਦੀ ਲਾ ਦਿੱਤੀ ਹੈ।ਇੱਕ ਹੋਰ ਮਨਾਹੀ ਦੇ ਹੁਕਮ ਅਨੁਸਾਰ ਉਨ੍ਹਾਂ ਜ਼ਿਲ੍ਹਾ ਫ਼ਾਜ਼ਿਲਕਾ ਵਿਖੇ ਵਹਿੰਦੇ ਨਹਿਰਾਂ/ਚੋਆਂ/ਦਰਿਆਵਾਂ ਵਿੱਚ ਨਹਾਉਣ 'ਤੇ ਪਾਬੰਦੀ ਲਾਈ ਹੈ।ਉਨ੍ਹਾਂ ਜ਼ਿਲ੍ਹੇ ਵਿੱਚ ਪੈਂਦੇ ਅੰਤਰਰਾਸ਼ਟਰੀ ਬਾਰਡਰ ਏਰੀਆ ਦੇ ਨਾਲ ਲੱਗਦੇ 4 ਕਿਲੋਮੀਟਰ ਦੇ ਏਰੀਏ ਵਿੱਚ ਪਾਕਿਸਤਾਨੀ ਸਿੰਮ ਕਾਰਡ ਰੱਖਣ ਤੇ ਵਰਤੋਂ ਕਰਨ 'ਤੇ ਵੀ ਪਾਬੰਦੀ ਲਾਈ ਹੈ।ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹੇ 'ਚ ਚੱਲ ਰਹੇ ਮੈਰਿਜ ਪੈਲਸਾਂ ਵਿੱਚ ਹਥਿਆਰ ਆਦਿ ਲੈ ਕੇ ਆਉਣ ਤੇ ਫਾਇਰ ਕਰਨ ਤੇ ਵੀ ਪੂਰਨ ਪਾਬੰਦੀ ਲਾਈ ਗਈ ਹੈ।ਉਨ੍ਹਾਂ ਜ਼ਿਲ੍ਹੇ ਦੇ ਬਾਰਡਰ ਨੇੜਲੇ ਪਿੰਡਾਂ ਵਿੱਚ ਸ਼ਾਮ 5 ਵਜੇ ਤੋਂ ਬਾਅਦ ਡੀ.ਜੇ (ਮਿਊਜ਼ਿਕ ਸਿਸਟਮ), ਪਟਾਕੇ ਚਲਾਉਣ ਅਤੇ ਲੇਜਰ ਲਾਇਟਾਂ ਦਾ ਇਸਤੇਮਾਲ ਕਰਨ ਤੇ ਵੀ ਰੋਕ ਲਾਈ ਹੈ।ਇਹ ਸਾਰੇ ਹੁਕਮ 31 ਅਗਸਤ ਤੱਕ ਲਾਗੂ ਰਹਿਣਗੇ।

### ਮਾਸਟਰ ਸਤਦੇਵ ਸ਼ਰਮਾ ਦੀ ਪੁਸਤਕ 5 ਨੂੰ ਲੋਕ ਅਰਪਣ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਸ੍ਰੀ ਮਾਤਾ ਮਨਸਾ ਦੇਵੀ ਮੰਦਿਰ ਨਾਭਾ ਗੇਟ ਵਿਖੇ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਨੈਸ਼ਨਲ ਐਵਾਰਡੀ ਮਾਸਟਰ ਸਤਦੇਵ ਸ਼ਰਮਾ ਵੱਲੋਂ ਲਿਖੀ ਪੰਜਵੀਂ ਪੁਸਤਕ 'ਮੇਰੀ ਇੰਗਲੈਂਡ ਯਾਤਰਾ' 5 ਜੁਲਾਈ ਨੂੰ ਸਵੇਰੇ 10:00 ਵਜੇ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਜਾਵੇਗੀ।ਇਹ ਜਾਣਕਾਰੀ ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਅਰੋੜਾ ਵੱਲੋਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਮਾਸਟਰ ਸਤਦੇਵ ਸ਼ਰਮਾ ਪਹਿਲਾਂ ਵੀ ਚਾਰ ਪੁਸਤਕਾਂ ਲੋਕ ਅਰਪਣ ਕਰ ਚੁੱਕੇ ਹਨ, ਜਿਨ੍ਹਾਂ ਵਿੱਚੋਂ ਇੱਕ ਪੁਸਤਕ ਸਿੱਖਿਆ ਵਿਭਾਗ ਵੱਲੋਂ ਲਾਇਬ੍ਰੇਰੀਆਂ ਵਿੱਚ ਲਗਾਈ ਗਈ ਹੈ।ਮਾਸਟਰ ਸਤਦੇਵ ਸ਼ਰਮਾ 2 ਸਟੇਟ ਐਵਾਰਡ ਤੇ 2 ਨੈਸ਼ਨਲ ਐਵਾਰਡ ਨਾਲ ਸਨਮਾਨਤ ਹੋ ਚੁੱਕੇ ਹਨ।ਇਸ ਮੌਕੇ ਐਸੋਸੀਏਸ਼ਨ ਦੇ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਸੇਖੋਂ, ਜਸਵੀਰ ਸਿੰਘ ਖ਼ਾਲਸਾ, ਜਨਰਲ ਸਕੱਤਰ ਕੰਵਲਜੀਤ ਸਿੰਘ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ ਆਦਿ ਮੌਜੂਦ ਸਨ।

### ਚੋਰੀ ਦੇ ਮੋਟਰਸਾਈਕਲ ਸਮੇਤ ਦੋ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਚੋਰੀ ਦੇ ਇੱਕ ਮੋਟਰਸਾਈਕਲ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਰੇਲਵੇ ਫਾਟਕ ਖਾਈ ਅੱਡਾ ਪਾਸ ਪੁੱਜੀ, ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸ਼ੈਂਟੂ ਸਿੰਘ ਉਰਫ ਸ਼ੈਂਟੂ ਪੁੱਤਰ ਪ੍ਰਕਾਸ਼ ਸਿੰਘ ਵਾਸੀ ਪਿੰਡ ਫਲੀਆਂਵਾਲਾ ਤੇ ਉਸ ਦੇ ਨਾਲ ਗੋਬਿੰਦਾ ਪੁੱਤਰ ਤਰਸੇਮ ਲਾਲ ਵਾਸੀ ਬਸਤੀ ਆਵਾ ਨੇੜੇ ਨੀਟ ਕਰਿਆਨਾ ਫਿਰੋਜ਼ਪੁਰ ਸ਼ਹਿਰ, ਜੋ ਮੋਟਰਸਾਈਕਲ ਚੋਰੀ ਕਰਕੇ ਵੇਚਣ ਦੇ ਆਦੀ ਹਨ, ਅੱਜ ਵੀ ਦੋਵੇਂ ਮੋਟਰਸਾਈਕਲ ਚੋਰੀ ਦੇ ਵੇਚਣ ਲਈ ਬਜਾਜ ਡੇਅਰੀ ਦੀ ਬੈਕ ਸਾਈਡ ਕੱਚਾ ਰਸਤਾ ਝਾੜੀਆਂ ਪਾਸ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਚੋਰੀ ਦੇ ਇੱਕ ਮੋਟਰਸਾਈਕਲ ਸਮੇਤ ਸ਼ੈਂਟੂ ਤੇ ਗੋਬਿੰਦਾ ਨੂੰ ਕਾਬੂ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਆਲਟੋ ਤੇ ਬਲੈਰੋ ਦੀ ਟੱਕਰ 'ਚ 2 ਦੀ ਮੌਤ, 4 ਗੰਭੀਰ ਜ਼ਖ਼ਮੀ



**ਭੀਖੀ (ਧਰਮਵੀਰ ਸ਼ਰਮਾ)**-ਬੀਤੀ ਦੇਰ ਸ਼ਾਮ ਭੀਖੀ-ਧਨੌਲਾ ਸੜਕ 'ਤੇ ਪਿੰਡ ਮੱਤੀ ਨੇੜੇ ਇੱਕ ਆਲਟੋ ਕਾਰ ਤੇ ਬਲੈਰੋ ਗੱਡੀ ਦਰਮਿਆਨ ਹੋਈ ਆਹਮੋ ਸਾਹਮਣੇ ਟੱਕਰ ਵਿੱਚ ਇੱਕ ਔਰਤ ਤੇ ਬੱਚੇ ਦੀ ਮੌਤ ਹੋ ਗਈ, ਜਦੋਂ ਕਿ 4 ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਬਠਿੰਡਾ ਤੇ ਪਟਿਆਲਾ ਹਸਪਤਾਲਾਂ ਵਿੱਚ ਭੇਜਿਆ ਗਿਆ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਮੱਤੀ ਨੇੜੇ ਆਲਟੋ ਕਾਰ ਨੰਬਰ ਐੱਚ. ਆਰ. 28 ਡੀ 5312 ਦੀ ਬਲੈਰੋ ਕਾਰ ਪੀਬੀ 13 ਬੀ ਯੂ 2626 ਦੀ ਟੱਕਰ ਹੋ ਗਈ, ਜਿਸ ਵਿੱਚ ਇੱਕ ਔਰਤ ਨਿਰਮਲ ਕੌਰ ਉਰਫ ਰੂਬਲ (25) ਵਾਸੀ ਦਲੇਲ ਸਿੰਘ ਵਾਲਾ ਤੇ ਇੱਕ ਬੱਚਾ ਏਕਮਜੋਤ ਸਿੰਘ (12) ਦੀ ਮੌਤ ਹੋ ਗਈ, ਜਦੋਂਕਿ ਇਸ ਤੋਂ ਇਲਾਵਾ ਬਲਵਿੰਦਰ ਸਿੰਘ, ਅਮਨਦੀਪ ਕੌਰ, ਜਗਦੀਪ ਸਿੰਘ ਤੇ ਇੱਕ ਬੱਚਾ ਰਮਨਦੀਪ ਸਿੰਘ (12) ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਮਾਨਸਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਪ੍ਰੰਤੂ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਬਠਿੰਡਾ ਤੇ ਪਟਿਆਲਾ ਦੇ ਹਸਪਤਾਲਾਂ ਲਈ ਰੈਫਰ ਕਰ ਦਿੱਤਾ ਗਿਆ। ਹਾਦਸੇ ਦਾ ਸ਼ਿਕਾਰ ਆਲਟੋ ਕਾਰ ਸਵਾਰ ਪਿੰਡ ਲੋਹਾਖੇੜਾ ਤੋਂ ਦਲੇਲ ਸਿੰਘ ਵਾਲਾ ਆ ਰਹੇ ਸਨ, ਜਦੋਂ ਕਿ ਬਲੈਰੋ ਭੀਖੀ ਤੋਂ ਧਨੌਲਾ ਸਾਇਡ ਜਾ ਰਹੀ ਸੀ, ਜਿਸ ਨੂੰ ਪ੍ਰਗਟ ਸਿੰਘ ਪੁੱਤਰ ਚੰਦ ਸਿੰਘ ਵਾਸੀ ਘਨੌਰੀ ਕਲਾਂ ਚਲਾ ਰਿਹਾ ਸੀ। ਥਾਣਾ ਭੀਖੀ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

## ਭਲਕੇ ਖਜ਼ਾਨਾ ਦਫਤਰ ਅੱਗੇ ਫੂਕਿਆ ਜਾਵੇਗਾ ਵਿੱਤ ਮੰਤਰੀ ਦਾ ਪੁਤਲਾ : ਓਮ ਪ੍ਰਕਾਸ਼

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਪੈਨਸ਼ਨਜ਼ ਯੂਨੀਅਨ ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ ਵੱਲੋਂ 3 ਜੁਲਾਈ ਨੂੰ 11 ਵਜੇ ਖਜ਼ਾਨਾ ਦਫਤਰ ਸਾਹਮਣੇ ਬਲਵੰਤ ਸਿੰਘ ਸੰਧੂ, ਓਮ ਪ੍ਰਕਾਸ਼, ਮਲਕੀਤ ਚੰਦ ਪਾਸੀ, ਸੰਤ ਰਾਮ, ਬਲਬੀਰ ਸਿੰਘ ਸੰਧੂ, ਜਗਤਾਰ ਸਿੰਘ, ਕਵਰਜੀਤ ਸ਼ਰਮਾ ਤੇ ਭਰਾਤਰੀ ਜਥੇਬੰਦੀਆਂ ਪੁਲਸ ਵੈੱਲਫੇਅਰ ਐਸੋਸੀਏਸ਼ਨ ਦੇ ਡੀਐੱਸਪੀ ਜਸਪਾਲ ਸਿੰਘ, ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੁਬੇਗ ਸਿੰਘ, ਅਜੀਤ ਸਿੰਘ ਸੋਢੀ, ਜੇਲ੍ਹ ਪੈਨਸ਼ਨਰਜ਼ ਦੇ ਕਸ਼ਮੀਰ ਸਿੰਘ, ਫਾਰੈਸਟ ਵਿਭਾਗ ਮਹਿੰਦਰ ਸਿੰਘ ਧਾਲੀਵਾਲ, ਬਿਜਲੀ ਬੋਰਡ ਦੇ ਪ੍ਰਵੇਜ਼ ਸਿਡਾਨਾ, ਕਲਾਸ ਫੌਰ ਯੂਨੀਅਨ ਦੇ ਰਾਮ ਪ੍ਰਸਾਦ ਤੇ ਪੈਰਾ ਮੈਡੀਕਲ ਯੂਨੀਅਨ ਦੇ ਨਰਿੰਦਰ ਸ਼ਰਮਾ ਦੇ ਸਹਿਯੋਗ ਨਾਲ ਖਜ਼ਾਨਾ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਖਜ਼ਾਨਾ ਮੰਤਰੀ ਦਾ ਪੁਤਲਾ ਫੂਕਿਆ ਜਾਵੇਗਾ। ਇਸ ਸਬੰਧੀ ਜਰੈਨਲ ਸਿੰਘ ਭਵਨ ਵਿੱਚ ਮੀਟਿੰਗ ਕੀਤੀ ਗਈ। ਆਗੂਆਂ ਨੇ ਕਿਹਾ ਕਿ ਵੱਖ ਵੱਖ ਵਿਭਾਗ ਵਿੱਚੋਂ ਸੇਵਾ ਮੁਕਤ ਹੋਣ ਵਾਲੇ ਪੈਨਸ਼ਨਰਾਂ ਨੂੰ ਸੋਧੀ ਹੋਈ ਲੀਫ ਇਨਕੈਸ਼ਮੈਂਟ ਦੇ ਬਣਦੇ ਚੌਥੇ ਹਿੱਸੇ ਦੀ ਮਹੀਨਾ ਅਪ੍ਰੈਲ 2025 ਵਿੱਚ ਅਦਾਇਗੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਸਨ। ਆਗੂਆਂ ਨੇ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਬਿੱਲਾਂ ਦੀਆਂ ਅਦਾਇਗੀਆਂ ਕਰਨ ਤੇ ਅਣਐਲਾਨੀਆਂ ਰੋਕਾਂ ਲਗਾਏ ਜਾਣ ਕਾਰਨ ਇਹ ਬਿੱਲ ਖਜ਼ਾਨਾ ਦਫਤਰ ਵਿੱਚ ਧੂੜ ਚੱਟ ਰਹੇ ਹਨ ਅਤੇ ਅਜੇ ਤੱਕ ਕਿਸੇ ਵੀ ਪੈਨਸ਼ਨਰ ਨੂੰ ਸੋਧੀ ਹੋਈ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਨਹੀਂ ਹੋਈ, ਜਿਸ ਕਾਰਨ ਪੈਨਸ਼ਨਰਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

# ਇੱਕ ਲੱਖ ਰੁਪਏ ਰਿਸ਼ਵਤ ਲੈਂਦਾ ਡੀ ਐੱਸ ਪੀ ਦਾ ਰੀਡਰ ਰੰਗੇ-ਹੱਥੀਂ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**



ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਚੱਲ ਰਹੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ, ਪੰਜਾਬ ਵਿਜੀਲੈਂਸ ਬਿਊਰੋ ਨੇ ਸੋਮਵਾਰ ਨੂੰ ਬਠਿੰਡਾ ਜ਼ਿਲ੍ਹੇ ਵਿੱਚ ਡੀਐੱਸਪੀ ਭੁੱਚੋ ਦੇ ਨਿੱਜੀ ਸੁਰੱਖਿਆ ਅਧਿਕਾਰੀ (ਪੀ.ਐਸ.ਓ.) ਵਜੋਂ ਤਾਇਨਾਤ ਹੌਲਦਾਰ ਰਾਜ ਕੁਮਾਰ ਨੂੰ ਇੱਕ ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਕਥਿਤ ਦੋਸ਼ੀ ਪੁਲਸ ਅਧਿਕਾਰੀ ਨੂੰ ਜ਼ਿਲ੍ਹਾ ਬਠਿੰਡਾ ਦੀ ਤਹਿਸੀਲ ਨਥਾਣਾ ਦੇ ਪਿੰਡ ਕਲਿਆਣ ਸੁੱਖਾ ਦੇ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਔਰਤ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਖੇਤੀਬਾੜੀ ਵਾਲੀ ਜ਼ਮੀਨ ਦੇ ਵਿਵਾਦ ਕਾਰਨ ਵਿਰੋਧੀ ਧਿਰ ਨੇ ਉਸ ਦੇ ਪਤੀ ਤੇ ਉਸ ਦੇ ਦੋਵੇਂ ਪੁੱਤਰਾਂ ਵਿਰੁੱਧ ਥਾਣਾ ਨਥਾਣਾ ਵਿਖੇ ਝੂਠਾ ਕੇਸ ਦਰਜ ਕਰਵਾਇਆ ਸੀ, ਜਿਸ ਦੀ ਜਾਂਚ ਡੀਐੱਸਪੀ ਭੁੱਚੋ ਵੱਲੋਂ ਕੀਤੀ ਜਾ ਰਹੀ ਹੈ।ਇਸ ਤੋਂ ਬਾਅਦ ਰਾਜ ਕੁਮਾਰ ਰੀਡਰ ਨੇ ਉਸ ਦੇ ਮੋਬਾਈਲ ਨੰਬਰ ਤੋਂ ਦੋ ਫੋਨ ਕੀਤੇ ਤੇ ਦੱਸਿਆ ਕਿ ਉਸ ਨੇ ਇਸ ਮੁੜ ਜਾਂਚ ਕਰਨ ਲਈ ਡੀਐੱਸਪੀ ਨਾਲ ਗੱਲ ਕੀਤੀ ਹੈ ਅਤੇ ਰਿਪੋਰਟ 'ਤੇ ਸਿਰਫ਼ ਡੀਐੱਸਪੀ ਦੇ ਦਸਤਖਤ ਹੀ ਬਾਕੀ ਹਨ।ਕੇਸ ਨੂੰ ਰਫ਼ਾ-ਦਫ਼ਾ ਕਰਵਾਉਣ ਲਈ, ਉਸ ਨੇ 2 ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ।ਦੋਸ਼ੀ ਰਾਜ ਕੁਮਾਰ ਨੇ ਸ਼ਿਕਾਇਤਕਰਤਾ ਨੂੰ ਕਿਹਾ ਕਿ ਪਹਿਲੀ ਕਿਸ਼ਤ ਵਜੋਂ ਤੁਰੰਤ ਇੱਕ ਲੱਖ ਰੁਪਏ ਦੇਵੇ ਤਾਂ ਜੋ ਉਹ ਆਪਣਾ ਕੰਮ ਸ਼ੁਰੂ ਕਰ ਸਕੇ।ਸ਼ਿਕਾਇਤਕਰਤਾ ਨੇ ਇਹ ਗੱਲਬਾਤ ਆਪਣੇ ਮੋਬਾਈਲ ਫੋਨ 'ਤੇ ਰਿਕਾਰਡ ਕਰ ਲਈ ਤੇ ਇਸ ਨੂੰ ਬਤੌਰ ਸਬੂਤ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਬਠਿੰਡਾ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਹੌਲਦਾਰ ਰਾਜ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਵਜੋਂ ਇੱਕ ਲੱਖ ਰੁਪਏ ਲੈਂਦੇ ਸਮੇਂ ਕਾਬੂ ਕਰ ਲਿਆ।ਮੌਕੇ 'ਤੇ ਉਸ ਦੇ ਕਬਜ਼ੇ ਵਿੱਚੋਂ ਹੀ ਰਿਸ਼ਵਤ ਦਾ ਪੈਸਾ ਬਰਾਮਦ ਕਰ ਲਿਆ ਗਿਆ ਹੈ।ਇਸ ਸਬੰਧੀ ਵਿਜੀਲੈਂਸ ਬਿਊਰੋ ਪੁਲਸ ਥਾਣਾ ਬਠਿੰਡਾ ਰੇਂਜ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਸੰਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਪੁਲਸ ਮੁਲਾਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।ਬੁਲਾਰੇ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ, ਜੇਕਰ ਕਿਸੇ ਹੋਰ ਅਧਿਕਾਰੀ/ਕਰਮਚਾਰੀ ਦੀ ਸ਼ਮੂਲੀਅਤ ਸਾਹਮਣੇ ਆਉਂਦੀ ਹੈ, ਤਾਂ ਉਸ ਨੂੰ ਵੀ ਕੇਸ ਵਿੱਚ ਨਾਮਜ਼ਦ ਕੀਤਾ ਜਾਵੇਗਾ।

## ਪੰਜਾਬੀ ਸਾਹਿਤ ਦੇ ਗੰਭੀਰ ਪਾਠਕ ਨਾਇਬ ਸਿੰਘ ਗਿੱਲ ਨਹੀਂ ਰਹੇ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਕਾਲਾਂਵਾਲੀ ਖੇਤਰ ਦੇ ਭਾਸ਼ਾ ਪ੍ਰੇਮੀ ਤੇ ਗੰਭੀਰ ਪਾਠਕ ਨਾਇਬ ਸਿੰਘ ਗਿੱਲ ਦੇ ਸਦੀਵੀ ਵਿਛੋੜੇ ਕਾਰਨ ਪੰਜਾਬੀ ਮਾਂ ਬੋਲੀ ਅਤੇ ਸਾਹਿਤ ਸੱਭਿਆਚਾਰ ਲਹਿਰ ਨੂੰ ਵੱਡਾ ਘਾਟਾ ਪਿਆ ਹੈ। ਇਹ ਕਹਿਣਾ ਹੈ ਪੰਜਾਬੀ ਸਾਹਿਤ ਸਭਾ ਰਜਿ: ਕਾਲਾਂਵਾਲੀ ਦੇ



ਪ੍ਰਧਾਨ ਭੁਪਿੰਦਰ ਪੰਨੀਵਾਲੀਆਂ ਦਾ। ਪੰਜਾਬੀ ਸਾਹਿਤ ਸਭਾ ਕਾਲਾਂਵਾਲੀ ਦੇ ਜਰਨਲ ਸਕੱਤਰ ਮਾ: ਸੁਰਿੰਦਰ ਪਾਲ ਸਿੰਘ ਨੇ ਕਿਹਾ ਕਿ ਪ੍ਰਤਿਬੱਧ ਸਾਹਿਤਕ ਕਾਮੇ ਸਾਥੀ ਨਾਇਬ ਸਿੰਘ ਗਿੱਲ ਸਮੁੰਦਰੀ ਫੌਜ ਤੇ ਬੈਂਕ ਦੀਆਂ ਸੇਵਾਵਾਂ ਤੋਂ ਮੁਕਤ ਹੋ ਕੇ ਆਪਣਾ ਪੂਰਾ ਸਮਾਂ ਪੰਜਾਬੀ ਸਾਹਿਤ ਦੇ ਅਧਿਐਨ, ਲੇਖਣ ਪ੍ਰਕਿਰਿਆ ਤੇ ਸੱਭਿਆਚਾਰਕ ਸਰਗਰਮੀਆਂ ਦੇ ਲੇਖੇ ਲਾ ਰਹੇ ਸਨ। ਧਿਆਨਯੋਗ ਹੈ ਕਿ ਸਾਥੀ ਗਿੱਲ ਅੰਗਰੇਜ਼ੀ ਸਾਹਿਤ ਦੇ ਵੀ ਉਚ ਕੋਟੀ ਦੇ ਪਾਠਕ ਸਨ। ਸਾਹਿਤਕਾਰ ਬਿੱਟੂ ਮਲਿਕਪੁਰਾ ਦਾ ਕਹਿਣਾ ਸੀ ਕਿ ਸਾਥੀ ਨਾਇਬ ਸਿੰਘ ਗਿੱਲ ਦੀ ਮੌਤ 'ਤੇ ਪੰਜਾਬ ਤੇ ਹਰਿਆਣਾ ਦੀਆਂ ਸਾਹਿਤਕ ਸੱਭਿਆਚਾਰਕ ਸੰਸਥਾਵਾਂ, ਖੱਬੇ ਪੱਖੀ ਆਗੂਆਂ, ਮੁਲਾਜ਼ਮ ਜਥੇਬੰਦੀਆਂ ਸਮੇਤ ਸਾਹਿਤ ਸਭਾ ਡੱਬਵਾਲੀ, ਪ੍ਰਗਤੀਸ਼ੀਲ ਲੇਖਕ ਸੰਘ ਸਿਰਸਾ, ਕੇਂਦਰੀ ਪੰਜਾਬੀ ਲੇਖਕ ਸਭਾ ਸਿਰਸਾ, ਪੰਜਾਬੀ ਸਾਹਿਤ ਸਭਾ ਰਾਣੀਆਂ ਤੇ ਐਲਨਾਬਾਦ, ਪੰਜਾਬੀ ਲੇਖਕ ਸਭਾ ਅੰਮ੍ਰਿਤਸਰ ਕਲਾਂ, ਸ਼ਹੀਦ ਭਗਤ ਸਿੰਘ ਵਿਚਾਰ ਮੰਚ ਮਲਿਕਪੁਰਾ, ਗੁਰੂ ਕਾਸ਼ੀ ਸਹਿਤ ਅਕਾਦਮੀ ਤਲਵੰਡੀ ਸਾਬੋ ਤੋਂ ਬਿਨਾਂ ਹਰਿਆਣਾ ਵਿਦਿਆਲਿਆ ਅਧਿਆਪਕ ਸੰਘ ਤੇ ਤਰਕਸ਼ੀਲ ਸੁਸਾਇਟੀ ਦੇ ਸਾਥੀਆਂ ਨੇ ਸ਼ੋਕ ਗ੍ਰਸਤ ਪਰਿਵਾਰ ਨਾਲ ਗਹਿਰੀ ਸੰਵੇਦਨਾਂ ਦਾ ਪ੍ਰਗਟਾਅ ਕੀਤਾ ਹੈ।

# ਦਲਿਤਾਂ 'ਤੇ ਹੋ ਰਹੇ ਝੂਠੇ ਪਰਚਿਆਂ ਖਿਲਾਫ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

**ਪੁਲਸ ਜ਼ਿਲ੍ਹਾ ਖੰਨਾ ਅੰਦਰ ਜਲਦ ਹੋਵੇਗੀ ਸੰਯੁਕਤ ਦਲਿਤ ਮੋਰਚੇ ਦੀ ਮੀਟਿੰਗ**



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਭਰ ਦੀਆਂ ਵੱਖ-ਵੱਖ ਦਲਿਤ ਜਥੇਬੰਦੀਆਂ ਵੱਲੋਂ ਦਲਿਤਾਂ 'ਤੇ ਹੋ ਰਹੇ ਅੱਤਿਆਚਾਰ ਨੂੰ ਰੋਕਣ ਲਈ ਗੈਰ-ਰਾਜਨੀਤਕ ਸੰਯੁਕਤ ਦਲਿਤ ਮੋਰਚੇ ਦਾ ਗਠਨ ਕੀਤਾ ਗਿਆ ਸੀ, ਜਿਸ ਦੀ ਮੀਟਿੰਗ ਸਰਕਟ ਹਾਊਸ ਲੁਧਿਆਣਾ ਵਿੱਚ ਕੀਤੀ। ਪੰਜਾਬ ਭਰ ਤੋਂ ਇਕੱਠੀਆਂ ਹੋਈਆਂ ਦਲਿਤ ਜਥੇਬੰਦੀਆਂ ਦੇ ਆਗੂ ਭਗਵੰਤ ਸਿੰਘ ਸਮਾਓਂ, ਗਹਿਰੀ, ਲਖਵੀਰ ਸਿੰਘ ਰੁਪਾਲਹੇੜੀ, ਰਾਜ ਸਿੰਘ ਟੋਡਰਵਾਲ ਤੇ ਹੋਰ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਦਲਿਤ ਸਮਾਜ 'ਤੇ ਅੱਤਿਆਚਾਰ ਸਿਖਰਾਂ 'ਤੇ ਹੈ। ਆਪਣੇ ਹੱਕਾਂ ਲਈ ਤੇ ਸਰਕਾਰੀ ਜ਼ਮੀਨ ਦਾ 33 ਫੀਸਦੀ ਲੈਣ ਲਈ ਸੰਘਰਸ਼ ਕਰ ਰਹੇ ਲੋਕਾਂ ਤੇ ਦਲਿਤ ਸਮਾਜ 'ਤੇ ਅੱਤਿਆਚਾਰ ਵਿਰੁੱਧ ਆਵਾਜ਼ ਚੁੱਕਣ ਵਾਲੇ ਆਗੂਆਂ ਉੱਪਰ ਝੂਠੇ ਪਰਚੇ ਦੇਣਾ, ਯੁੱਧ ਨਸ਼ਿਆਂ ਵਿਰੁੱਧ ਦੀ ਆੜ ਹੇਠ ਪੰਜਾਬ ਦੀ ਜਵਾਨੀ ਨੂੰ ਜੇਲ੍ਹਾਂ ਵਿੱਚ ਡੱਕਣਾ ਤੇ ਉਨ੍ਹਾਂ ਦੇ ਘਰ ਢਾਹੁਣ ਅਤੇ ਦਲਿਤ ਆਗੂਆਂ ਦੀ ਜ਼ੁਬਾਨ ਬੰਦ ਕਰਨ ਲਈ ਮੌਜੂਦਾ ਆਣ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਅੰਦਰ ਦਲਿਤਾਂ ਖਿਲਾਫ ਇੱਕ ਮੁਹਿੰਮ ਚਲਾਈ ਹੋਈ ਹੈ, ਜਿਸ ਨੂੰ ਠੱਲ੍ਹ ਪਾਉਣ ਲਈ ਪੰਜਾਬ ਭਰ ਦੀਆਂ ਵੱਖ-ਵੱਖ ਦਲਿਤ ਜਥੇਬੰਦੀਆਂ ਇਕੱਠੀਆਂ ਹੋ ਕੇ ਇੱਕ ਸੰਯੁਕਤ ਦਲਿਤ ਮੋਰਚੇ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਪੰਜਾਬ ਭਰ ਵਿੱਚ ਦਲਿਤ ਲੋਕਾਂ 'ਤੇ ਅੱਤਿਆਚਾਰ ਨੂੰ ਠੱਲ੍ਹ ਪਾਈ ਜਾ ਸਕੇ, ਦਲਿਤ ਸਮਾਜ ਦੀ ਸੱਤਾ ਵਿੱਚ ਭਾਗੇਦਾਰੀ ਬਣਾਈ ਜਾ ਸਕੇ, ਲੰਬੇ ਸਮੇਂ ਤੋਂ ਅੰਬੇਡਕਰੀ ਮੂਵਮੈਂਟ ਨੂੰ ਸਮਰਪਤ ਆਗੂ ਗੁਰਦੀਪ ਸਿੰਘ ਕਾਲੀ ਤੇ ਉਸ ਦੇ ਸਾਥੀਆਂ ਉੱਪਰ ਪੁਲਸ ਜ਼ਿਲ੍ਹਾ ਖੰਨਾ ਅੰਦਰ ਉਨ੍ਹਾਂ ਦੀ ਜ਼ੁਬਾਨ ਬੰਦ ਕਰਨ ਲਈ ਇੱਕ ਝੂਠਾ ਪਰਚਾ ਦਿੱਤਾ ਗਿਆ ਅਤੇ ਸਖਤ ਤਾੜਨਾ ਕੀਤੀ ਗਈ ਕਿ ਜੇਕਰ ਉਹ ਦਲਿਤ ਮੁੱਦੇ ਚੁੱਕਦੇ ਹਨ ਤੇ ਡਾ. ਅੰਬੇਡਕਰ ਦੀ ਗੱਲ ਕਰਦੇ ਹਨ ਤਾਂ ਇਸ ਤੋਂ ਵੱਡੇ ਪਰਚੇ ਭੁਗਤਨ ਲਈ ਤਿਆਰ ਰਹੋ, ਜਿਸ ਸਬੰਧੀ ਸੰਯੁਕਤ ਦਲਿਤ ਮੋਰਚੇ ਨੂੰ ਗੁਰਦੀਪ ਸਿੰਘ ਕਾਲੀ ਤੇ ਉਨ੍ਹਾਂ ਦੀ ਜਥੇਬੰਦੀ ਵੱਲੋਂ ਇੱਕ ਮੰਗ ਪੱਤਰ ਦਿੱਤਾ ਗਿਆ ਤਾਂ ਜੋ ਪੁਲਸ ਜ਼ਿਲ੍ਹਾ ਖੰਨਾ ਅੰਦਰ ਜੋ ਦਲਿਤਾਂ ਤੇ ਦਲਿਤ ਆਗੂਆਂ 'ਤੇ ਅੱਤਿਆਚਾਰ ਦੀ ਸਿਖਰ ਨੂੰ ਠੱਲ੍ਹ ਪਾਉਣ ਲਈ ਇੱਥੇ ਵੱਡਾ ਪ੍ਰੋਗਰਾਮ ਉਲੀਕਿਆ ਜਾਵੇ।

# ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਧਰਨਾ ਜਾਰੀ

*ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਕਰਾਂਗੇ ਹੋਰ ਤੇਜ਼ : ਜਗਦੇਵ ਸਿੰਘ*



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਇਕਾਈ ਭੀਖੀ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਮਨਵਾਉਣ ਲਈ ਦਿੱਤਾ ਜਾ ਰਿਹਾ ਧਰਨਾ ਲਗਾਤਾਰ 22ਵੇਂ ਦਿਨ ਵੀ ਜਾਰੀ ਰਿਹਾ। ਇਸ ਮੌਕੇ ਪ੍ਰਧਾਨ ਜਗਦੇਵ ਸਿੰਘ ਨੇ ਦੱਸਿਆ ਕਿ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵਿੱਚ ਕੱਚੇ ਮੁਲਾਜ਼ਮ ਪਿਛਲੇ ਕਈ ਸਾਲਾਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਘੱਟ ਤਨਖਾਹਾਂ ਨਾਲ ਵਰਕਰਾਂ ਦੇ ਘਰ ਦਾ ਗੁਜ਼ਾਰਾ ਨਹੀਂ ਹੁੰਦਾ ਤੇ ਨਾ ਹੀ ਉਹ ਆਪਣੇ ਬੱਚਿਆਂ ਨੂੰ ਚੰਗਾ ਭਵਿੱਖ ਦੇ ਸਕਦੇ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕਿ ਜਲਦ ਤੋਂ ਜਲਦ ਵਰਕਰਾਂ ਨੂੰ ਮਹਿਕਮੇ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ ਤੇ ਗੁਜ਼ਾਰੇ ਜੋਗੀ ਤਨਖਾਹ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਘਰਸ਼ ਨੂੰ ਤਿੱਖਾ ਕਰਨ ਲਈ 4 ਜੁਲਾਈ ਨੂੰ ਸੰਗਰੂਰ ਵਿਖੇ ਰੋਸ ਰੈਲੀ ਕੀਤੀ ਜਾਵੇਗੀ। ਇਸ ਮੌਕੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਕਾਮਰੇਡ ਗੁਰਨਾਮ ਸਿੰਘ ਨੇ ਕਿਹਾ ਕਿ ਉਹ ਠੇਕੇ 'ਤੇ ਕੰਮ ਕਰ ਰਹੇ ਵਰਕਰਾਂ ਦੀਆਂ ਹੱਕੀ ਮੰਗਾਂ ਮਨਵਾਉਣ ਲਈ ਉਨ੍ਹਾਂ ਦੇ ਨਾਲ ਡੱਟ ਕੇ ਖੜ੍ਹੇ ਹਨ ਅਤੇ ਇਨ੍ਹਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਵਿੱਚ ਬਣਦਾ ਸਹਿਯੋਗ ਦੇਣਗੇ। ਇਸ ਮੌਕੇ ਮੀਤ ਪ੍ਰਧਾਨ ਗੋਗੀ ਸਿੰਘ, ਜਰਨਲ ਸਕੱਤਰ ਗੁਰਪਿਆਰ ਸਿੰਘ, ਕੁਲਦੀਪ ਸਿੰਘ, ਜਗਰੂਪ ਸਿੰਘ, ਗੁਰਦੀਪ ਸਿੰਘ, ਸੁਰਜੀਤ ਸਿੰਘ, ਬਲਜਿੰਦਰ ਸਿੰਘ, ਹਰਦੀਪ ਸਿੰਘ, ਅਵਤਾਰ ਸਿੰਘ ਅਦਿ ਹਾਜ਼ਰ ਸਨ।

# ਐੱਸ ਡੀ ਐੱਮ ਵੱਲੋਂ ਬਰਸਾਤੀ ਨਦੀ/ਨਾਲਿਆਂ 'ਤੇ ਚੌਕਸੀ ਵਧਾਉਣ ਦੇ ਆਦੇਸ਼

**ਬਰਸਾਤੀ ਪਾਣੀ ਦੀ ਨਿਕਾਸੀ 'ਚ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਹਰਵੀਰ ਕੌਰ**



**ਬਸੀ ਪਠਾਣਾ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਐੱਸ.ਡੀ.ਐੱਮ. ਹਰਵੀਰ ਕੌਰ ਨੇ ਸਬ ਡਵੀਜ਼ਨ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਤੇ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਕੀਤੇ ਉਪਰਾਲਿਆਂ ਬਾਰੇ ਵਿਸਥਾਰ ਵਿੱਚ ਜਾਇਜ਼ਾ ਲਿਆ ਤੇ ਅਧਿਕਾਰੀਆਂ ਨੂੰ ਪੂਰੀ ਚੌਕਸੀ ਵਰਤਣ ਦੇ ਆਦੇਸ਼ ਦਿੱਤੇ।ਉਪ ਮੰਡਲ ਮੈਜਿਸਟਰੇਟ ਹਰਵੀਰ ਕੌਰ ਨੇ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹਰ ਤਰ੍ਹਾਂ ਦੀ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪ੍ਰਸ਼ਾਸਨਕ ਪੱਧਰ 'ਤੇ ਪੂਰੀਆਂ ਤਿਆਰੀਆਂ ਹਨ।ਉਪ ਮੰਡਲ ਮੈਜਿਸਟਰੇਟ ਹਰਵੀਰ ਕੌਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਉਣ ਵਾਲੇ ਦਿਨਾਂ ਵਿੱਚ ਭਾਰੀ ਮੀਂਹ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਕਿਸੇ ਵੀ ਕਿਸਮ ਦੀ ਲਾਪ੍ਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਕਿਸੇ ਵੀ ਨਦੀ ਜਾਂ ਬਰਸਾਤੀ ਨਾਲੇ ਵਿੱਚ ਪਾਣੀ ਦੇ ਵਹਾਅ ਵਿੱਚ ਰੋਕ ਨਾ ਆਉਣ ਦਿੱਤੀ ਜਾਵੇ।ਉਨ੍ਹਾਂ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਬ ਡਵੀਜ਼ਨ ਵਿੱਚੋਂ ਲੰਘਦੀਆਂ ਡਰੇਨਾਂ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇ ਤੇ ਪਾਣੀ ਦਾ ਪੱਧਰ ਵਧਣ ਦੀ ਸੂਰਤ ਵਿੱਚ ਲੋੜੀਂਦੇ ਅਹਿਤਿਆਤੀ ਕਦਮ ਚੁੱਕੇ ਜਾਣ।ਐੱਸ.ਡੀ.ਐੱਮ. ਨੇ ਪਿੰਡ ਬਾਸੀਆਂ, ਪਵਾਲਾ ਤੇ ਹੋਰ ਨੇੜਲੇ ਪਿੰਡਾਂ ਦਾ ਦੌਰਾ ਕੀਤਾ ਤੇ ਵੱਡੀ ਨਦੀ ਵਿੱਚ ਪਾਣੀ ਦੀ ਨਿਕਾਸੀ ਲਈ ਕੀਤੇ ਪ੍ਰਬੰਧਾਂ ਦਾ ਨਿਰੀਖਣ ਕੀਤਾ।ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਥਾਵਾਂ, ਜਿੱਥੇ ਪਾਣੀ ਦਾ ਪੱਧਰ ਆਉਣ ਵਾਲੇ ਦਿਨਾਂ ਵਿੱਚ ਵਧਣ ਦੀਆਂ ਵਧੇਰੇ ਸੰਭਾਵਨਾਵਾਂ ਹੋਣ, ਉਤੇ ਨਿਰੰਤਰ ਚੌਕਸੀ ਰੱਖੀ ਜਾਵੇ ਤੇ ਅਜਿਹੀ ਕਿਸੇ ਵੀ ਸਥਿਤੀ ਵਿੱਚ ਮਾਮਲਾ ਫੌਰੀ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ।ਇਸ ਮੌਕੇ ਤਹਿਸੀਲਦਾਰ ਸਮੇਤ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਸਨ।

# ਕਿਸਾਨਾਂ ਨੂੰ ਖਾਦਾਂ ਨਾਲ ਬੇਲੋੜੀਆਂ ਵਸਤਾਂ ਲੈਣ ਲਈ ਮਜਬੂਰ ਨਾ ਕੀਤਾ ਜਾਵੇ : ਬੀ ਕੇ ਯੂ ਕਾਦੀਆਂ



**ਜ਼ੀਰਾ (ਨਰਿੰਦਰ ਅਨੇਜਾ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਬਲਾਕ ਦੇ ਪ੍ਰਧਾਨ ਸੁਖਦੇਵ ਸਿੰਘ ਸਨੇਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਬੀਕੇਯੂ ਕਾਦੀਆਂ ਪੰਜਾਬ ਦੇ ਐਗਜ਼ੈਕਟਿਵ ਮੈਂਬਰ ਦਰਸ਼ਨ ਸਿੰਘ ਮੀਹਾ ਸਿੰਘ ਵਾਲਾ, ਹਰਪ੍ਰੀਤ ਸਿੰਘ ਲੌਂਗੋਦੇਵਾ ਜ਼ਿਲ੍ਹਾ ਮੀਤ ਪ੍ਰਧਾਨ, ਮਨਦੀਪ ਸਿੰਘ ਅਲੀਪੁਰ ਮੀਤ ਸਕੱਤਰ ਜ਼ਿਲ੍ਹਾ ਫਿਰੋਜ਼ਪੁਰ, ਪ੍ਰੀਤਮ ਸਿੰਘ ਮੀਹਾ ਸਿੰਘ ਵਾਲਾ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬੀ ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ ਤੋਂ ਇਲਾਵਾ ਹੋਰ ਕਿਸਾਨ ਆਗੂਆਂ ਨੇ ਭਾਗ ਲਿਆ।ਮੀਟਿੰਗ ਵਿੱਚ ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਦੁਕਾਨਦਾਰਾਂ ਤੇ ਸੁਸਾਇਟੀਆਂ ਵੱਲੋਂ ਯੂਰੀਆ ਤੇ ਡੀਏਪੀ ਖਾਦਾਂ ਦੇ ਨਾਲ ਦਿੱਤਾ ਜਾ ਰਿਹਾ ਵਾਧੂ ਸਾਮਾਨ ਬੰਦ ਕੀਤਾ ਜਾਵੇ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਜੇਕਰ ਆਪਣੀ ਫਸਲ ਲਈ ਖਾਦ ਲੈਣ ਜਾਂਦਾ ਹੈ ਤਾਂ ਉਸ ਨੂੰ ਬੇਲੋੜੀਆਂ ਵਸਤਾਂ ਨੂੰ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ, ਜਿਸ ਨਾਲ ਦੁਕਾਨਦਾਰਾਂ ਤੇ ਕਿਸਾਨਾਂ ਦਰਮਿਆਨ ਇਸ ਗੱਲ ਨੂੰ ਲੈ ਕੇ ਬੋਲ ਬੁਲਾਰਾ ਵੀ ਹੁੰਦਾ ਹੈ।ਇਸ ਨਾਲ ਕਿਸਾਨਾਂ ਤੇ ਦੁਕਾਨਦਾਰਾਂ ਦੇ ਆਪਸੀ ਸਬੰਧ ਵੀ ਵਿਗੜ ਰਹੇ ਹਨ।ਜਥੇਬੰਦੀ ਕੋਲ ਪਿਛਲੇ ਲੰਮੇ ਸਮੇਂ ਤੋਂ ਅਜਿਹੇ ਕੇਸ ਲਗਾਤਾਰ ਆ ਰਹੇ ਹਨ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਬੇਲੋੜੀਆਂ ਵਸਤਾਂ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਇਹ ਇੱਕ ਤਰ੍ਹਾਂ ਨਾਲ ਖਪਤਕਾਰ ਦੇ ਅਧਿਕਾਰਾਂ ਨੂੰ ਖਤਮ ਕਰਨ ਦੀ ਪ੍ਰਕਿਰਿਆ ਹੈ, ਜਿਸ ਚੀਜ਼ ਦੀ ਕਿਸਾਨ ਨੂੰ ਲੋੜ ਹੀ ਨਹੀਂ, ਉਹ ਚੀਜ਼ਾਂ ਕਿਸਾਨਾਂ ਦੇ ਸਿਰ ਧੱਕੇ ਨਾਲ ਕਿਉਂ ਮੜੀਆਂ ਜਾ ਰਹੀਆਂ ਹਨ।ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਇਸ ਦਾ ਸਖਤ ਨੋਟਿਸ ਲੈਣਾ ਚਾਹੀਦਾ ਹੈ ਤੇ ਕਿਸਾਨਾਂ ਦੀ ਹੋ ਰਹੀ ਇਹ ਲੁੱਟ ਬੰਦ ਹੋਣੀ ਚਾਹੀਦੀ ਹੈ।ਦੁਕਾਨਦਾਰ ਤੇ ਸੁਸਾਇਟੀਆਂ ਬੇਲੋੜੀਆਂ ਚੀਜ਼ਾਂ ਬੇਸ਼ੱਕ ਆਪਣੇ ਕੋਲ ਰੱਖਣ, ਪਰ ਕਿਸਾਨਾਂ ਨੂੰ ਇਹ ਖ੍ਰੀਦਣ ਲਈ ਮਜਬੂਰ ਨਾ ਕਰਨ।

ਇਸ ਮੌਕੇ ਜਸਪ੍ਰੀਤ ਲੌਂਗੋਦੇਵਾ, ਜਸਵਿੰਦਰ ਸਿੰਘ ਸਨੇਰ, ਨਾਇਬ ਸਿੰਘ ਮਨਸੂਰਦੇਵਾ, ਰਾਮ ਸਿੰਘ ਸੇਖਵਾ, ਨੈਬ ਸਿੰਘ ਸੇਖਵਾਂ, ਸਤਨਾਮ ਸਿੰਘ ਸੇਖਵਾਂ, ਆਤਮਾ ਸਿੰਘ ਮਨਸੂਦੇਵਾ, ਮਹਿੰਦਰ ਸਿੰਘ ਮਨਸੂਦੇਵਾ ਬਾਬਾ, ਬਾਬਾ ਤਰਸੇਮ ਸਿੰਘ ਤਲਵੰਡੀ ਜੱਲੇ ਖਾਂ, ਭੁਪਿੰਦਰ ਸਿੰਘ ਨੂਰਪੁਰ ਬਲਾਕ ਪ੍ਰਧਾਨ ਬੀਕੇਯੂ ਕਾਦੀਆਂ ਮਖੂ, ਗੁਰਪ੍ਰੀਤ ਸਿੰਘ ਵਲਟੋਹਾ ਬਲਾਕ ਪ੍ਰਧਾਨ ਮੱਲਾਂਵਾਲਾ, ਬਲਜੀਤ ਸਿੰਘ ਸਰਪੰਚ ਮਸਤੇਵਾਲਾ ਸੁਖਜੀਤ ਸਿੰਘ ਸਰਪੰਚ ਮੱਲੇਵਾਲਾ, ਅੰਮ੍ਰਿਤਪਾਲ ਸਿੰਘ, ਮੋਹਣ ਸਿੰਘ ਨੰਬਰਦਾਰ, ਗੁਰਚਰਨ ਸਿੰਘ ਬਾਬਾ ਜੀਰਾ, ਵਿੱਕੀ ਨਾਰੰਗ ਜੀਰਾ, ਕਸ਼ਮੀਰ ਸਿੰਘ ਜ਼ੀਰਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਆਮ ਆਦਮੀ ਕਲੀਨਿਕਾਂ 'ਤੇ ਹੁਣ ਹੋਰ ਵਧੇਰੇ ਸਿਹਤ ਸਹੂਲਤਾਂ ਮਿਲਣਗੀਆਂ : ਡਾ. ਸੰਜੇ ਕਾਮਰਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਤੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਮ ਆਦਮੀ ਕਲੀਨਿਕਾਂ ਵਿਖੇ ਮੁੱਢਲੀਆ ਸਿਹਤ ਸਹੂਲਤਾਂ (ਪ੍ਰਾਇਮਰੀ ਹੈਲਥ ਸਰਵਿਸਜ਼) ਵਿੱਚ ਵਾਧਾ ਕਰਨ ਲਈ ਤੇ ਸਿਹਤ ਸੁਵਿਧਾਵਾਂ ਨੂੰ ਜ਼ਮੀਨੀ ਪੱਧਰ 'ਤੇ ਮੁਹੱਈਆ ਕਰਾਉਣ ਦੇ ਮਕਸਦ ਨਾਲ ਜ਼ਿਲ੍ਹਾ ਸੰਗਰੂਰ ਦੇ ਸੀਨੀਅਰ ਮੈਡੀਕਲ ਅਫਸਰਾਂ ਅਤੇ ਆਮ ਆਦਮੀ ਕਲੀਨਿਕਾਂ ਦੇ ਸਮੂਹ ਮੈਡੀਕਲ ਅਫਸਰਾਂ ਨੂੰ ਟ੍ਰੇਨਿੰਗ ਦਿੱਤੀ ਗਈ।ਟ੍ਰੇਨਿੰਗ ਨੂੰ ਸਬੋਧਨ ਕਰਦਿਆਂ ਡਾ. ਸੰਜੇ ਕਾਮਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵਧੀਆ ਤੇ ਮਿਆਰੀ ਸਿਹਤ ਸਹੂਲਤਾਂ ਮੁਹਈਆ ਕਰਾਉਣ ਦੇ ਮਕਸਦ ਨਾਲ ਤਰ੍ਹਾਂ-ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ।ਇਸ ਲੜੀ ਦੇ ਤਹਿਤ ਆਮ ਆਦਮੀ ਕਲੀਨਿਕਾਂ 'ਤੇ ਜ਼ਿਆਦਾ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ, ਕਿਉਂਕਿ ਜ਼ਿਆਦਾਤਰ ਲੋਕ ਇਨ੍ਹਾਂ ਕਲੀਨਕਾਂ ਦੀਆਂ ਸੇਵਾਵਾਂ 'ਤੇ ਨਿਰਭਰ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਆਮ ਆਦਮੀ ਕਲੀਨਕਾਂ 'ਤੇ ਮਿਲਣ ਵਾਲੀਆਂ ਸਹੂਲਤਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਤਾਂ ਜੁ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਘਰ ਦੇ ਨੇੜੇ ਹੀ ਮਿਲ ਸਕਣ।

ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿਖੇ 112 ਤਰ੍ਹਾਂ ਦੀਆਂ ਦਵਾਈਆਂ ਤੇ 47 ਤਰ੍ਹਾਂ ਦੇ ਲੈਬ ਟੈੱਸਟ ਮੁਹੱਈਆ ਕਰਾਏ ਜਾ ਰਹੇ ਹਨ।ਪਹਿਲੇ ਗੇੜ ਵਿਚ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਗਰਭਵਤੀ ਮਾਵਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਲਈ ਤੇ ਪਰਿਵਾਰ ਨਿਯੋਜਨ ਸਬੰਧੀ ਵੀ ਇੱਕ ਟ੍ਰੇਨਿੰਗ ਦਿੱਤੀ ਗਈ, ਸਿਹਤ ਸੇਵਾਵਾਂ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਟ੍ਰੇਨਿੰਗ ਦੇ ਦੂਜੇ ਪੜਾਅ ਤਹਿਤ ਆਮ ਆਦਮੀ ਕਲੀਨਿਕ ਦੇ ਸਮੂਹ ਮੈਡੀਕਲ ਅਫਸਰਾਂ ਨੂੰ ਗੰਭੀਰ ਅਤੇ ਦਰਮਿਆਨੀ ਤੀਬਰ ਕੁਪੋਸ਼ਣ, ਕੁੱਤੇ ਦੇ ਕੱਟਣ ਦੇ ਇਲਾਜ,ਗੈਰ ਸੰਚਾਰੀ ਬਿਮਾਰੀਆਂ ਜਿਵੇਂ ਕਿ ਹਾਈਪਰਟੈਨਸ਼ਨ, ਸ਼ੂਗਰ ਤੇ ਓਰਲ ਕੈਂਸਰ ਸਬੰਧੀ ਟ੍ਰੇਨਿੰਗ ਕਰਾਈ ਗਈ।ਉਹਨਾਂ ਸਮੂਹ ਮੈਡੀਕਲ ਅਫਸਰ ਨੂੰ ਅਪਣੀ ਡਿਊਟੀ ਤਨਦੇਹੀ ਅਤੇ ਇਮਾਨਦਾਰੀ ਨਾਲ ਕਰਨ ਲਈ ਕਿਹਾ।

# ਭਾਰਤ ਮੁਕਤੀ ਮੋਰਚਾ, ਪੱਛੜਾ ਵਰਗ ਮੋਰਚਾ ਤੇ ਬਹੁਜਨ ਮੁਕਤੀ ਪਾਰਟੀ ਵੱਲੋਂ ਭਾਰਤ ਬੰਦ ਦਾ ਸਮਰਥਨ

**ਮਾਨਸਾ (ਆਤਮਾ ਸਿੰਘ ਪਮਾਰ)**



ਬਹੁਜਨ ਮੁਕਤੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਪਾਰਟੀ ਹਾਈ ਕਮਾਂਡ ਦੇ ਸੱਦੇ 'ਤੇ ਮਾਨਸਾ ਵਿਖੇ ਭਾਰਤ ਬੰਦ ਦਾ ਸਮਰਥਨ ਕੀਤਾ ਕੀਤਾ ਗਿਆ।ਇਸ ਪ੍ਰੋਗਰਾਮ ਦੌਰਾਨ ਵਿਸੇਸ਼ ਤੌਰ 'ਤੇ ਭਾਰਤ ਮੁਕਤੀ ਮੋਰਚਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ੍. ਦਲਵਿੰਦਰ ਸਿੰਘ ਵੀ ਪਹੁੰਚੇ।ਦਲਵਿੰਦਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਓ.ਬੀ.ਸੀ. ਦੀ ਜਾਤੀ ਆਧਾਰਿਤ ਜਣ-ਗਣਨਾ ਕਰਨ ਦਾ ਨੋਟੀਫਿਕੇਸ਼ਨ ਭਾਵੇਂ ਕੇਂਦਰ ਸਰਕਾਰ ਵੱਲੋਂ ਕਰ ਦਿੱਤਾ ਗਿਆ ਹੈ, ਪ੍ਰੰਤੂ ਇਸ ਦੀ ਵਿਸਥਾਰਤ ਰੂਪ ਵੀ ਜਾਰੀ ਕੀਤੀ ਜਾਵੇ, ਈ.ਵੀ.ਐੱਮ. ਨੂੰ ਪੂਰਨ ਤੌਰ 'ਤੇ ਬੰਦ ਕਰਕੇ ਬੈਲਟ ਪੇਪਰਾਂ ਨਾਲ ਚੋਣਾਂ ਕਰਵਾਈਆਂ ਜਾਣ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਮਨਰੇਗਾ ਮਜ਼ਦੂਰਾਂ ਨੂੰ 300 ਦਿਨਾਂ ਦਾ ਕੰਮ ਦਿੱਤਾ ਜਾਵੇ, ਸਰਕਾਰ ਦੇ ਸਾਰੇ ਮਹਿਕਮੇ ਪਹਿਲਾਂ ਵਾਂਗ ਸਰਕਾਰੀ ਕੀਤੇ ਜਾਣ, ਐਮ.ਐਸ.ਪੀ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ, ਬਹੁਜਨ ਸਮਾਜ ਉੱਪਰ ਹੁੰਦੇ ਅੱਤਿਆਚਾਰ (ਮੁਸਲਮਾਨ, ਬੋਧੀ, ਇਸਾਈ, ਜੈਨੀ, ਕ੍ਰਿਸਚਨ, ਐਸ.ਸੀ. ਭਾਈਚਾਰਾ) ਨੂੰ ਬੰਦ ਕੀਤਾ ਜਾਵੇ, ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ।ਪਿਛੜਾ ਵਰਗ ਦੇ ਨੇਤਾ ਸਿਕੰਦਰ ਸਿੰਘ ਘਰਾਂਗਣਾ ਤੇ ਡਾ. ਕੇਵਲ ਸਿੰਘ ਨੇ ਦੱਸਿਆ ਕਿ ਇਸ ਵਰਗ ਦੀ ਭਾਰਤ 'ਚ ਆਬਾਦੀ ਕਰੀਬ 62 ਪ੍ਰਤੀਸ਼ਤ ਹੈ ਤੇ ਇਸ ਭਾਈਚਾਰੇ ਨੂੰ ਗਿਣਤੀ ਅਨੁਸਾਰ ਰਾਖਵਾਂਕਰਨ ਨਹੀਂ ਮਿਲ ਰਿਹਾ। ਮੰਡਲ ਕਮਿਸ਼ਨ ਦੀ ਰਿਪੋਰਟ ਅਨੁਸਾਰ ਰਾਖਵਾਂਕਰਨ 27 ਪ੍ਰਤੀਸ਼ਤ ਹੈ, ਪ੍ਰੰਤੂ ਇਸ ਸਮੇਂ ਸਿਰਫ਼ 11 ਪ੍ਰਤੀਸ਼ਤ ਹੀ ਦਿੱਤਾ ਜਾ ਰਿਹਾ ਹੈ।ਇਸ ਸਮੇਂ ਆਗੂਆਂ ਵੱਲੋਂ ਤਹਿਸੀਲਦਾਰ ਮਾਨਸਾ ਨੂੰ ਉਕਤ ਮੰਗਾਂ ਮਸਲਿਆਂ ਸਬੰਧੀ ਇੱਕ ਮੰਗ ਪੱਤਰ ਵੀ ਦਿੱਤਾ ਗਿਆ।ਇਸ ਸਮੇਂ ਅੰਗਰੇਜ਼ ਸਿੰਘ ਜਟਾਣਾ ਬਹੁਜਨ ਮੁਕਤੀ ਪਾਰਟੀ ਜ਼ਿਲ੍ਹਾ ਜਨਰਲ ਸਕੱਤਰ, ਬਿੱਕਰ ਸਿੰਘ ਵੈਦ ਜ਼ਿਲ੍ਹਾ ਮੀਤ ਪ੍ਰਧਾਨ, ਡਾ. ਸੁਰਿੰਦਰ ਸਿੰਘ ਸੀਨੀਅਰ ਬਾਮਸੇਫ ਆਗੂ, ਸੈਮੂਅਲ ਸਿੱਧੂ ਕ੍ਰਿਸਚਨ ਮੋਰਚਾ, ਰਣਜੀਤ ਸਿੰਘ ਮਨਰੇਗਾ ਆਗੂ, ਭੀਮ ਸਿੰਘ ਭੁਪਾਲ, ਹਰਦੇਵ ਸਿੰਘ ਸਹਾਰਨਾ, ਅੰਮ੍ਰਿਤਪਾਲ ਗੋਗਾ ਐੱਮ.ਸੀ. ਮਾਨਸਾ, ਡਾ. ਬੂਟਾ ਸਿੰਘ, ਡਾ. ਮਲਕੀਤ ਸਿੰਘ, ਸਾਬਰ ਮੁਹੰਮਦ ਖਾਨ, ਮਲਕੀਤ ਕੌਰ, ਭੀਮ ਸਿੰਘ ਸਾਬਕਾ ਫੌਜੀ, ਮੀਆਂ ਸਾਹਿਬ, ਜਰਨੈਲ ਸਿੰਘ, ਲਾਭ ਸਿੰਘ ਚਕੇਰੀਆਂ, ਕਾਕਾ ਸਿੰਘ ਮਾਖਾ ਆਦਿ ਆਗੂ ਹਾਜ਼ਰ ਸਨ।

## ਗੁਰਮਤਿ ਸਮਾਗਮ 'ਚ 3500 ਤੋਂ ਵੱਧ ਬੱਚਿਆਂ ਨੇ ਕੀਤੀ ਸ਼ਮੂਲੀਅਤ



**ਮਾਨਸਾ (ਆਤਮਾ ਸਿੰਘ ਪਮਾਰ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜ਼ਿਲ੍ਹੇ ਦੇ ਹਲਕਾ ਜੋਗਾ ਤੋਂ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਦੇ ਯਤਨਾਂ ਸਦਕਾ ਪਿਛਲੇ ਇੱਕ ਮਹੀਨੇ ਤੋਂ ਵੱਖ-ਵੱਖ ਪਿੰਡਾਂ 'ਚ ਲਾਏ ਗਏ ਗੁਰਮਤਿ ਸਿਖਲਾਈ ਕੈਂਪਾਂ 'ਚ ਭਾਗ ਲੈਣ ਵਾਲੇ ਬੱਚਿਆਂ ਦਾ ਸਨਮਾਨ ਸਮਾਰੋਹ ਗੁਰਦੁਆਰਾ ਭਾਈ ਬਹਿਲੋ ਜੀ ਫਫੜੇ ਭਾਈਕੇ ਵਿਖੇ ਆਯੋਜਨ ਕੀਤਾ ਗਿਆ।ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਬਾਬਾ ਟੇਕ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਲਕੇ ਦੇ 54 ਪਿੰਡਾਂ ਅੰਦਰ 64 ਥਾਵਾਂ 'ਤੇ ਲਾਏ ਇਨ੍ਹਾਂ ਗੁਰਮਤਿ ਕੈਂਪਾਂ ਦੌਰਾਨ 3535 ਬੱਚਿਆਂ ਨੇ ਸ਼ਮੂਲੀਅਤ ਕੀਤੀ ਅਤੇ ਵੱਖ-ਵੱਖ ਧਾਰਮਿਕ ਮੁਕਾਬਲਿਆਂ 'ਚ ਭਾਗ ਲਿਆ।ਕੈਂਪ ਦੀ ਸਫਲਤਾ ਲਈ ਗੁਰਪ੍ਰੀਤ ਸਿੰਘ ਝੱਬਰ ਨੇ ਘਰ ਘਰ ਤੱਕ ਪਹੁੰਚ ਕਰਕੇ ਬੱਚਿਆਂ ਨੂੰ ਕੈਂਪ ਵਿੱਚ ਆਉਣ ਲਈ ਪ੍ਰੇਰਿਆ।ਕੈਂਪ ਦੀ ਸਮਾਪਤੀ ਮੌਕੇ 575 ਬੱਚਿਆਂ ਦੀ ਗੁਰਮਤਿ ਸਬੰਧੀ ਲਿਖਤੀ ਪ੍ਰੀਖਿਆ ਵੀ ਲਈ ਗਈ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮਨੁੱਖ ਦੇ ਜੀਵਨ ਲਈ ਗੁਰਬਾਣੀ ਦੀ ਸਿੱਖਿਆ ਦਾ ਵੱਡਾ ਮਹੱਤਵ ਹੈ ਅਤੇ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਗੁਰਬਾਣੀ, ਗੁਰ ਇਤਿਹਾਸ ਨਾਲ ਸਹਿਜੇ ਹੀ ਜੋੜਿਆ ਜਾ ਸਕਦਾ ਹੈ।ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੇ ਗੁਰੂ ਸਿੱਖਾਂ ਨੂੰ ਹਰ ਰੋਜ਼ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਾਉਣ ਲਈ ਪ੍ਰੇਰਿਆ।ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਨੂੰ ਗੁਰੂ ਸਿੱਖਾਂ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ।ਇਸ ਤੋਂ ਪਹਿਲਾਂ ਗੁਰਪ੍ਰੀਤ ਸਿੰਘ ਝੱਬਰ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ, ਜਥੇਦਾਰ ਬਾਬਾ ਟੇਕ ਸਿੰਘ ਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ ਅਤੇ ਕੈਂਪ ਵਿਚ ਸਹਿਯੋਗ ਕਰਨ ਵਾਲੇ ਸਿੰਘਾਂ ਸਿੰਘਣੀਆਂ, ਹਲਕਾ ਨਿਵਾਸੀਆਂ ਅਤੇ ਕੈਂਪ 'ਚ ਸ਼ਾਮਲ ਹੋਏ ਬੱਚਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।

# ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਰਣਨੀਤਕ ਥਾਵਾਂ 'ਤੇ ਸਾਰੇ ਪ੍ਰਬੰਧ ਮੁਕੰਮਲ : ਡੀ ਸੀ



■ ਘੱਗਰ ਨਦੀ ਦਾ ਜਾਇਜ਼ਾ ਲੈਣ ਲਈ ਡੀ ਸੀ ਬਾਦਸ਼ਾਹਪੁਰ ਪੁੱਜੇ

**ਬਾਦਸ਼ਾਹਪੁਰ/ਪਾਤੜਾਂ/ਪਟਿਆਲਾ (ਰਜਿੰਦਰ ਸਿੰਘ ਥਿੰਦ)**-ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਬਾਦਸ਼ਾਹਪੁਰ ਤੇ ਹਰਚੰਦਪੁਰਾ ਵਿਖੇ ਘੱਗਰ ਦਰਿਆ ਦਾ ਦੌਰਾ ਕਰਕੇ ਵਧਿ ਰਹੇ ਪਾਣੀ ਦਾ ਨਿਰੀਖਣ ਕੀਤਾ।ਇਸ ਮੌਕੇ ਉਨ੍ਹਾਂ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਤੇ ਡਰੇਨੇਜ ਵਿਭਾਗ ਵੱਲੋਂ ਪਾਣੀ ਦੇ ਵਹਾਅ ਦੀ ਸਥਿਤੀ 'ਤੇ ਪਲ-ਪਲ ਦੀ ਨਿਗਰਾਨੀ ਰੱਖੀ ਜਾ ਰਹੀ ਹੈ, ਜਿਸ ਲਈ ਲੋਕਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਤੇ ਨਾ ਹੀ ਕਿਸੇ ਕਿਸਮ ਦੀਆਂ ਅਫ਼ਵਾਹਾਂ 'ਤੇ ਯਕੀਨ ਕਰਨਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਨਾਗਰਿਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਲਈ ਪੁਖਤਾ ਇੰਤਜ਼ਾਮ ਕੀਤੇ ਹਨ ਤੇ ਡਰੇਨੇਜ ਵਿਭਾਗ ਨੇ ਨਦੀਆਂ ਦੇ ਡਰੋਨ ਨਾਲ ਨਿਰੀਖਣ ਕਰਕੇ ਨਾਜ਼ੁਕ ਖੇਤਰਾਂ ਵਿਖੇ ਬੰਨ੍ਹਾਂ ਦੀ ਮੁਰੰਮਤ ਤੇ ਮਜ਼ਬੂਤੀ ਲਈ ਵਿਸ਼ੇਸ਼ ਪ੍ਰਬੰਧ ਵੀ ਕੀਤੇ ਹਨ।ਉਨ੍ਹਾਂ ਦੇ ਨਾਲ ਐੱਸ.ਡੀ.ਐੱਮ. ਅਸ਼ੋਕ ਕੁਮਾਰ ਤੇ ਡਰੇਨੇਜ ਵਿਭਾਗ ਦੇ ਕਾਰਜਕਾਰੀ ਪ੍ਰਥਮ ਗੰਭੀਰ ਵੀ ਮੌਜੂਦ ਸਨ।ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਹੜ੍ਹਾਂ ਕਰਕੇ ਹੋਏ ਨੁਕਸਾਨ ਦੇ ਮੱਦੇਨਜ਼ਰ ਉਨ੍ਹਾਂ ਨੇ ਘੱਗਰ ਤੇ ਹੋਰਨਾਂ ਦਰਿਆਵਾਂ ਦੀਆਂ ਨਾਜ਼ੁਕ ਥਾਵਾਂ ਦਾ ਖੁਦ ਦੌਰਾ ਕੀਤਾ ਹੈ।ਇਸ ਦੌਰਾਨ ਉਨ੍ਹਾਂ ਨੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕਰਕੇ ਜ਼ਮੀਨੀ ਹਕੀਕਤ ਜਾਣੀ ਤੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ।

ਉਨ੍ਹਾ ਦੱਸਿਆ ਕਿ ਜ਼ਿਲ੍ਹੇ ਵਿੱਚ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਰਣਨੀਤਕ ਥਾਵਾਂ 'ਤੇ ਮਿੱਟੀ ਨਾਲ ਭਰੇ ਏ.ਸੀ. ਥੈਲਿਆਂ ਦਾ ਸਟਾਕ ਜਮ੍ਹਾਂ ਕਰਨ ਸਮੇਤ ਮਗਨਰੇਗਾ ਤੇ ਜਲ ਸਰੋਤ ਵਿਭਾਗ ਵੱਲੋਂ ਲੋੜੀਂਦੇ ਬਚਾਅ ਕਾਰਜ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਜਲ ਸਰੋਤ ਤੇ ਲੋਕ ਨਿਰਮਾਣ ਵਿਭਾਗ ਨੂੰ ਪਾਣੀ ਦੇ ਵਹਾਅ ਵਿੱਚ ਆਉਣ ਵਾਲੀਆਂ ਰੁਕਾਵਟਾਂ, ਜੋ ਕਿ ਪਿਛਲੇ ਸਾਲ ਪਛਾਣੀਆਂ ਗਈਆਂ ਸਨ, ਨੂੰ ਵੀ ਦੂਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਡੀ ਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਤੇ ਮਾਨਸੂਨ ਸੀਜ਼ਨ ਵਿੱਚ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਵੀ ਪੂਰੀ ਤਿਆਰੀ ਹੈ।ਐਕਸੀਐਨ ਪ੍ਰਥਮ ਗੰਭੀਰ ਨੇ ਦੱਸਿਆ ਕਿ ਡਰੇਨੇਜ ਵਿਭਾਗ ਦੀ ਹਰਿਆਣਾ ਤੇ ਹਿਮਾਚਲ ਤੋਂ ਆਉਂਦੇ ਪਾਣੀ ਦੀਆਂ ਗੇਜਾਂ 'ਤੇ ਪੂਰੀ ਨਜ਼ਰ ਹੈ ਤੇ ਅੱਪ ਸਟਰੀਮ ਸਮੇਤ ਡਾਊਨ ਸਟਰੀਮ 'ਤੇ ਵੀ ਪੂਰਾ ਅਮਲਾ ਲਗਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਵੇਲੇ ਘੱਗਰ ਨਦੀ ਵਿੱਚ ਮਾਰਕੰਡਾ ਦਰਿਆ ਦਾ ਦਸ ਫੁੱਟ ਪਾਣੀ ਆ ਰਿਹਾ ਹੈ ਤੇ ਇਹ ਖਤਰੇ ਦੇ ਨਿਸ਼ਾਨ ਤੋਂ ਕਾਫ਼ੀ ਘੱਟ ਹੈ।ਇਸ ਮੌਕੇ ਐੱਸਡੀਓ ਗੁਲਸ਼ਨ ਕੁਮਾਰ, ਜੇ ਈਜ਼ ਸਤਨਾਮ ਸਿੰਘ ਤੇ ਪਰਦੀਪ ਸਿੰਘ ਸਮੇਤ ਇਲਾਕੇ ਦੇ ਲੋਕ, ਸਰਪੰਚ ਤੇ ਪੰਚਾਇਤ ਮੈਂਬਰ ਹਾਜ਼ਰ ਸਨ।

# ਹੜਤਾਲ ਨੂੰ ਸਫਲ ਬਣਾਉਣ ਲਈ ਪਿੰਡਾਂ 'ਚ ਮਜ਼ਦੂਰ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨੌਂ ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਸੀ ਆਈ ਟੀ ਯੂ, ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ ਚੌਹਾਨਕੇ ਖੁਰਦ, ਸਹਿਜੜਾ, ਕਲਾਲਾ ਤੇ ਚੰਨਣਵਾਲ ਵਿਖੇ ਮਜ਼ਦੂਰਾਂ ਦੀਆਂ ਭਰਵੀਆਂ ਮੀਟਿੰਗਾਂ ਕਰਵਾਈਆਂ ਗਈਆਂ। ਇਸ ਮੌਕੇ ਮਜ਼ਦੂਰਾਂ ਨੂੰ ਹੜਤਾਲ ਵਿੱਚ ਵੱਡੀ ਗਿਣਤੀ 'ਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ। ਮੀਟਿੰਗਾਂ ਦੌਰਾਨ ਮਜ਼ਦੂਰਾਂ ਵੱਲੋਂ ਕੇਂਦਰ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏ ਆਈ ਟੀ ਯੂ ਸੀ) ਦੇ ਪੰਜਾਬ ਸੂਬਾ ਸਕੱਤਰ ਸ਼ੇਰ ਸਿੰਘ ਫਰਵਾਹੀ, ਜ਼ਿਲ੍ਹਾ ਆਗੂ ਕੁਲਵੰਤ ਸਿੰਘ, ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ ਤੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ ਨੇ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਜ਼ਦੂਰ ਵਿਰੋਧੀ ਲੇਬਰ ਕੋਡ ਲਾਗੂ ਕਰਕੇ 75 ਤੋਂ ਵੱਧ ਮਜ਼ਦੂਰ ਪੱਖੀ ਕਾਨੂੰਨ ਰੱਦ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਾਰਨ ਉਹ ਨਸ਼ਿਆਂ ਵਿੱਚ ਫਸ ਰਹੇ ਹਨ ਜਾਂ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ। ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਨਰੇਗਾ ਤੇ ਹੋਰ ਗਰੀਬ ਪੱਖੀ ਸਕੀਮਾਂ ਦੇ ਫੰਡ ਕੱਟ ਦਿੱਤੇ ਗਏ ਹਨ। ਉਨ੍ਹਾਂ ਨੂੰ ਨਿਯਤ ਤਨਖਾਹਾਂ ਨਹੀਂ ਮਿਲਦੀਆਂ, ਕੰਟਰੈਕਟਾਂ 'ਤੇ ਕੰਮ ਕਰਵਾ ਕੇ ਹੱਕਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਹੂਲਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ ਅਤੇ ਸਿੱਖਿਆ ਤੇ ਸਿਹਤ ਖੇਤਰ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਸਰਕਾਰ ਪਿੱਛੇ ਹਟ ਰਹੀ ਹੈ। ਆਗੂਆਂ ਨੇ ਮਜ਼ਦੂਰਾਂ, ਖੇਤੀ ਮਜ਼ਦੂਰਾਂ, ਨੌਜਵਾਨਾਂ, ਦੁਕਾਨਦਾਰਾਂ, ਟਰੱਕ, ਬੱਸ, ਆਟੋ ਚਾਲਕਾਂ, ਕੰਟਰੈਕਟ ਤੇ ਦਿਹਾੜੀਦਾਰ ਮਜ਼ਦੂਰਾਂ ਸਮੇਤ ਸਾਰੇ ਮਿਹਨਤਕਸ਼ ਲੋਕਾਂ ਨੂੰ 9 ਜੁਲਾਈ ਦੀ ਹੜਤਾਲ ਵਿੱਚ ਭਰਪੂਰ ਹਿੱਸਾ ਲੈ ਕੇ ਸਫਲ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਮਜ਼ਦੂਰ ਗੋਰਾ ਸਿੰਘ, ਪੂਰਨ ਚੰਦ, ਰਾਜਮਤ ਕੌਰ, ਸੁਖਵਿੰਦਰ ਕੌਰ, ਸਿਮਰਨਜੀਤ ਕੌਰ, ਜਸਬੀਰ ਕੌਰ, ਅਜੀਤ ਕੌਰ ਆਦਿ ਹਾਜ਼ਰ ਸਨ।

## ਸ਼ਹਿਰ ਤੇ ਗੋਨਿਆਣਾ ਦੇ ਨੌਜਵਾਨਾਂ 'ਚ ਕ੍ਰਿਕਟ ਟੂਰਨਾਮੈਂਟ ਕਰਵਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪ੍ਰਜਾ)**-ਸ਼ਹਿਰ ਤੇ ਗੋਨਿਆਣਾ ਪਿੰਡ ਦੇ ਨੌਜਵਾਨਾਂ ਵੱਲੋਂ ਮਿਲ ਕੇ ਸਾਂਝੇ ਤੌਰ 'ਤੇ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਹ ਟੂਰਨਾਮੈਂਟ ਮਲੋਟ ਰੋਡ 'ਤੇ ਸਥਿਤ ਐੱਸ.ਜੀ.ਪੀ.ਸੀ ਦੀ ਜਗ੍ਹਾ ਉਪਰ ਕਰਵਾਇਆ ਗਿਆ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦਾ ਸੀਨੀਅਰ ਯੂਥ ਆਗੂ ਹਲਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਮੁੱਖ ਮਹਿਮਾਨ ਵਜੋਂ ਪੁੱਜੇ ਤੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਅਮਰਿੰਦਰ ਸਿੰਘ ਮੋਟੀ ਬਰਾੜ ਸ਼ੇਖੂਵਾਲਾ ਸਾਬਕਾ ਸਰਪੰਚ ਤੇ ਸੋਰਾਜ ਸਿੰਘ ਬਰਾੜ ਫੱਤਣਵਾਲਾ ਵਾਇਸ ਪ੍ਰਧਾਨ ਯੂਥ ਅਕਾਲੀ ਦਲ ਨੇ ਸ਼ਿਰਕਤ ਕੀਤੀ।ਹਨੀ ਫੱਤਣਵਾਲਾ ਨੇ ਕਿਹਾ ਕਿ ਖੇਡਾਂ ਵੀ ਸਾਡੇ ਸਰੀਰ ਦਾ ਅੰਗ ਹਨ। ਸਾਨੂੰ ਹਰੇਕ ਖੇਡ ਪ੍ਰਤੀ ਦਿਲਚਸਪੀ ਰੱਖਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਅਜਿਹੇ ਟੂਰਨਾਮੈਂਟ ਕਰਵਾਉਣਾ ਬਹੁਤ ਹੀ ਸ਼ਲਾਘਾਯੋਗ ਕੰਮ ਹੈ।ਟੂਰਨਾਮੈਂਟ ਦੌਰਾਨ ਜੇਤੂ ਖਿਡਾਰੀਆਂ ਨੂੰ ਪਹਿਲਾ ਇਨਾਮ 31000 ਰੁਪਏ, ਦੂਜਾ ਇਨਾਮ 21000 ਰੁਪਏ ਦੇ ਕੇ ਸਨਮਾਨਤ ਕੀਤਾ ਗਿਆ।ਟੂਰਨਾਮੈਂਟ ਦੌਰਾਨ ਅਬੁਲ ਖੁਰਾਣਾ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਦੂਜਾ ਇਨਾਮ ਗਿੱਦੜਬਾਹਾ ਦੀ ਟੀਮ ਨੇ ਪ੍ਰਾਪਤ ਕੀਤਾ।

## ਭੰਗੜਾ ਸਿਖਲਾਈ ਕੈਂਪ ਦੇ ਸਮਾਪਤੀ ਸਮਾਰੋਹ 'ਚ ਸੰਧਵਾਂ ਨੇ ਕੀਤੀ ਸ਼ਿਰਕਤ



**ਕੋਟਕਪੂਰਾ (ਰਛਪਾਲ ਭੁੱਲਰ)**-ਗੁੱਡ ਮੌਰਨਿੰਗ ਵੈਲਫੇਅਰ ਕਲੱਬ ਤੇ ਸੀਨੀਅਰ ਸਿਟੀਜ਼ਨ ਵੈਲਫੇਅਰ ਸੁਸਾਇਟੀ ਵੱਲੋਂ ਮਿਊਂਸਪਲ ਪਾਰਕ ਵਿਖੇ ਆਪਣਾ ਪੰਜਾਬ ਭੰਗੜਾ ਗਰੁੱਪ ਦੇ ਸਹਿਯੋਗ ਨਾਲ ਸੱਤ ਰੋਜ਼ਾ ਭੰਗੜਾ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਸਮਾਪਤੀ ਸਮਾਰੋਹ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸੰਧਵਾਂ ਨੇ ਕਿਹਾ ਕਿ ਸਾਡਾ ਅਮੀਰ ਵਿਰਸਾ ਤੇ ਸ਼ਾਨਾਮੱਤਾ ਸੱਭਿਆਚਾਰ ਭੰਗੜਾ ਹੀ ਹੈ, ਜਿਸ ਨਾਲ ਮਨੋਰੰਜਨ ਤੇ ਕਸਰਤ ਦੋਨੋਂ ਚੀਜ਼ਾਂ ਦਾ ਆਨੰਦ ਮਾਣਿਆ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਖੁਦ ਵੀ ਬੱਚਿਆਂ ਨਾਲ ਭੰਗੜਾ ਪਾਇਆ ਤੇ ਕਿਹਾ ਕਿ ਸਾਡੇ ਬੱਚੇ, ਸਾਡੀਆਂ ਭੈਣਾਂ ਤੇ ਮਾਤਾਵਾਂ ਸਮੇਤ ਵੀਰਾਂ ਦਾ ਐਨਾ ਵੱਡਾ ਇਕੱਠ ਦੇਖ ਕੇ ਮੈਨੂੰ ਖੁਸ਼ੀ ਹੋਈ ਹੈ।ਇਸ ਮੌਕੇ ਉਨ੍ਹਾਂ ਕਲੱਬ ਦੇ ਅਹੁਦੇਦਾਰਾਂ ਨੂੰ ਕਿਹਾ ਕਿ ਅਜਿਹੇ ਉਪਰਾਲੇ ਅੱਗੇ ਵੀ ਜਾਰੀ ਰੱਖੇ ਜਾਣ ਤੇ ਉਨ੍ਹਾਂ ਵੱਲੋਂ ਵੀ ਇਸ ਵਿੱਚ ਆਪਣਾ ਬਣਦਾ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਭੰਗੜੇ ਵਿੱਚ ਚੰਗੀ ਪ੍ਰਤਿਭਾ ਦਿਖਾਉਣ ਵਾਲੇ 5-5 ਔਰਤਾਂ, ਮਰਦ ਤੇ ਬੱਚਿਆਂ ਦੇ ਨਾਲ-ਨਾਲ 15 ਹੋਰ ਸਹਿਯੋਗੀਆਂ ਦਾ ਪ੍ਰਸੰਸਾ ਪੱਤਰ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ, ਪ੍ਰਬੰਧਕ ਗੁਰਿੰਦਰ ਸਿੰਘ ਮਹਿੰਦੀਰੱਤਾ, ਕੋਆਰਡੀਨੇਟਰ ਪ੍ਰੋ ਐਚ.ਐੱਸ. ਪਦਮ, ਕਲੱਬ ਦੇ ਚੇਅਰਮੈਨ ਪੱਪੂ ਲਹੌਰੀਆ ਅਤੇ ਉਪ ਚੇਅਰਮੈਨ ਠੇਕੇਦਾਰ ਬਿੱਟਾ ਗਰੋਵਰ, ਭੰਗੜਾ ਕੋਚ ਦਿਲਪ੍ਰੀਤ ਬੱਬੂ ਅਤੇ ਗਗਨਦੀਪ ਸਿੰਘ, ਠੇਕੇਦਾਰ ਪ੍ਰੇਮ ਮੈਣੀ, ਡਾ ਦੇਵ ਰਾਜ, ਮਾ ਸੋਮਨਾਥ, ਰਵਿੰਦਰਪਾਲ ਕੋਛੜ, ਐਲ.ਡੀ. ਮਹਿਰਾ, ਪਰਮਜੀਤ ਸਿੰਘ ਮੱਕੜ, ਗੁਰਚਰਨ ਸਿੰਘ ਬੱਬੂ ਹਾਜ਼ਰ ਸਨ।

## ਭਲਕ ਦੇ ਸੂਬਾ ਪੱਧਰੀ ਧਰਨੇ ਸੰਬੰਧੀ ਟੀ ਐੱਸ ਯੂ ਆਗੂਆਂ ਦੀ ਮੀਟਿੰਗ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਟੈਕਨੀਕਲ ਸਰਵਿਸ ਯੂਨੀਅਨ ਰਾਮਪੁਰਾ ਮੰਡਲ ਦੀ ਮੀਟਿੰਗ ਪ੍ਰਧਾਨ ਪਰਵਿੰਦਰ ਸਿੰਘ ਬਿੱਟੂ ਦੀ ਪ੍ਰਧਾਨਗੀ ਹੇਠ ਸਾਬਕਾ ਬਿਜਲੀ ਮੁਲਾਜ਼ਮ ਆਗੂ ਜਗਜੀਤ ਸਿੰਘ ਦੇ ਲਹਿਰਾ ਮੁਹੱਬਤ ਸਥਿਤ ਨਿਵਾਸ ਸਥਾਨ 'ਤੇ ਹੋਈ। ਮੀਟਿੰਗ ਵਿੱਚ ਦਿਹਾਤੀ ਰਾਮਪੁਰਾ, ਸ਼ਹਿਰੀ ਰਾਮਪੁਰਾ ਤੇ ਭੁੱਚੋ ਦੇ ਆਗੂ ਸ਼ਾਮਲ ਹੋਏ। ਇਸ ਦੌਰਾਨ 3 ਜੁਲਾਈ ਨੂੰ ਸੂਬਾ ਪੱਧਰ ਦੇ ਧਰਨੇ ਵਿੱਚ ਸ਼ਾਮਲ ਹੋਣ ਲਈ ਵਿਚਾਰ ਕੀਤਾ ਗਿਆ ਤੇ ਧਰਨੇ ਵਿੱਚ ਵੱਧ ਤੋਂ ਵੱਧ ਗਿਣਤੀ 'ਚ ਪਹੁੰਚਣ ਦਾ ਫੈਸਲਾ ਕੀਤਾ ਗਿਆ। ਫੰਡ ਸੰਬੰਧੀ ਕੈਸ਼ੀਅਰ ਨੇ ਜਾਣਕਾਰੀ ਦਿੱਤੀ ਕਿ ਸਰਕਲ ਦਾ ਫੰਡ ਕਲੀਅਰ ਕਰ ਦਿੱਤਾ ਗਿਆ ਹੈ ਤੇ ਸਬ ਡਵੀਜ਼ਨ ਵੱਲੋਂ ਵੀ ਫੰਡ ਜਮ੍ਹਾਂ ਕਰਾ ਦਿੱਤਾ ਗਿਆ ਹੈ। ਆਗੂਆਂ ਨੇ ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਹੈ ਕਿ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇ। ਕੋਈ ਹੱਲ ਨਾ ਕਰਨ ਦੀ ਸੂਰਤ ਵਿਚ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ।

## ਸਰਬ-ਸਾਂਝਾ ਫ੍ਰੀ ਕਬੱਡੀ ਟ੍ਰੇਨਿੰਗ ਕੈਂਪ ਸ਼ੁਰੂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਉਤਸ਼ਾਹਤ ਕਰਨ ਤੇ ਨਵੇਂ ਖਿਡਾਰੀਆਂ ਨੂੰ ਮਿਆਰੀ ਟ੍ਰੇਨਿੰਗ ਦੇਣ ਲਈ ਧੂਰੀ ਵਿਧਾਨ ਸਭਾ ਹਲਕੇ ਵਿੱਚ ਸਰਬ ਸਾਂਝਾ ਫ੍ਰੀ ਕਬੱਡੀ ਟ੍ਰੇਨਿੰਗ ਕੈਂਪ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।ਕੈਂਪ ਸਰਕਾਰੀ ਹਾਈ ਸਕੂਲ ਬਰੜਵਾਲ ਵਿਖੇ ਲਾਇਆ ਗਿਆ ਹੈ, ਜੋ ਦੀ ਐੱਜ ਓਵਰਸੀਜ ਕੰਸਲਟੈਂਟ, ਗੱਗੀ ਮੈਮੋਰੀਅਲ ਸਪੋਰਟਸ ਕਲੱਬ ਬਰੜਵਾਲ, ਯੂਥ ਸਪੋਰਟਸ ਕਲਚਰਲ ਕਲੱਬ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਮੀਮਸਾ ਵੱਲੋਂ ਸਾਂਝੇ ਤੌਰ 'ਤੇ ਚਲਾਇਆ ਜਾ ਰਿਹਾ ਹੈ।ਅੰਤਰਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀ ਕਰਮੀ ਬਰੜਵਾਲ, ਕੇ.ਸੀ. ਬਰੜਵਾਲ ਤੇ ਕਾਲਾ ਮੀਮਸਾ ਕੋਚ ਨੇ ਦੱਸਿਆ ਕਿ ਇਸ ਟ੍ਰੇਨਿੰਗ ਕੈਂਪ ਵਿੱਚ ਵਿਧਾਨ ਸਭਾ ਹਲਕੇ ਧੂਰੀ ਦੇ ਲੜਕੇ ਤੇ ਲੜਕੀਆਂ ਦੋਵਾਂ ਭਾਗ ਲੈ ਸਕਦੇ ਹਨ।ਉਨ੍ਹਾਂ ਕਿਹਾ ਕਿ ਉਦੇਸ਼ ਇਨ੍ਹਾਂ ਨੌਜਵਾਨਾਂ ਨੂੰ ਵਿਦਵਾਨ ਕੋਚਾਂ ਦੀ ਅਗਵਾਈ ਹੇਠ ਵਿੱਦਿਅਕ ਤੇ ਪੇਸ਼ੇਵਰ ਪੱਧਰ ਦੀ ਟ੍ਰੇਨਿੰਗ ਦੇਣ ਦਾ ਹੈ ਅਤੇ ਇਹ ਟ੍ਰੇਨਿੰਗ ਸਰਕਾਰੀ ਸਕੂਲ ਬਰੜਵਾਲ ਵਿਖੇ ਸ਼ਾਮ 5 ਵਜੇ ਤੋਂ 7 ਵਜੇ ਤੱਕ ਦਿੱਤੀ ਜਾਵੇਗੀ ਤੇ ਉਹ ਖੁਦ ਖਿਡਾਰੀਆਂ ਨਾਲ ਆਪਣੇ ਲੰਮੀ ਜ਼ਿੰਦਗੀ ਦੇ ਕਬੱਡੀ ਦੇ ਤਜਰਬੇ ਸਾਂਝੇ ਕਰਨਗੇ।ਇਹ ਟ੍ਰੇਨਿੰਗ ਨਵੀਂ ਪੀੜ੍ਹੀ ਨੂੰ ਵਿਸ਼ਵ ਪੱਧਰ 'ਤੇ ਪੰਜਾਬ ਅਤੇ ਕਬੱਡੀ ਦਾ ਨਾਂਅ ਰੌਸ਼ਨ ਕਰਨ ਲਈ ਤਿਆਰ ਕਰੇਗੀ। ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਇਨ੍ਹਾਂ ਨਵੇਂ ਖਿਡਾਰੀਆਂ ਨੂੰ ਮੌਕਾ ਦੇਣ ਲਈ ਇੱਕ ਵਿਸ਼ਾਲ ਕਬੱਡੀ ਲੀਗ ਸ਼ੁਰੂ ਕਰਨ ਦੀ ਯੋਜਨਾ ਵੀ ਤਿਆਰ ਕੀਤੀ ਜਾ ਰਹੀ ਹੈ।ਇਹ ਲੀਗ ਸਿਰਫ਼ ਖਿਡਾਰੀਆਂ ਲਈ ਮੰਚ ਨਹੀਂ ਹੋਵੇਗੀ, ਸਗੋਂ ਇਹ ਪੰਜਾਬੀ ਕਬੱਡੀ ਦੀ ਵਿਰਾਸਤ ਨੂੰ ਸੰਭਾਲਣ ਅਤੇ ਵਿਸ਼ਵ ਪੱਧਰ 'ਤੇ ਲਿਜਾਣ ਵੱਲ ਇੱਕ ਠੋਸ ਕਦਮ ਹੋਵੇਗੀ।ਇਹ ਟ੍ਰੇਨਿੰਗ ਕੈਂਪ ਕਬੱਡੀ ਪ੍ਰੇਮੀਆਂ, ਮਾਪਿਆਂ ਤੇ ਨੌਜਵਾਨਾਂ ਵਾਸਤੇ ਇੱਕ ਸੁਨਹਿਰੀ ਮੌਕਾ ਹੈ, ਜਿਸ ਵਿੱਚ ਅਨੁਸ਼ਾਸਤ ਖਿਡਾਰੀ ਬਣਨ ਦੇ ਲਈ ਜ਼ਰੂਰੀ ਸਮੂਹ ਗੁਣ ਸਿਖਾਏ ਜਾ ਰਹੇ ਹਨ।

# ਰੋਟਰੀ ਕਲੱਬ ਵੱਲੋਂ ਨਸ਼ਿਆਂ ਵਿਰੁੱਧ ਯੁੱਧ ਸੈਮੀਨਾਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਨਸ਼ਿਆਂ ਦੀ ਸਮੱਸਿਆ ਦੇ ਵਿਰੁੱਧ ਜਾਰੀ ਲੜਾਈ ਦੇ ਤਹਿਤ ਰੋਟਰੀ ਕਲੱਬ ਵੱਲੋਂ ਪ੍ਰਧਾਨ ਦਵਿੰਦਰ ਪਾਲ ਸਿੰਘ ਰਿਪੀ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਵਿਸ਼ੇ 'ਤੇ ਇੱਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਹ ਸਮਾਰੋਹ ਸੁਨਾਮ ਦੇ ਰੋਟਰੀ ਕੰਪਲੈਕਸ ਵਿਖੇ ਆਯੋਜਿਤ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀ ਦਵਿੰਦਰ ਅਤਰੀ, ਐੱਸ.ਪੀ. (ਡੀ), ਸੰਗਰੂਰ, ਸ੍ਰੀ ਸੁਖਦੇਵ ਸਿੰਘ, ਪੀ.ਪੀ.ਐੱਸ., ਡੀ.ਐੱਸ.ਪੀ., ਸੰਗਰੂਰ, ਡਾ. ਰੁਪਿੰਦਰ ਕੌਰ ਬਾਜਵਾ, ਪੀ.ਪੀ.ਐੱਸ., ਡੀ.ਐੱਸ.ਪੀ.,ਦਿੜ੍ਹਬਾ ਤੇ ਸ੍ਰੀ ਹਰਵਿੰਦਰ ਸਿੰਘ ਖਹਿਰਾ, ਡੀ.ਐੱਸ.ਪੀ. ਸੁਨਾਮ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਇਸ ਮੌਕੇ ਵੱਡੀ ਗਿਣਤੀ 'ਚ ਮੈਂਬਰ ਸਾਹਿਬਾਨ, ਆਮ ਸ਼ਹਿਰੀ ਤੇ ਪੱਤਰਕਾਰ ਭਾਈਚਾਰੇ ਦੇ ਮੈਂਬਰ ਸ਼ਾਮਲ ਹੋਏ।ਰੋਟਰੀ ਕਲੱਬ ਦੀ ਸਮੁੱਚੀ ਟੀਮ ਵੱਲੋਂ ਆਏ ਮਹਿਮਾਨਾਂ ਦਾ ਗਰਮਜੋਸ਼ੀ ਦੇ ਨਾਲ ਸਵਾਗਤ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ। ਉਪਰੰਤ ਪ੍ਰਧਾਨ ਦਵਿੰਦਰ ਪਾਲ ਸਿੰਘ ਰਿੰਪੀ ਵੱਲੋਂ ਸਵਾਗਤੀ ਭਾਸ਼ਣ ਦਿੱਤਾ ਗਿਆ। ਰੋਟਰੀ ਦੇ ਸਾਬਕਾ ਗਵਰਨਰ ਘਨਸ਼ਿਆਮ ਕਾਂਸਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਐਸ.ਪੀ. (ਡੀ) ਦਵਿੰਦਰ ਅੱਤਰੀ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਲਈ ਸਮਾਜਿਕ ਸਹਿਯੋਗ ਤੇ ਨੌਜਵਾਨਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖ਼ਿਲਾਫ ਜਾਗਰੂਕਤਾ ਫੈਲਾਉਣ, ਨਸ਼ਿਆਂ ਦੇ ਨੁਕਸਾਨ ਤੇ ਇਸ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰਨ ਲਈ ਪਬਲਿਕ ਦਾ ਸੁਝਾਅ ਤੇ ਮਦਦ ਬਹੁਤ ਜ਼ਰੂਰੀ ਹੈ।ਇਸ ਮੌਕੇ ਸੁਖਦੇਵ ਸਿੰਘ ਡੀ.ਐੱਸ.ਪੀ, ਡਾ. ਰੁਪਿੰਦਰ ਕੌਰ ਬਾਜਵਾ, ਡੀ.ਐੱਸ.ਪੀ. ਦਿੜ੍ਹਬਾ, ਸ੍ਰੀ ਹਰਵਿੰਦਰ ਸਿੰਘ ਖਹਿਰਾ, ਡੀ.ਐੱਸ.ਪੀ., ਸੁਨਾਮ ਨੇ ਵੀ ਕ੍ਰਮਵਾਰ ਆਪਣੇ ਸੰਬੋਧਨ ਵਿੱਚ ਆਪਣੇ ਵਿਅਕਤੀਗਤ ਤਜਰਬਿਆਂ ਰਾਹੀਂ ਨਸ਼ਿਆਂ ਦੀ ਸਮੱਸਿਆ ਨੂੰ ਸਮਝਾਉਂਦੇ ਹੋਏ ਕਿਹਾ ਕਿ ਇਸ ਮੁਹਿੰਮ ਵਿੱਚ ਪਰਿਵਾਰਕ ਸਹਿਯੋਗ ਵਰਗੇ ਪਹਿਲੂਆਂ ਦੀ ਲੋੜ ਹੈ ਅਤੇ ਪੁਲਸ ਤੇ ਜਨਤਾ ਵਿਚਕਾਰ ਭਰੋਸੇਯੋਗ ਸਹਿਯੋਗ ਹੀ ਇਸ ਲੜਾਈ ਵਿੱਚ ਸਫਲਤਾ ਦੀ ਕੁੰਜੀ ਹੈ। ਜਿਸ ਦੇ ਲਈ ਆਮ ਜਨਤਾ ਦੇ ਸਹਿਯੋਗ ਦੀ ਬਹੁਤ ਵੱਡੀ ਲੋੜ ਹੈ। ਇਸ ਮੌਕੇ ਆਏ ਹੋਏ ਮਹਿਮਾਨਾਂ ਨੇ ਰੋਟਰੀ ਕਲੱਬ ਵਲੋਂ ਕੀਤੇ ਗਏ ਇਸ ਉੱਦਮ ਦੀ ਪ੍ਰਸ਼ੰਸਾ ਵੀ ਕੀਤੀ।ਮੰਚ ਸੰਚਾਲਨ ਯਸ਼ਪਾਲ ਮੰਗਲਾ ਵੱਲੋਂ ਕੀਤਾ ਗਿਆ।ਇਸ ਮੌਕੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ, ਉੱਥੇ ਪੱਤਰਕਾਰ ਭਾਈਚਾਰੇ ਵੱਲੋਂ ਵੀ ਇਸ ਮੁਹਿੰਮ ਵਿੱਚ ਪਾਏ ਜਾ ਰਹੇ ਯੋਗਦਾਨ ਦੇ ਚੱਲਦਿਆਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸਮਾਗਮ ਦੇ ਅੰਤ ਵਿੱਚ ਨਵ ਨਿਯੁਕਤ ਪ੍ਰਧਾਨ ਜਗਦੀਪ ਭਾਰਦਵਾਜ ਨੇ ਆਏ ਹੋਏ ਸਮੂਹ ਮਹਿਮਾਨਾਂ ਦਾ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਸਿਵਲ ਸਰਜਨ ਦਫ਼ਤਰ ਵਿਖੇ ਕੇਕ ਕੱਟ ਕੇ ਮਨਾਇਆ ਡਾਕਟਰ ਦਿਵਸ : ਡਾ ਰਾਏ

**ਮਾਨਸਾ (ਆਤਮਾ ਸਿੰਘ ਪਮਾਰ)**-ਡਾਕਟਰ ਦਿਵਸ ਦੇ ਮੌਕੇ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਦਫਤਰ ਸਿਵਲ ਸਰਜਨ 'ਚ ਡਾ. ਦਿਵਸ ਕੇਕ ਕੱਟ ਕੇ ਮਨਾਇਆ ਗਿਆ।ਦਫਤਰ ਦੇ ਸਮੂਹ ਸਟਾਫ ਨੂੰ ਸ਼ੁਭਕਾਮਨਾਵਾਂ ਭਰੀ ਜ਼ਿੰਦਗੀ ਨੂੰ ਤਣਾਓ ਮੁਕਤ ਰਹਿਣ ਦੀ ਜਾਣਕਾਰੀ ਸਾਂਝੀ ਕਰਦਿਆਂ ਡਾਕਟਰ ਰਣਜੀਤ ਸਿੰਘ ਰਾਏ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਦਗੀ ਵਧੀਆ ਤੇ ਸ਼ਾਂਤਮਈ ਢੰਗ ਨਾਲ ਜਿਊਣ ਲਈ ਇਮਾਨਦਾਰੀ, ਤਨਦੇਹੀ ਤੇ ਕੰਮ ਨੂੰ ਬੋਝ ਨਾ ਸਮਝ ਕੇ, ਸ਼ੌਕ ਵਜੋਂ ਡਿਊਟੀ ਕਰਨੀ ਚਾਹੀਦੀ ਹੈ।ਹਰ ਵਿਅਕਤੀ ਪੈਸੇ ਦੀ ਦੌੜ 'ਚ ਜ਼ਿੰਦਗੀ ਨੂੰ ਖਰਾਬ ਕਰ ਰਿਹਾ ਹੈ।ਇਸ ਤੋਂ ਬਚਣ ਲਈ ਸਾਨੂੰ ਆਪਣੇ ਗੁੱਸੇ 'ਤੇ ਕਾਬੂ ਪਾਉਣਾ ਚਾਹੀਦਾ ਹੈ ਤੇ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਖਾਣ-ਪੀਣ ਦੀਆਂ ਆਦਤਾਂ ਵਿੱਚ ਘਰ ਦਾ ਤਾਜ਼ਾ ਭੋਜਨ ਤੇ ਹਰੀਆਂ ਸਬਜ਼ੀਆਂ, ਮੌਸਮੀ ਸਬਜ਼ੀਆਂ ਤੇ ਫ਼ਲ ਖਾਣੇ ਚਾਹੀਦੇ ਹਨ ਅਤੇ ਬਾਜ਼ਾਰ ਦੇ ਫਾਸਟ ਫੂਡ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ।ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਅਵਤਾਰ ਸਿੰਘ (ਮਨੋਵਿਗਿਆਨਕ) ਨੇ ਦੱਸਿਆ ਕਿ ਗੁੱਸਾ ਆਉਂਦਾ ਰਹਿੰਦਾ ਹੈ, ਅਸੀਂ ਗੁੱਸਾ ਕਰਦੇ ਹਾਂ, ਸਾਨੂੰ ਇਸ 'ਤੇ ਕਿਸ ਤਰ੍ਹਾਂ ਕੰਟਰੋਲ ਕਰਨਾ ਚਾਹੀਦਾ ਹੈ। ਜੇਕਰ ਅਸੀਂ ਗੁੱਸੇ ਤੇ ਕੰਟਰੋਲ ਪਾਉਣਾ ਚਾਹੁੰਦੇ ਹਾਂ ਤਾਂ ਸਾਡੀਆਂ ਅੱਧੀਆਂ ਬਿਮਾਰੀਆਂ ਆਪਣੇ ਆਪ ਖਤਮ ਹੋ ਜਾਣਗੀਆਂ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 25.07.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਨਿਵਿਦਾ ਅਪਲੋਡ ਕਰਨ ਦੀ ਮਿਤੀ** | **ਬੋਲੀ ਸ਼ੁਰੂ ਦੀ ਮਿਤੀ** | **ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ** |
| 30.06.2025 | 11.07.2025 | 25.07.2025 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 67-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ ਅਤੇ ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਕੰਮ/ ਵਲਸਾਡ ਅੰਮ੍ਰਿਤਸਰ ਦੇ ਅਨੁਭਾਗ ਵਿਚ ਅੰਮ੍ਰਿਤਸਰ-ਖੇਮਕਰਨ, ਅੰਮ੍ਰਿਤਸਰ-ਵੇਰਕਾ-ਡੇਰਾ ਬਾਬਾ ਨਾਨਕ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ (2025-26) |
| 2. | 68-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ /ਅੰਮ੍ਰਿਤਸਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਕੰਮ/ਵਰਕਸ਼ਾਪ/ ਅੰਮ੍ਰਿਤਸਰ ਅਨੁਭਾਗ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ (2025-26)। |
| 3. | 69-2025-26-ADEN-JUC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸ਼ਹਿਰ ਅਨੁਭਾਗ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ (2025-26)। |
| 4. | 70-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ ਅੰਮ੍ਰਿਤਸਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਵਰਕਸ/ਮਲਹੋਰ / ਅੰਮ੍ਰਿਤਸਰ ਅਨੁਭਾਗ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਕੰਮ (2025-26)। |

| ਲੜੀ ਨੰਬਰ | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | ਸਮਾਨ ਨੇਚਰ ਦਾ ਕੰਮ |
|---|---|---|---|---|---|
| 1. | 1,49,99,942.33/- | 2,25,000.00/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" |
| 2. | 1,74,99,966.41/- | 2,37,500.00/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" |
| 3. | 1,79,99,969.54/- | 2,40,000.00/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" |
| 4. | 1,74,99,968.85/- | 2,37,500.00/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। ਨਿਵਿਦਾ ਸੂਚਨਾ ਪੱਤਰ ਨੰ.:- 67,68,70-2025-26-ADEN-I-ASR & 69-2025-26-ADEN-JUC ਤਾਰੀਕ : 01.07.2025 1988/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸੰਤੋਖ ਸਿੰਘ ਤੱਖੀ ਬਣੇ ਲਾਇਨਜ਼ ਕਲੱਬ ਅਸ਼ੀਰਵਾਦ ਦੇ ਪ੍ਰਧਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਮਾਜ ਸੇਵੀ ਸੰਸਥਾ ਲਾਇਨ ਕਲੱਬ ਫਿਰੋਜ਼ਪੁਰ ਅਸ਼ੀਰਵਾਦ ਵੱਲੋਂ ਲਾਇਨ ਸੰਤੋਖ ਸਿੰਘ ਤੱਖੀ ਨੂੰ ਸਾਲ 2025-26 ਲਈ ਪ੍ਰਧਾਨ ਚੁਣਿਆ ਗਿਆ। ਲਾਇਨ ਸੰਦੀਪ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਲ 2024-25 ਅਧੀਨ ਕੰਮ ਕਰ ਰਹੀ ਕਮੇਟੀ ਭੰਗ ਕਰ ਦਿੱਤੀ ਗਈ ਹੈ ਤੇ ਸਾਲ 2025-26 ਲਈ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਹੈ। ਨਵੀਂ ਕਮੇਟੀ ਵਿੱਚ ਲਾਇਨ ਜਤਿੰਦਰ ਮੈਨਕਾਂ, ਸਕੱਤਰ ਐੱਮ.ਜੇ.ਐੱਫ. ਸੁਭਾਸ਼ ਵਿੱਜ ਤੇ ਲਾਇਨ ਰਾਜੀਵ ਹਾਂਡਾ ਨੂੰ ਬਤੌਰ ਪੀਆਰਓ ਚੁਣਿਆ ਗਿਆ।

ਐੱਮਜੇਐੱਫ ਸੁਭਾਸ਼ ਵਿੱਜ ਵੱਲੋਂ ਸਮਾਜ ਪ੍ਰਤੀ ਅਣਥੱਕ ਸੇਵਾ ਲਈ ਨਿਭਾਉਣ ਲਈ ਸਾਰੇ ਮੈਂਬਰਾਂ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਲਾਇਨ ਸੁਭਾਸ਼ ਵਿੱਜ ਵੱਲੋਂ ਕਲੱਬ ਨੂੰ ਪੂਰੀ ਮਦਦ ਦੇਣ ਦਾ ਭਰੋਸਾ ਪ੍ਰਗਟ ਕੀਤਾ ਗਿਆ। ਪ੍ਰਧਾਨ ਲਾਇਨ ਸੰਤੋਖ ਤੱਖੀ ਵੱਲੋਂ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦੁਆਇਆ ਕਿ ਉਹ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਲਾਇਨ ਜਗਦੀਪ ਜੋਸ਼ੀ ਵੱਲੋਂ ਨਵੀਂ ਟੀਮ ਨੂੰ ਵਧਾਈ ਦਿੱਤੀ ਗਈ ਅਤੇ ਕਿਹਾ ਕਿ ਆਪਣਾ ਵਡਮੁੱਲਾ ਸਮਾਂ ਲੋਕਾਂ ਦੇ ਭਲੇ ਲਈ ਲਾਉਣਗੇ। ਕਲੱਬ ਦੇ ਚਾਰਟਰ ਪ੍ਰੈਜ਼ੀਡੈਂਟ ਲਾਇਨ ਨਿਰਮਲਜੀਤ ਜੋਸ਼ੀ ਨੇ ਕਲੱਬ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਸਾਡੀ ਸੰਸਥਾ ਮਨੁੱਖਤਾ ਦੀ ਸੇਵਾ ਤੇ ਵੱਖ ਵੱਖ ਖੇਤਰਾਂ ਵਿੱਚ ਸਮਾਜ ਭਲਾਈ ਤੇ ਵਿਕਾਸ ਲਈ ਕੰਮ ਕਰ ਰਹੀ ਹੈ।

ਸਮੁੱਚੀ ਟੀਮ ਪੂਰੀ ਊਰਜਾ ਨਾਲ ਮਨੁੱਖਤਾ ਦੀ ਸੇਵਾ ਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਲਾਇਨ ਬਿੱਟੂ ਮੈਣੀ, ਲਾਇਨ ਗੁਰਪ੍ਰੀਤ ਸਿੰਘ, ਲਾਇਨ ਲਲਿਤ ਤ੍ਰਹੇਨ, ਲਾਇਨ ਸੰਦੀਪ ਸ਼ਰਮਾ, ਲਾਇਨ ਜਗਦੀਪ ਜੋਸ਼ੀ, ਲਾਇਨ ਨਿਰਮਲਜੀਤ ਜੋਸ਼ੀ ਤੇ ਐੱਮ ਜੇ ਐੱਫ ਸੁਭਾਸ਼ ਵਿੱਜ ਨੇ ਸਮੁੱਚੀ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

## ਹੁਕਮਰਾਨਾਂ ਨੇ ਮੁਸਲਮਾਨਾਂ, ਸਿੱਖਾਂ 'ਤੇ ਜਬਰ ਬੰਦ ਨਾ ਕੀਤੇ ਤਾਂ ਹਾਲਾਤ ਵਿਸਫੋਟਕ ਹੋਣਗੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਸੀਂ ਪਹਿਲਾਂ ਵੀ ਬਹੁਤ ਵਾਰ ਮੋਦੀ ਬੀਜੇਪੀ-ਆਰ.ਐਸ.ਐਸ ਸਰਕਾਰ ਨੂੰ ਸੁਚੇਤ ਕਰਦੇ ਰਹੇ ਹਾਂ ਕਿ ਜੋ ਮੰਦਭਾਵਨਾ ਅਧੀਨ ਇਥੇ ਵੱਸਣ ਵਾਲੀਆਂ ਘੱਟ ਗਿਣਤੀ ਕੌਮਾਂ ਉਤੇ ਹੁਕਮਰਾਨ ਜ਼ਬਰ ਜੁਲਮ ਢਾਹੁੰਦਾ ਆ ਰਿਹਾ ਹੈ, ਇਸ ਨੂੰ ਫੌਰੀ ਬੰਦ ਕਰਕੇ ਮੁਲਕ ਦੇ ਹਾਲਾਤ ਨੂੰ ਸਾਜ਼ਗਾਰ ਰੱਖਿਆ ਜਾਵੇ ਤਾਂ ਜੁ ਇਸ ਮੁਲਕ ਵਿਚ ਅਜਿਹੀ ਸਥਿਤੀ ਨਾ ਬਣੇ, ਜਿਸ ਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਜਾਵੇ, ਪਰ ਦੁੱਖ ਤੇ ਅਫਸੋਸ ਹੈ ਕਿ ਹੁਕਮਰਾਨ ਨਿਰੰਤਰ ਮੁਸਲਿਮ ਤੇ ਸਿੱਖ ਕੌਮ ਉਤੇ ਜਬਰ ਜੁਲਮ ਅਤੇ ਹਰ ਖੇਤਰ ਵਿਚ ਬੇਇਨਸਾਫ਼ੀਆਂ ਕਰਦੇ ਆ ਰਹੇ ਹਨ, ਜਿਸ ਨਾਲ ਸਥਿਤੀ ਦਿਨ-ਬ-ਦਿਨ ਗੁੰਝਲਦਾਰ ਬਣਦੀ ਜਾ ਰਹੀ ਹੈ।ਅਸੀ ਸ਼ੰਕਾ ਜ਼ਾਹਰ ਕੀਤੀ ਸੀ ਕਿ ਜੋ ਗੁਜਰਾਤ 'ਚ ਏਅਰ ਇੰਡੀਆ ਦਾ ਜਹਾਜ਼ ਹਾਦਸਾ ਹੋਇਆ ਹੈ, ਉਹ ਕਿਸੇ ਕੌਮਾਂਤਰੀ ਜਾਂ ਅੰਦਰੂਨੀ ਸਾਜ਼ਿਸ਼ ਦਾ ਨਤੀਜਾ ਹੋਵੇ, ਇਸ ਉਤੇ ਵੀ ਇੰਡੀਆ ਵਿੱਚ ਇਥੋਂ ਦੇ ਵਸਣ ਵਾਲੇ ਨਿਵਾਸੀਆਂ ਵਿਚ ਖੂਬ ਚਰਚਾ ਬਣੀ ਹੋਈ ਹੈ।ਅਸੀਂ ਮੰਗ ਕਰਦੇ ਆ ਰਹੇ ਹਾਂ ਕਿ ਜਹਾਜ਼ ਹਾਦਸੇ ਦੀ ਨਿਰਪੱਖ ਜਾਂਚ ਅਮਰੀਕਾ ਦੀ ਐਫ.ਬੀ.ਆਈ ਅਤੇ ਬਰਤਾਨੀਆ ਦੀ ਸਕਾਟਲੈਂਡ ਯਾਰਡ ਦੇ ਨਾਲ-ਨਾਲ ਬੋਇੰਗ ਕੰਪਨੀ ਦੇ ਮਾਹਿਰਾਂ ਦੀ ਸਾਂਝੀ ਟੀਮ ਵੱਲੋਂ ਹੋਵੇ। ਇਸ ਟੀਮ ਦੇ ਮੁਖੀ ਮਿਸਟਰ ਯੁਗੰਧਰ ਨੂੰ ਦਿੱਤੀ ਗਈ ਐਕਸ ਸੁਰੱਖਿਆ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਇਹ ਸਾਜ਼ਿਸ਼ ਹੀ ਸੀ।ਇੰਡੀਆ ਦੇ ਰੱਖਿਆ ਸਕੱਤਰ ਵੱਲੋਂ ਇਹ ਧਮਕੀ ਦੇਣਾ ਕਿ ਅਸੀਂ ਸਖ਼ਤੀ ਤੇ ਜਬਰ ਨਾਲ ਅੱਤਵਾਦ ਨੂੰ ਖਤਮ ਕਰ ਦੇਵਾਂਗੇ, ਇਹ ਮਾਰਨ ਦੀ ਨੀਤੀ ਹੀ ਦਹਿਸ਼ਤਗਰਦੀ ਸੋਚ ਨੂੰ ਹੋਰ ਅਗਾਂਹ ਲਿਜਾ ਰਹੀ ਹੈ।ਇਹ ਤਾਂ ਦੋਵਾਂ ਧਿਰਾਂ ਦੀ ਟੇਬਲਟਾਕ ਰਾਹੀਂ ਹੀ ਹੱਲ ਹੋ ਸਕਦੀ ਹੈ, ਨਾ ਕਿ ਗੋਲੀ-ਬੰਦੂਕ ਦੀ ਨੀਤੀ ਨਾਲ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹੁਕਮਰਾਨਾਂ ਵੱਲੋਂ ਘੱਟ ਗਿਣਤੀ ਕੌਮਾਂ ਪ੍ਰਤੀ ਅਪਣਾਈ ਜਬਰ ਜ਼ੁਲਮ ਤੇ ਬੇਇਨਸਾਫ਼ੀ ਵਾਲੀਆਂ ਨੀਤੀਆਂ ਉਤੇ ਸੈਂਟਰ ਦੇ ਹੁਕਮਰਾਨਾਂ ਨੂੰ ਆਉਣ ਵਾਲੇ ਸਮੇਂ ਵਿਚ ਸਥਿਤੀ ਵਿਸਫੋਟਕ ਹੋਣ ਤੋਂ ਖਬਰਦਾਰ ਕਰਦੇ ਹੋਏ ਅਤੇ ਇਨ੍ਹਾਂ ਕੌਮਾਂ ਨੂੰ ਵਿਧਾਨ ਤੇ ਕਾਨੂੰਨ ਅਨੁਸਾਰ ਫੌਰੀ ਬਣਦਾ ਇਨਸਾਫ ਪ੍ਰਦਾਨ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ ਕਿ 2002 ਵਿਚ ਜਦੋਂ ਮੌਜੂਦਾ ਵਜੀਰ ਏ ਆਜ਼ਮ ਗੁਜਰਾਤ ਦੇ ਮੁੱਖ ਮੰਤਰੀ ਸਨ, ਤਾਂ ਉਨ੍ਹਾਂ ਦੇ ਨਿਜਾਮ ਥੱਲੇ ਸਾਜ਼ਿਸ਼ ਢੰਗ ਨਾਲ 2 ਹਜਾਰ ਮੁਸਲਮਾਨਾਂ ਦਾ ਕਤਲੇਆਮ ਕਰ ਦਿੱਤਾ ਗਿਆ ਸੀ।ਇਸੇ ਤਰ੍ਹਾਂ 2013 ਵਿਚ ਗੁਜਰਾਤ 'ਚ ਬੀਤੇ 50 ਸਾਲਾਂ ਤੋ ਪੱਕੇ ਤੌਰ 'ਤੇ ਵੱਸੇ ਅਤੇ ਆਪਣੀਆਂ ਜ਼ਮੀਨਾਂ ਘਰਾਂ ਦੇ ਮਾਲਕ ਬਣੇ 60 ਹਜ਼ਾਰ ਸਿੱਖਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਬੇਜ਼ਮੀਨੇ ਤੇ ਬੇਘਰ ਕਰ ਦਿੱਤਾ ਗਿਆ ਸੀ, ਜਿਨ੍ਹਾਂ ਦਾ ਇਨਸਾਫ ਅੱਜ ਤੱਕ ਨਹੀਂ ਮਿਲਿਆ।

# ਐੱਮ ਆਰ ਐੱਸ ਪੀ ਟੀ ਯੂ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਬਰਸੀ ਮੌਕੇ ਸ਼ਰਧਾਂਜਲੀਆਂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ.ਪੀ.ਟੀ.ਯੂ.) ਬਠਿੰਡਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ ਸ਼ਰਧਾ ਨਾਲ ਮਨਾਈ ਗਈ ਅਤੇ ਸ਼ੇਰ-ਏ-ਪੰਜਾਬ (ਪੰਜਾਬ ਦਾ ਸ਼ੇਰ) ਵਜੋਂ ਜਾਣੇ ਜਾਂਦੇ ਮਹਾਨ ਸਿੱਖ ਸਮਰਾਟ ਨੂੰ ਦਿਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਯੂਨੀਵਰਸਿਟੀ ਕੈਂਪਸ ਵਿੱਚ ਕਰਵਾਏ ਇੱਕ ਸਮਾਰੋਹ 'ਚ ਐੱਮ.ਆਰ.ਐਸ.ਪੀ.ਟੀ.ਯੂ. ਦੇ ਰਜਿਸਟਰਾਰ ਡਾ. ਗੁਰਿੰਦਰ ਪਾਲ ਸਿੰਘ ਬਰਾੜ ਨੇ ਫੈਕਲਟੀ ਤੇ ਸਟਾਫ ਦੇ ਨਾਲ ਮਿਲ ਕੇ ਮਹਾਨ ਸਮਰਾਟ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ, ਅਗਵਾਈ ਤੇ ਯੋਗਦਾਨ 'ਤੇ ਵਿਚਾਰ ਕੀਤਾ।ਡਾ. ਬਰਾੜ ਨੇ ਉਨ੍ਹਾਂ ਨੂੰ ਇੱਕ ਦੂਰਦਰਸ਼ੀ ਸ਼ਾਸਕ ਦੱਸਿਆ, ਜਿਸ ਨੇ 19ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੇ ਲੜਾਕੂ ਧੜਿਆਂ ਤੇ ਰਿਆਸਤਾਂ ਨੂੰ ਇੱਕ ਮਜ਼ਬੂਤ, ਧਰਮ-ਨਿਰਪੱਖ ਸਿੱਖ ਸਾਮਰਾਜ ਵਿੱਚ ਪਰੋ ਕੇ ਜੋੜਿਆ।13 ਨਵੰਬਰ 1780 ਨੂੰ ਗੁਜਰਾਂਵਾਲਾ (ਹੁਣ ਪਾਕਿਸਤਾਨ ਵਿੱਚ) ਵਿੱਚ ਜਨਮੇ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ 29 ਜੂਨ 1839 ਨੂੰ ਲਾਹੌਰ ਵਿੱਚ ਹੋਇਆ।ਉਨ੍ਹਾਂ ਦਾ ਰਾਜ ਫੌਜੀ ਉੱਤਮਤਾ, ਚੰਗੇ ਸ਼ਾਸਨ ਤੇ ਧਾਰਮਿਕ ਸਦਭਾਵਨਾ ਪ੍ਰਤੀ ਡੂੰਘੀ ਵਚਨਬੱਧਤਾ ਦਾ ਪ੍ਰਤੀਕ ਸੀ।ਆਪਣੇ ਰਾਜ ਦੇ ਅੰਤ ਤੱਕ, ਉਨ੍ਹਾਂ ਦਾ ਸਾਮਰਾਜ ਸਤਲੁਜ ਦਰਿਆ ਤੋਂ ਲੈ ਕੇ ਖ਼ੈਬਰ ਦੱਰੇ ਤੱਕ ਫੈਲਿਆ ਹੋਇਆ ਸੀ।ਮਹਾਰਾਜਾ ਰਣਜੀਤ ਸਿੰਘ ਨੂੰ ਹਮੇਸ਼ਾ ਇੱਕ ਨਿੱਡਰ ਯੋਧਾ, ਇੱਕ ਬੁੱਧੀਮਾਨ ਰਾਜਨੇਤਾ ਤੇ ਪੰਜਾਬ ਨੂੰ ਇੱਕਜੁੱਟ ਕਰਨ ਵਾਲੇ ਵਜੋਂ ਯਾਦ ਕੀਤਾ ਜਾਵੇਗਾ।ਡਾ. ਬਰਾੜ ਨੇ ਕਿਹਾ ਕਿ ਉਨ੍ਹਾਂ ਨੇ ਨਿਮਰਤਾ ਨਾਲ ਰਾਜ ਕੀਤਾ ਤੇ ਵਿਭਿੰਨ ਭਾਈਚਾਰਿਆਂ ਵਿੱਚ ਸ਼ਾਂਤੀ ਤੇ ਸਹਿ-ਹੋਂਦ ਨੂੰ ਯਕੀਨੀ ਬਣਾਇਆ।ਉਨ੍ਹਾਂ ਸਮਰਾਟ ਦੇ ਸਮਾਵੇਸ਼ੀ ਸ਼ਾਸਨ ਨੂੰ ਵੀ ਉਜਾਗਰ ਕੀਤਾ, ਜਿਸ ਨੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਈਸਾਈਆਂ ਨੂੰ ਬਰਾਬਰ ਅਧਿਕਾਰ ਦੇ ਮੁੱਖ ਅਹੁਦਿਆਂ 'ਤੇ ਬਿਠਾਇਆ।ਡਾ. ਬਰਾੜ ਨੇ ਮਹਾਰਾਜਾ ਰਣਜੀਤ ਸਿੰਘ ਦੇ ਨਾਮ 'ਤੇ ਮਾਲਵਾ ਖੇਤਰ ਵਿੱਚ ਇੱਕ ਯੂਨੀਵਰਸਿਟੀ ਸਥਾਪਤ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਇਸ ਮਹਾਨ ਸ਼ਾਸਕ ਦੇ ਮੁੱਲਾਂ ਤੇ ਆਦਰਸ਼ਾਂ ਨੂੰ ਸੁਰੱਖਿਅਤ ਰੱਖਣ ਵਿੱਚ ਯੂਨੀਵਰਸਿਟੀ ਦੀ ਭੂਮਿਕਾ ਨੂੰ ਰੇਖਾਂਕਿਤ ਕੀਤਾ।ਰਾਵੀ ਦਰਿਆ ਦੇ ਕੰਢੇ ਲਾਹੌਰ ਕਿਲ੍ਹੇ ਦੇ ਨੇੜੇ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ (ਸਮਾਰਕ) ਉਨ੍ਹਾਂ ਦੀ ਸਥਾਈ ਵਿਰਾਸਤ ਤੇ ਅਗਵਾਈ ਦੀ ਅੱਜ ਵੀ ਪ੍ਰਤੀਕ ਹੈ।


## YES BANK

Registered Office: Yes Bank House, Western Express Highway, Santacruz (E), Mumbai-400 055
Also At :- SCO No. 129-130 2nd Floor, Sector 9-C, Madhya Marg, Chandigarh -160009.
Also At :- B-XX 2427-928, 1st Floor, Gobind Nagar, Ferozepur Road, Ludhiana-141001.

### [(ਰੂਲ-8 (1)] ਕਬਜ਼ਾ ਨੋਟਿਸ

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਖਾਤੇ 'ਚ ਕਰਜ਼ਦਾਰ ਨੂੰ ਨੋਟਿਸ 'ਚ ਦਰਸਾਈ ਰਕਮ ਅਤੇ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਖਰਚੇ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ, ਕਿਸੇ ਵੀ ਤਰ੍ਹਾਂ ਦੀ ਸੌਦੇਬਾਜ਼ੀ ਯੈੱਸ ਬੈਂਕ ਲਿਮ: ਦੀ ਦਰਸਾਈ ਰਕਮ ਅਤੇ ਇਸ ਉਪਰ ਵਿਆਜ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | 13(2) ਨੋਟਿਸ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਨੰਦ ਲਾਲ ਸਾਹਨੀ ਮਾਰਫਤ ਕ੍ਰਿਸ਼ਨਾ ਸਾਹਨੀ ਪਤਾ: ਮਕਾਨ ਨੰ. 669, ਨੇੜੇ ਵਿਵੇਕਾਨਦ ਸਕੂਲ, ਗੁਰੂ ਨਾਨਕ ਪੁਰਾ ਵੈਸਟ, ਜਲੰਧਰ-I-ਜਲੰਧਰ, ਪੰਜਾਬ-144001, (2) ਰਾਮ ਰਤਨ ਸਾਹਨੀ ਮਾਰਫਤ ਸ੍ਰੀ ਕ੍ਰਿਸ਼ਨਾ ਸਾਹਨੀ, ਪਤਾ: ਮਕਾਨ ਨੰ. 669, ਨੇੜੇ ਵਿਵੇਕਾਨਦ ਸਕੂਲ, ਗੁਰੂ ਨਾਨਕ ਪੁਰਾ ਵੈਸਟ, ਜਲੰਧਰ-I-ਜਲੰਧਰ, ਪੰਜਾਬ-144001 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 03 ਮਰਲੇ 94 ਵਰਗ ਫੁੱਟ, ਖੱਤਾ ਨੰ. 484/513 ਖਸਰਾ ਨੰ. 223 (19-7), ਜਮ੍ਹਾਂਬੰਦੀ ਸਾਲ 2018-2019, ਵਾਕਿਆ ਪਿੰਡ ਚੁਗਿੱਟੀ, ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਮਾਲਕ, ਪੱਛਮ : ਮਾਲਕ, ਉੱਤਰ : ਸੜਕ, ਦੱਖਣ : ਪੂਰਨ ਰਹਿਣਕਾਰ : ਨੰਦ ਨਾਲ ਸਾਹਨੀ ਮਾਰਫਤ ਕ੍ਰਿਸ਼ਨਾ ਸਾਹਨੀ | 18TH APRIL 2024 | 27TH JUNE 2025 | 18 ਅਪ੍ਰੈਲ 2025 ਨੂੰ ਰੁਪਏ 23,79,144.66/- (ਤੇਈ ਲੱਖ ਉਨਾਸੀ ਹਜ਼ਾਰ ਇੱਕ ਸੌ ਚੁਤਾਲੀ ਰੁਪਏ ਅਤੇ ਛਿਆਹਠ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤਾਂ |
| (1) ਸੁਮਨ ਕੁਮਾਰ ਸਾਹਨੀ ਪੁੱਤਰ ਹਿਰਦੇ ਸਾਹਨੀ, ਪਤਾ: ਪਲਾਟ ਨੰ. 127, ਵਿਲੇਜ ਕੁਲੀਏਵਾਲ, ਮੁਹੱਲਾ ਗੋਪਾਲ ਨਗਰ, ਲੁਧਿਆਣਾ, ਪੰਜਾਬ-141001, ਨਾਲ ਹੀ : ਗਲੀ ਨੰ. 2/2, ਗੋਪਾਲ ਨਗਰ ਚੌਂਕ, ਸ਼ਿਵ ਸ਼ਕਤੀ ਇਨਕਲੇਵ, ਟਿੱਬਾ ਰੋਡ, ਬਸਤੀ ਜੋਧੇਵਾਲ ਲੁਧਿਆਣਾ ਪੰਜਾਬ-141007 (2) ਦੇਵਕੀ ਦੇਵੀ ਪਤਨੀ ਹਿਰਦੇ ਸਾਹਨੀ, ਪਤਾ: ਐੱਨ ਐੱਚ 80, ਬ੍ਰਹਮਸਥਾਨ, ਬਰਿਆਰਪੁਰ, ਮੁੰਗੇਰ ਬਿਹਾਰ-811211, ਨਾਲ ਹੀ : ਗਲੀ ਨੰ. 2/2, ਗੋਪਾਲ ਨਗਰ ਚੌਂਕ, ਸ਼ਿਵ ਸ਼ਕਤੀ ਇਨਕਲੇਵ, ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 60 ਵਰਗ ਗਜ਼, (ਹਦਬਸਤ ਨੰ. 178), ਪਿੰਡ ਕੁਲੀਏਵਾਲ, ਖੱਤਾ ਨੰ. 1/2, ਖਸਰਾ ਨੰ. 27//21, 22, 32//12/1, 1/2, 10/2, 27//19, 20, ਜਮ੍ਹਾਂਬੰਦੀ ਸਾਲ 2006-07, ਪਿੰਡ ਕੁਲੀਏਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਗੁਆਂਢ 15'00" ਤੱਕ, ਪੱਛਮ : ਗਲੀ 15'00" ਤੱਕ, ਉੱਤਰ : ਗੁਆਂਢ 36'00" ਤੱਕ, ਦੱਖਣ : ਗੁਆਂਢ 36'00" ਤੱਕ। ਰਹਿਣਕਾਰ : ਦੇਵਕੀ ਦੇਵੀ ਪਤਨੀ ਹਰੀਦੇ ਸਾਹਨੀ | 15TH APRIL 2024 | 27TH JUNE 2025 | 15 ਅਪ੍ਰੈਲ 2025 ਨੂੰ ਰੁਪਏ 21,04,117/- (ਇੱਕੀ ਲੱਖ ਚਾਰ ਹਜ਼ਾਰ ਇੱਕ ਸੌ ਸਤਾਰਾਂ ਰੁਪਏ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤਾਂ |
| (1) ਰਵੀ ਕੁਮਾਰ ਸਿੰਘ ਪੁੱਤਰ ਅਰਜੁਨ ਸਿੰਘ, ਪਤਾ: ਨੇੜੇ ਮੰਨਣ ਕਰਿਆਨਾ ਸਟੋਰ, ਪਿੰਡ ਗੋਬਿੰਦਗੜ੍ਹ, ਜੁਗੀਆਣਾ, ਲੁਧਿਆਣਾ, ਪੰਜਾਬ-141017, (2) ਸੁਸ਼ੀਲ ਕੁਮਾਰ ਪੁੱਤਰ ਅਰਜੁਨ ਸਿੰਘ ਪਤਾ: ਪਿੰਡ ਗੋਬਿੰਦਗੜ੍ਹ, ਜੁਗੀਆਣਾ, ਲੁਧਿਆਣਾ, ਪੰਜਾਬ-141017, (3) ਮੰਜੂ ਦੇਵੀ ਮਾਰਫਤ ਅਰਜਨ ਸਿੰਘ ਪਤਾ ਗਲੀ ਨੰ. 1 ਨਿਊ ਮਾਤਾ ਭਾਗ ਨਗਰ, ਗੋਬਿੰਦਗੜ੍ਹ, ਜੁਗਿਆਣਾ, ਲੁਧਿਆਣਾ, ਪੰਜਾਬ-141017 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 50 ਵਰਗ ਗਜ਼ (ਹਦਬਸਤ ਨੰ. 243) ਗੋਬਿੰਦਗੜ੍ਹ, ਲੁਧਿਆਣਾ, ਖੱਤਾ ਨੰ. 241/284, 285, 286, 287, ਖਸਰਾ ਨੰ. 15//8/3, 15//9, 15//12, 15//13/1, 15//14, 15//17/1, 15//17/2, 15//18/1, 15//2/2, 15//19 Çî¿é 15//15, 15//16, 15//8/2, 15//13/2, 15//18/2, 15//19 ਜਮ੍ਹਾਂਬੰਦੀ ਸਾਲ 2009-2010, ਪਿੰਡ ਗੋਬਿੰਦਗੜ੍ਹ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸਤਵੀਰ ਸਿੰਘ 31'0" ਤੱਕ, ਪੱਛਮ : ਗੁਆਂਢ 31'0" ਤੱਕ, ਉੱਤਰ : ਗਲੀ 18' ਚੌੜੀ, 14'5" ਤੱਕ, ਦੱਖਣ : ਗੁਆਂਢ 14'5" ਤੱਕ ਰਹਿਣਕਾਰ : ਮੰਜੂ ਦੇਵੀ ਮਾਰਫਤ ਅਰਜਨ ਸਿੰਘ। | 15TH APRIL 2024 | 26TH JUNE 2025 | 15 ਅਪ੍ਰੈਲ 2025 ਨੂੰ ਰੁਪਏ 9,18,382.00/- (ਨੌਂ ਲੱਖ ਅਠਾਰਾਂ ਹਜ਼ਾਰ ਤਿੰਨ ਸੌ ਬਿਆਸੀ ਰੁਪਏ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤਾਂ |
| (1) ਸੁਰਿੰਦਰ ਕੁਮਾਰ ਸ਼ਰਮਾ ਪੁੱਤਰ ਦੇਵ ਕੁਮਾਰ, ਪਤਾ: ਮਕਾਨ ਨੰ. 498, ਪਿੰਡ ਪਿਲਕਿਛਾ, ਜੌਨਪੁਰ, ਉੱਤਰ ਪ੍ਰਦੇਸ਼-222001, ਨਾਲ : ਮਤਾਨ ਨੰ. 168, ਪਿੰਡ ਕਜੇਰੀ, ਸੈਕਟਰ 52, ਚੰਡੀਗੜ੍ਹ-160062, (2) ਪੂਨਮ ਸ਼ਰਮਾ ਪਤਨੀ ਸੁਰਿੰਦਰ ਕੁਮਾਰ, ਪਤਾ # 138 ਮਾਰਫਤ ਸ੍ਰੀ ਕ੍ਰਿਸ਼ਨ ਚੰਦ ਕੁਜਹੇੜੀ, ਸੈਕਟਰ-52, ਕੁਜਹੇੜੀ ਚੰਡੀਗੜ੍ਹ, ਬਡਹੇੜੀ, ਚੰਡੀਗੜ੍ਹ-160036, ਨਾਲ ਹੀ : ਮਕਾਨ ਨੰ: 168, ਪਿੰਡ ਕੁਜਹੇੜੀ, ਸੈਕਟਰ 52, ਚੰਡੀਗੜ੍ਹ-160062 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 2 ਮਰਲੇ (60 ਵਰਗ ਗਜ਼) ਜ਼ਮੀਨ ਰਕਬਾ 39 ਕਨਾਲ 13 ਮਰਲੇ ਦਾ 2/793 ਹਿੱਸਾ, ਖੇਵਟ/ਖਤੌਨੀ ਨੰ. 642/652, ਖਸਰਾ ਨੰ. 24//13/4 (0-11), 14/2 (3-10), 15/3 (1-6), 18/1 (2-12), 25 (0-19) ਅਤੇ 27 (30-15) ਕਿੱਤੇ 6 (ਜਮ੍ਹਾਂਬੰਦੀ ਸਾਲ 2011-12 ਅਨੁਸਾਰ) ਖਰੜ (ਹਦਬਸਤ ਨੰ. 184) ਐੱਮ ਸੀ ਖਰੜ, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਹੋਰਨਾਂ ਦਾ ਮਕਾਨ 36'-0", ਪੱਛਮ : ਹੋਰਨਾਂ ਦਾ ਮਕਾਨ 36'-0", ਉੱਤਰ : ਹੋਰਨਾਂ ਦੀ ਜਾਇਦਾਦ 15'-1", ਦੱਖਣ : ਸੜਕ 15'-1" ਰਹਿਣਕਾਰ : ਪੂਨਮ ਸ਼ਰਮਾ ਪਤਨੀ ਸੁਰਿੰਦਰ ਕੁਮਾਰ | 11TH OCTOBER 2024 | 26TH JUNE 2025 | 11 ਅਕਤੂਬਰ 2024 ਨੂੰ ਰੁਪਏ 11,98,275.44/- (ਗਿਆਰਾਂ ਲੱਖ ਅਠਾਨਵੇਂ ਹਜ਼ਾਰ ਦੋ ਸੌ ਪੰਜਤਰ ਰੁਪਏ ਅਤੇ ਚੁਤਾਲੀ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤਾਂ |
| (1) ਜੈ ਰਾਮ ਪੁੱਤਰ ਛੋਟੇ ਲਾਲ, ਪਤਾ: ਮਕਾਨ ਨੰ: 238, ਗਾਬਾ ਫਾਰਮੇਸੀ ਦੇ ਪਿੱਛੇ, ਪਿੰਡ ਗੜ੍ਹਾ, ਫਿਲੌਰ, ਜਲੰਧਰ, ਪੰਜਾਬ-144410, (2) ਮਨਪ੍ਰੀਤ ਪਤਨੀ ਜੈ ਰਾਮ ਪਤਾ: ਮਕਾਨ ਨੰ: 238, ਗਾਬਾ ਫਾਰਮੇਸੀ ਦੇ ਪਿੱਛੇ, ਪਿੰਡ ਗੜ੍ਹਾ, ਫਿਲੌਰ, ਜਲੰਧਰ ਪੰਜਾਬ-144410 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 04 ਮਰਲੇ 03 ਸਰਸਾਈ, ਖੱਤਾ ਨੰ. 46/53, ਖਸਰਾ ਨੰ. 284/3 (4-9), 4/89 ਹਿੱਸਾ, ਜੋ ਕਿ 4 ਮਰਲੇ ਹੈ ਅਤੇ ਖੱਤਾ ਨੰ. 47/54, ਖਸਰਾ ਨੰ. 282/1 (4-10), 3/810 ਹਿੱਸਾ, ਜੋ ਕਿ 03 ਸਰਸਾਈ ਹੈ, ਵਾਕਿਆ ਰਾਮਗੜ੍ਹ, ਮਕਾਨ ਨੰ. 131, ਜਮ੍ਹਾਂਬੰਦੀ ਸਾਲ 2017-18, ਫਿਲੌਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਆਸ਼ਾ ਰਾਣੀ ਪਤਨੀ ਅਸ਼ੋਕ ਕੁਮਾਰ, ਪੱਛਮ : ਬਾਕੀ ਹਿੱਸਾ, ਉੱਤਰ : ਬਾਕੀ ਹਿੱਸਾ, ਦੱਖਣ : ਰਸਤਾ ਰਹਿਣਕਾਰ : ਜੈ ਰਾਮ ਪੁੱਤਰ ਛੋਟੇ ਲਾਲ। | 21TH-SEPTEMBER-2024 | 27TH JUNE 2025 | 21 ਸਤੰਬਰ 2024 ਨੂੰ ਰੁਪਏ 31,24,831.65/- (ਇਕੱਤੀ ਲੱਖ ਚੌਵੀ ਹਜ਼ਾਰ ਅੱਠ ਸੌ ਇਕੱਤੀ ਰੁਪਏ ਅਤੇ ਪੈਂਹਠ ਪੈਸੇ ਕੇਵਲ) ਅਤੇ ਇਸ ਉਪਤਰ ਵਿਆਜ ਅਤੇ ਲਾਗਤਾਂ |
| (1) ਸੋਮੀ ਪਤਨੀ ਜੋਗਿੰਦਰ ਪਾਲ, ਪਤਾ: ਮਕਾਨ ਨੰਬਰ 893, ਨੂਰਮਹਿਲ ਰੋਡ, ਫਿਲੌਰ, ਜਲੰਧਰ-144410, (2) ਅਜੇ ਧੀਮਾਨ ਮਾਰਫਤ ਜੋਗਿੰਦਰ ਪਾਲ, ਪਤਾ: ਮਕਾਨ ਨੰਬਰ 893, ਨੂਰਮਹਿਲ ਰੋਡ, ਫਿਲੌਰ, ਜਲੰਧਰ-144410 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 4 ਐੱਮ-2 ਐੱਸ, ਬੱਚੋਵਾਲ, ਖੱਤਾ ਨੰ. 23/25, ਖਸਰਾ ਨੰ. 9//7/2 (0-10), 9//14 (2-0), 9//17 (3-9), 9//24 (2-4), 9//26 (0-16), 9//27 (0-16), 22//4/1 (2-10), 22//4/2 (1-3) ਕਿੱਤੇ 8, ਜਮ੍ਹਾਂਬੰਦੀ ਸਾਲ 2017-18, ਹਦਬਸਤ ਨੰ. 137, ਪਿੰਡ ਬੱਚੋਵਾਲ, ਤਹਿਸੀਲ ਫਿਲੌਰ, ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਗਲੀ 63'-9", ਦੱਖਣ : ਖਾਲੀ ਪਲਾਟ 63'-9", ਪੂਰਬ : ਜੀ ਟੀ ਰੋਡ 18'-0", ਪੱਛਮ : ਖਾਲੀ ਜ਼ਮੀਨ 18'-0" ਰਹਿਣਕਾਰ : ਸੋਮੀ ਪਤਨੀ ਜੋਗਿੰਦਰ ਪਾਲ। | 20th-June-2024 | 27TH JUNE 2025 | 07 ਜੂਨ 2024 ਨੂੰ ਰੁਪਏ 32,56,474.48/- (ਬੱਤੀ ਲੱਖ ਛਪੰਜਾ ਹਜ਼ਾਰ ਚਾਰ ਸੌ ਚੁਹੱਤਰ ਰੁਪਏ ਅਠਤਾਲੀ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤਾਂ |
| (1.) ਓਮ ਪ੍ਰਕਾਸ਼ ਪੁੱਤਰ ਰਾਮ ਗੁਲਾਮ, ਪਤਾ: ਮਕਾਨ ਨੰ. 280, ਗਰੋਵਰ ਕਾਲੋਨੀ, ਦਿਲਬਾਗ ਨਗਰ ਐਕਸਟੈਂਨਸ਼ਨ ਜਲੰਧਰ, ਪੰਜਾਬ- 144002 (2.) ਪੁਸ਼ਪਾ ਮਾਰਫਤ ਓਮ ਪ੍ਰਕਾਸ਼, ਪਤਾ: ਮਕਾਨ ਨੰ. 280, 120 ਫੁੱਟੀ ਰੋਡ, ਮਨਚੰਦਾ ਸਟੋਰ, ਗਰੋਵਰ ਕਾਲੋਨੀ, ਜ਼ਿਲ੍ਹਾ ਜਲੰਧਰ-1, ਡਾਕਖਾਨਾ ਬਸਤੀ ਗੁਜ਼ਾਂ, ਸਬ-ਜ਼ਿਲ੍ਹਾ ਜਲੰਧਰ-1 ਜ਼ਿਲ੍ਹਾ ਜਲੰਧਰ, ਪੰਜਾਬ-144002 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਜੋ ਕਿ ਮਕਾਨ ਨੰ. 279-280, ਰਕਬਾ 04 ਮਰਲੇ 172 ਵਰਗ ਫੁੱਟ, ਗਰੋਵਰ ਕਾਲੋਨੀ, ਦਿਲਬਾਗ ਨਗਰ ਐਕਸਟੈਨਸ਼ਨ, ਹਦਬਸਤ ਨੰ. 312, ਖੱਤਾ/ਖਤੌਨੀ ਨੰ. 208/225, 209/226, ਖਸਰਾ ਨੰ. 834, 835, 836, 1951/877, 878, 1417/879, 1418/879, 1419/879, 880, 868, 869, 870, 1370/881, 1371/881, 1372/881, 882, 883, 1652/913-915, 914, 916, 917,919, 921,922, 923, 910, 911, 912, 1651/913-915, 918, 920, 837 ਵਾਕਿਆ ਅਬਾਦੀ ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੱਛਮ : ਮਕਾਨ ਨੰ. 281, ਉੱਤਰ : ਸੜਕ, ਪੂਰਬ : ਪਲਾਟ ਨੰ. 279, ਦੱਖਣ : ਹੋਰ। ਰਹਿਣਕਾਰ : ਪੁਸ਼ਪਾ ਮਾਰਫਤ ਓਮ ਪ੍ਰਕਾਸ਼ | 22th-Feb-2024 | 27TH JUNE 2025 | 21 ਫਰਵਰੀ 2024 ਨੂੰ ਰੁਪਏ 42,90,534.64/- (ਬਤਾਲੀ ਲੱਖ ਨੱਬੇ ਹਜ਼ਾਰ ਪੰਜ ਸੌ ਚੌਤੀ ਰੁਪਏ ਅਤੇ ਚੌਹਠ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਅਤੇ ਲਾਗਤਾਂ |

ਮਿਤੀ : 01.07.2025
ਸਥਾਨ : ਪੰਜਾਬ

ਵਾਸਤੇ ਯੈੱਸ ਬੈਂਕ ਲਿਮਟਿਡ,
ਸ੍ਰੀ ਅਮਿਤ ਸ਼ਰਮਾ (ਅਧਿਕਾਰਤ ਅਫ਼ਸਰ)

# ਅਫ਼ੋਰਡੇਬਲ ਹਾਊਸਿੰਗ ਅਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ
## ਪੰਜਾਬ ਸਰਕਾਰ
## ਅਧੀਨ
## ਗਰੇਟਰ ਲੁਧਿਆਣਾ ਖੇਤਰੀ ਵਿਕਾਸ ਅਥਾਰਟੀ
## ਜ਼ਿਲ੍ਹਾ ਲੁਧਿਆਣਾ ਵਿਖੇ
## ਨਵੀਆਂ ਅਰਬਨ ਅਸਟੇਟਾਂ ਵਿਕਸਤ ਕਰੇਗੀ



**ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ**
**ਲੈਂਡ ਪੂਲਿੰਗ ਸਕੀਮ ਅਧੀਨ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਅਤੇ**
**ਵੱਡੇ ਲਾਭ ਪ੍ਰਾਪਤ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ**

**ਸ. ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

**ਰਿਹਾਇਸ਼ੀ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ**

| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
|---|---|---|
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 8 ਕਨਾਲ | 1000 ਵਰਗ ਗਜ | 200 ਵਰਗ ਗਜ |
| 7 ਕਨਾਲ | 950 ਵਰਗ ਗਜ | 100 ਵਰਗ ਗਜ |
| 6 ਕਨਾਲ | 800 ਵਰਗ ਗਜ | 100 ਵਰਗ ਗਜ |
| 5 ਕਨਾਲ | 650 ਵਰਗ ਗਜ | 100 ਵਰਗ ਗਜ |
| 4 ਕਨਾਲ | 500 ਵਰਗ ਗਜ | 100 ਵਰਗ ਗਜ |

**ਰਿਹਾਇਸ਼ੀ ਸੈਕਟਰ ਦੇ ਲਈ ਲੈਂਡ ਪੂਲਿੰਗ ਸਕੀਮ ਅਧੀਨ ਲਾਭ**

| ਪੂਲ ਕੀਤੀ ਜਾਣ ਵਾਲੀ ਜ਼ਮੀਨ | ਵਿਕਸਤ ਕਰਕੇ ਦਿੱਤੀ ਜਾਣ ਵਾਲੀ ਜ਼ਮੀਨ | |
|---|---|---|
| | ਰਿਹਾਇਸ਼ੀ ਪਲਾਟ | ਵਪਾਰਕ ਪਲਾਟ |
| 3 ਕਨਾਲ | 450 ਵਰਗ ਗਜ | —— |
| 2 ਕਨਾਲ | 300 ਵਰਗ ਗਜ | —— |
| 1 ਕਨਾਲ | 150 ਵਰਗ ਗਜ | —— |
| 9.0 ਏਕੜ | ਗਰੁੱਪ ਹਾਊਸਿੰਗ ਲਈ 3.00 ਏਕੜ | |
| 50 ਏਕੜ | ਪਲਾਟਿਡ ਵਿਕਾਸ ਲਈ 30 ਏਕੜ | |

**ਲੈਂਡ ਪੂਲਿੰਗ ਨੀਤੀ ਦੇ ਤਹਿਤ ਆਪਣੀ ਜ਼ਮੀਨ ਦੀ ਪੇਸ਼ਕਸ਼ ਕਰਨ ਵਾਲੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਨੂੰ ਤਿੰਨ ਸਾਲਾਂ ਲਈ 30,000/- ਰੁਪਏ ਦਾ ਗੁਜ਼ਾਰਾ ਭੱਤਾ ਅਤੇ ਸਹੂਲਤ ਸਰਟੀਫਿਕੇਟ ਦੇ ਲਾਭ ਦਿੱਤੇ ਜਾਣਗੇ**

## ਲੁਧਿਆਣਾ ਜ਼ਿਲ੍ਹੇ ਦੇ ਪਲੈਨਿੰਗ ਏਰੀਆ ਵਿੱਚ ਰਿਹਾਇਸ਼ੀ ਅਰਬਨ ਅਸਟੇਟਾਂ ਦੀ ਸਥਾਪਨਾ ਲਈ ਲੈਂਡ ਪੂਲਿੰਗ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਲੁਧਿਆਣਾ ਜ਼ਿਲ੍ਹੇ ਦੇ ਪਲੈਨਿੰਗ ਏਰੀਆ ਵਿੱਚ ਰਿਹਾਇਸ਼ੀ ਅਰਬਨ ਅਸਟੇਟਾਂ ਦੀ ਸਥਾਪਨਾ ਲਈ, ਹੇਠ ਲਿਖੇ ਪਿੰਡਾਂ ਦੇ ਖਸਰਾ ਨੰਬਰ ਦਰਸਾਉਂਦੀ ਜ਼ਮੀਨ ਨੂੰ ਪੂਲ ਕੀਤਾ ਜਾ ਰਿਹਾ ਹੈ:-

**ਵਿਕਾਸ ਅਥਾਰਟੀ - ਗਰੇਟਰ ਲੁਧਿਆਣਾ ਖੇਤਰੀ ਵਿਕਾਸ ਅਥਾਰਟੀ**

**ਖੇਤਰ : ਜ਼ੋਨ - 1, ਲੁਧਿਆਣਾ**

ਜ਼ਮੀਨ ਦਾ ਵੇਰਵਾ

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਬੱਗਾ ਕਲ੍ਹਾਂ, ਹਦਬਸਤ ਨੰ.: 122, ਖਸਰਾ ਨੰਬਰ. -** 17//21, 18//16/2, 20/2, 17/1, 21, 22, 23, 24, 25/1, 25/2, 26, 123, 19//23/2, 24/1, 25/2, 20//3, 4, 5, 6, 7, 8, 13, 14, 15, 16, 17, 23, 24, 25, 21//1, 2, 3, 4, 5/1, 6, 7/1, 7/2, 8, 9, 10, 11, 12, 13, 14/1, 14/2, 15, 16, 17/1, 17/2, 18, 19/1, 19/2, 20, 21, 22/1, 22/2, 23, 24/1, 24/2, 25, 26, 22//1, 9, 10, 11, 12/1, 18/2, 19/2, 20, 21, 22, 23/1, 24/1, 26, 28//11 Min 20 Min, 21/1, 21/2, 22 Min, 26, 29//1, 2, 3, 4/1, 6/2, 7, 8, 9/1, 9/2, 9/3, 10, 11, 12, 13, 14, 15Min, 16, 17, 18, 19, 20/1/1, 20/1/2, 20/2, 21/1, 21/2, 22, 23, 24, 25, 26, 27, 30//1, 2, 3, 4/1, 4/2, 5, 6, 7/1, 7/2, 8/1, 8/2, 9, 10, 11, 12, 13, 14, 15, 16/1, 16/2, 17, 18, 19, 20, 21, 22, 23, 24, 25, 26, 27, 31//3, 4, 5, 6, 7, 14, 15, 16, 25, 26, 27, 32//5, 6, 15, 33//1, 2, 3, 4, 5, 6, 7, 8, 9, 10, 11, 12, 13/1, 13/2, 14/1, 14/2, 15/1, 15/2, 16, 17, 18, 19/1, 19/2, 20, 21, 22, 23, 24, 25, 34//1/1, 1/2, 2, 3, 4, 5, 6, 7, 8, 9, 10, 11, 12, 13, 14, 15, 16, 17, 18/1, 18/2, 19, 20, 21, 22/1/1, 22/1/2, 22/2, 23/1, 23/2/1, 23/2/2, 24/1, 24/2, 25/1, 25/2, 26, 35//1, 2Min, 9Min, 10, 11, 12Min, 19/1 Min, 19/2, 20, 21, 22Min, 40//1, 2Min, 9/1Min, 9/2min, 10, 11, 12min, 19min, 20, 21, 22min, 41//1, 2, 3, 4, 5, 6/1, 6/2, 7/1, 7/2, 8/1, 8/2, 9, 10, 11, 12, 13, 14, 15, 16, 17, 18/1, 18/2, 19, 20, 21, 22/1, 22/2, 23, 24, 25, 26, 27, 42//1/1, 1/2, 2/1/1, 2/1/2, 2/2, 3, 4, 5, 6/1, 6/2, 7, 8/1, 8/2, 9, 10, 11/1, 11/2, 12/1, 12/2, 13, 14, 15, 16, 17, 18, 19, 20, 21, 22, 23, 24, 25, 26, 43//5, 6, 15/1, 15/2, 16/1/1, 16/1/2, 16/2, 17, 24, 25, 44//3, 4, 5/1, 5/2, 6, 7, 8, 12, 13, 14, 15, 16, 17, 18, 19, 21, 22, 23, 24, 25, 45//1, 2, 3, 4, 5, 6, 7, 8, 9, 10, 11, 12/1, 12/2, 13, 14, 15/1, 15/2, 16, 17, 18, 19, 20, 21/1, 21/2, 22, 23, 24, 25, 46//1, 2/1, 2/2, 3, 4, 5, 6, 7, 8, 9/1, 9/2, 10, 11, 12, 14, 16, 15, 20, 47//1, 2/1, 2/2, 9, 10, 11, 12/1, 19, 20, 21, 22, 51//1, 2, 9, 52//1/1, 1/2, 2/1, 2/2, 3, 4, 5/1, 5/2, 5/3, 6, 7, 8, 9, 10, 11, 12, 13, 14, 17, 18, 19/1, 19/2, 20, 21, 22, 23, 53//1, 2, 3, 4, 5, 6, 7, 8/1, 8/2, 9, 10, 11, 12, 13, 14, 15, 16, 17, 18, 19, 20, 21, 22, 23, 24, 25, 54//6, 15, 16, 25, 55//5, 6, 15, 16, 56//1, 2, 3, 4, 5, 7, 8, 9, 10, 11, 12, 20, 57//1/1, 1/2, 2, 173, 175, 117, 115, 171, 172.

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਗੜ੍ਹਾ, ਹਦਬਸਤ ਨੰ.: 130, ਖਸਰਾ ਨੰਬਰ. -** 1//6, 7, 13, 14, 15, 16, 17, 18, 22, 23, 24, 25, 2//11, 19, 20, 21, 22, 25, 3//21, 4//20, 21/1, 21/2, 22, 5//1, 8, 9, 10, 11, 12, 13, 14, 16, 17, 18/1, 18/2, 19, 20/1, 20/2, 21, 22, 23/1/1, 23/1/2, 23/2, 24/1, 24/2, 25/1/1, 25/1/2, 25/2, 26, 6//1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20/1, 20/2, 21/1, 21/2, 22, 23, 24, 25, 7//2, 3, 4, 5, 6, 7, 8, 9, 12, 13, 14, 15, 16 , 17, 18, 19, 20, 21/1, 21/2, 22, 23, 24, 25, 8//14, 15, 16, 17/1/1, 17/1/2, 17/1/3, 17/2, 18, 23, 24/1, 24/2, 24/3, 24/4, 25/1, 25/2, 9//2, 3/1, 3/2, 4, 5, 6, 7, 8/1, 8/2, 9, 10, 11, 12, 13/1, 13/2, 14/1, 14/2, 15/1, 15/2, 16, 17, 18, 19, 20/1, 20/2, 21/1, 21/2, 21/3, 21/4, 22/1, 22/2, 23, 24, 25/1, 25/2, 26, 10//1, 2, 3, 4, 5/1, 5/2, 6, 7, 8, 9, 10, 11/1, 11/2, 12, 13/1, 13/2, 14, 16, 17, 18, 19, 20/1, 20/2, 20/3, 21, 22, 23, 24/1, 24/2, 25, 26, 27, 11//1, 2, 3, 4, 5/1, 5/2, 6, 7/1, 7/2, 8, 9, 10, 12, 13, 16, 17, 18, 21, 22, 23, 24, 25/1, 25/2, 26, 27, 28, 12//1, 2/1, 2/2, 2/3, 3, 4, 6, 7, 8, 9/1, 9/2, 10, 11, 12/1, 12/2, 12/3, 12/4, 13/1, 13/2, 14/1, 14/2, 15/1, 15/2, 16, 17, 18, 19, 20, 21, 22, 23, 24, 25, 26, 27, 13//8, 9/1, 9/2, 9/3, 10, 11/1, 11/2, 12, 13, 14, 15, 16, 17, 18, 19, 20, 21, 22, 23, 24, 25, 14//20, 21, 22, 15//1, 2, 9, 10, 11, 12, 19, 20, 21, 22, 16//1, 2, 3, 4, 5, 6, 7, 8, 9, 10/1, 10/2, 11, 12, 13, 14, 15, 16, 17, 18, 19, 20/1/1, 20/1/2, 20/2, 21, 22, 23, 24, 25, 17//1, 2, 3, 4, 5, 6, 7, 8/1, 8/2, 9, 10, 11, 12, 13, 14, 15, 16/1, 16/2, 17/1, 17/2, 18/1, 18/2, 19/1, 19/2, 20/1, 20/2, 21/1, 21/2, 22, 23, 24, 25, 26, 18//1/1/1, 1/1/2, 1/2, 1/3, 2, 3, 4, 5, 6, 7, 8, 9, 10, 11, 12/1, 12/2, 13/1, 13/2, 14, 15, 16/1, 16/2, 17/1, 17/2, 17/3, 18/1/1, 18/1/2, 18/2/1, 18/2/2, 19/2, 20, 21, 22, 23, 24, 25, 19//1/1, 1/2, 2, 3/1, 3/2, 4, 5/1, 5/2, 5/3, 6, 7, 8, 9, 10, 11, 12, 13, 14, 15, 16, 17, 18, 19, 20, 21, 22, 23, 24, 25, 26, 20//1/1, 1/2, 1/3, 2/1, 2/2, 3/1, 3/2, 4/1, 4/2, 5/1, 5/2, 6, 7, 8/1, 8/2, 9, 10, 12, 13, 14, 15, 6, 17, 18, 24, 25/1, 25/2, 21//4, 5/1, 5/2, 5/3, 6, 22//4, 5, 6, 23//1, 2, 3, 4, 5, 6, 7, 8, 9, 10, 11, 12/1, 12/2, 13/1, 13/2, 14, 15, 16, 17, 26, 24//1, 2/1, 2/2, 2/3, 3, 4, 5, 6, 7/1, 7/2, 8, 9, 10, 11, 12, 13, 14, 15, 16, 17, 26, 25//1/1, 1/2, 2, 3, 4, 5, 6, 7, 8, 9, 10/1, 10/2, 11, 12, 13, 14, 15, 16, 17, 18, 19, 20, 23, 24, 25, 26//1, 2, 3, 4, 5, 6, 7, 8, 9, 10, 11/1, 11/2, 12, 13, 14, 15, 16, 17, 18, 19, 20, 21, 22, 23, 24, 25, 27//1, 2, 9, 10, 11, 12, 19, 20, 21.

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਮਲਕਪੁਰ, ਹਦਬਸਤ ਨੰ.: 147, ਖਸਰਾ ਨੰਬਰ. -** 1//25, 2//18, 19, 20, 21, 22, 23.

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਗਹੌਰ, ਹਦਬਸਤ ਨੰ.: 135, ਖਸਰਾ ਨੰਬਰ. –** 1//19, 22/1, 22/2, 23, 24, 25, 2//21, 3//9, 10, 11, 12, 18/1, 18/2, 19, 20/1, 20/2, 21, 22/1, 22/2, 23/1, 23/2, 23/3, 23/4, 24, 25, 4//1/1, 1/2, 2/1, 2/2, 3, 4, 5/1, 5/2, 6, 7/1, 7/2, 8/1, 8/2, 9, 10/1, 10/2, 11/1, 11/2, 12, 13/1, 13/2, 14/1, 14/2, 15, 16, 17, 18, 19, 20, 21, 22/1, 22/2, 23, 24, 25, 5//6/1, 6/2, 15, 16, 17, 24/1, 24/2, 25, 6//14, 15, 16/1, 16/2, 17/1, 17/2, 18/1, 18/2, 22, 23, 24, 25, 7//4/1, 4/2, 5, 6, 7, 8, 9/1, 9/2/1, 9/2/2, 10, 11, 12/1/1, 12/1/2, 12/2, 13, 14/1/1, 14/1/2, 14/2, 15/1, 15/2, 15/3, 16, 17, 18/1, 18/2, 19, 20, 21, 22, 23, 24, 25/1, 25/2/1, 25/2/2, 8//1/1, 1/2, 2/1, 2/2, 3, 4, 5, 6, 7, 8, 9, 10/1, 10/2, 11/1, 11/2, 12/1, 12/2, 13/1, 13/2, 14, 15/1/1, 15/1/2, 15/2, 16/1, 16/2, 17/1, 17/2, 18, 19, 20, 21, 22, 23, 24, 25, 9//1, 2/1, 2/2, 3, 4/1, 4/2, 4/3, 5/1, 5/2, 6, 7, 8/1, 8/2, 9/1, 9/2, 10, 11/1, 11/2/1, 11/2/2, 12/1, 12/2, 13, 14, 15, 16, 17, 18/1, 18/2, 18/3, 18/4, 19/1/1, 19/1/2, 19/2, 19/3, 20/1, 20/2, 21, 22, 23/1, 23/2, 24, 25/1, 25/2, 10//1/1, 1/2, 1/3, 2, 7/1, 7/2, 8, 9, 10/1, 10/2, 11/1, 11/2, 12, 13, 14/1, 14/2, 15/1, 15/2, 16, 17/1, 17/2, 18, 19, 20, 21, 22, 23/1, 23/2, 23/3, 24, 25/1, 25/2, 11//11/1, 11/2, 12, 13/1, 13/2, 14, 15/1, 15/2, 16/1/1, 16/1/2, 17, 18/1, 18/2, 19, 20/1, 20/2, 21/1, 21/2, 22/1/1, 22/1/2, 22/2, 23, 24, 25/1, 25/2, 25/3, 12//7, 11/1, 11/2, 12/1, 12/2, 13, 14, 17, 18, 19/1, 19/2, 20/1, 20/2/1, 20/2/2, 21/1, 21/2, 22/1, 22/2, 23, 24, 17//1/1, 1/2, 2/1, 2/2, 3/1, 3/2, 4, 7, 8, 9/1, 9/2, 10/1, 10/2, 10/3, 10/4, 11/1, 11/2, 12/1, 12/2, 13, 14, 17, 18/1, 18/2, 19/1, 19/2/1, 19/2/2, 20/1, 20/2, 21/1, 21/2, 22/1, 22/2, 23/1, 23/2, 24/1, 24/2, 18//1/1, 1/2, 2, 3, 4/1, 4/2, 5, 6/1, 6/2, 7/1, 7/2, 8, 9/1, 9/2, 10/1, 10/2, 11, 12/1, 12/2, 13, 14, 15/1, 15/2, 16/1, 16/2, 17, 18/1, 18/2, 19/1, 19/2, 20/1, 20/2, 21/1, 21/2, 22/1, 22/2, 23/1, 23/2, 24, 25/1, 25/2, 26, 27, 28, 29, 30, 31, 19//1, 2, 3, 4, 5, 6, 7/1, 7/2, 8, 9, 10, 11, 12/1, 12/2, 13/1/1, 13/1/2, 13/2, 14/1, 14/2/1, 14/2/2, 15, 16/1, 16/2, 17, 18, 19, 20/1, 20/2, 21, 22, 23, 24/1, 24/2, 25, 20//1/1, 1/2/1, 1/2/2, 2/1, 2/2, 3, 4/1, 4/2, 5, 6, 7/1, 7/2, 8, 9/1, 9/2, 9/3, 10/1/1, 10/1/2, 10/2, 11, 12, 13, 14, 15, 16, 17, 18, 19, 20, 21, 22, 23/1, 23/2, 24/1, 24/2, 25, 26, 27, 21//1, 2, 3, 4, 5, 6/1, 6/2, 7, 8, 9, 10, 11, 12, 13, 14/1, 14/2, 15/1, 15/2, 16, 17, 18, 19/1, 19/2, 20, 21, 22, 23, 24, 25, 22//1/1, 1/2, 2/1, 2/2, 3, 4, 5/1/1, 5/1/2, 5/2, 6/1, 6/2, 7, 8, 9, 10, 11/1, 11/2, 12/1, 12/2, 13, 14/1, 14/2, 15, 16, 17/1, 17/2, 18, 19/1, 19/2, 20, 21, 22, 23/1, 23/2, 24/1, 24/2, 25, 23//2, 3, 4/1, 4/2/1, 4/2/2, 5/1, 5/2, 6, 7/1, 7/2, 8, 9, 12, 13, 14/1, 14/2, 15/1, 15/2, 16, 17, 18, 19, 22, 23, 24/1, 24/2, 24/3, 25, 26, 24//3, 4/1, 4/2, 4/3, 5, 6, 7, 15, 25//1, 2, 3/1, 3/2, 4/1, 4/2, 5, 6/1, 6/2/1, 6/2/2, 7/1, 7/2, 8/1, 8/2, 8/3, 8/4, 9, 10, 11, 12, 13, 14, 15/1, 15/2, 16, 17, 18/1, 18/2, 19/1, 19/2, 20, 21, 22/1, 22/2, 23, 24, 25, 26//1/1, 1/2, 2, 3/1, 3/2, 4, 5, 6, 7, 8/1, 8/2, 9, 10, 11/1, 11/2, 12, 13/1, 13/2, 13/3, 13/4, 14/1, 14/2, 15/1, 15/2, 16, 17, 18/1, 18/2, 18/3, 19, 20/1, 20/2, 21/1, 21/2, 22/1, 22/2, 23/1, 23/2, 23/3, 24/1, 24/2, 24/3, 25/1, 25/2, 25/3, 26, 27//1/1, 1/2, 2/1, 2/2, 3, 4/1, 4/2, 5, 6, 7/1, 7/2, 8/1, 8/2, 9, 10, 11/1, 11/2, 11/3, 12, 13/1, 13/2, 14, 15/1, 15/2, 16, 17/1, 17/2, 17/3, 18/1/1, 18/1/2, 18/2, 19, 20, 21/1, 21/2, 22, 23, 24, 25/1, 25/2, 26, 28//1/1, 1/2, 2, 3/1, 3/2, 4, 5, 6, 7, 8, 9/1, 9/2, 10/1, 10/2, 10/3, 11, 12, 13/1, 13/2, 13/3, 14, 15, 16/1, 16/2, 16/3, 17/1, 17/2, 18, 19, 20, 21/1, 21/2/1, 21/2/2, 22/1, 22/2, 23, 24/1, 24/2, 25/1, 25/2, 25/3, 26, 29//1, 2, 3, 4/1, 4/2, 5/1, 5/2, 6, 7/1, 7/2, 8, 9, 10, 11, 12/1, 12/2, 13/1, 13/2, 14, 15, 16, 17, 18/1, 18/2, 19, 20/1, 20/2, 21, 22/1, 22/2, 23, 24, 25, 26, 30//1/1, 1/2, 2/1, 2/2, 3, 4, 7/1, 7/2, 8, 9/1, 9/2, 9/3, 9/4, 10/1, 10/2, 10/3, 11/1, 11/2, 12/1, 12/2, 13/1, 13/2, 14, 15, 18/1, 18/2, 19/1, 19/2, 20/1, 20/2, 21/1, 21/2, 22/1, 22/2, 23, 26, 27, 28, 29, 35//1, 3/1, 3/2, 10, 11, 12, 19, 20, 21, 22/1, 22/2, 23/1, 23/2, 26, 36//1/1, 1/2, 2/1/1, 2/1/2, 3, 4, 5, 6, 7, 8/1, 8/2, 8/3, 8/4, 9, 10, 11, 12, 13, 14, 15/1, 15/2, 16, 17, 18, 19/1, 19/2/1, 19/2/2, 20/1, 20/2, 21/1, 21/2, 22/1, 22/2/1, 22/2/2, 22/3, 23, 24/1, 24/2, 25, 26, 37//1/1, 1/2, 2/1, 2/2, 3/1, 3/2, 4/1, 4/2, 5/1, 5/2, 6/1, 6/2, 7/1, 7/2, 8, 9, 10, 11/1, 11/2, 12, 13, 14, 15, 16, 17/1, 17/2, 18, 19/1, 19/2, 19/3, 20/1, 20/2, 21, 22, 23, 24/1/1, 24/1/2, 24/2, 25, 38//1, 2, 3/1, 3/2, 3/3, 3/4, 5/1, 5/2, 5/3, 5/4, 6, 7, 8, 9/1, 9/2, 10, 11, 12, 13, 14, 15/1, 15/2, 16/1, 16/2, 16/3, 17, 18, 19, 20, 22, 23, 24/1, 24/2, 25/1, 25/2, 39//1, 2, 3, 4/1, 4/2, 5, 6, 7, 8, 9, 10, 11/1, 11/2, 12, 13, 14/1, 14/2, 14/3, 15, 18, 19, 20, 26, 40//3, 4/1, 4/2, 5, 6, 7, 15, 41//1/1, 1/2, 2, 3/1, 3/2, 4, 5/1, 5/2, 6, 7, 8, 9, 10, 11/1, 11/2, 12, 13, 14, 15/1, 15/2, 16, 18, 19, 20, 22, 42//1, 2, 3, 4/1, 4/2, 4/3, 5/1, 5/2, 6, 7, 8/1, 8/2, 9, 10, 11, 12, 13, 14, 15, 16, 17, 18/1, 18/2, 18/3, 19, 20, 23, 24, 25/1, 25/2, 25/3, 43//1/1, 1/2, 2/1, 2/2, 3/1, 3/2, 3/3, 4, 6/1, 6/2, 6/3, 7, 8/1, 8/2, 9/1, 9/2, 9/3, 10/1, 10/2, 10/3, 11/1, 11/2, 12, 13, 14, 15, 16, 17/1, 17/2, 18/1, 18/2, 19/1, 19/2, 20/1, 20/2, 20/3, 20/4, 21/1, 21/2, 22, 23, 24, 25/1, 25/2, 26, 27, 28, 44//8/2/1, 8/2/2, 9, 10/1, 10/2, 10/3, 11, 12, 13, 18, 19, 20/1, 20/2, 20/3, 21/1, 21/2, 21/3, 22/1, 22/2/1, 22/2/2, 23, 24/1, 46//1/1, 1/2, 2/1, 2/2, 4, 7, 47//1, 2/1, 2/2, 3, 4/1, 4/2, 5, 48//5, 18/1, 49//26

**ਜ਼ਿਲ੍ਹਾ: ਲੁਧਿਆਣਾ, ਤਹਿਸੀਲ: ਲੁਧਿਆਣਾ (ਪੱਛਮੀ), ਪਿੰਡ: ਭਨੋਹੜ, ਹਦਬਸਤ ਨੰ.: 296, ਖਸਰਾ ਨੰਬਰ. –** 225, 226, 227, 228, 242, 246, 257, 258, 260

**ਕੁੱਲ ਖੇਤਰ 7806.39 ਏਕੜ**

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਜ਼ਮੀਨ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ H-U-H1/45/2025-6HI/759 ਮਿਤੀ 04-06-2025 ਰਾਹੀਂ ਜਾਰੀ ਕੀਤੀ ਲੈਂਡ ਪੂਲਿੰਗ ਪਾਲਿਸੀ ਤਹਿਤ ਪੂਲ ਕੀਤੀ ਜਾਵੇਗੀ।

**ਸਹਿਮਤੀ ਅਰਜ਼ੀ ਜਮ੍ਹਾ ਕਰਵਾਉਣ ਲਈ, ਕਮਰਾ ਨੰਬਰ 210, ਐਲ.ਏ.ਸੀ. ਸ਼ਾਖਾ, ਪਹਿਲੀ ਮੰਜ਼ਿਲ, ਗਲਾਡਾ ਦਫ਼ਤਰ, ਵੈਸਟ ਐਂਡ ਮਾਲ ਦੇ ਨੇੜੇ, ਫਿਰੋਜ਼ਪੁਰ ਰੋਡ, ਲੁਧਿਆਣਾ ਵਿਖੇ ਜਾਓ**

**ਉਹ ਖੇਤਰ ਅਤੇ ਨਕਸ਼ੇ ਜਿੱਥੇ ਅਰਬਨ ਅਸਟੇਟਾਂ ਵਿਕਸਤ ਕੀਤੀ ਜਾਣਗੀਆਂ ਦਾ ਵੇਰਵਾ ਦੇਖਣ ਲਈ https://glada.gov.in 'ਤੇ ਜਾਓ**

**ਨੋਟ:** - ਉਕਤ ਦਰਸਾਏ ਨੰਬਰ ਖਸਰਿਆਂ ਵਿੱਚ ਪਲੈਨਿੰਗ / ਐਗਜੀਕਿਊਸ਼ਨ ਕਰਨ ਸਮੇਂ ਕੋਈ ਅਪਰੂਵਡ ਸਾਈਟ ਪਲੈਨ ਮੁਤਾਬਿਕ ਤਬਦੀਲੀ ਕਰਨ ਦੀ ਲੋੜ ਪੈਂਦੀ ਹੈ ਜਾਂ ਕੋਈ ਕਲੈਰੀਕਲ ਐਰਰ ਹੁੰਦੀ ਹੈ ਜਾਂ ਅਮੈਂਡਮੈਂਟ ਦੀ ਲੋੜ ਪੈਂਦੀ ਹੈ ਤਾਂ ਸਮਰੱਥ ਲੈਵਲ ਤੇ ਪ੍ਰਵਾਨਗੀ ਲੈ ਕੇ ਸੋਧ ਕਰ ਲਈ ਜਾਵੇਗੀ।

## ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸਰਕਾਰ

## ਮਾਨਸਾ 'ਚ ਜਲਦ ਸ਼ੁਰੂ ਹੋਵੇਗਾ ਬਿਰਧ ਆਸ਼ਰਮ : ਡੀ ਸੀ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਵਿਖੇ ਲੋੜਵੰਦ ਬਜ਼ੁਰਗਾਂ ਦੇ ਰਹਿਣ ਲਈ 72 ਬੈੱਡਾਂ ਵਾਲਾ ਬਿਰਧ ਆਸ਼ਰਮ ਬਣਾਇਆ ਜਾ ਰਿਹਾ ਹੈ, ਜੋ ਜਲਦੀ ਬਣ ਕੇ ਤਿਆਰ ਹੋ ਜਾਵੇਗਾ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਆਈ.ਏ.ਐੱਸ. ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਦਿੱਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬਣਾਏ ਜਾ ਰਹੇ ਇਸ ਬਿਰਧ ਆਸ਼ਰਮ ਨਾਲ ਲੋੜਵੰਦ ਤੇ ਬੇਸਹਾਰਾ ਬਜ਼ੁਰਗਾਂ ਨੂੰ ਨਿਵਾਸ ਮਿਲੇਗਾ।ਉਨ੍ਹਾਂ ਦੱਸਿਆ ਕਿ ਜੋ ਲੋੜਵੰਦ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿਣਗੇ, ਉਨ੍ਹਾਂ ਨੂੰ ਆਸ਼ਰਮ ਵਿਖੇ ਮੁਫ਼ਤ ਸਿਹਤ ਤੇ ਮੈਡੀਕਲ ਸੁਵਿਧਾ, ਖਾਣਾ ਪੀਣਾ, ਸੁਰੱਖਿਆ ਤੇ ਸੰਭਾਲ ਤੋਂ ਇਲਾਵਾ ਲਾਇਬ੍ਰੇਰੀ ਆਦਿ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਜੋ ਵੀ ਲੋੜਵੰਦ ਤੇ ਬੇਸਹਾਰਾ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿਣਾ ਚਾਹੁੰਦੇ ਹਨ, ਉਹ ਆਪਣੇ ਆਧਾਰ ਕਾਰਡ ਸਮੇਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਗਰਾਊਂਡ ਫਲੋਰ, ਕਮਰਾ ਨੰਬਰ 12 ਵਿਖੇ ਸੰਪਰਕ ਕਰਨ।ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਲਵਨੀਨ ਕੌਰ ਬੜਿੰਗ ਤੋਂ ਇਲਾਵਾ ਬੀ.ਡੀ.ਪੀ.ਓਜ਼., ਸੀ.ਡੀ.ਪੀ.ਓਜ਼. ਆਦਿ ਹਾਜ਼ਰ ਸਨ।

## ਦੋਦਾ ਨਜ਼ਦੀਕ ਮਿਲੀ ਅਣਪਛਾਤੀ ਔਰਤ ਦੀ ਲਾਸ਼



**ਨਾਭਾ (ਵਰਿੰਦਰ ਵਰਮਾ)**-ਨਾਭਾ ਬਲਾਕ ਦੇ ਪਿੰਡ ਦੋਦਾ ਦੇ ਨਜ਼ਦੀਕ ਨਾਭਾ-ਮਲੇਰਕੋਟਲਾ ਰੋਡ 'ਤੇ ਅਣਪਛਾਤੀ ਔਰਤ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ।ਔਰਤ ਦੀ ਉਮਰ 35 ਤੋਂ 40 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ।ਔਰਤ ਦੇ ਸਿਰ ਉੱਪਰ ਗਹਿਰੀ ਸੱਟ ਦਾ ਨਿਸ਼ਾਨ ਸੀ ਤੇ ਕੋਲ ਰੱਸਾ ਵੀ ਪਿਆ ਸੀ।ਇਸ ਔਰਤ ਦਾ ਕਤਲ ਕਿਉਂ ਕੀਤਾ ਤੇ ਇਹ ਕਿੱਥੋਂ ਦੇ ਰਹਿਣ ਵਾਲੀ ਹੈ?, ਪੁਲਿਸ ਇਸ ਮਾਮਲੇ ਸਬੰਧੀ ਜਾਂਚ ਕਰ ਰਹੀ ਹੈ।ਪਿੰਡ ਵਾਸੀਆਂ ਨੂੰ ਇਸ ਦਾ ਉਦੋਂ ਪਤਾ ਲੱਗਿਆ, ਜਦੋਂ ਉਹ ਸੈਰ ਕਰਨ ਲਈ ਜਾ ਰਹੇ ਸੀ ਤਾਂ ਮੌਕੇ 'ਤੇ ਲਾਸ਼ ਵੇਖ ਕੇ ਫੌਰਨ ਪੁਲਸ ਨੂੰ ਸੂਚਿਤ ਕੀਤਾ ਤੇ ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਇਸ ਮਾਮਲੇ ਸਬੰਧੀ ਪੁਲਸ ਦੇ ਜਾਂਚ ਅਧਿਕਾਰੀ ਸਰਬਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਨਾਭਾ ਹਸਪਤਾਲ ਦੀ ਮੋਰਚਰੀ ਵਿੱਚ ਰਖਵਾ ਦਿੱਤੀ ਹੈ ਅਤੇ ਅਸੀਂ ਹਰ ਐਂਗਲ ਤੋਂ ਤਫਤੀਸ਼ ਕਰ ਰਹੇ ਹਾਂ।

# ਕਾਸੋ ਅਪ੍ਰੇਸ਼ਨ ਦੌਰਾਨ 30 ਗ੍ਰਾਮ ਹੈਰੋਇਨ ਤੇ 90 ਹਜ਼ਾਰ ਡਰੱਗ ਮਨੀ ਸਮੇਤ 3 ਕਾਬੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਣਯੋਗ ਪੁਲਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਡਾ. ਜੋਤੀ ਯਾਦਵ ਤੇ ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਦੀ ਅਗਵਾਈ ਹੇਠ ਕਾਸੋ ਆਪ੍ਰੇਸ਼ਨ ਤਹਿਤ ਪਿੰਡ ਤੱਖਰਾਂ ਵਿਖੇ ਇੱਕ ਘਰ ਦੀ ਤਲਾਸ਼ੀ ਦੌਰਾਨ 30 ਗ੍ਰਾਮ ਹੈਰੋਇਨ ਤੇ 90 ਹਜ਼ਾਰ ਡਰੱਗ ਮਨੀ ਸਮੇਤ 2 ਵਿਅਕਤੀਆਂ ਪ੍ਰਭਜੋਤ ਸਿੰਘ ਤੇ ਨਵਜੋਤ ਸਿੰਘ (ਦੋਵੇਂ ਸਕੇ ਭਰਾ) ਅਤੇ ਉਨ੍ਹਾਂ ਦੀ ਮਾਤਾ ਬੇਅੰਤ ਕੌਰ ਵਾਸੀ ਤੱਖਰਾਂ ਨੂੰ ਕਾਬੂ ਕੀਤਾ ਹੈ।ਪ੍ਰੈੱਸ ਕਾਨਫਰੰਸ ਦੌਰਾਨ ਗੱਲਬਾਤ ਕਰਦਿਆਂ ਥਾਣਾ ਇੰਚਾਰਜ ਕਰਨੈਲ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਜਦੋਂ ਕਾਸੋ ਆਪ੍ਰੇਸ਼ਨ ਤਹਿਤ ਪਿੰਡ ਤੱਖਰਾਂ ਵਿਖੇ ਇੱਕ ਘਰ ਪੁੱਜੇ ਤਾਂ ਇੱਕ ਬਜ਼ੁਰਗ ਔਰਤ ਨੇ ਗੇਟ ਖੋਲ੍ਹਿਆ, ਜਿਸ ਨੇ ਪੁੱਛਣ 'ਤੇ ਆਪਣਾ ਨਾਮ ਬੇਅੰਤ ਕੌਰ ਦੱਸਿਆ। ਜਦੋਂ ਪੁਲਸ ਪਾਰਟੀ ਘਰ ਅੰਦਰ ਦਾਖਲ ਹੋਈ ਤਾਂ ਮੌਕੇ 'ਤੇ ਪੰਚਾਇਤ ਮੈਂਬਰ ਦਿਲਪ੍ਰੀਤ ਸਿੰਘ ਹਾਜ਼ਰ ਆਇਆ, ਜਿਨ੍ਹਾਂ ਸ਼ਾਮਲ ਤਫ਼ਤੀਸ਼ ਕੀਤਾ ਗਿਆ ਤਾਂ ਘਰ ਵਿੱਚ 2 ਵਿਅਕਤੀ ਆਪਣੇ ਕਮਰੇ 'ਚ ਬੈਠੇ ਸਨ, ਜੋ ਪੁਲਸ ਨੂੰ ਦੇਖ ਘਬਰਾ ਕੇ ਖਿਸਕਣ ਲੱਗੇ। ਪੁਲਸ ਵੱਲੋਂ ਮੁਸ਼ਤੈਦੀ ਵਰਤਦਿਆਂ ਉਨ੍ਹਾਂ ਨੂੰ ਕਾਬੂ ਕਰ ਲਿਆ, ਜਿਨ੍ਹਾਂ ਤੋਂ ਨਾਮ-ਪਤਾ ਪੁੱਛਣ 'ਤੇ ਇੱਕ ਨੇ ਆਪਣਾ ਨਾਮ ਨਵਜੋਤ ਸਿੰਘ ਉਰਫ਼ ਨਵੀ ਤੇ ਦੂਜੇ ਨੇ ਪ੍ਰਭਜੋਤ ਸਿੰਘ ਦੱਸਿਆ। ਘਰ ਵਿੱਚ ਸਰਚ ਦੌਰਾਨ ਨਵਜੋਤ ਸਿੰਘ ਤੇ ਪ੍ਰਭਜੋਤ ਸਿੰਘ ਨੇ ਆਪਣੀ ਪਹਿਨੀ ਲੋਅਰ ਦੀ ਜੇਬ 'ਚੋਂ ਇੱਕ ਪਾਰਦਰਸ਼ੀ ਲਿਫ਼ਾਫ਼ੀ ਵਜ਼ਨਦਾਰ ਫਰਸ਼ 'ਤੇ ਸੁੱਟ ਦਿੱਤੀ। ਪੁਲਸ ਵਲੋਂ ਜਦੋਂ ਇਨ੍ਹਾਂ ਲਿਫ਼ਾਫ਼ੀਆਂ ਦੀ ਜਾਂਚ ਕੀਤੀ ਤਾਂ ਉਨ੍ਹਾਂ 'ਚੋਂ 30 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਤੋਂ ਇਲਾਵਾ ਤਲਾਸ਼ੀ ਦੌਰਾਨ ਪ੍ਰਭਜੋਤ ਸਿੰਘ ਦੀ ਪਹਿਨੀ ਲੋਅਰ ਦੀ ਜੇਬ 'ਚੋਂ 50 ਹਜ਼ਾਰ ਰੁਪਏ ਭਾਰਤੀ ਕਾਰੰਸੀ ਤੇ ਖੱਬੀ ਜੇਬ 'ਚੋਂ 40 ਹਜ਼ਾਰ ਰੁਪਏ ਬਰਾਮਦ ਹੋਏ। ਪੁਲਸ ਵੱਲੋਂ 30 ਗ੍ਰਾਮ ਹੈਰੋਇਨ ਤੇ 90 ਹਜ਼ਾਰ ਰੁਪਏ ਡਰੱਗ ਮਨੀ ਦੇ ਕਥਿਤ ਦੋਸ਼ ਹੇਠ ਪ੍ਰਭਜੋਤ ਸਿੰਘ, ਨਵਜੋਤ ਸਿੰਘ ਤੇ ਬੇਅੰਤ ਕੌਰ ਖਿਲਾਫ਼ ਐੱਨਡੀਪੀਸੀ ਤਹਿਤ ਮਾਮਲਾ ਦਰਜ ਕਰ ਲਿਆ ਹੈ। ਥਾਣਾ ਇੰਚਾਰਜ ਕਰਨੈਲ ਸਿੰਘ ਨੇ ਦੱਸਿਆ ਕਿ ਪ੍ਰਭਜੋਤ ਸਿੰਘ ਤੇ ਨਵਜੋਤ ਸਿੰਘ, ਜੋ ਕਿ ਆਪਸ ਵਿੱਚ ਸਕੇ ਭਰਾ ਹਨ ਤੇ ਨਸ਼ਾ ਵੇਚਣ ਦਾ ਕੰਮ ਕਰਦੇ ਹਨ, ਜਿਸ ਵਿੱਚ ਉਨ੍ਹਾਂ ਦੀ ਮਾਂ ਬੇਅੰਤ ਕੌਰ ਸਾਥ ਦੇ ਰਹੀ ਸੀ। ਉਨ੍ਹਾਂ ਦੱਸਿਆ ਕਿ ਦੋਵੇਂ ਭਰਾ ਆਸ-ਪਾਸ ਪਿੰਡਾਂ ਵਿੱਚ ਪਿਛਲੇ ਕਾਫ਼ੀ ਸਮੇਂ ਤੋਂ ਨਸ਼ਾ ਵੇਚਣ ਦਾ ਕੰਮ ਕਰਦੇ ਆ ਰਹੇ ਹਨ।

## ਵੱਡੀ ਗਿਣਤੀ ਨੌਜਵਾਨ ਅਕਾਲੀ ਦਲ ਨੂੰ ਛੱਡ ਕੇ 'ਆਪ' 'ਚ ਹੋਏ ਸ਼ਾਮਲ

### ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸਮੁਖੀ ਸੋਚ ਕਾਰਨ ਰਮਨ ਸ਼ਰਮਾ ਕੋਲਡ ਸਟੋਰ ਵਾਲੇ ਤੇ ਉਨ੍ਹਾਂ ਦੇ ਸਾਥੀ ਸੁਨੀਲ ਬਜਾਜ, ਪਵਨ ਅਰੋੜਾ, ਗੁਰਮੇਲ ਸੰਧੂ, ਰਣਜੋਧ ਸਿੰਘ, ਵਿੱਕੀ ਦੌਧਰੀਆ, ਕਰਨ ਹੰਸ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ, ਜਿਨ੍ਹਾਂ ਦਾ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪਾਰਟੀ ਦਾ ਸਿਰੋਪਾਓ ਪਾ ਕੇ ਪਾਰਟੀ ਵਿੱਚ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸਮੁਖੀ ਸੋਚ ਕਾਰਨ ਅੱਜ ਹਰ ਵਰਗ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸਾਰੇ ਨੌਜਵਾਨਾਂ ਦਾ ਧੰਨਵਾਦ ਕਰਦੇ ਹਨ ਤੇ ਉਮੀਦ ਕਰਦੇ ਹਾਂ ਕਿ ਅਸੀਂ ਇੱਕ ਚੰਗੀ ਟੀਮ ਬਣ ਕੇ ਲੋਕਾਂ ਦੀ ਸੇਵਾ ਕਰਾਂਗੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਛੱਡ ਕੇ 'ਆਪ' ਵਿੱਚ ਸ਼ਾਮਲ ਹੋਏ ਨੌਜਵਾਨਾਂ ਨੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਉਨ੍ਹਾਂ ਨੂੰ ਦਿੱਤੇ ਗਏ ਸਨਮਾਨ ਲਈ ਧੰਨਵਾਦ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ, ਅਹੁਦੇਦਾਰ ਤੇ ਵਲੰਟੀਅਰ ਮੌਜੂਦ ਸਨ।

## ਬੀ ਸੀ ਏ ਤੀਜੇ ਸਮੈਸਟਰ ਦੀ ਪ੍ਰੀਖਿਆ 'ਚ ਫ਼ਤਿਹ ਗਰੁੱਪ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਸੰਬਰ 2024 ਵਿੱਚ ਕਰਵਾਈ ਗਈ ਬੀ.ਸੀ.ਏ. (ਬੈਚਲਰ ਆਫ ਕੰਪਿਊਟਰ ਐਪਲੀਕੇਸ਼ਨ) ਤੀਜੇ ਸਮੈਸਟਰ ਦੀ ਪ੍ਰੀਖਿਆ ਦੇ ਨਤੀਜੇ ਘੋਸ਼ਤ ਕੀਤੇ ਗਏ ਹਨ, ਜਿਸ ਵਿੱਚ ਫ਼ਤਿਹ ਗਰੁੱਪ ਆਫ ਇਨਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਨੇ ਕਾਬਿਲ-ਏ-ਤਾਰੀਫ਼ ਪ੍ਰਦਰਸ਼ਨ ਕਰਦਿਆਂ ਸੰਸਥਾ ਤੇ ਖੇਤਰ ਦਾ ਮਾਣ ਵਧਾਇਆ ਹੈ।ਪ੍ਰੀਖਿਆ ਵਿੱਚ ਕੁੱਲ 24 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਕਾਮਯਾਬੀ ਹਾਸਲ ਕਰਕੇ 100% ਪਾਸ ਪ੍ਰਤੀਸ਼ਤ ਦਰਜ ਕਰਾਇਆ।ਇਨ੍ਹਾਂ ਵਿੱਚੋਂ 15 ਵਿਦਿਆਰਥੀਆਂ ਨੇ 75% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣੀ ਲਗਨ ਤੇ ਯੋਗਤਾ ਦਾ ਸਾਫ਼ ਪ੍ਰਮਾਣ ਦਿੱਤਾ।ਇਨ੍ਹਾਂ ਨਤੀਜਿਆਂ ਵਿੱਚੋਂ ਕ੍ਰਮਵਾਰ ਕੌਰ (83%) ਪੁੱਤਰੀ ਬੂਟਾ ਸਿੰਘ ਪਹਿਲੇ, ਗਗਨ ਪ੍ਰੀਤ ਕੌਰ (82%) ਪੁੱਤਰੀ ਸੁਖਵੀਰ ਸਿੰਘ ਦੂਜੇ, ਰਸਪ੍ਰੀਤ ਕੌਰ (81%) ਪੁੱਤਰੀ ਗੁਰਜੰਟ ਸਿੰਘ ਤੀਜੇ ਤੇ ਅਮਨਪ੍ਰੀਤ ਕੌਰ (80%) ਪੁੱਤਰੀ ਮੰਗਲ ਸਿੰਘ ਚੌਥੇ ਸਥਾਨ 'ਤੇ ਰਹੇ। ਇਹ ਪ੍ਰਾਪਤੀ ਸੰਸਥਾ ਦੇ ਕੰਪਿਊਟਰ ਵਿਭਾਗ ਦੇ ਪ੍ਰੋ. ਸੈਨਵਿੰਦਰ ਸਿੰਘ (ਮੁਖੀ), ਪ੍ਰੋ. ਸੋਨੀਆ (ਇੰਚਾਰਜ), ਪ੍ਰੋ. ਸੁਨੀਤਾ ਰਾਣੀ, ਪ੍ਰੋ. ਖੁਸ਼ਦੀਪ ਕੌਰ ਤੇ ਪ੍ਰੋ. ਹਰਜੀਤ ਕੌਰ ਦੀ ਦਿਲੋਂ ਕੀਤੀ ਸੇਵਾ ਤੇ ਵਿਦਿਆਰਥੀਆਂ ਦੀ ਅਥਾਹ ਮਿਹਨਤ ਨਾਲ ਸੰਭਵ ਹੋਈ।

ਚੇਅਰਮੈਨ ਐੱਸ. ਐੱਸ. ਚੱਠਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਹ ਸਫਲਤਾ ਸਾਡੀ ਅਧਿਆਪਨ ਪ੍ਰਣਾਲੀ ਤੇ ਵਿਸ਼ਵਾਸ ਦਾ ਨਤੀਜਾ ਹੈ।ਅਸੀਂ ਉਨ੍ਹਾਂ ਨੂੰ ਸਮਰਪਤ ਅਧਿਆਪਕਾਂ ਤੇ ਆਧੁਨਿਕ ਤਕਨੀਕ ਨਾਲ ਪ੍ਰੇਰਿਤ ਕਰ ਰਹੇ ਹਾਂ, ਜੋ ਉਨ੍ਹਾਂ ਦੇ ਭਵਿੱਖ ਨੂੰ ਉਜਵਲ ਬਣਾਉਣ ਵਿੱਚ ਸਹਾਇਕ ਬਣ ਰਹੇ ਹਨ।ਇਸ ਮੌਕੇ ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਬਘੇਲ ਸਿੰਘ, ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ, ਜਸਵਿੰਦਰ ਸਿੰਘ, ਪ੍ਰੋ. ਕਮਾਰੀ ਸ਼ੈਲਜਾ ਤੇ ਐੱਮ. ਡੀ. ਮਨਜੀਤ ਕੌਰ ਚੱਠਾ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਭਵਿੱਖੀ ਉਡਾਣ ਲਈ ਸ਼ੁੱਭ-ਕਾਮਨਾਵਾਂ ਪ੍ਰਗਟ ਕੀਤੀਆਂ।

# ਛਾਜਲੀ ਵਿਖੇ ਦਸਤਾਰ ਸਿਖਲਾਈ ਤੇ ਦਸਤਾਰ ਮੁਕਾਬਲੇ ਕੈਂਪ ਲਗਾਇਆ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨੇੜਲੇ ਪਿੰਡ ਛਾਜਲੀ ਦੇ ਵੱਡਾ ਗੁਰਦੁਆਰਾ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦਸਤਾਰ ਸਿਖਲਾਈ ਤੇ ਦਸਤਾਰ ਮੁਕਾਬਲੇ ਕੈਂਪ 21 ਜੂਨ ਤੋਂ 30 ਜੂਨ ਤੱਕ ਲਗਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਸ. ਅਕਾਸ਼ਦੀਪ ਸਿੰਘ ਤੇ ਖਾਲਸਾ ਸੁਖਬੀਰ ਸਿੰਘ ਛਾਜਲੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਹਰ ਰੋਜ਼ ਲੜਕੇ-ਲੜਕੀਆਂ ਦੀ ਗਿਣਤੀ 50-60 ਤੱਕ ਹੁੰਦੀ ਸੀ। ਇਸ ਕੈਂਪ ਵਿੱਚ ਲੜਕਿਆਂ ਨੂੰ ਦਸਤਾਰਾਂ ਤੇ ਲੜਕੀਆਂ ਨੂੰ ਦੁਮਾਲੇ ਸਜਾਉਣ ਦੀ ਸਿਖਲਾਈ ਦਿੱਤੀ ਗਈ ਹੈ। ਇਸ ਕੈਂਪ ਵਿੱਚ ਬੱਚਿਆਂ ਦਾ ਗੁਰਮਤਿ ਗਿਆਨ ਦਾ ਲਿਖਤੀ ਪੇਪਰ ਵੀ ਲਿਆ ਗਿਆ ਹੈ ਤੇ ਗੁਰਮਤਿ ਨਾਲ ਜੁੜਨ ਲਈ ਵਿਸ਼ੇਸ਼ ਤੌਰ 'ਤੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਗਿਆ। ਇਸ ਦਸਤਾਰ ਮੁਕਾਬਲੇ ਨੂੰ ਤਿੰਨ ਗਰੁੱਪਾਂ ਵਿੱਚ ਵੰਡਿਆ ਗਿਆ। ਪਹਿਲੇ ਗਰੁੱਪ ਦਾ ਗਿਤਾਰ ਸਿੰਘ ਫਸਟ, ਹਿਮਾਂਸ਼ੂ ਸਿੰਘ ਸੈਕਿੰਡ ਤੇ ਗੁਰਨੂਰ ਸਿੰਘ ਤੀਜੇ ਨੰਬਰ 'ਤੇ ਰਿਹਾ। ਦੂਸਰੇ ਗਰੁੱਪ 'ਚ ਗੁਰਦਿੱਤ ਸਿੰਘ, ਕਰਨਵੀਰ ਸਿੰਘ ਤੇ ਵਿਨੈਪਾਲ ਸਿੰਘ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਤੀਸਰੇ ਗਰੁੱਪ 'ਚ ਜਸ਼ਨਦੀਪ ਸਿੰਘ ਪਹਿਲੇ, ਜਸਨਪ੍ਰੀਤ ਸਿੰਘ ਦੂਜੇ ਤੇ ਗਗਨਦੀਪ ਸਿੰਘ ਤੀਜੇ ਸਥਾਨ 'ਤੇ ਰਿਹਾ। ਇਨਾਮਾਂ ਦੀ ਵੰਡ ਸ. ਹਰਵਿੰਦਰ ਸਿੰਘ ਮੰਡੇਰ ਚੇਅਰਮੈਨ ਮਾਰਕਿਟ ਕਮੇਟੀ ਸੂਲਰ ਘਰਾਟ ਨੇ ਕੀਤੀ। ਇਸ ਮੌਕੇ ਉਨ੍ਹਾਂ ਨਾਲ ਗੁਰਚਰਨ ਸਿੰਘ ਜਥੇਦਾਰ ਕੌਂਚ, ਭਾਈ ਗੁਰਸੇਵਕ ਸਿੰਘ ਪ੍ਰਚਾਰਕ, ਗਿਆਨੀ ਨਿਰਮਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਸੰਗਤਸਰ ਛਾਜਲੀ, ਗੁਰਤੇਜ ਸਿੰਘ ਬਾਰੀਆਂ, ਜਸਮੀਤ ਸਿੰਘ ਕੋਚ, ਹਰਦੀਪ ਸਿੰਘ ਧਾਲੀਵਾਲ, ਮਾਸਟਰ ਹਰਮੀਤ ਸਿੰਘ, ਗੁਰਜੀਤ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਜਗਦੇਵ ਸਿੰਘ, ਗੁਰਵੀਰ ਸਿੰਘ, ਸੰਦੀਪ ਸਿੰਘ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## 'ਕ੍ਰਿਸ਼ਨਾ ਦੇਵੀ ਜੈਨ ਪੱਖੀ ਧਾਮ' ਦਾ ਕੈਬਨਿਟ ਮੰਤਰੀ ਗੋਇਲ ਵੱਲੋਂ ਉਦਘਾਟਨ

**ਮੂਨਕ (ਰਾਜਪਾਲ ਸਿੰਗਲਾ)**-ਜੈਨ ਸਮਾਧੀ ਮੂਨਕ ਵਿਖੇ ਪੰਛੀਆਂ ਲਈ ਛੇ ਮੰਜ਼ਿਲਾ ਬਰਡ ਹਾਊਸ ਟਾਵਰ 'ਕ੍ਰਿਸ਼ਨਾ ਦੇਵੀ ਜੈਨ ਪੱਖੀ ਧਾਮ' ਦਾ ਨਿਰਮਾਣ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਗੋਇਲ ਵੱਲੋਂ ਕੀਤਾ ਗਿਆ। ਸਵੇਰੇ 6.45 ਵਜੇ ਜੈਨ ਸੰਤ ਸ੍ਰੀ ਸੁਧੀਰ ਮੁਨੀ ਜੀ ਤੇ ਉੱਥੇ ਮੌਜੂਦ ਸਾਧਵੀ ਸ੍ਰੀ ਸੁਦਰਸ਼ਨਾ ਜੀ ਨੇ ਮੰਗਲ ਪਾਠ ਦੀ ਸੰਪੂਰਨਤਾ ਕੀਤੀ।ਇਸ ਤੋਂ ਪਹਿਲਾਂ ਜੈਨ ਸਥਾਨਕ ਮੂਨਕ ਵਿੱਚ ਸੰਘ ਸੰਚਾਲਕ ਗੁਰੂਦੇਵ ਸ੍ਰੀ ਨਰੇਸ਼ ਚੰਦਰ ਮਹਾਰਾਜ, ਤਪੱਸਵੀ ਗੁਰੂਦੇਵ ਸ੍ਰੀ ਸੁਧੀਰ ਮੁਨੀ ਮਹਾਰਾਜ ਠਾਣੇ-3 ਤੇ ਸ੍ਰੀ ਸੁਦਰਸ਼ਨਾ ਮਹਾਰਾਜ ਠਾਣੇ 5 ਦੇ ਪੈਰੋਕਾਰ ਨੇ ਸਵੇਰੇ 8:15 ਤੋਂ 9:45 ਤੱਕ ਪ੍ਰਵਚਨ ਕੀਤਾ।ਇਸ ਦਾ ਨਿਰਮਾਣ ਸ੍ਰੀ ਰਾਜੇਸ਼ ਜੈਨ-ਸ੍ਰੀਮਤੀ ਨੇ ਕੀਤਾ ਹੈ।ਸੋਨੂੰ ਜੈਨ, ਮਰਹੂਮ ਸ੍ਰੀਮਤੀ ਦੇ ਪੋਤਰੇ ਤੇ ਦੋਹਤੀ ਕਸ਼ਿਸ਼ ਜੈਨ ਦੇਵੀ ਸ਼ਰਧਾ ਦੇ ਮੂਲ ਦੇ ਸਵਰਗੀ ਸ੍ਰੀ ਰਾਜਾ ਰਾਮ, ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਕ੍ਰਿਸ਼ਨ ਜੈਨ ਤੇ ਸ੍ਰੀ ਕੀਮਤ ਲਾਲ ਜੈਨ ਨੇ ਕੀਤਾ।ਇਸ ਸ਼ੁਭ ਮੌਕੇ ਮੰਤਰੀ ਬਰਿੰਦਰ ਗੋਇਲ, ਲਹਿਰਾਗਾਗਾ, ਜਾਖਲ ਤੇ ਨਰਵਾਨਾ ਦੇ ਜੈਨ ਸਮਾਜ ਅਤੇ ਸਮਾਜ ਸੇਵੀ ਰਾਜੇਸ਼ ਜੈਨ ਕਾਲਾ ਪਰਿਵਾਰ, ਜਨੇਂਦਰ ਜੈਨ, ਰਮੇਸ਼ ਜੈਨ, ਰਾਜੇਸ਼ ਗੋਇਲ, ਰਾਕੇਸ਼ ਗੋਇਲ, ਸਤੀਸ਼ ਜੈਨ, ਵਿਮਲ ਓਸਵਾਲ, ਅੰਕੁਰ ਜੈਨ, ਹਰੀਸ਼ ਜੈਨ, ਸੋਨੂੰ ਜੈਨ, ਭਾਵਨਾ ਆਦਿ ਹਾਜ਼ਰ ਸਨ।

## ਅਕਾਲੀ ਦਲ ਵਾਰਸ ਪੰਜਾਬ ਵੱਲੋਂ ਰਾਜਗੜ੍ਹ 'ਚ ਕਮੇਟੀ ਦਾ ਗਠਨ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਤੰਗ ਆ ਚੁੱਕੇ ਹਨ ਤੇ ਕਿਸੇ ਯੋਗ ਲੀਡਰ ਦੀ ਅਗਵਾਈ ਕਬੂਲਣ ਲਈ ਆਗੂ ਦੀ ਭਾਲ ਵਿੱਚ ਹਨ। ਲੋਕਾਂ ਦੀ ਦਿਲੀ ਇੱਛਾ ਅੰਮ੍ਰਿਤਪਾਲ ਸਿੰਘ ਦੇ ਆਉਣ ਨਾਲ ਪੂਰੀ ਹੋ ਚੁੱਕੀ ਹੈ, ਅੱਜ ਪੰਜਾਬ ਦੇ ਲੋਕ ਅਕਾਲੀ ਦਲ ਵਾਰਸ ਪੰਜਾਬ ਵਿੱਚ ਸ਼ਾਮਲ ਹੋ ਕੇ ਪੰਜਾਬ ਦੇ ਸੁਨਹਿਰੀ ਭਵਿੱਖ ਨੂੰ ਤਲਾਸ਼ ਰਹੇ ਹਨ, ਸਾਨੂੰ ਪੂਰਾ ਯਕੀਨ ਹੈ ਕਿ ਭਾਈ ਅੰਮ੍ਰਿਤ ਪਾਲ ਸਿੰਘ ਖਾਲਸਾ ਪੰਜਾਬ ਦੇ ਲੋਕਾਂ ਦੀਆਂ ਆਸਾਂ 'ਤੇ ਖਰੇ ਉਤਰਨਗੇ। ਅਕਾਲੀ ਦਲ ਵਾਰਸ ਪੰਜਾਬ ਵੱਲੋਂ ਆਪਣੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਹਰ ਪਿੰਡ ਤੱਕ ਪਹੁੰਚ ਕੀਤੀ ਜਾ ਰਹੀ ਹੈ ਅਤੇ ਹਰ ਵਰਗ ਦੇ ਵਿਅਕਤੀ ਨੂੰ ਇਸ ਪਾਰਟੀ ਵਿੱਚ ਪੂਰਾ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਸ ਪੰਜਾਬ ਦੇ ਭਰਤੀ ਕਮੇਟੀ ਮੈਂਬਰ ਪੰਜਾਬ ਤੇ ਅੰਬਜ਼ਡਰ ਸ੍ਰੀ ਫਤਿਹਗੜ੍ਹ ਸਾਹਿਬ ਸੰਦੀਪ ਸਿੰਘ ਰੁਪਾਲੋਂ ਨੇ ਬਲਾਕ ਦੋਰਾਹਾ ਦੇ ਪਿੰਡ ਰਾਜਗੜ੍ਹ ਵਿਖੇ ਪਾਰਟੀ ਦੀ ਸੱਤ ਮੈਂਬਰੀ ਕਮੇਟੀ ਕਾਇਮ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜੋ ਸਿਰਫ਼ ਬਦਲ ਦੀ ਭਾਲ ਦੇ ਵਿੱਚ ਸਨ, ਪੰਜਾਬ ਦੇ ਲੋਕ ਪਹਿਲਾਂ ਹੀ ਬਹੁਤ ਵੱਡਾ ਧੋਖਾ ਖਾ ਚੁੱਕੇ ਹਨ, ਕਿਉਂਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਬਹੁਤ ਆਸਾਂ ਸਨ, ਖਾਸ ਕਰਕੇ ਕਿਸਾਨਾਂ ਨੂੰ ਪਰ ਇਸ ਦਿੱਲੀ ਦੀ ਪਾਰਟੀ ਨੇ ਪੰਜਾਬੀਆਂ ਤੇ ਸਿੱਖਾਂ ਨਾਲ ਵੱਡਾ ਧੋਖਾ ਕੀਤਾ ਹੈ। ਪੰਜਾਬ ਦੇ ਲੋਕਾਂ ਨਾਲ ਕੀਤੇ ਇਸ ਧੋਖੇ ਲਈ ਇਤਿਹਾਸ ਇਸ ਨੂੰ ਮਾਫ ਨਹੀਂ ਕਰੇਗਾ। ਬੇਕਸੂਰ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਪੰਜਾਬ ਦੇ ਲੋਕਾਂ ਨੂੰ ਜਮਹੂਰੀ ਹੱਕਾਂ ਤੋਂ ਵਾਂਝੇ ਕੀਤਾ ਗਿਆ ਹੈ, ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਹੱਕਾਂ ਦੀ ਗੱਲ ਕੀਤੀ ਜਾ ਸਕੇ। ਇਸ ਮੀਟਿੰਗ ਹਰਬੰਤ ਸਿੰਘ ਗਿੱਲ, ਜੋਗਾ ਸਿੰਘ, ਗਗਨਦੀਪ ਸਿੰਘ ਪਾਇਲ ਆਦਿ ਨੇ ਸੰਬੋਧਨ ਕੀਤਾ ਤੇ ਇਸ ਮੌਕੇ ਸ੍ਰ. ਗੁਰਪ੍ਰੀਤ ਸਿੰਘ ਰਾਜਗੜ੍ਹ ਦੀ ਅਗਵਾਈ ਵਿੱਚ ਪਿੰਡ ਰਾਜਗੜ੍ਹ ਦੀ ਸੱਤ ਮੈਂਬਰੀ ਕਮੇਟੀ, ਜਿਸ ਵਿੱਚ ਦਿਲਬਾਗ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਜਿੰਦਰ ਸਿੰਘ ਸੁਰਿੰਦਰ ਸਿੰਘ, ਬਿੰਦਰ ਸਿੰਘ, ਮਨਦੀਪ ਸਿੰਘ, ਹਰਪ੍ਰੀਤ ਸਿੰਘ ਸ਼ਾਮਲ ਹਨ, ਦਾ ਗਠਨ ਕੀਤਾ ਗਿਆ।

## ਰਾਜ ਕੁਮਾਰ ਟੀ ਐੱਸ ਯੂ ਸਬ-ਡਵੀਜ਼ਨ ਮਾਛੀਵਾੜਾ ਦੇ ਪ੍ਰਧਾਨ ਬਣੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਟੈਕਨੀਕਲ ਸਰਵਿਸ ਯੂਨੀਅਨ ਸਬ ਡਵੀਜ਼ਨ ਮਾਛੀਵਾੜਾ ਕਮੇਟੀ ਦੀ ਮੀਟਿੰਗ ਜੇ. ਈ. ਗੁਰਚਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਮਰਾਲਾ ਡਵੀਜ਼ਨ ਦੇ ਪ੍ਰਧਾਨ ਗੁਰਮਿੰਦਰ ਸਿੰਘ, ਜ਼ੋਨ ਪ੍ਰਧਾਨ ਬਲਦੇਵ ਸਿੰਘ, ਸਕੱਤਰ ਸਵਰਨ ਸਿੰਘ ਸ਼ਾਮਲ ਹੋਏ। ਇਸ ਮੌਕੇ ਮਾਛੀਵਾੜਾ ਸਬ ਯੂਨਿਟ ਕਮੇਟੀ ਦੀ ਚੋਣ ਹੋਈ, ਜਿਸ ਵਿੱਚ ਰਾਜ ਕੁਮਾਰ ਨੂੰ ਪ੍ਰਧਾਨ, ਜਗਜੀਤ ਸਿੰਘ ਨੂੰ ਮੀਤ ਪ੍ਰਧਾਨ, ਜਤਿੰਦਰ ਕੁਮਾਰ ਨੂੰ ਸਕੱਤਰ, ਜੇ. ਈ. ਜਰਨੈਲ ਸਿੰਘ ਜੁਆਇੰਟ ਸਕੱਤਰ ਤੇ ਹਰਮਨਦੀਪ ਸਿੰਘ ਕੈਸ਼ੀਅਰ ਚੁਣੇ ਗਏ। ਨਵ-ਨਿਯੁਕਤ ਪ੍ਰਧਾਨ ਰਾਜ ਕੁਮਾਰ ਨੇ ਦੱਸਿਆ ਕਿ ਉਹ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਤੇ ਦਰਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਨਵੇਂ ਚੁਣੇ ਗਏ ਅਹੁਦੇਦਾਰਾਂ ਵੱਲੋਂ ਸਬ ਕਮੇਟੀ ਨੂੰ ਮਾਨਤਾ ਦੇਣ ਸਬੰਧੀ ਇੱਕ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਜੇ. ਈ. ਸਵਰਨ ਸਿੰਘ, ਜਸਪਾਲ ਸਿੰਘ, ਡਵੀਜ਼ਨ ਕੈਸ਼ੀਅਰ ਗੁਰਪ੍ਰੀਤ ਸਿੰਘ ਮੌਜੂਦ ਸਨ।

# ਚੇਅਰਮੈਨ ਬਰਸਟ ਵੱਲੋਂ ਮਾਰਕੀਟ ਕਮੇਟੀ ਡਕਾਲਾ ਦਾ ਦੌਰਾ

### ਪਟਿਆਲਾ ਤੋਂ ਸਮਾਣਾ (ਵਾਇਆ ਡਕਾਲਾ) ਸਰਕਾਰੀ ਬੱਸ ਰੂਟ ਜਲਦ ਹੋਵੇਗਾ ਬਹਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨੇ ਵਿਧਾਨ ਸਭਾ ਹਲਕਾ ਸਮਾਣਾ ਦੀ ਮਾਰਕੀਟ ਕਮੇਟੀ ਡਕਾਲਾ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਵੱਲੋਂ ਇਲਾਕਾ ਨਿਵਾਸੀਆਂ ਨਾਲ ਮੁਲਾਕਾਤ ਕੀਤੀ ਗਈ ਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਸ੍ਰ. ਹਰਚੰਦ ਸਿੰਘ ਬਰਸਟ ਦਾ ਮਾਰਕੀਟ ਕਮੇਟੀ ਡਕਾਲਾ ਦੇ ਚੇਅਰਮੈਨ ਸ੍ਰ. ਹਨੀ ਮਾਹਲਾ, ਸਮੂਹ ਸਟਾਫ ਤੇ ਸਮੂਹ ਆੜ੍ਹਤੀਆ ਵੱਲੋਂ ਸਵਾਗਤ ਕੀਤਾ ਗਿਆ।ਇਲਾਕਾ ਨਿਵਾਸੀਆਂ ਨੇ ਸ੍ਰ. ਬਰਸਟ ਤੋਂ ਮੰਗ ਕੀਤੀ ਕਿ ਪਟਿਆਲਾ ਤੋਂ ਸਮਾਣਾ (ਵਾਇਆ ਡਕਾਲਾ) ਜਾਣ ਲਈ ਸਰਕਾਰੀ ਬੱਸ ਰੂਟ ਬਹਾਲ ਕਰਵਾਇਆ ਜਾਵੇ, ਤਾਂ ਜੋ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਦੌਰਾਨ ਪੇਸ਼ ਆਉਣ ਵਾਲੀਆਂ ਸਮੱਸਿਆ ਦਾ ਨਿਪਟਾਰਾ ਹੋ ਸਕੇ।ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਇੱਥੋਂ ਦੇ ਲੋਕਾਂ ਨੂੰ ਸਿਹਤ ਸਮੇਤ ਲੋੜੀਂਦੇ ਕਾਰਜਾਂ ਤੇ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ ਪਟਿਆਲਾ ਤੇ ਸਮਾਣਾ ਜਾਣਾ ਪੈਂਦਾ ਹੈ, ਪਰ ਸਰਕਾਰੀ ਬੱਸਾਂ ਦਾ ਰੂਟ ਨਾ ਹੋਣ ਕਰਕੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ. ਬਰਸਟ ਨੇ ਇਲਾਕਾ ਨਿਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਮੱਸਿਆ ਦਾ ਨਿਪਟਾਰਾ ਜਲਦ ਤੋਂ ਜਲਦ ਕਰਵਾਉਂਦਿਆਂ ਪਟਿਆਲਾ ਤੋਂ ਸਮਾਣਾ ਸਰਕਾਰੀ ਬੱਸ ਦਾ ਰੂਟ ਬਹਾਲ ਕਰਵਾਇਆ ਜਾਵੇਗਾ, ਤਾਂ ਜੋ ਸਾਰਿਆਂ ਨੂੰ ਇਸ ਦਾ ਲਾਭ ਮਿਲੇ।ਇਸ ਦੇ ਨਾਲ ਹੀ ਆੜ੍ਹਤੀਆਂ ਵੱਲੋਂ ਚੇਅਰਮੈਨ ਨੂੰ ਮੰਡੀਆਂ ਵਿਖੇ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਵੀ ਜਾਣੂ ਕਰਵਾਇਆ ਗਿਆ, ਜਿਸ 'ਤੇ ਚੇਅਰਮੈਨ ਵੱਲੋਂ ਮੰਡੀਆਂ ਸਬੰਧੀ ਆ ਰਹੀਆਂ ਦਿੱਕਤਾਂ ਦਾ ਜਲਦ ਤੋਂ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ ਸਮਾਣਾ ਮੈਂਬਰ, ਅੰਗਰੇਜ ਸਿੰਘ ਰਾਮਗੜ੍ਹ, ਬਲਕਾਰ ਸਿੰਘ ਡਕਾਲਾ ਮੈਂਬਰ, ਹਰਮੇਸ਼ ਗੋਇਲ ਡਕਾਲਾ, ਜਤਿੰਦਰ ਸਿੰਘ ਬਠੋਈ, ਕਰਮਜੀਤ ਸਿੰਘ ਬਲਬੇੜਾ, ਅਜੇ ਸਿੰਗਲਾ ਖੇੜੀਬਰਨਾ, ਕਮਲ ਗੋਇਲ ਸ਼ੇਰਮਾਜਰਾ, ਤਰਸੇਮ ਮਿੱਤਲ ਸ਼ੇਰਮਾਜਰਾ, ਸਮੂਹ ਸ਼ੈਲਰ ਐਸੋਸੀਏਸ਼ਨ, ਗੋਲਡੀ ਪਹਾੜੀਪੁਰ, ਸੁਰਿੰਦਰ ਮਿੱਤਲ ਬਲਬੇੜਾ, ਜਸਬੀਰ ਸਿੰਘ ਸਰਪੰਚ ਤਰੈਂ, ਜਸਪਾਲ ਸਿੰਘ ਬਾਬਾ ਨਵਾਂ ਗਾਓ, ਗੁਰਪਿਆਰ ਸਿੰਘ ਨਵਾਂ ਗਾਓ, ਡਾ. ਦਰਸ਼ਨ ਸਿੰਘ ਬਠੋਈ, ਗੁਰਦੀਪ ਸਿੰਘ ਬਲਾਕ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਗੁਰਵਿੰਦਰ ਕਿਸਾਨ ਵਿੰਗ ਜਨਰਲ ਸਕੱਤਰ ਡੰਡੋਆ, ਮਲਕੀਤ ਸਿੰਘ ਸਰਪੰਚ, ਮੇਜਰ ਸਿੰਘ ਡੰਡੋਆ ਮੌਜੂਦ ਰਹੇ।

## ਪੰਡੋਰੀ ਵਿਖੇ ਭਾਈ ਘਨੱਈਆ ਯੁਵਕ ਸੇਵਾਵਾਂ ਕਲੱਬ ਵੱਲੋਂ ਸੁੰਦਰ ਦਸਤਾਰ ਮੁਕਾਬਲੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਪੰਡੋਰੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਸਾਹਿਬ ਵਿਖੇ ਦਸਤਾਰ ਮੁਕਾਬਲੇ ਕਰਵਾਏ ਗਏ, ਜਿਨ੍ਹਾਂ 'ਚ ਤਿੰਨ ਦਰਜਨ ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਉਮਰ ਵਰਗ ਅਨੁਸਾਰ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚੋਂ ਸੁਖਵੀਰ ਸਿੰਘ ਬੋਪਾਰਾਏ, ਜਗਵੀਰ ਸਿੰਘ ਜੱਗਾ, ਅਰਸਦੀਪ ਸਿੰਘ ਤੇ ਹਰਕੀਰਤ ਸਿੰਘ ਕ੍ਰਮਵਾਰ ਪਹਿਲੇ ਨੰਬਰ 'ਤੇ ਰਹੇ, ਜਦਕਿ ਪ੍ਰਮਿੰਦਰ ਸਿੰਘ ਮਹਿਰਾ, ਬਲਰਾਜ ਸਿੰਘ, ਜਤਰਨਦੀਪ ਸਿੰਘ, ਦਿਲਰਾਜ ਸਿੰਘ ਨੇ ਕ੍ਰਮਵਾਰ ਦੂਜਾ ਸਥਾਨ ਹਾਸਲ ਕੀਤਾ, ਇਸ ਤੋਂ ਇਲਾਵਾ ਨਵਦੀਪ ਸਿੰਘ, ਕਮਲਦੀਪ ਸਿੰਘ, ਦਿਲਰਾਜ ਸਿੰਘ ਤੇ ਜਗਦੀਪ ਸਿੰਘ ਨੇ ਕ੍ਰਮਵਾਰ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਤੋਂ ਇਲਾਵਾ ਪੰਜ ਸਾਲ ਦੇ ਦੋ ਬੱਚਿਆਂ ਨੂੰ ਇਨ੍ਹਾਂ ਮੁਕਾਬਲਿਆਂ 'ਚ ਹਿੱਸਾ ਲੈਣ ਉਪਰੰਤ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਨਾਮਾਂ ਦੀ ਵੰਡ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਗਤਾਰ ਸਿੰਘ ਪੰਡੋਰੀ, ਗ੍ਰੰਥੀ ਸਿੰਘ ਭਾਈ ਕਰਮਜੀਤ ਸਿੰਘ, ਭਾਈ ਬਲਵੰਤ ਸਿੰਘ, ਨਵਦੀਪ ਸਿੰਘ ਬਾਠ, ਅਮਨਦੀਪ ਸਿੰਘ ਪੇਂਟਰ, ਬੱਬੂ ਸਿੰਘ ਬੋਪਾਰਾਏ ਆਦਿ ਹਾਜ਼ਰ ਸਨ। ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਪੰਡੋਰੀ ਨੇ ਮੁਕਾਬਲੇ 'ਚ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਤੇ ਸਮੂਹ ਸਹਿਯੋਗੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

## ਵਿਧਾਇਕ ਰਾਏ ਨੇ ਹਲਕਾ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਆਪਣੇ ਦਫਤਰ ਵਿਖੇ ਹਲਕਾ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ। ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਕੇ 'ਤੇ ਹੀ ਕਰਵਾਇਆ ਗਿਆ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਰੰਗਲਾ ਸੂਬਾ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ, ਜਿੱਥੇ ਸੂਬੇ ਨੂੰ ਉਦਯੋਗਿਕ ਪੱਖ ਤੋਂ ਸੁਧਾਰਿਆ ਜਾ ਰਿਹਾ ਹੈ, ਉੱਥੇ ਹੀ ਨਸ਼ੇ ਵਰਗੀਆਂ ਅਲਾਮਤਾਂ ਨੂੰ ਸੂਬੇ 'ਚੋਂ ਕੱਢਣ ਲਈ ਯਤਨ ਜਾਰੀ ਹਨ। ਉਦਯੋਗਿਕ ਪੱਖ ਵੱਲ ਇਸ ਲਈ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਸੂਬੇ ਦੇ ਵਿੱਚ ਵਪਾਰ ਨੂੰ ਬੜ੍ਹਾਵਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਵਿਕਸਿਤ ਸੂਬਾ ਬਣਾਉਣ ਲਈ ਜਿੱਥੇ ਨਵੇਂ ਅਰਬਨ ਸਟੇਟ ਵਿਕਸਤ ਕਰ ਰਹੀ ਹੈ, ਉੱਥੇ ਹੀ ਪਿੰਡਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਆਰਥਿਕ ਤੌਰ 'ਤੇ ਕਮਜ਼ੋਰ ਵਿਅਕਤੀਆਂ ਲਈ ਪਿੰਡਾਂ ਵਿੱਚ ਕਮਿਊਨਿਟੀ ਹਾਲ ਉਸਾਰੇ ਜਾ ਰਹੇ ਹਨ, ਤਾਂ ਜੋ ਮਹਿੰਗੇ ਪੈਲਸਾਂ ਤੋਂ ਛੁਟਕਾਰਾ ਮਿਲ ਸਕੇ। ਸਿੱਖਿਆ ਹਰ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ, ਹਰ ਵਿਅਕਤੀ ਨੂੰ ਪੜ੍ਹਾਈ ਜ਼ਰੂਰ ਕਰਨੀ ਚਾਹੀਦੀ ਹੈ। ਉਸ ਲਈ ਸਰਕਾਰੀ ਸਕੂਲਾਂ ਦਾ ਪੂਰਾ ਲਾਭ ਲੈਣਾ ਚਾਹੀਦਾ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਨਾਲੋਂ ਵਧੀਆ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਫਤਰ ਸਕੱਤਰ ਬਹਾਦਰ ਖਾਨ, ਸਰਪੰਚ ਹਰਪਾਲ ਸਿੰਘ, ਬਲਦੇਵ ਨਲੀਨਾ, ਗੁਰਮੇਲ ਪੰਡਰਾਲੀ, ਦਰਸ਼ਨ ਪੰਡਰਾਲੀ, ਅਸ਼ਵਨੀ ਭੱਟ ਮਾਜਰਾ, ਬਲਵੀਰ ਸੋਢੀ, ਭਰਪੂਰ ਅਤਾਪੁਰ, ਅਵਤਾਰ ਪੰਜੋਲਾ, ਮਨਦੀਪ ਪੋਲਾ, ਸਿੱਧੂਪੁਰ ਸਰਪੰਚ ਮਲਕੀਤ ਸਿੰਘ, ਕਰਮਜੀਤ ਸਿੰਘ ਜੋਗੀ, ਨਿੱਜੀ ਸਕੱਤਰ ਮਾਨਵ ਟਿਵਾਣਾ, ਪੀ ਏ ਸਤੀਸ਼ ਲਟੌਰ ਤੋਂ ਇਲਾਵਾ ਵੱਡੀ ਗਿਣਤੀ 'ਚ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

## ਦੋ ਨੌਜਵਾਨਾਂ ਦੀ ਡੋਪ ਟੈਸਟ ਰਿਪੋਰਟ ਪਾਜ਼ੇਟਿਵ ਆਉਣ 'ਤੇ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਵੱਲੋਂ ਦੋ ਨੌਜਵਾਨਾਂ ਦੀ ਟੈਸਟ ਰਿਪੋਰਟ ਪੌਜ਼ਟਿਵ ਆਉਣ 'ਤੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਗੁਰਦੇਵ ਸਿੰਘ ਵਾਸੀ ਮਾਛੀਵਾੜਾ ਤੇ ਅੰਮ੍ਰਿਤਪਾਲ ਸਿੰਘ ਵਾਸੀ ਰਾਣਵਾਂ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਹਾਕਮ ਸਿੰਘ ਤੇ ਸਹਾਇਕ ਥਾਣੇਦਾਰ ਅਸ਼ਵਨੀ ਕੁਮਾਰ ਪੁਲਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਸਬੰਧੀ ਅਢਿਆਣਾ ਚੌਂਕ ਵਿਖੇ ਮੌਜੂਦ ਸਨ ਤਾਂ 2 ਵਿਅਕਤੀ ਸਾਹਮਣੇ ਤੋਂ ਪੈਦਲ ਆਉਂਦੇ ਦਿਖਾਈ ਦਿੱਤੇ, ਜੋ ਪੁਲਸ ਨੂੰ ਦੇਖ ਘਬਰਾ ਕੇ ਪਿੱਛੇ ਨੂੰ ਮੁੜਨ ਲੱਗੇ। ਪੁਲਸ ਵੱਲੋਂ ਕਾਬੂ ਕਰਨ 'ਤੇ ਜਦੋਂ ਇਨ੍ਹਾਂ ਤੋਂ ਨਾਮ-ਪਤਾ ਪੁੱਛਿਆ ਤਾਂ ਇੱਕ ਨੇ ਆਪਣਾ ਨਾਮ ਗੁਰਦੇਵ ਸਿੰਘ ਤੇ ਦੂਜੇ ਨੇ ਅੰਮ੍ਰਿਤਪਾਲ ਸਿੰਘ ਦੱਸਿਆ, ਜੋ ਨਸ਼ੇੜੀ ਕਿਸਮ ਦੇ ਵਿਅਕਤੀ ਹਨ। ਪੁਲਸ ਵੱਲੋਂ ਇਨ੍ਹਾਂ ਦੋਵੇਂ ਨੌਜਵਾਨਾਂ ਦਾ ਡੋਪ ਟੈਸਟ ਕਰਵਾਇਆ ਗਿਆ, ਜਿਸ ਦੀ ਰਿਪੋਰਟ ਪੌਜ਼ਟਿਵ ਆਈ। ਪੁਲਸ ਵੱਲੋਂ ਉਕਤਾਨ ਦੋਵੇਂ ਨੌਜਵਾਨਾਂ ਖਿਲਾਫ਼ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਵਿੱਤ ਤੇ ਸਿਹਤ ਮੰਤਰੀ ਨਾਲ ਮੀਟਿੰਗ ਉਪਰੰਤ ਰੈਜ਼ੀਡੈਂਟ ਡਾਕਟਰਾਂ ਵੱਲੋਂ ਹੜਤਾਲ ਖਤਮ

### ਪੰਜਾਬ ਸਰਕਾਰ ਨੇ ਰੈਜ਼ੀਡੈਂਟ ਡਾਕਟਰਾਂ ਦੀਆਂ ਮੰਗਾਂ ਕੀਤੀਆਂ ਪ੍ਰਵਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਤੇ ਫੋਰਮ ਆਫ ਰੈਜ਼ੀਡੈਂਟ ਡਾਕਟਰਜ਼ ਆਫ ਪੰਜਾਬ ਦੇ ਨੁਮਾਇੰਦਿਆਂ ਨਾਲ ਅੱਜ ਲਗਭਗ ਦੋ ਘੰਟੇ ਲੰਬੀ ਚੱਲੀ ਮੀਟਿੰਗ ਸਫਲਤਾਪੂਰਵਕ ਸਮਾਪਤ ਹੋਈ। ਮੀਟਿੰਗ, ਜਿਸ ਵਿੱਚ ਵਧੀਕ ਮੁੱਖ ਸਕੱਤਰ ਵਿੱਤ ਅਲੋਕ ਸ਼ੇਖਰ, ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਸਕੱਤਰ ਖਰਚਾ ਵੀ. ਐੱਨ. ਜਾਦੇ ਤੇ ਡਾਇਰੈਕਟਰ ਮੈਡੀਕਲ ਸਿੱਖਿਆ ਤੇ ਖੋਜ ਡਾ. ਅਵਨੀਸ਼ ਕੁਮਾਰ ਵੀ ਸ਼ਾਮਲ ਸਨ, ਦੌਰਾਨ ਰੈਜ਼ੀਡੈਂਟ ਡਾਕਟਰਾਂ ਦੁਆਰਾ ਉਠਾਈਆਂ ਗਈਆਂ ਮੰਗਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ। ਇਸ ਮੀਟਿੰਗ ਦੌਰਾਨ ਦੋਵਾਂ ਮੰਤਰੀਆਂ ਨੇ ਪੰਜਾਬ ਦੇ ਰੈਜ਼ੀਡੈਂਟ ਡਾਕਟਰਾਂ ਦੇ ਫੋਰਮ ਦੁਆਰਾ ਰੱਖੀਆਂ ਗਈਆਂ ਮੰਗਾਂ ਨੂੰ ਪ੍ਰਵਾਨ ਕਰਦਿਆਂ ਆਪਣੀ ਸਹਿਮਤੀ ਦਿੱਤੀ। ਇਸ ਸਕਾਰਾਤਮਕ ਨਤੀਜੇ ਤੋਂ ਬਾਅਦ ਫੋਰਮ ਦੇ ਨੁਮਾਇੰਦਿਆਂ ਨੇ ਆਪਣੀ ਹੜਤਾਲ ਸਮਾਪਤ ਕਰਨ ਦੇ ਆਪਣੇ ਫੈਸਲੇ ਦਾ ਐਲਾਨ ਕੀਤਾ, ਜਿਸ ਨਾਲ ਰਾਜ ਭਰ ਵਿੱਚ ਸਿਹਤ ਸੰਭਾਲ ਸੇਵਾਵਾਂ ਜਾਰੀ ਰਹਿਣਗੀਆਂ। ਇਸ ਮੌਕੇ ਮੰਤਰੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹਮੇਸ਼ਾ ਸਿਹਤ ਸੰਭਾਲ ਨਾਲ ਸਬੰਧਤ ਪੇਸ਼ੇਵਰਾਂ ਤੇ ਜਨਤਾ ਦੋਵਾਂ ਦੀ ਭਲਾਈ ਨੂੰ ਤਰਜੀਹ ਦਿੰਦੇ ਹੋਏ ਸਰਕਾਰ ਤੇ ਡਾਕਟਰੀ ਭਾਈਚਾਰੇ ਵਿਚਕਾਰ ਇੱਕ ਸਹਿਯੋਗੀ ਮਾਹੌਲ ਨੂੰ ਉਤਸ਼ਾਹਤ ਕਰਨ ਲਈ ਕੰਮ ਕੀਤਾ ਹੈ।

ਫੋਰਮ ਆਫ ਰੈਜ਼ੀਡੈਂਟ ਡਾਕਟਰਜ਼ ਆਫ ਪੰਜਾਬ ਦੇ ਪ੍ਰਤੀਨਿਧੀਆਂ ਵਿੱਚ ਡਾ. ਰਮਨਦੀਪ ਸਿੰਘ (ਪ੍ਰਧਾਨ ਆਰ ਡੀ ਏ ਪਟਿਆਲਾ), ਡਾ. ਅਕਸ਼ੈ ਸੇਠ (ਮੁੱਖ ਸਰਪ੍ਰਸਤ ਆਰ ਡੀ ਏ ਪਟਿਆਲਾ), ਡਾ. ਗੁਰਭਗਤ ਸਿੰਘ (ਜਨਰਲ ਸਕੱਤਰ), ਡਾ. ਮਿਲਾਨ (ਸਲਾਹਕਾਰ), ਡਾ. ਮਹਿਤਾਬ ਸਿੰਘ ਬੱਲ (ਪ੍ਰੈੱਸ ਸਕੱਤਰ) ਅਤੇ ਕਾਰਜਕਾਰੀ ਮੈਂਬਰ ਡਾ. ਗੁਰਜੀਤ ਸਿੰਘ ਤੇ ਡਾ. ਦਰਸ਼ਦੀਪ ਸਿੰਘ ਸ਼ਾਮਲ ਸਨ।

## ਬਲਾਕ ਪ੍ਰਧਾਨ ਬਣਨ 'ਤੇ ਜਰਨੈਲ ਸਿੰਘ ਰਾਮਾ ਦਾ ਸਵਾਗਤ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਨੰਗਲ ਵਿੱਚ ਕਾਂਗਰਸ ਪਾਰਟੀ ਦੀ ਮੀਟਿੰਗ ਹਰਪ੍ਰੀਤ ਨੰਗਲ ਯੂਥ ਕਾਂਗਰਸ ਸੈਕਟਰੀ ਜ਼ਿਲ੍ਹਾ ਮੋਗਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ 'ਚ ਹਲਕਾ ਨਿਹਾਲ ਸਿੰਘ ਵਾਲਾ ਦੇ ਬਲਾਕ ਪ੍ਰਧਾਨ ਜਰਨੈਲ ਸਿੰਘ ਰਾਮਾ ਨੂੰ ਪ੍ਰਧਾਨ ਬਣਨ ਦੀ ਵਧਾਈ ਦਿੱਤੀ ਅਤੇ ਪਿੰਡ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪਰਮਪਾਲ ਸਿੰਘ ਤਖਤੂਪੁਰਾ ਸਾਹਿਬ, ਅਮਨਦੀਪ ਸਿੰਘ ਇਕਾਈ ਪ੍ਰਧਾਨ ਰਾਮਾ, ਆਕਾਸ਼ਦੀਪ ਸਿੰਘ ਮੀਤ ਪ੍ਰਧਾਨ ਨਿਹਾਲ ਸਿੰਘ ਵਾਲਾ, ਹਿੰਦਰੀ ਪੱਤੋ ਮੀਤ ਪ੍ਰਧਾਨ ਨਿਹਾਲ ਸਿੰਘ ਵਾਲਾ, ਸੁਖਦੇਵ ਸਿੰਘ ਪੰਜਾਬ ਪੁਲਸ, ਸੁਖਚੈਨ ਸਿੰਘ ਸੋਨੀ, ਰਾਜੂ ਸਿੰਘ, ਜਗਜੀਤ ਸਿੰਘ, ਚਮਕੌਰ ਸਿੰਘ, ਕਮਲਜੀਤ ਸ਼ਰਮਾ ਯੂਥ ਆਗੂ, ਕਰਮਜੀਤ ਸਿੰਘ, ਭਵਨ ਸ਼ਰਮਾ, ਬੰਸ ਸ਼ਰਮਾ ਆਦਿ ਹਾਜ਼ਰ ਸਨ।

## ਪੁਲਸ ਨਾਲ ਮੁੱਠਭੇੜ 'ਚ ਬਦਮਾਸ਼ ਜ਼ਖਮੀਂ



**ਦਿੜ੍ਹਬਾ (ਜਸਵੀਰ ਲਾਡੀ)**-ਨੇੜਲੇ ਕਸਬਾ ਸੂਲਰ ਘਰਾਟ ਨਹਿਰ ਦੀ ਪਟੜੀ ਉੱਤੇ ਸੀਆਈਏ ਸਟਾਫ ਸੰਗਰੂਰ ਦੀ ਇੱਕ ਬਦਮਾਸ਼ ਨਾਲ ਮੁੱਠਭੇੜ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਐੱਸ ਪੀ ਡੀ ਸੰਗਰੂਰ ਦਵਿੰਦਰ ਅੱਤਰੀ ਨੇ ਕਿਹਾ ਕਿ ਸੀਆਈਏ ਸਟਾਫ ਸੰਗਰੂਰ ਦੀ ਟੀਮ ਨਹਿਰ ਉੱਤੇ ਗਸ਼ਤ ਕਰ ਰਹੀ ਸੀ। ਅਚਾਨਕ ਸੂਲਰ ਘਰਾਟ ਵੱਲੋਂ ਆ ਰਹੇ ਵਿਅਕਤੀ ਨੇ ਪੁਲਸ ਨੂੰ ਦੇਖ ਕੇ ਮੋਟਰਸਾਈਕਲ ਭਜਾਉਣ ਦੀ ਕੋਸ਼ਿਸ਼ ਕੀਤੀ ਅਤੇ ਮੋਟਰਸਾਈਕਲ ਨੂੰ ਖਤਾਨਾਂ ਵੱਲ ਮੋੜ ਲਿਆ। ਪੁਲਸ ਪਾਰਟੀ ਨੂੰ ਸ਼ੱਕ ਪੈਣ 'ਤੇ ਜਦੋਂ ਉਸ ਦਾ ਪਿੱਛਾ ਕੀਤਾ ਤਾਂ ਉਸ ਨੇ ਪੁਲਸ 'ਤੇ ਗੋਲੀ ਚਲਾ ਦਿੱਤੀ ਤੇ ਜਵਾਬੀ ਕਾਰਵਾਈ 'ਚ ਬਦਮਾਸ਼ ਜ਼ਖਮੀ ਹੋ ਗਿਆ। ਬਦਮਾਸ਼ ਦਾ ਨਾਮ ਗੋਬਿੰਦ ਸਿੰਘ ਗੋਬਿੰਦੀ ਵਾਸੀ ਖਨਾਲ ਖੁਰਦ ਹੈ। ਉਸ ਖਿਲਾਫ ਪਹਿਲਾਂ ਵੀ ਦਰਜਨ ਦੇ ਕਰੀਬ ਮਾਮਲੇ ਦਰਜ ਹਨ। ਉਕਤ ਮੁਲਜ਼ਮ ਸੰਗਰੂਰ ਹਸਪਤਾਲ ਅੰਦਰ ਜ਼ੇਰੇ ਇਲਾਜ ਹੈ। ਇਸ ਮੌਕੇ ਡੀਐੱਸਪੀ ਦਿਲਜੀਤ ਸਿੰਘ ਵਿਰਕ, ਡੀਐੱਸਪੀ ਦਿੜ੍ਹਬਾ ਡਾ. ਰੁਪਿੰਦਰ ਕੌਰ ਬਾਜਵਾ, ਸੀਆਈਏ ਇੰਚਾਰਜ ਸੰਦੀਪ ਸਿੰਘ, ਐੱਸ ਐੱਚ ਓ ਦਿੜ੍ਹਬਾ ਅਮਰੀਕ ਸਿੰਘ, ਏਐੱਸਆਈ ਰਘਬੀਰ ਸਿੰਘ, ਸੀਆਈਡੀ ਮੋਦ ਮਹੇਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨ ਕੌਂਸਲ ਨੇ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੀਨੀਅਰ ਸਿਟੀਜਨ ਕੌਂਸਲ (ਸੇਵਾਮੁਕਤ ਕਰਮਚਾਰੀ) ਦਾ ਵਫਦ ਸਰਦਾਰੀ ਲਾਲ ਕਾਮਰਾ ਦੀ ਪ੍ਰਧਾਨਗੀ ਹੇਠ ਐੱਸ.ਡੀ.ਐੱਮ. ਮੋਗਾ ਸਾਰੰਗਪ੍ਰੀਤ ਸਿੰਘ ਨੂੰ ਮਿਲਿਆ। ਮੈਂਬਰਾਂ ਦੀ ਜਾਣ-ਪਛਾਣ ਕਰਵਾਉਣ ਉਪਰੰਤ ਪ੍ਰਧਾਨ ਨੇ ਵਿਸਥਾਰਪੂਰਵਕ ਕੌਂਸਲ ਦੇ ਇਤਿਹਾਸ, ਕਾਰਜਕਾਲ ਤੇ ਕੌਂਸਲ ਦੀਆਂ ਗਤੀਵਿਧੀਆਂ ਬਾਰੇ ਜ਼ਿਕਰ ਕਰਦਿਆਂ ਦੱਸਿਆ ਕਿ ਕੌਂਸਲ ਗੈਰ-ਰਾਜਨੀਤਕ, ਗੈਰ-ਧਾਰਮਿਕ ਤੇ ਪ੍ਰਸ਼ਾਸਨਕ ਪੱਖੀ ਹੈ। ਕੌਂਸਲ ਬਜ਼ੁਰਗ ਭਲਾਈ ਐਕਟ 2007 ਦੀਆਂ ਧਾਰਾਵਾਂ ਨੂੰ ਲਾਗੂ ਕਰਵਾਉਣ ਵਿੱਚ ਸਹਾਈ ਹੈ। ਬੁਢਾਪਾ ਪੈਨਸ਼ਨ ਦੇ ਹਰ ਕੰਮ ਪਹਿਲ ਦੇ ਆਧਾਰ 'ਤੇ ਕਰਨ ਨੂੰ ਪਰਮ ਅਗੇਤ ਦਿੰਦੀ ਹੈ। ਦਰਬਾਰ ਸਿੰਘ ਗਿੱਲ ਉਪ ਪ੍ਰਧਾਨ ਨੇ ਕੌਂਸਲ ਵੱਲੋਂ ਬਜ਼ੁਰਗਾਂ ਦੇ ਪੈਂਡਿੰਗ ਕੇਸ ਹੱਲ ਕਰਨ ਲਈ ਬੇਨਤੀ ਕੀਤੀ ਗਈ। ਉਪਰੰਤ ਐੱਸ.ਡੀ.ਐੱਮ. ਨੇ ਕੇਸਾਂ ਨੂੰ ਜਲਦੀ ਹੱਲ ਕਰਨ ਸੰਬੰਧੀ ਭਰੋਸਾ ਦਿੱਤਾ ਤੇ ਨਾਲ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਬਜ਼ੁਰਗ ਭਲਾਈ ਐਕਟ ਸੰਬੰਧੀ ਅਜੇ ਪਬਲਿਕ ਵਿੱਚ ਘੱਟ ਜਾਣਕਾਰੀ ਹੈ ਤੇ ਕੌਂਸਲ ਨੂੰ ਇਸ ਬਾਰੇ ਜਾਗਰੂਕ ਕਰਨ ਲਈ ਕਿਹਾ। ਬਜ਼ੁਰਗਾਂ ਦੇ ਹਰੇਕ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਦਾ ਵਿਸ਼ਵਾਸ ਦਿਵਾਇਆ। ਅੱਜ ਦੇ ਡੈਲੀਗੇਟ ਵਿੱਚ ਗੁਰਦੀਪ ਸਿੰਘ ਬਰਾੜ, ਵਿਜੈ ਸ਼ਰਮਾ, ਇਕਬਾਲ ਸਿੰਘ ਲੋਹਾਮ, ਜਗਤਾਰ ਸਿੰਘ ਸੇਖੋਂ, ਅਮਰ ਸਿੰਘ ਵਿਰਦੀ ਸ਼ਾਮਲ ਹੋਏ।

# ਸਿਹਤ ਸਟਾਫ ਨੂੰ ਗੈਰ-ਸੰਚਾਰੀ ਬਿਮਾਰੀਆਂ ਤੇ ਕੁਪੋਸ਼ਣ ਸੰਬੰਧੀ ਦਿੱਤੀ ਸਿਖਲਾਈ

### ਆਮ ਆਦਮੀ ਕਲੀਨਿਕਾਂ 'ਚ ਇਲਾਜ ਸੇਵਾਵਾਂ 'ਚ ਵਾਧਾ ਕਰਨ ਦਾ ਉਪਰਾਲਾ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਗੈਰ-ਸੰਚਾਰੀ ਬਿਮਾਰੀਆਂ, ਕੁਪੋਸ਼ਣ ਤੇ ਕੁੱਤੇ ਦੇ ਕੱਟਣ ਦੇ ਇਲਾਜ ਤਹਿਤ ਸੂਬੇ ਭਰ ਵਿੱਚ ਵੱਖ-ਵੱਖ ਸਿਹਤ ਸਰਗਰਮੀਆਂ, ਮੀਟਿੰਗਾਂ ਤੇ ਵਿਸ਼ੇਸ਼ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸੇ ਹੀ ਲੜੀ ਤਹਿਤ ਡਿਪਟੀ ਕਮਿਸ਼ਨਰ ਫਰੀਦਕੋਟ ਸ੍ਰੀਮਤੀ ਪੂਨਮਦੀਪ ਕੌਰ ਤੇ ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਫਰੀਦਕੋਟ ਦੇ ਆਮ ਆਦਮੀ ਕਲੀਨਿਕਾਂ ਵਿਖੇ ਸੇਵਾਵਾਂ ਦੇ ਰਹੇ ਸਮੂਹ ਮੈਡੀਕਲ ਅਫਸਰਾਂ ਤੇ ਕਲੀਨੀਕਲ ਸਹਾਇਕਾਂ ਨੂੰ ਵਿਭਾਗ ਵੱਲੋਂ ਗੈਰ-ਸੰਚਾਰੀ ਬਿਮਾਰੀਆਂ ਜਿਵੇਂ ਬਲੱਡ ਪ੍ਰੈਸ਼ਰ, ਸ਼ੂਗਰ, ਕੈਂਸਰ, ਅਧਰੰਗ ਆਦਿ ਬੱਚਿਆਂ ਵਿੱਚ ਵਧ ਰਹੇ ਕੁਪੋਸ਼ਣ ਦੇ ਮਾਮਲਿਆਂ ਤੇ ਕੁੱਤੇ ਦੇ ਕੱਟਣ ਦੇ ਇਲਾਜ ਸਬੰਧੀ ਅਫਸਰ ਕਲੱਬ ਫਰੀਦਕੋਟ ਵਿਖੇ ਵਿਸ਼ੇਸ਼ ਇੱਕ ਰੋਜ਼ਾ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਕੀਤਾ ਗਿਆ।ਇਸ ਮੌਕੇ ਆਮ ਆਦਮੀ ਕਲੀਨਿਕਾਂ ਦੇ ਜ਼ਿਲ੍ਹਾ ਨੋਡਲ ਅਫਸਰ ਡਾ. ਸਰਵਦੀਪ ਸਿੰਘ ਰੋਮਾਣਾ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਜ਼ਰੀਏ ਦੂਰ ਦੁਰਾਡੇ ਪਿੰਡਾਂ ਤੇ ਕਸਬਿਆਂ ਦੇ ਲੋਕਾਂ ਨੂੰ ਇਨ੍ਹਾਂ ਸੇਵਾਵਾਂ ਦਾ ਲਾਭ ਮਿਲੇਗਾ।ਉਨ੍ਹਾਂ ਜ਼ਿਲ੍ਹੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ, ਪੀ.ਐੱਚ.ਸੀ., ਸੀ.ਐੱਚ.ਸੀ., ਡਿਸਪੈਂਸਰੀਆਂ, ਹੈਲਥ ਵੈੱਲਨੈੱਸ ਸੈਂਟਰਾਂ 'ਤੇ ਤਾਇਨਾਤ ਸਟਾਫ ਤੇ ਮੁਹੱਈਆ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੂਸਰੇ ਵਿਭਾਗਾਂ, ਪੰਚਾਇਤਾਂ, ਆਂਗਣਵਾੜੀ ਤੇ ਸਕੂਲਾਂ ਨਾਲ ਤਾਲਮੇਲ ਰੱਖਣ ਲਈ ਕਿਹਾ।ਇਸ ਮੌਕੇ ਡਿਪਟੀ ਮਾਸ ਮੀਡੀਆ ਅਫਸਰ ਡਾ. ਪ੍ਰਭਦੀਪ ਸਿੰਘ ਚਾਵਲਾ ਤੇ ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਟ੍ਰੇਨਿੰਗ ਵਿੱਚ ਸ਼ਾਮਲ ਕੀਤੇ ਵਿਸ਼ਿਆਂ, ਸਿਹਤ ਪ੍ਰੋਗਰਾਮ, ਨਵੀਆਂ ਸਿਹਤ ਸੇਵਾਵਾਂ ਸ਼ੁਰੂ ਕਰਨ ਤੇ ਫੀਲਡ ਸਟਾਫ ਜਿਵੇਂ ਕਿ ਆਂਗਣਵਾੜੀ, ਆਸ਼ਾ ਵਰਕਰ, ਏ.ਐੱਨ.ਐੱਮ. ਤੇ ਸੀ.ਐੱਚ.ਓ. ਨਾਲ ਤਾਲਮੇਲ ਕਰਨ ਸਬੰਧੀ ਜਾਣ ਪਹਿਚਾਣ ਕਰਵਾਈ ਅਤੇ ਦੱਸਿਆ ਕਿ ਵਿਭਾਗ ਦਾ ਮੰਤਵ ਹੈ ਕਿ ਸ਼ੂਗਰ, ਬਲੱਡ ਪ੍ਰੈਸ਼ਰ, ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦੀ ਮੁੱਢਲੀ ਸਟੇਜ 'ਤੇ ਪਛਾਣ ਕਰਕੇ ਸਹੀ ਸਮੇਂ ਢੁੱਕਵਾਂ ਇਲਾਜ ਪ੍ਰਦਾਨ ਕਰਨਾ ਹੈ।ਇਸ ਸਿਖਲਾਈ ਪ੍ਰੋਗਰਾਮ ਦੇ ਟਰੇਨਰ ਮੈਡੀਕਲ ਅਫਸਰ ਸਿਵਲ ਹਸਪਤਾਲ ਫਰੀਦਕੋਟ ਡਾ. ਹੁਸਨਪਾਲ ਸਿੱਧੂ ਐੱਮ ਡੀ ਮੈਡੀਸਨ ਨੇ ਪ੍ਰੋਜੈਕਟਰ ਰਾਹੀਂ ਐੱਨ.ਸੀ.ਡੀ. ਪ੍ਰੋਗਰਾਮ ਅਧੀਨ ਮਰੀਜ਼ ਦੀ ਸਕ੍ਰੀਨਿੰਗ, ਰੈਫਰ ਤੇ ਇਲਾਜ ਦੇ ਵੱਖ-ਵੱਖ ਪੜਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤੇ ਉਨ੍ਹਾਂ ਕਿਹਾ ਕਿ ਗੈਰ-ਸੰਚਾਰੀ ਬਿਮਾਰੀਆਂ ਤੋਂ ਬਚਣ ਵਿੱਚ ਸਾਡੇ ਰੋਜ਼ਾਨਾ ਦੇ ਖਾਣ-ਪੀਣ ਦੀਆਂ ਆਦਤਾਂ ਤੇ ਜੀਵਨ-ਸ਼ੈਲੀ ਦਾ ਬਹੁਤ ਮਹੱਤਵਪੂਰਨ ਰੋਲ ਹੈ।ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਰੋਜ਼ਾਨਾ ਸਰੀਰਕ ਗਤੀਵਿਧੀਆਂ ਕਸਰਤ, ਸੈਰ ਆਦਿ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਉੱਪਰ ਵੀ ਜ਼ੋਰ ਦਿੱਤਾ।

ਇਸ ਮੌਕੇ ਬੱਚਿਆਂ ਦੇ ਮਾਹਰ ਡਾ. ਮਨਜੀਤ ਕ੍ਰਿਸ਼ਨ ਭੱਲਾ ਨੇ ਬੱਚਿਆਂ ਵਿੱਚ ਵਧ ਰਹੇ ਕੁਪੋਸ਼ਣ ਦੇ ਕਾਰਨਾਂ ਤੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਹਿਮਾਂਸ਼ੂ ਗੁਪਤਾ ਨੇ ਕੁੱਤੇ ਦੇ ਕੱਟਣ ਦੇ ਇਲਾਜ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਬਲਾਕ ਜੰਡ ਸਾਹਿਬ ਡਾ. ਅਰਸ਼ਦੀਪ ਸਿੰਘ ਬਰਾੜ, ਕੰਪਿਊਟਰ ਆਪ੍ਰੇਟਰ ਇੰਦਰਜੀਤ ਸਿੰਘ, ਸਹਾਇਕ ਸੁਜਾਨ, ਮੋਹਨ ਲਾਲ ਤੇ ਕੌਸ਼ਲ ਕੁਮਾਰ ਹਾਜ਼ਰ ਸਨ।

## ਨੌਜਵਾਨਾਂ ਦੀ ਫ਼ਿਜ਼ੀਕਲ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ ਤੇ ਮੋਗਾ ਜ਼ਿਲ੍ਹੇ ਦੇ ਜੋ ਨੌਜਵਾਨ ਪੰਜਾਬ ਪੁਲਸ, ਸੀ.ਆਰ.ਪੀ.ਐੱਫ., ਬੀ.ਐੱਸ.ਐੱਫ. ਤੇ ਸੀ.ਏ.ਪੀ.ਐੱਫ. ਫੋਰਸ ਆਦਿ ਵਿੱਚ ਭਰਤੀ ਹੋਣਾ ਚਾਹੁੰਦੇ ਹਨ ਅਤੇ ਜਿਨ੍ਹਾਂ ਯੁਵਕਾਂ ਨੇ ਲਿਖਤੀ ਪੇਪਰ ਪਾਸ ਕਰ ਲਿਆ ਹੈ ਤੇ ਇਸ ਤੋਂ ਇਲਾਵਾ ਪੰਜਾਬ ਪੁਲਸ ਦੇ ਲਿਖਤੀ ਪੇਪਰ ਦੀ ਉੱਤਰ ਕਾਪੀ ਆ ਗਈ ਹੈ, ਉੱਤਰ ਕਾਪੀ ਚੈੱਕ ਕਰਨ ਉਪਰੰਤ ਜਿਹੜੇ ਯੁਵਕ ਪਾਸ ਹਨ ਤੇ ਫਿਜ਼ੀਕਲ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਵਿਖੇ ਜਲਦੀ ਤੋਂ ਜਲਦੀ ਸਵੇਰੇ 09:00 ਵਜੇ ਤੋਂ 11:30 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ ਤੱਕ) ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਯੁਵਕ ਦੀ ਛਾਤੀ ਬਿਨਾਂ ਫੁਲਾਏ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ, ਪੈਰਾ ਮਿਲਟਰੀ ਫੋਰਸਾਂ/ਪੰਜਾਬ ਪੁਲਸ ਲਈ ਛਾਤੀ ਬਿਨਾਂ ਫੁਲਾ ਕੇ 80 ਸੈਂਟੀਮੀਟਰ ਤੇ ਫੁਲਾ ਕੇ 85 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ। ਕੈਂਪ ਵਿੱਚ ਰਹਿਣ ਸਮੇਂ ਖਾਣਾ ਤੇ ਰਿਹਾਇਸ਼ ਬਿਲਕੁੱਲ ਮੁਫਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫੀਸ ਨਹੀਂ ਲਈ ਜਾਵੇਗੀ। ਯੁਵਕ ਰੋਜ਼ਾਨਾ ਘਰ ਤੋਂ ਆਉਣ/ਜਾਣ ਵੀ ਕਰ ਸਕਦੇ ਹਨ। ਚਾਹਵਾਨ ਨੌਜਵਾਨ ਆਉਣ ਸਮੇਂ ਆਪਣੇ ਵਿੱਦਿਅਕ ਸਰਟੀਫਿਕੇਟ, ਅਧਾਰ ਕਾਰਡ, ਫੋਟੋ ਆਦਿ ਨਾਲ ਲੈ ਕੇ ਆਉਣ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਡੀਸੀ ਤੇ ਐੱਸ ਐੱਸ ਪੀ ਦਫ਼ਤਰ ਅੱਗੇ ਲਾਇਆ ਧਰਨਾ

ਚੋਹਲਾ ਸਾਹਿਬ (ਰਮਨ ਚੱਢਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਜ਼ਿਲ੍ਹਾ ਤਰਨ ਤਾਰਨ ਦੇ ਸੀਨੀਅਰ ਮੀਤ ਜਰਨੈਲ ਸਿੰਘ ਨੂਰਦੀ, ਫਤਿਹ ਸਿੰਘ ਪਿੱਦੀ, ਰੇਸ਼ਮ ਸਿੰਘ ਘੁਰਕਵਿੰਡ ਦੀ ਪ੍ਰਧਾਨਗੀ ਹੇਠ ਤਰਨ ਤਾਰਨ ਦੇ ਡੀਸੀ ਅਤੇ ਐੱਸਐੱਸਪੀ ਦਫ਼ਤਰ ਅੱਗੇ ਧਰਨਾ ਲਾਇਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਕਿਹਾ ਕਿ ਕਾਫ਼ੀ ਲੰਮੇ ਸਮੇਂ ਤੋਂ ਪੁਲਸ ਪ੍ਰਸ਼ਾਸਨ ਅਤੇ ਸਰਕਾਰ ਨਾਲ ਸੰਬੰਧਿਤ ਮਸਲੇ ਲਟਕਦੇ ਆ ਰਹੇ ਹਨ। ਕਈ ਵਾਰ ਇਨ੍ਹਾਂ ਮਸਲਿਆਂ ਨੂੰ ਲੈ ਕੇ ਪ੍ਰਸ਼ਾਸਨ ਨੂੰ ਮੰਗ ਪੱਤਰ ਦਿੱਤੇ ਗਏ ਹਨ ਪਰ ਮਸਲੇ ਜਿਉਂ ਦੇ ਤਿਉਂ ਹੀ ਖੜ੍ਹੇ ਹਨ। ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਪ੍ਰਸ਼ਾਸਨ ਟਾਲ ਮਟੋਲ ਕਰਕੇ ਸਮਾਂ ਕੱਢ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਭਾਗ ਰੂਪ ਵਿੱਚ ਪਿੰਡ ਪੱਧਰ ਅਤੇ ਸ਼ਹਿਰਾਂ ਵਿੱਚ ਵਿਕ ਰਹੇ ਨਸ਼ੇ ਨੂੰ ਨੱਥ ਪਾਈ ਜਾਵੇ ਅਤੇ ਹਰ ਰੋਜ਼ ਨਸ਼ੇ ਕਰਕੇ ਮਰ ਰਹੇ ਨੌਜਵਾਨਾਂ ਨੂੰ ਬਚਾਇਆ ਜਾਵੇ। ਨਸ਼ੇ ਦੇ ਪੀੜਤਾਂ ਦਾ ਇਲਾਜ ਸਰਕਾਰ ਵੱਲੋਂ ਸਹੀ ਢੰਗ ਨਾਲ ਕਰਵਾਇਆ ਜਾਵੇ, ਵੱਡੇ ਮਗਰਮੱਛਾਂ ਨੂੰ ਫੜ ਕੇ ਜੇਲਾਂ ਵਿੱਚ ਸੁੱਟਿਆ ਜਾਵੇ। ਐੱਸਪੀ ਹੈੱਡਕੁਆਰਟਰ ਬਲਜੀਤ ਸਿੰਘ ਅਤੇ ਐੱਸਪੀਡੀ ਅਜੇ ਰਾਜ ਨੇ ਵਿਸ਼ਵਾਸ ਦਿਵਾਇਆ ਕਿ ਇਹ ਸਾਰੀਆਂ ਮੰਗਾਂ ਨੂੰ ਜਲਦੀ ਹੱਲ ਕੀਤਾ ਜਾਏਗਾ। ਇਸ ਮੌਕੇ ਬੀਬੀ ਮਨਜੀਤ ਕੌਰ ਮੋਹਨਪੁਰਾ, ਉਪਜੀਤ ਕੌਰ ਝਬਾਲ, ਰਜਵੰਤ ਕੌਰ ਖੇਮਕਰਨ, ਜਸਬੀਰ ਕੌਰ, ਗੁਰਮੀਤ ਕੌਰ, ਕੁਲਵੰਤ ਕੌਰ, ਸਲਵਿੰਦਰ ਸਿੰਘ, ਪਰਮਜੀਤ ਸਿੰਘ, ਕੁਲਵਿੰਦਰ ਸਿੰਘ, ਮਨਜਿੰਦਰ ਸਿੰਘ, ਇਕਬਾਲ ਸਿੰਘ, ਸੁਖਚੈਨ ਸਿੰਘ, ਮੁਖਤਾਰ ਸਿੰਘ, ਮਨਜੀਤ ਸਿੰਘ, ਕਰਮੂਵਾਲ, ਸੁਖਵਿੰਦਰ ਸਿੰਘ, ਕੁਲਵੰਤ ਸਿੰਘ ਭੈਲ, ਗਿਆਨ ਸਿੰਘ, ਗੁਰਤੇਜ ਸਿੰਘ, ਆਤਮਾ ਸਿੰਘ, ਦਿਲਬਾਗ ਸਿੰਘ ਪਹੂਵਿੰਡ, ਨਿਰੰਜਨ ਸਿੰਘ ਬਗਰਾੜੀ, ਸਲਵਿੰਦਰ ਸਿੰਘ ਡਾਲੇਕੇ ਹਾਜ਼ਰ ਸਨ।



## ਐੱਲ ਆਈ ਸੀ ਵੱਲੋਂ ਬੀਮਾ ਸਖੀ ਭਰਤੀ ਕਰਨ ਲਈ ਸਰਹੱਦੀ ਪਿੰਡਾਂ ਅੰਦਰ ਵਿਸ਼ੇਸ਼ ਮੁਹਿੰਮ ਸ਼ੁਰੂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਹਰਜੀਤ ਸਿੰਘ ਗੋਲਣ)-ਭਾਰਤ ਸਰਕਾਰ ਬੀਮਾ ਸਖੀ ਯੋਜਨਾ ਤਹਿਤ ਐੱਲਆਈਸੀ ਦੀ ਅੰਮ੍ਰਿਤਸਰ ਡਵੀਜ਼ਨ ਵੱਲੋਂ ਸਰਹੱਦੀ ਜ਼ਿਲ੍ਹਾ ਤਰਨ ਤਾਰਨ ਦੇ ਪਿੰਡਾਂ ਅੰਦਰ ਬੀਮਾ ਸਖੀ ਨੌਜਵਾਨ ਲੜਕੇ ਲੜਕੀਆਂ ਨੂੰ ਭਰਤੀ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਤਹਿਤ ਡਿਵੈਲਪਮੈਂਟ ਮੈਨੇਜਰ ਪੁੱਜੇ ਜਿਨ੍ਹਾਂ ਵੱਲੋਂ ਭਾਰਤ-ਪਾਕਿ ਸਰਹੱਦ ਦੇ ਨਜ਼ਦੀਕ ਪਿੰਡ ਗਿੱਲਪਨ ਵਿਖੇ ਪਹੁੰਚ ਕੇ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਐੱਲਆਈਸੀ ਦੇ ਡਿਵੈਲਪਮੈਂਟ ਅਫਸਰ ਅਰਜਨ ਰਾਮ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਗਈ ਬੀਮਾ ਸਖੀ ਯੋਜਨਾ ਤਹਿਤ ਕਰੀਬ 2 ਲੱਖ ਨੌਜਵਾਨ ਲੜਕੀਆਂ ਨੂੰ ਬੀਮਾ ਸਖੀ ਬਣਾਉਣ ਦਾ ਟੀਚਾ ਮਿਥਿਆ ਗਿਆ ਹੈ ਜਿਸ ਵਿੱਚ ਇਕ ਲੱਖ 78 ਹਜ਼ਾਰ ਦੇ ਕਰੀਬ ਦੇਸ਼ ਭਰ ਵਿੱਚੋਂ ਬੀਮਾ ਸਖੀ ਹੁਣ ਤੱਕ ਭਰਤੀ ਹੋ ਚੁੱਕੀਆਂ ਹਨ। ਇਸੇ ਕੜੀ ਤਹਿਤ ਸਰਹੱਦੀ ਪਿੰਡਾਂ ਅੰਦਰ ਦਸਵੀਂ ਪਾਸ ਨੌਜਵਾਨ ਲੜਕੀਆਂ ਬੀਮੇ ਦੇ ਖੇਤਰ ਅੰਦਰ ਭਰਤੀ ਕਰਨ ਲਈ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੋ ਵੀ ਲੜਕੀਆਂ ਇਸ ਸਬੰਧੀ ਟੈਸਟ ਪਾਸ ਕਰ ਲੈਣਗੀਆਂ ਉਨ੍ਹਾਂ ਨੂੰ ਪਹਿਲੇ ਸਾਲ 7 ਹਜ਼ਾਰ ਰੁਪਏ ਪ੍ਰਤੀ ਮਹੀਨਾ ਪਲੱਸ ਕਮਿਸ਼ਨ ਮਿਲੇਗਾ। ਇਸ ਤੋਂ ਇਲਾਵਾ 35 ਸਾਲ ਤੋਂ ਘੱਟ ਉਮਰ ਦੇ ਜੋ ਵੀ ਲੜਕੇ ਇਸ ਯੋਜਨਾ ਨਾਲ ਜੁੜਨਾ ਚਾਹੁੰਦੇ ਉਨ੍ਹਾਂ ਲਈ ਦਸਵੀਂ ਪਾਸ ਲੜਕਿਆਂ ਨੂੰ 5000 ਰੁਪਏ ਪ੍ਰਤੀ ਮਹੀਨਾ ਅਤੇ ਕਮਿਸ਼ਨ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਲਈ ਸਿੱਖੇ ਦਸਵੀਂ ਪਾਸ ਹੋਣਾ ਜ਼ਰੂਰੀ ਹੈ ਉਥੇ ਹੀ ਇੱਕ ਟੈਸਟ ਲਿਆ ਜਾਣਾ ਹੈ ਜਿਸ ਵਿੱਚੋਂ ਪਾਸ ਹੋਣਾ ਤੇ ਹੀ ਨਿਯੁਕਤੀ ਹੋਵੇਗੀ। ਉਨ੍ਹਾਂ ਦੱਸਿਆ ਕਿ ਆਈਆਰਡੀਏਆਈ ਵੱਲੋਂ ਇਸ ਦਾ ਟੈਸਟ ਆਮ ਆਬਜੈਕਟਿਵ ਟਾਈਪ ਪ੍ਰਸ਼ਨ ਉੱਤਰਾਂ ਨਾਲ ਸੰਬੰਧਿਤ ਹੋਵੇਗਾ। ਇਸ ਮੌਕੇ ਪਿੰਡ ਵਾਸੀਆਂ ਤੋਂ ਇਲਾਵਾ ਐੱਲਆਈਸੀ ਤਰਨ ਤਾਰਨ ਤੋਂ ਡਿਵੈਲਪਮੈਂਟ ਅਫਸਰ ਕਪਲਦੇਵ ਅਤੇ ਸਚਿਨ ਜਾਖੜ ਆਦਿ ਹਾਜ਼ਰ ਸਨ।



# ਕਾਮਰੇਡ ਸਵਰਨ ਕੌਰ ਮਜ਼ਦੂਰ ਵਿਹੜਿਆਂ ਲਈ ਰੌਸ਼ਨੀ ਸਨ: ਦੇਵੀ ਕੁਮਾਰੀ

ਤਰਨਤਾਰਨ (ਨਜ਼ਸ)-ਮਜ਼ਦੂਰ ਲਹਿਰ ਨੂੰ ਪੂਰੀ ਤਰ੍ਹਾਂ ਸਮਰਪਿਤ ਕਾਮਰੇਡ ਸਵਰਨ ਕੌਰ ਜਿੰਥੇ ਮਜ਼ਦੂਰਾਂ ਦਾ ਦਰਦ ਸਮਝਦੀ ਸੀ, ਉਥੇ ਉਹ ਇਨ੍ਹਾਂ ਵਿਹੜਿਆਂ ਨੂੰ ਰੌਸ਼ਨ ਕਰਨ ਲਈ ਵੀ ਯਤਨਸ਼ੀਲ ਰਹਿੰਦੀ ਸੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕੀਤਾ। ਉਹ ਕਾਮਰੇਡ ਸਵਰਨ ਕੌਰ ਦੇ ਗ੍ਰਹਿ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਸਵਰਨ ਕੌਰ ਮਜ਼ਦੂਰ ਆਗੂ ਬੂਟਾ ਸਿੰਘ ਢੋਟੀਆਂ ਦੀ ਧਰਮ ਪਤਨੀ ਅਤੇ ਸ਼ਹੀਦ ਕਾਮਰੇਡ ਦਿਲਬਾਗ ਸਿੰਘ ਢੋਟੀਆਂ ਦੀ ਵੱਡੀ ਭਰਜਾਈ ਸੀ। ਸਰਹਾਲੀ ਕਲਾਂ ਨੇ ਜਿੱਥੇ ਉਨ੍ਹਾਂ ਦੇ ਦ੍ਰਿੜ੍ਹ ਅਤੇ ਦਲੇਰ ਜੀਵਨ ਸ਼ੈਲੀ 'ਤੇ ਚਾਨਣਾ ਪਾਇਆ ਉੱਥੇ ਉਨ੍ਹਾਂ ਨਾਲ ਨਿੱਜੀ ਸਾਂਝਾਂ ਦਾ ਵੀ ਜ਼ਿਕਰ ਕੀਤਾ। ਉਕਤ ਦਿਹ ਕਿਸਾਨ ਸਭਾ ਦੇ ਸੂਬਾ ਆਗੂ ਕਾਮਰੇਡ ਬਲਕਾਰ ਸਿੰਘ ਵਲਟੋਹਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਭੈਣ ਸਵਰਨ ਕੌਰ ਮਜ਼ਦੂਰਾਂ ਅਤੇ ਕਿਸਾਨਾਂ ਦਰਮਿਆਨ ਸਾਂਝ ਦਾ ਪੁਲ ਵੀ ਸੀ। ਉਹ ਸਮਝਦੇ ਸਨ ਕਿ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜੇਟੀਆ ਸਮੁੱਚੇ ਕਿਰਤੀ ਵਰਗ ਲਈ ਫਲਦਾਇਕ ਸਿੱਟੇ ਕੱਢ ਸਕਦੀਆਂ ਹਨ। ਉਨ੍ਹਾਂ ਸਵਰਨ ਕੌਰ ਦੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਉਹ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਅਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਹਰ ਦੁੱਖ ਸੁੱਖ ਵਿੱਚ ਸਾਥ ਦੇਵਾਂਗੇ। ਮਨਰੇਗਾ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਕਾਮਰੇਡ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਕਿਹਾ ਕਿ ਸਾਡੀ ਵੱਡੀ ਭੈਣ ਸਵਰਨ ਕੌਰ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਉਨ੍ਹਾਂ ਦੀ ਪੂਰਨਾ ਦਾ ਸਿੱਟਾ ਹੈ ਕਿ ਅਸੀਂ ਕਿਰਤੀ ਲੋਕਾਂ ਲਈ ਕੁਝ ਚੰਗੇਰਾ ਕਰਨ ਲਈ ਯਤਨਸ਼ੀਲ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜੋਗਿੰਦਰ ਸਿੰਘ ਵਲਟੋਹਾ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਸੀਪੀਆਈ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਕਾਮਰੇਡ ਦਲਵਿੰਦਰ ਪੰਨੂੰ, ਕਾਮਰੇਡ ਪਸ਼ੌਰਾ ਸਿੰਘ ਢੋਟੀਆਂ, ਕਾਮਰੇਡ ਲਾਲ ਸਿੰਘ ਵਲਟੋਹਾ, ਕਾਮਰੇਡ ਘੁੱਕਵੰਦੀ ਪਾਲੀ, ਕਾਮਰੇਡ ਜਤਿੰਦਰ ਸਿੰਘ ਢੋਟੀਆਂ, ਕਾਮਰੇਡ ਜਸਵੰਤ ਸਿੰਘ ਚੋਹਲਾ ਸਾਹਿਬ, ਨੰਬਾ ਸਿੰਘ ਅੰਮ੍ਰਿਤਸਰ ਅਤੇ ਕਾਮਰੇਡ ਬਰਖਾ ਅੰਮ੍ਰਿਤਸਰ ਨੇ ਵੀ ਭਾਵ ਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ ਨੇ ਆਏ ਸਾਥੀਆਂ ਦਾ ਧੰਨਵਾਦ ਕਰਦਿਆਂ ਕਾਮਰੇਡ ਸਵਰਨ ਕੌਰ ਦੀ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂਆਂ ਦਾ ਜ਼ਿਕਰ ਕੀਤਾ। ਸਟੇਜ ਦੀ ਭੂਮਿਕਾ ਕਾਮਰੇਡ ਚਰਨ ਸਿੰਘ ਤਰਨਤਾਰਨ ਨੇ ਨਿਭਾਈ।



# ਚੇਅਰਮੈਨ ਰਮਨ ਬਹਿਲ ਨੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨੂੰ ਕਰਜ਼ਾ ਮੁਕਤੀ ਸਰਟੀਫਿਕੇਟ ਵੰਡੇ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਨੇ 4,727 ਗਰੀਬ ਅਨੁਸੂਚਿਤ ਜਾਤੀ ਪਰਿਵਾਰਾਂ ਦਾ 31 ਮਾਰਚ 2020 ਤੱਕ ਦਾ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਵੱਲ ਬਕਾਇਆ 68 ਕਰੋੜ ਰੁਪਏ ਕਰਜ਼ਾ ਮੁਆਫ ਕਰਕੇ ਇਤਿਹਾਸਕ ਫੈਸਲਾ ਲਿਆ ਹੈ, ਜਿਸ ਨਾਲ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਨੂੰ ਰਾਹਤ ਮਿਲੀ ਹੈ ਜੋ 2 ਦਹਾਕਿਆਂ ਤੋਂ ਇਸ ਵਿੱਤੀ ਬੋਝ ਨਾਲ ਜੂਝ ਰਹੇ ਸਨ। ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਗੁਰਦਾਸਪੁਰ ਸਥਿਤ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਦਫ਼ਤਰ ਵਿਖੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਵੱਲੋਂ ਮੁਆਫ ਕੀਤੇ ਗਏ ਕਰਜ਼ੇ ਦੇ ਲਾਭਪਾਤਰੀਆਂ ਨੂੰ ਕਰਜ਼ਾ ਮੁਕਤੀ ਸਰਟੀਫਿਕੇਟ ਵੰਡਣ ਮੌਕੇ ਕੀਤਾ। ਸ੍ਰੀ ਬਹਿਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਪਰਿਵਾਰਾਂ ਦੇ ਮੁਆਫ ਕੀਤੇ ਗਏ ਕਰਜ਼ਿਆਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ 321 ਪਰਿਵਾਰਾਂ ਨੂੰ ਲਾਭ ਮਿਲਿਆ ਹੈ ਅਤੇ ਜ਼ਿਲ੍ਹੇ ਦੇ ਇਨ੍ਹਾਂ ਪਰਿਵਾਰਾਂ ਦਾ 4.45 ਕਰੋੜ ਰੁਪਏ ਕਰਜ਼ਾ ਮੁਆਫ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕਰਜ਼ਾ ਮੁਕਤੀ ਯੋਜਨਾ ਤਹਿਤ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ 41 ਪਰਿਵਾਰਾਂ ਦਾ 52 ਲੱਖ ਰੁਪਏ ਕਰਜਾ ਮੁਆਫ ਹੋਇਆ ਹੈ। ਅਨੁਸੂਚਿਤ ਜਾਤੀ ਨਾਲ ਸਬੰਧਿਤ ਗਰੀਬ ਪਰਿਵਾਰਾਂ ਦੇ ਇਹ ਕਰਜ਼ੇ ਪਿਛਲੇ ਦੋ ਦਹਾਕਿਆਂ ਤੋਂ ਬਕਾਇਆ ਹਨ, ਜਿਸ ਦੌਰਾਨ ਪ੍ਰਭਾਵਿਤ ਵਿਅਕਤੀਆਂ ਨੇ ਵਾਰ-ਵਾਰ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਤੱਕ ਪਹੁੰਚ ਕੀਤੀ ਪਰ ਉਨ੍ਹਾਂ ਸਰਕਾਰਾਂ ਦੇ ਕੰਨੀਂ ਜੂੰ ਤੱਕ ਨਹੀਂ ਸਰਕੀ। ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਵੱਲੋਂ ਜਾਰੀ ਕੀਤੇ ਗਏ ਕਰਜ਼ਿਆਂ ਦੀ 84 ਫੀਸਦੀ ਉੱਚੇਰੀ ਮੁੜ ਅਦਾਇਗੀ ਸਫਲਤਾ ਦਰ ਦਾ ਜ਼ਿਕਰ ਕਰਦਿਆਂ ਬਹਿਲ ਨੇ ਕਿਹਾ ਕਿ ਇਹ ਉੱਚੇਰੀ ਮੁੜ ਅਦਾਇਗੀ ਦਰ ਇਨ੍ਹਾਂ ਵਿਅਕਤੀਆਂ ਵੱਲੋਂ ਕਰਜ਼ੇ ਦੀ ਵਰਤੋਂ ਉਪਲਬਧ ਸਰੋਤਾਂ ਨੂੰ ਜੁਟਾ ਕੇ ਰੋਜ਼ੀ-ਰੋਟੀ ਕਮਾਉਣ ਅਤੇ ਪ੍ਰਾਪਤ ਕੀਤੇ ਗਏ ਕਰਜ਼ਿਆਂ ਦੀ ਅਦਾਇਗੀ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਕੁਝ ਕਰਜ਼ੇ ਮੂਲ ਕਰਜ਼ਦਾਰਾਂ ਦੀ ਮੌਤ ਹੋ ਜਾਣ ਜਾਂ ਨਾ ਟਾਲਣਯੋਗ ਹਾਲਤਾਂ ਕਾਰਨ ਅਦਾਇਗੀ ਨਾ ਕੀਤੇ ਜਾ ਸਕਣ ਕਾਰਨ ਬਕਾਇਆ ਸਨ। ਇਸ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਨ੍ਹਾਂ ਕਰਜ਼ਿਆਂ ਨੂੰ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਕਰਜ਼ਾ ਮੁਕਤੀ ਸਰਟੀਫਿਕੇਟ ਲੈਣ ਮੌਕੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨੇ ਭਗਵੰਤ ਮਾਨ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਨੇ ਉਨ੍ਹਾਂ ਨੂੰ ਬਹੁਤ ਵੱਡੀ ਰਾਹਤ ਦਿੱਤੀ ਹੈ ਜਿਸ ਲਈ ਉਹ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਧੰਨਵਾਦੀ ਹਨ। ਇਸ ਮੌਕੇ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਸੁਖਵਿੰਦਰ ਸਿੰਘ ਘੁੰਮਣ, ਤਹਿਸੀਲ ਭਲਾਈ ਅਫਸਰ ਮੁਕਲ ਤੇ ਹੋਰ ਦਫਤਰੀ ਸਟਾਫ ਵੀ ਹਾਜ਼ਰ ਸੀ।



# ਮਕੌੜਾ ਪੱਤਣ 'ਤੇ ਪੱਕੇ ਪੁਲ ਦਾ ਕੰਮ ਜਲਦੀ ਸ਼ੁਰੂ ਹੋਵੇਗਾ : ਸ਼ਮਸ਼ੇਰ ਸਿੰਘ

● ਪ੍ਰੋਜੈਕਟ ਲਈ ਲੋੜੀਂਦੀ ਜ਼ਮੀਨ ਲਈ ਕਰੀਬ 8 ਕਰੋੜ ਦੇ ਐਵਾਰਡ ਪਾਸ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਵਿਧਾਨਸਭਾ ਹਲਕਾ ਦੀਨਾਨਗਰ ਦੇ ਰਾਵੀ ਦਰਿਆ ਦੇ ਮਕੌੜਾ ਪੱਤਣ ਉਪਰ ਪੱਕਾ ਪੁਲ ਬਨਾਉਣ ਦਾ ਕੰਮ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਸ ਪ੍ਰੋਜੈਕਟ ਲਈ ਲੋੜੀਂਦੀ ਜ਼ਮੀਨ ਦੇ ਪ੍ਰਸ਼ਾਸਨ ਵੱਲੋਂ ਅਵਾਰਡ ਵੀ ਪਾਸ ਕਰ ਦਿੱਤੇ ਗਏ ਹਨ। ਇਹ ਖੁਲਾਸਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਰਦਿਆਂ ਕਿਹਾ ਕਿ ਵਿਧਾਨਸਭਾ ਹਲਕਾ ਦੀਨਾਨਗਰ ਦੇ ਰਾਵੀ ਦਰਿਆ ਪਾਰਲੇ ਸੱਤ ਪਿੰਡਾਂ ਦੇ ਲੋਕਾਂ ਦੀ ਬੜੇ ਹੀ ਲੰਮੇਂ ਸਮੇਂ ਤੋਂ ਰਾਵੀ ਦਰਿਆ ਉਪਰ ਪੱਕੇ ਪੁਲ ਦੀ ਮੰਗ ਸੀ। ਕਿਉਂਕਿ ਦੇਸ਼ ਦੀ ਆਜ਼ਾਦੀ ਦੇ 75 ਸਾਲਾਂ ਤੱਕ ਵੀ ਰਾਵੀ ਪਾਰਲੇ ਲੋਕਾਂ ਨੂੰ ਪਿਛਲੀਆਂ ਸਰਕਾਰਾਂ ਇਕ ਪੱਕਾ ਪੁਲ ਮੁਹੱਈਆ ਨਹੀਂ ਸਨ ਕਰਵਾ ਸਕੀਆਂ ਅਤੇ ਲੋਕਾਂ ਨੂੰ ਦਰਿਆ ਦੇ ਆਰ ਪਾਰ ਜਾਣ ਲਈ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਰਾਵੀ ਦਰਿਆ ਉਪਰ ਮਕੌੜਾ ਪੱਤਣ ਵਿਖੇ 1600 ਮੀਟਰ ਲੰਮੇ ਪੁਲ ਨੂੰ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਤੇਜ਼ੀ ਨਾਲ ਕਦਮ ਚੁੱਕੇ ਜਾ ਰਹੇ ਹਨ ਅਤੇ ਆਉਂਦੇ ਕੁਝ ਦਿਨਾਂ ਦੇ ਅੰਦਰ ਹੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਇਸ ਪੁਲ ਨੂੰ ਬਨਾਉਣ ਦੇ ਕੰਮ ਦਾ ਨੀਂਹ ਪੱਥਰ ਰੱਖਣਗੇ। ਜਿਸ ਮਗਰੋਂ ਜਲਦੀ ਹੀ ਪੁਲ ਤਿਆਰ ਕਰਕੇ ਦੀਨਾਨਗਰ ਹਲਕੇ ਦੇ ਲੋਕਾਂ ਦੇ ਸਪੁਰਦ ਕੀਤਾ ਜਾਵੇਗਾ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਪ੍ਰੋਜੈਕਟ ਅਧੀਨ ਸੱਤ ਪਿੰਡਾਂ ਮਕੌੜਾ, ਚੱਕ ਰਾਮ ਸਹਾਏ, ਮਹੇਸ਼ਪੁਰ, ਤੂਰ, ਰਾਜਪੁਰ ਜੱਟਾਂ, ਸ਼ਾਹਪੁਰ ਅਤੇ ਇਸਮਾਈਲਪੁਰ ਦੀ ਜ਼ਮੀਨ ਹਾਸਲ ਕਰਨ ਲਈ ਕਰੀਬ 8 ਕਰੋੜ ਰੁਪਏ ਦੇ ਐਵਾਰਡ ਪਾਸ ਕਰ ਦਿੱਤੇ ਗਏ ਹਨ ਜਿਸ ਨਾਲ ਹੁਣ ਪੁਲ ਦੇ ਨਿਰਮਾਣ ਕੰਮ ਨੂੰ ਸ਼ੁਰੂ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ।



# ਕਟਾਰੂਚੱਕ ਵੱਲੋਂ ਵਿਕਾਸ ਕਾਰਜਾਂ ਨੂੰ ਲੈ ਕੇ ਬਲਾਕ ਨਰੋਟ ਜੈਮਲ ਸਿੰਘ ਦੀਆਂ ਪੰਚਾਇਤਾਂ ਨਾਲ ਵਿਸ਼ੇਸ਼ ਮੀਟਿੰਗ

ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਦੇ ਅੰਦਰ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਪਿੰਡਾਂ ਦੇ ਵਿਕਾਸ ਦੇ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਵਿਧਾਨ ਸਭਾ ਹਲਕਾ ਭੋਆ ਦੇ ਬਲਾਕ ਨਰੋਟ ਜੈਮਲ ਸਿੰਘ ਦੀਆਂ ਸਾਰੀਆਂ 87 ਪੰਚਾਇਤਾਂ ਨਾਲ ਮੀਟਿੰਗ ਕੀਤੀ ਗਈ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ ਅਤੇ ਪੰਚਾਇਤਾਂ ਵੱਲੋਂ ਚਲ ਰਹੇ ਵਿਕਾਸ ਕਾਰਜਾਂ 'ਤੇ ਚਰਚਾ ਕੀਤੀ ਗਈ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫਤਰ ਵਿਖੇ ਵੱਖ ਵੱਖ ਪੰਚਾਇਤਾਂ ਨਾਲ ਮੀਟਿੰਗ ਕਰਨ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ), ਯੁੱਧਵੀਰ ਸਿੰਘ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਨੀਰੂ ਬਾਲਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਨਰੇਸ਼ ਕੁਮਾਰ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਸੈੱਲ, ਖੁਸ਼ਬੀਰ ਕਾਟਲ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੋਹਣ ਲਾਲ ਭਟੋਆ, ਸੁਰਿੰਦਰ ਸ਼ਾਹ ਬਲਾਕ ਪ੍ਰਧਾਨ, ਵਿਨੋਦ ਕੁਮਾਰ ਨਰੋਲੀ, ਮਨਿੰਦਰ ਸਿੰਘ ਅੰਬੀ ਖੜਕੜਾ, ਮੁਕੇਸ਼ ਕੁਮਾਰ ਗੁਗਰਾਂ, ਤਾਰਾਗੜ੍ਹ ਸਰਕਲ ਰੇਸ਼ੀ ਸੈਣੀ, ਬੇਗੋਵਾਲ ਸਰਕਲ ਅਨੀਸ਼ ਸੈਣੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਕਟਾਰੂਚੱਕ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਪੂਰੇ ਪੰਜਾਬ ਦੀਆਂ ਪੰਚਾਇਤਾਂ ਅੰਦਰ ਵਿਕਾਸ ਕਾਰਜ ਚਲ ਰਹੇ ਹਨ। ਉਨ੍ਹਾਂ ਕਿਹਾ ਕਿ ਕਰਵਾਏ ਜਾ ਰਹੇ ਵਿਕਾਸ ਕਾਰਜ ਨਿਰਧਾਰਤ ਸਮੇਂ ਅੰਦਰ ਤੱਦ ਹੀ ਮੁਕੰਮਲ ਕੀਤੇ ਜਾ ਸਕਦੇ ਹਨ ਜਦੋਂ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਪੰਚਾਇਤਾਂ ਦਾ ਵਧੀਆ ਤਾਲਮੇਲ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਮੇਂ ਵੱਖ ਵੱਖ ਪਿੰਡਾਂ ਅੰਦਰ ਕਿਸੇ ਅੰਦਰ ਕਮਿਊਨਿਟੀ ਹਾਲ ਦਾ ਨਿਰਮਾਣ, ਸੜਕਾਂ ਦੇ ਕਿਨਾਰੇ ਡੰਗਿਆਂ ਦਾ ਨਿਰਮਾਣ ਕਾਰਜ, ਸ਼ਮਸ਼ਾਨਘਾਟ ਦਾ ਨਿਰਮਾਣ ਕਾਰਜ, ਛੱਪੜਾਂ ਦਾ ਨਿਰਮਾਣ ਕਾਰਜ, ਖੇਡ ਮੈਦਾਨਾਂ ਦਾ ਨਿਰਮਾਣ ਕਾਰਜ, ਪਿੰਡਾਂ ਅੰਦਰ ਸੋਲਰ ਲਾਈਟਾਂ ਲਗਾਉਣ ਦਾ ਕੰਮ, ਗਲੀਆਂ -ਨਾਲੀਆਂ ਦਾ ਨਿਰਮਾਣ ਕਾਰਜ ਆਦਿ ਜੋ ਕਾਰਜ ਪਹਿਲਾਂ ਤੋਂ ਚਲ ਰਹੇ ਹਨ ਇਨ੍ਹਾਂ ਕਾਰਜਾਂ ਦੇ ਨਿਰਮਾਣ ਅੰਦਰ ਤੇਜ਼ੀ ਲਿਆਉਣ ਦੀ ਲੋੜ ਹੈ। ਹੁਣ ਪਿਛਲੇ ਦਿਨ੍ਹਾਂ ਅੰਦਰ ਵਿਧਾਨ ਸਭਾ ਹਲਕਾ ਭੋਆ ਅੰਦਰ 8 ਪਿੰਡਾਂ ਵਿੱਚ ਉਨ੍ਹਾਂ ਸ਼ਹੀਦਾਂ ਨੂੰ ਸਮਰਪਿਤ ਯਾਦਗਾਰ ਗੇਟਾਂ ਦਾ ਵੀ ਨਿਰਮਾਣ ਕਰਵਾਇਆ ਜਾ ਰਿਹਾ ਹੈ ਜਿਸ ਤੇ ਕਰੀਬ 80 ਲੱਖ ਰੁਪਏ ਖਰਚ ਕੀਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਹਰੇਕ ਖੇਤਰ ਅੰਦਰ ਵਿਕਾਸ ਕਾਰਜਾਂ ਦੇ ਨਿਰਮਾਣ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ



## ਪੀਰ ਬਾਬਾ ਸ਼ਾਹ ਜਮਾਲ ਦੀ ਦਰਗਾਹ 'ਤੇ ਸਾਲਾਨਾ ਮੇਲਾ ਲੱਗਾ

ਝਬਾਲ, (ਹਰਜਿੰਦਰ ਸਿੰਘ ਸੋਨੀ)-ਝਬਾਲ ਵਿਖੇ ਸਥਿਤ ਪੀਰ ਬਾਬਾ ਸ਼ਾਹ ਜਮਾਲ ਦੀ ਦਰਗਾਹ 'ਤੇ ਸਾਲਾਨਾ ਮੇਲਾ ਸੇਵਾਦਾਰ ਨਿੱਕੂ ਨੰਦਾ, ਗੱਗੂ, ਜੰਗੂ ਤੇ ਨਗਰ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸਵੇਰੇ ਪਵਿੱਤਰ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਸੇਵਾਦਾਰ ਨਿੱਕੂ ਨੰਦਾ, ਗੱਗੂ, ਜੰਗੂ, ਨਿੱਪੀ ਸੂਦ ਸਕੱਤਰ ਜ਼ਿਲਾ ਕਾਂਗਰਸ ਕਮੇਟੀ ਤਰਨਤਾਰਨ, ਹਿਮਾਂਸ਼ੂ ਸੂਦ, ਨਵਸਿਸ ਸੂਦ, ਬਿੱਟੂ ਕੇਬਲ ਵਾਲੇ, ਰਸ਼ਪਾਲ ਸਿੰਘ ਐੱਸ ਪੀ, ਬਾਬਾ ਗੁਰਮੀਤ ਸਿੰਘ ਆਦਿ ਵੱਲੋਂ ਅਦਾ ਕੀਤੀ ਗਈ। ਸਾਰਾ ਦਿਨ ਠੰਡੇ ਮਿੱਠੇ ਜਲ ਦੀ ਛਬੀਲ ਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਭੰਡਾਰੇ ਅਤੁੱਟ ਵਰਤਾਏ ਗਏ ਜਦਕਿ ਸ਼ਾਮ ਨੂੰ ਕੱਵਾਲਾਂ ਵੱਲੋਂ ਮਹਿਫਲ ਸਜਾਈ ਗਈ। ਇਸ ਮੌਕੇ ਬਲਵਿੰਦਰ ਸਿੰਘ ਮਿੰਟੂ, ਬਿਕਰਮ ਸਿੰਘ ਰੂਬਲ ਸਮੇਤ ਸੰਗਤਾਂ ਹਾਜ਼ਰ ਸਨ।



## ਬਾਬਾ ਪੱਲੇ ਸ਼ਾਹ ਦੇ ਮੇਲੇ 'ਤੇ ਅਤੁੱਟ ਛਬੀਲਾਂ ਤੇ ਲੰਗਰ ਲਗਾਏ

ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਕਸੇਲ ਵਿਖੇ ਪੀਰ ਬਾਬਾ ਪੱਲੇ ਸ਼ਾਹ ਦੇ ਸਾਲਾਨਾ ਮੇਲੇ ਦੌਰਾਨ ਛਬੀਲ ਕਮੇਟੀ ਦੇ ਪ੍ਰਧਾਨ ਬਲਕਾਰ ਸਿੰਘ ਭੋਲਾ ਤੇ ਸਮੁੱਚੇ ਮੈਂਬਰਾਂ ਵੱਲੋਂ ਫਰੂਟ ਜੂਸ, ਠੰਡੀ ਮਿੱਠੇ ਜਲ ਅਤੇ ਠੰਡੀ ਮਿੱਠੀ ਲੱਸੀ ਦੇ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਛਬੀਲ ਕਮੇਟੀ ਵੱਲੋਂ ਹਲਕਾ ਤਰਨਤਾਰਨ ਦੇ ਨੌਜਵਾਨ ਕਾਂਗਰਸੀ ਆਗੂ ਰਾਜਬੀਰ ਸਿੰਘ ਭੁੱਲਰ, ਸੀਨੀਅਰ ਅਕਾਲੀ ਆਗੂਆਂ ਸੁਖਜਿੰਦਰ ਸਿੰਘ ਢਿੱਲੋਂ ਕਸੇਲ, ਸਰਪੰਚ ਬਲਜਿੰਦਰ ਸਿੰਘ ਕਸੇਲ, ਜ਼ਿਲ੍ਹਾ ਪ੍ਰੀਸ਼ਦ ਮੈਬਰ ਬਿਕਰਮਜੀਤ ਸਿੰਘ ਰੰਧਾਵਾ ਕਸੇਲ, ਸੂਬੇਦਾਰ ਬਲਦੇਵ ਸਿੰਘ ਕਸੇਲ, ਸਾਬਕਾ ਸਰਪੰਚ ਗੁਰਬਚਨ ਸਿੰਘ ਕਸੇਲ, ਜਗਰੂਪ ਸਿੰਘ, ਜਗਪਿੰਦਰ ਸਿੰਘ ਪ੍ਰਧਾਨ, ਕਾਬਲ ਸਿੰਘ ਫੌਜੀ ਆਮ ਪਾਰਟੀ, ਨੌਨਿਹਾਲ ਸਿੰਘ ਜੇਈ, ਨਰਿੰਦਰ ਕੁਮਾਰ, ਗੁਰਤੇਜ ਸਿੰਘ ਟਿੰਕੂ, ਵਾਲਮਿਕ ਸਮਾਜ ਦੇ ਪ੍ਰਧਾਨ ਸਾਹਿਬ ਸਿੰਘ ਆਦਿ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੁਲਦੀਪ ਸਿੰਘ ਕਸੇਲ ਬੋਰਾਂ ਵਾਲੇ, ਕਰਮਜੀਤ ਸਿੰਘ ਮੰਨੂੰ ਕਸੇਲ ਬੋਰਾਂ ਵਾਲੇ, ਦਲਬੀਰ ਸਿੰਘ ਮੈਂਬਰ, ਅੰਮ੍ਰਿਤ ਪਾਲ ਸਿੰਘ, ਗੁਰਪ੍ਰੀਤ ਸਿੰਘ ਗੋਪੀ ਸ਼ਾਹ, ਜੈਮਲ ਸਿੰਘ ਮਾਹਲਾ, ਦਿਲਬਾਗ ਸਿੰਘ ਢਿੱਲੋਂ, ਨਵਪ੍ਰੀਤ ਸਿੰਘ, ਸਵਿੰਦਰ ਸਿੰਘ ਛਿੰਦਾ ਦਮਨ, ਮੁਖਤਾਰ ਸਿੰਘ, ਹਜ਼ਾਰਾ ਸਿੰਘ, ਪ੍ਰਮਜੀਤ ਸਿੰਘ ਫੌਜੀ, ਕਸ਼ਮੀਰ ਸਿੰਘ ਮੋਨੂੰ, ਨਵਦੀਪ ਸਿੰਘ, ਅੰਮ੍ਰਿਤ ਪਾਲ ਸਿੰਘ, ਗੇਬਾ ਸਿੰਘ, ਕਰਨ ਸਿੰਘ, ਕਿਰਪਾਲ ਮੁਨਸ਼ ਆਦਿ ਹਾਜ਼ਰ ਸਨ।



## ਲੁਧਿਆਣਾ ਜ਼ਿਮਨੀ ਚੋਣ ਜਿੱਤ ਕੇ ਸੈਮੀਫਾਈਨਲ ਜਿੱਤ ਲਿਆ: 'ਆਪ' ਆਗੂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਬੀਤੇ ਦਿਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਆਮ ਆਦਮੀ ਪਾਰਟੀ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਸੰਧੂ ਨੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਨਿਰਦੇਸ਼ ਦਿੱਤੇ। ਇਸ ਮੌਕੇ ਸੰਬੋਧਨ ਗੁਰਪ੍ਰਤਾਪ ਸਿੰਘ ਸੰਧੂ ਤੇ ਬਲਬੀਰ ਸਿੰਘ ਬੋਪਾਰਾਏ ਜ਼ਿਲਾ ਪ੍ਰਧਾਨ ਕਿਸਾਨ ਵਿੰਗ ਨੇ ਗੱਲਬਾਤ ਕਰਦਿਆਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਚੋਣ ਜਿੱਤਣ ਨਾਲ ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਜਿੱਤ ਲਿਆ ਹੈ ਅਤੇ 2027 'ਚ ਆਪ ਫਾਈਨਲ ਜਿੱਤ ਕੇ ਇਕ ਵਾਰ ਫਿਰ ਸੂਬੇ ਵਿਚ ਆਪਣੀ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਆਪ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਨੂੰ ਵੱਡੀਆਂ ਸਹੂਲਤਾਂ ਦੇ ਕੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਭਰਪੂਰ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਬਲਬੀਰ ਸਿੰਘ ਬੋਪਾਰਾਏ ਜ਼ਿਲਾ ਪ੍ਰਧਾਨ ਕਿਸਾਨ ਵਿੰਗ ਨੇ ਇਲਾਕੇ ਨਾਲ ਸਬੰਧਤ ਮੁਸ਼ਕਲਾਂ ਨੂੰ ਜ਼ਿਲ੍ਹਾ ਪ੍ਰਧਾਨ ਅੱਗੇ ਰੱਖਿਆ।

ਇਸ ਮੌਕੇ ਤਰਵਿੰਦਰ ਸਿੰਘ ਬਲਾਕ ਪ੍ਰਧਾਨ, ਮੇਜਰ ਸਿੰਘ ਸਰਪੰਚ ਬੁਲਾਰਾ, ਬਲਦੇਵ ਸਿੰਘ ਬੋਪਾਰਾਏ, ਰਣਜੀਤ ਸਿੰਘ ਤਨੇਲ, ਗੁਰਪਾਲ ਸਿੰਘ ਤਨੇਲ, ਪ੍ਰਮਜੀਤ ਸਿੰਘ ਤਾਹਰਪੁਰ, ਬਲਜੀਤ ਸਿੰਘ ਸਰਾਂ, ਜਸਬੀਰ ਸਿੰਘ ਭੋਏ ਆਦਿ ਆਗੂ ਹਾਜ਼ਰ ਸਨ।



## 260 ਗ੍ਰਾਮ ਹੈਰੋਇਨ ਸਮੇਤ ਦੋਸ਼ੀ ਗ੍ਰਿਫਤਾਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਮਨਿੰਦਰ ਸਿੰਘ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੀ ਅਗਵਾਈ ਹੇਠ ਥਾਣਾ ਮੱਤੇਵਾਲ ਦੀ ਪੁਲਸ ਫੋਰਸ ਵੱਲੋਂ ਇੱਕ ਦੋਸ਼ੀ ਨੂੰ 260 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ। ਇਸ ਸਬੰਧੀ ਮਨਿੰਦਰ ਸਿੰਘ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਏਐੱਸਆਈ ਮਨਦੀਪ ਸਿੰਘ ਸਮੇਤ ਸਾਥੀ ਕਰਮਚਾਰੀਆਂ ਵੱਲੋਂ ਇੰਦਰਜੀਤ ਸਿੰਘ ਉਰਫ ਬਾਲਮੀਕ ਪੁੱਤਰ ਸੁਰਿੰਦਰ ਸਿੰਘ ਵਾਸੀ ਤਾਹਰਪੁਰ ਨੂੰ ਸਮੇਤ 260 ਗ੍ਰਾਮ ਹੈਰੋਇਨ ਦੇ ਗ੍ਰਿਫਤਾਰ ਕੀਤਾ ਗਿਆ। ਗੁਪਤ ਸੂਚਨਾ ਮਿਲੀ ਸੀ ਕਿ ਇੰਦਰਜੀਤ ਸਿੰਘ ਉਰਫ ਬਾਲਮੀਕ ਪੁੱਤਰ ਸੁਰਿੰਦਰ ਸਿੰਘ ਵਾਸੀ ਤਾਹਰਪੁਰ ਹੈਰੋਇਨ ਲਿਆ ਕੇ ਵੱਖ ਵੱਖ ਪਿੰਡਾਂ ਵਿੱਚ ਸਪਲਾਈ ਕਰਦਾ ਹੈ। ਏਐੱਸਆਈ ਮਨਦੀਪ ਸਿੰਘ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੇ ਪੁਲ ਸੂਆ ਨਾਕਾਬੰਦੀ ਕੀਤੀ ਗਈ ਅਤੇ ਇੰਦਰਜੀਤ ਸਿੰਘ ਉਕਤ ਨੂੰ ਕਾਬੂ ਕੀਤਾ ਗਿਆ। ਪਵਨ ਕੁਮਾਰ ਪੀਪੀਐੱਸ ਉਪ ਕਪਤਾਨ ਪੁਲਸ ਸਬਡਵੀਜ਼ਨ ਮਜੀਠਾ ਨੂੰ ਮੌਕੇ 'ਤੇ ਬੁਲਾਇਆ ਗਿਆ। ਪਵਨ ਕੁਮਾਰ ਦੀ ਹਾਜ਼ਰੀ ਵਿੱਚ ਇੰਦਰਜੀਤ ਸਿੰਘ ਉਕਤ ਦੀ ਤਲਾਸ਼ੀ ਕਰਨ ਉਪਰੰਤ ਉਸ ਕੋਲੋਂ 260 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਜਿਸ 'ਤੇ ਦੋਸ਼ੀ ਇੰਦਰਜੀਤ ਸਿੰਘ ਦੇ ਖਿਲਾਫ ਥਾਣਾ ਮੱਤੇਵਾਲ ਵਿਖੇ ਮੁਕੱਦਮਾ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।



## ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਵੱਲੋਂ ਨੌਜਵਾਨਾਂ ਲਈ ਮਾਰਕੀਟ ਲਿੰਕਡ ਪ੍ਰੋਡਕਟ ਲਾਂਚ

**ਅੰਮ੍ਰਿਤਸਰ** :ਆਈਸੀਆਈਸੀਆਈ ਪਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਆਈਸੀਆਈਸੀਆਈ ਪਰੂਸਮਾਰਟ ਇੰਸ਼ੋਰੈਂਸ ਪਲਾਨ ਪਲੱਸ ਲਾਂਚ ਕੀਤਾ ਹੈ। ਇਹ ਇੱਕ ਮਾਰਕੀਟ-ਲਿੰਕਡ ਪ੍ਰੋਡੈਕਟ ਹੈ ਜੋ ਗਾਹਕਾਂ ਨੂੰ ਦੌਲਤਮੰਦ ਬਣਾਉਣ ਵਿੱਚ ਮਦਦ ਕਰੇਗਾ। ਇਸ ਉਤਪਾਦ ਨੂੰ ਸਿਰਫ਼ 1000 ਰੁਪਏ ਦੇ ਮਾਸਿਕ ਪ੍ਰੀਮੀਅਮ ਤੇ ਖਰੀਦਿਆ ਜਾ ਸਕਦਾ ਹੈ। ਇਸ ਨਾਲ ਨੌਜਵਾਨ ਗਾਹਕ ਆਸਾਨੀ ਨਾਲ ਨਿਯਮਤ ਨਿਵੇਸ਼ ਕਰ ਸਕਦੇ ਹਨ ਅਤੇ ਆਪਣੇ ਲੰਬੇ ਸਮੇਂ ਦੇ ਵਿੱਤੀ ਟੀਚਿਆਂ ਨੂੰ ਪੂਰਾ ਕਰ ਸਕਦੇ ਹਨ। ਮੁੱਖ ਪ੍ਰੋਡਕਟ ਅਤੇ ਵੰਡ ਅਧਿਕਾਰੀ ਅਮਿਤ ਪਲਟਾ ਨੇ ਕਿਹਾ ਕਿ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਹੈ ਅਤੇ ਮੋਰਗਨ ਸਟੈਨਲੀ ਦੇ ਅਨੁਸਾਰ 2028 ਤੱਕ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗੀ। ਦੇਸ਼ ਦੀ ਵਿਕਾਸ ਯਾਤਰਾ ਨੌਜਵਾਨਾਂ ਦੁਆਰਾ ਚਲਾਈ ਜਾ ਰਹੀ ਹੈ, ਜੋ ਕੁੱਲ ਆਬਾਦੀ ਦਾ ਲਗਭਗ 65% ਹਨ।

## ਅੰਤਰਰਾਸ਼ਟਰੀ ਵਾਲਮੀਕਿ ਮਜ਼੍ਹਬੀ ਸਿੱਖ ਧਰਮ ਸਮਾਜ ਭਾਰਤ ਵੱਲੋਂ ਸ਼੍ਰੋਮਣੀ ਵਾਲਮੀਕਿ ਤੀਰਥ ਪ੍ਰਬੰਧਕ ਕਮੇਟੀ ਨੂੰ ਸਮਰਥਨ

**ਅੰਮ੍ਰਿਤਸਰ , (ਜਗਦੀਸ਼ ਕਮਲੇਸ਼)**-ਅੱਜ ਦਾ ਦਿਨ ਸ਼੍ਰੋਮਣੀ ਵਾਲਮੀਕਿ ਤੀਰਥ ਪ੍ਰਬੰਧਕ ਕਮੇਟੀ ਲਈ ਇਕ ਇਤਿਹਾਸਕ ਮੌਕਾ ਸਾਬਤ ਹੋ ਇਆ। ਅੰਤਰਰਾਸ਼ਟਰੀ ਵਾਲਮੀਕਿ ਮਜ਼ਹਬੀ ਸਿੱਖ ਧਰਮ ਸਮਾਜ ਭਾਰਤ ਵੱਲੋਂ ਰਾਮ ਤੀਰਥ ਦੀ ਆਜ਼ਾਦੀ ਲਈ ਚੱਲ ਰਹੀ ਧਾਰਮਿਕ ਲਹਿਰ ਨੂੰ ਪੂਰਾ ਸਮਰਥਨ ਦਿੱਤਾ ਗਿਆ।

ਇਹ ਸਮਰਥਨ ਸੰਸਥਾਪਕ ਤੇ ਪ੍ਰਧਾਨ ਬਲਦੇਵ ਸਿੰਘ (ਮਹਾਰਾਜ) ਦੀ ਅਗਵਾਈ ਹੇਠ ਚੱਲ ਰਹੇ ਸੰਘਰਸ਼ ਨੂੰ ਨਵੀਂ ਹੌਸਲਾ ਅਫ਼ਜ਼ਾਈ ਦਿੰਦਾ ਹੈ। ਇਸ ਮੌਕੇ ਹਾਜ਼ਿਰ ਮਹਾਨ ਸ਼ਖ਼ਸੀਅਤਾਂ ਸਵਾਮੀ ਮਹੰਤ ਬਬਲਾ ਦਾਸ, ਰਾਸ਼ਟਰੀ ਪ੍ਰਧਾਨ ਰਾਜ ਕੁਮਾਰ ਅਟਵਾਲ, ਬਾਬਾ ਰਵਿੰਦਰ ਗਿਰੀ, ਬਾਬਾ ਵਿਜੈ ਸ਼ੇਰੀ ਜੀ, ਸੁਰੇਸ਼ ਬੇਦੀ, ਰਮਨਦੀਪ ਸਿੰਘ, ਰੀਨਾ ਪਰੋਚਾ ਅਤੇ ਹੋਰ ਸਾਥੀ ਵੀਰ ਤੇ ਭੈਣਾਂ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ।

ਇਸ ਮੌਕੇ ਇਹ ਨਿਸ਼ਚਾ ਕੀਤਾ ਗਿਆ ਕਿ ਰਾਮ ਤੀਰਥ ਨੂੰ ਸਰਕਾਰੀ ਜ਼ੋਰ-ਜਬਰਨ ਤੋਂ ਆਜ਼ਾਦ ਕਰਵਾਉਣ ਲਈ ਅਤੇ ਸ਼੍ਰੋਮਣੀ ਵਾਲਮੀਕਿ ਤੀਰਥ ਪ੍ਰਬੰਧਕ ਕਮੇਟੀ ਦੇ ਮਿਸ਼ਨ ਨੂੰ ਹਰ ਘਰ, ਪਿੰਡ, ਕਸਬੇ ਅਤੇ ਸ਼ਹਿਰ ਤੱਕ ਲਿਜਾਇਆ ਜਾਵੇਗਾ। ਬਲਦੇਵ ਸਿੰਘ ਮਹਾਰਾਜ ਨੇ ਕਿਹਾ ਕਿ ਸਾਡੀ ਕਮੇਟੀ ਹਰ ਧਰਮ ਦਾ ਆਦਰ ਕਰਦੀ ਹੈ।

ਹਰ ਮਨੁੱਖ ਨੂੰ ਆਪਣੀ ਭਾਵਨਾ ਅਤੇ ਧਰਮ ਅਨੁਸਾਰ ਜਿਉਣ ਅਤੇ ਉਸ ਦੀ ਰਾਖੀ ਕਰਨ ਦਾ ਪੂਰਾ ਹੱਕ ਹੈ ਪਰ ਜਦੋਂ ਧਾਰਮਿਕ ਥਾਵਾਂ ਨੂੰ ਸਰਕਾਰੀ ਬੰਦਸ਼ਾਂ ਹੇਠ ਰੱਖਿਆ ਜਾਂਦਾ ਹੈ ਤਾਂ ਸੱਚ ਦੀ ਹਮਾਇਤ ਕਰਨੀ ਸਭ ਦੀ ਸਾਂਝੀ ਜ਼ਿੰਮੇਵਾਰੀ ਬਣ ਜਾਂਦੀ ਹੈ। ਇਹ ਸਮਰਥਨ ਸਿਰਫ਼ ਇਕ ਸੰਗਠਨ ਦਾ ਨਹੀਂ ਸਗੋਂ ਇਕ ਧਰਮ, ਇਕ ਭਾਵਨਾ ਅਤੇ ਏਕਤਾ ਦੀ ਪਹਿਚਾਣ ਹੈ।



# ਵੱਖ-ਵੱਖ ਮਹਿਕਮਿਆਂ 'ਚ ਕਿਸਾਨਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਸਹਿਣ ਨਹੀਂ ਕਰਾਂਗੇ : ਰਵੀ

ਪੱਟੀ (ਬਲਦੇਵ ਸਿੰਘ ਸੰਧੂ)-ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕਿਸਾਨਾਂ ਦੀ ਤਹਿਸੀਲ ਪੱਟੀ ਦੇ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਦਾ ਵਫ਼ਦ ਜਥੇਬੰਦੀ ਦੇ ਸੂਬਾ ਆਗੂ ਬੁੱਧ ਸਿੰਘ ਰੂੜੀਵਾਲਾ, ਤਹਿਸੀਲ ਪੱਟੀ ਦੇ ਪ੍ਰਧਾਨ ਜਰਨੈਲ ਸਿੰਘ ਬੱਠੇਭੈਣੀ, ਤਹਿਸੀਲ ਭਿੱਖੀਵਿੰਡ ਦੇ ਪ੍ਰਧਾਨ ਅਮਰਜੀਤ ਸਿੰਘ ਭਿੱਖੀਵਿੰਡ, ਸਤਨਾਮ ਸਿੰਘ ਨਦੋਹਰ, ਲਖਵਿੰਦਰ ਸਿੰਘ ਰੂੜੀਵਾਲਾ, ਸਾਹਬ ਸਿੰਘ ਕਲਸੀ ਦੀ ਅਗਵਾਈ ਹੇਠ ਕਿਸਾਨਾਂ ਦੀ ਹੋ ਰਹੀ ਖੱਜਲ ਖੁਆਰੀ ਦੇ ਖਿਲਾਫ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ ਨੂੰ ਮਿਲਿਆ। ਅਧਿਕਾਰੀਆਂ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਕਿਸਾਨਾਂ ਦੇ ਮਸਲੇ ਬਿਨਾਂ ਦੇਰੀ ਦੇ ਜਲਦ ਹੱਲ ਕੀਤੇ ਜਾਣਗੇ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ ਨੇ ਕਿਹਾ ਕਿ ਅਧਿਕਾਰੀਆਂ ਵੱਲੋਂ ਕਾਨੂੰਨਾਂ ਨੂੰ ਛਿੱਕੇ 'ਤੇ ਟੰਗ ਕੇ ਕਿਸਾਨਾਂ ਦੀ ਖੱਜਲ ਖੁਆਰੀ ਕੀਤੀ ਜਾ ਰਹੀ ਹੈ ਜਿਸ ਨੂੰ ਜਥੇਬੰਦੀ ਸਹਿਣ ਨਹੀਂ ਕਰੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਤੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਹੱਲਾ ਬੋਲਿਆ ਜਾ ਰਿਹਾ ਹੈ, ਦੂਜੇ ਪਾਸੇ ਸਮਾਰਟ ਮੀਟਰਾਂ ਨੂੰ ਵੱਖ-ਵੱਖ ਅਦਾਰਿਆਂ ਅਤੇ ਕਿਸਾਨਾਂ, ਮਜ਼ਦੂਰਾਂ ਦੇ ਘਰਾਂ ਵਿੱਚ ਲਾ ਕੇ ਵਿਦੇਸ਼ੀ ਕੰਪਨੀਆਂ ਨੂੰ ਬਿਜਲੀ ਬੋਰਡ ਨੂੰ ਵੇਚਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਸਰਕਾਰਾਂ ਵੱਲੋਂ ਕਿਸਾਨਾਂ ਦੀਆਂ ਫਸਲਾਂ ਤੇ ਐੱਮਐੱਸਪੀ ਕਾਨੂੰਨ ਦੀ ਗਰੰਟੀ ਦੇਣ ਦੀ ਬਜਾਏ ਕਿਸਾਨਾਂ ਦੀਆਂ ਫਸਲਾਂ ਨੂੰ ਕੌਡੀਆਂ ਦੇ ਭਾਅ ਮੰਡੀਆਂ ਵਿੱਚ ਰੋਲਿਆ ਜਾ ਰਿਹਾ ਹੈ ਅਤੇ ਫਸਲੀ ਵਿਭਿੰਨਤਾ ਤੋਂ ਸਰਕਾਰਾਂ ਹੱਥ ਪਿੱਛੇ ਖਿੱਚ ਰਹੀਆਂ ਹਨ। ਪੰਜਾਬ ਦੇ ਕਿਸਾਨ ਇਨ੍ਹਾਂ ਲੋਕ ਮਾਰੂ ਨੀਤੀਆਂ ਨੂੰ ਕਦੇ ਵੀ ਸਹਿਣ ਨਹੀਂ ਕਰਨਗੇ। ਵਫਦ ਵਿੱਚ ਪਿੰਡ ਰੂੜੀ ਵਾਲਾ ਦੀ ਇਕਾਈ ਦੇ ਪ੍ਰਧਾਨ ਸਕੱਤਰ ਸਿੰਘ ਰਾਜਾ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਦਿਲਬਾਗ ਸਿੰਘ, ਬਲਵਿੰਦਰ ਸਿੰਘ ਲੱਡੂ, ਬਾਬਾ ਜੋਧਾ ਸਿੰਘ ਇਕਾਈ ਦੇ ਪ੍ਰਧਾਨ ਸਤਨਾਮ ਸਿੰਘ, ਇਕਾਈ ਬੱਠੇ ਭੈਣੀ ਦੇ ਆਗੂ ਪਰਮਜੀਤ ਸਿੰਘ ਅਤੇ ਕਰਤਾਰ ਸਿੰਘ ਜਥੇਦਾਰ ਹਾਜ਼ਰ ਸਨ।



# ਪੁਰਾਣੇ ਸਿਵਲ ਹਸਪਤਾਲ 'ਚ ਸਿਜ਼ੇਰੀਅਨ ਜਣੇਪੇ ਦੀ ਮੁੜ ਸ਼ੁਰੂਆਤ

## * ਚੇਅਰਮੈਨ ਰਮਨ ਬਹਿਲ ਨੇ ਨਵ-ਜੰਮੀ ਬੱਚੀ ਨੂੰ ਪਾਇਆ ਸ਼ਗਨ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਪੁਰਾਣਾ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਜਣੇਪੇ ਦੌਰਾਨ ਸਿਜ਼ੇਰੀਅਨ ਦੀ ਸਹੂਲਤ ਦੁਬਾਰਾ ਸ਼ੁਰੂ ਹੋ ਗਈ ਹੈ। ਸਿਵਲ ਹਸਪਤਾਲ ਵਿੱਚ ਦੀਨਾਨਗਰ ਦੇ ਵਾਸੀ ਸ਼ੰਕਰ ਕੁਮਾਰ ਦੀ ਧਰਮ ਪਤਨੀ ਸੀਮਾ ਰਾਣੀ ਦਾ ਮਾਹਿਰ ਡਾਕਟਰਾਂ ਵੱਲੋਂ ਸਿਜ਼ੇਰੀਅਨ ਜਣੇਪਾ ਕੀਤਾ ਗਿਆ, ਜਿਸ ਦੌਰਾਨ ਇੱਕ ਬਹੁਤ ਹੀ ਪਿਆਰੀ ਨੰਨ੍ਹੀ ਪਰੀ ਨੇ ਜਨਮ ਲਿਆ। ਜੱਚਾ ਤੇ ਬੱਚਾ ਦੋਵੇਂ ਪੂਰੀ ਤਰ੍ਹਾਂ ਠੀਕ ਹਨ। ਇਸ ਮੌਕੇ ਚੇਅਰਮੈਨ ਬਹਿਲ ਨੇ ਬੱਚੀ ਨੂੰ ਸ਼ਗਨ ਪਾ ਕੇ ਉਸ ਦੇ ਤੰਦਰੁਸਤ, ਸੁਨਹਿਰੀ ਤੇ ਖੁਸ਼ਹਾਲ ਭਵਿੱਖ ਦੀ ਕਾਮਨਾ ਕੀਤੀ। ਸਿਜ਼ੇਰੀਅਨ ਦੀ ਇਹ ਸਹੂਲਤ 10 ਸਾਲ ਬਾਅਦ ਮੁੜ ਸ਼ੁਰੂ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਗੁਰਦਾਸਪੁਰ ਦੇ ਇਸ ਹਸਪਤਾਲ ਨੂੰ ਬੰਦ ਕਰਵਾ ਦਿੱਤਾ ਗਿਆ ਸੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਨੇ ਨਿੱਜੀ ਕੋਸ਼ਿਸ਼ਾਂ ਕਰਕੇ ਇਸ ਬੰਦ ਪਏ ਪੁਰਾਣੇ ਸਿਵਲ ਹਸਪਤਾਲ ਨੂੰ ਸਾਲ 2022 ਵਿੱਚ ਮੁੜ ਸ਼ੁਰੂ ਕਰਵਾਇਆ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੁਰਾਣੇ ਸਿਵਲ ਹਸਪਤਾਲ ਨੂੰ ਅਰਬਨ ਕਮਿਊਨਿਟੀ ਹੈਲਥ ਸੈਂਟਰ ਦਾ ਦਰਜਾ ਦੇਣ ਤੋਂ ਬਾਅਦ ਏਥੇ 24 ਘੰਟੇ ਐਮਰਜੈਂਸੀ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਸ਼੍ਰੀ ਬਹਿਲ ਨੇ ਦੱਸਿਆ ਕਿ ਇਸੇ ਸਾਲ ਮਾਰਚ ਮਹੀਨੇ ਪੁਰਾਣੇ ਸਿਵਲ ਹਸਪਤਾਲ ਵਿੱਚ ਜੱਚਾ-ਬੱਚਾ ਸੇਵਾਵਾਂ ਸ਼ੁਰੂ ਹੋ ਗਈਆਂ ਸਨ ਅਤੇ ਹੁਣ ਇੱਕ ਕਦਮ ਹੋਰ ਵਧਾਉਂਦਿਆਂ ਪੁਰਾਣੇ ਸਿਵਲ ਹਸਪਤਾਲ ਗੁਰਦਾਸਪੁਰ 'ਚ ਸਿਜ਼ੇਰੀਅਨ ਜਣੇਪੇ ਦੀ ਸਹੂਲਤ ਵੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਹੂਲਤ ਦਾ ਇਲਾਕੇ ਦੀਆਂ ਗਰਭਵਤੀ ਔਰਤਾਂ ਨੂੰ ਲਾਭ ਹੋਵੇਗਾ।



## 25 ਪਿੰਡਾਂ 'ਚ ਲਗਾਏ ਗਏ ਗੁਰਮਤਿ ਸਿਰਜਣਾ ਕੈਂਪਾਂ ਦੀ ਲੜੀ ਸਫਲਤਾਪੂਰਵਕ ਸਮਾਪਤ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਅਕਾਲ ਪੁਰਖ ਕੀ ਫੌਜ ਵੱਲੋਂ ਗੁਰਦੁਆਰਾ ਟਾਹਲੀ ਸਾਹਿਬ ਦੇ ਸਹਿਯੋਗ ਨਾਲ ਕਰੀਬ 25 ਪਿੰਡਾਂ ਵਿੱਚ ਲਗਾਏ ਗਏ ਗੁਰਮਤਿ ਸਿਰਜਣਾ ਕੈਂਪਾਂ ਦੀ ਲੜੀ ਸਫਲਤਾਪੂਰਵਕ ਸਮਾਪਤ ਹੋ ਗਈ ਹੈ। ਇਨ੍ਹਾਂ ਕੈਂਪਾਂ ਵਿੱਚ 600 ਤੋਂ ਵੱਧ ਬੱਚਿਆਂ ਨੇ ਸ਼ਿਰਕਤ ਕਰਕੇ ਗੁਰਮਤਿ ਗਿਆਨ ਪ੍ਰਾਪਤ ਕੀਤਾ। ਇਸ ਮੌਕੇ ਹਰਵਿੰਦਰ ਪਾਲ ਸਿੰਘ ਜੈਨਪੁਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚੋਂ ਚੁਣੇ ਗਏ 150 ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਬਾਰਠ ਸਾਹਿਬ, ਪਠਾਨਕੋਟ ਦੀ ਯਾਤਰਾ ਕਰਵਾਈ ਗਈ। ਇਸ ਉਪਰੰਤ, ਗੁਰਦੁਆਰਾ ਗੁਰੂਸਰ ਪਾਤਸ਼ਾਹੀ ਪੰਜਵੀਂ ਵਿਖੇ ਬੱਚਿਆਂ ਲਈ ਦੋ ਘੰਟੇ ਦੀ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਕਾਰਜ ਨੂੰ ਸਫਲ ਬਣਾਉਣ ਲਈ ਮੈਨੇਜਰ ਹਰਜੀਤ ਸਿੰਘ, ਭਾਈ ਸਰਬਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਟਾਹਲੀ ਸਾਹਿਬ, ਨਿਸ਼ਾਨ ਸਿੰਘ ਸਰਪੰਚ, ਭਾਈ ਸਤਨਾਮ ਸਿੰਘ, ਭਾਈ ਹਰਭਾਲ ਸਿੰਘ, ਗੁਰਜੀਤ ਸਿੰਘ, ਨਿਰਮਲ ਸਿੰਘ, ਭਾਈ ਹਰਪ੍ਰੀਤ ਸਿੰਘ, ਜਗਜੀਤ ਸਿੰਘ, ਭਜਨ ਸਿੰਘ, ਮਨਵਿੰਦਰ ਸਿੰਘ ਅਵਾਂਖਾ, ਰਾਜਵਿੰਦਰ ਸਿੰਘ, ਜਸਵਿੰਦਰ ਸਿੰਘ, ਜੋਬਨਪ੍ਰੀਤ ਸਿੰਘ, ਬਲਜਿੰਦਰ ਸਿੰਘ, ਹੀਰਾ ਸਿੰਘ, ਅਭਿਸ਼ੇਕ ਸਿੰਘ, ਦਵਿੰਦਰ ਸਿੰਘ, ਪਰਮਜੋਤ ਸਿੰਘ, ਪੁਸ਼ਪਿੰਦਰ ਸਿੰਘ, ਐਡਵੋਕੇਟ ਸੁਮਨਪ੍ਰੀਤ ਸਿੰਘ, ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ, ਰੰਗੀਲ ਸਿੰਘ, ਕਿਰਪਾਲ ਸਿੰਘ, ਮਨਪ੍ਰੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਸੰਸਥਾ ਨੇ ਇਸ ਕਾਰਜ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਵਾਲੀਆਂ ਸਮੂਹ ਸੰਗਤਾਂ, ਸੇਵਾਦਾਰਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ।



## ਵਿਜੇ ਕਲਾਥ ਹਾਊਸ ਦੇ ਸਾਬਕਾ ਸੇਲਜ਼ਮੈਨ ਦੀ ਕੁੱਟਮਾਰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਬੀਤੇ ਕੱਲ ਸ਼ਾਮ 7 ਵਜੇ ਦੇ ਕਰੀਬ ਪੀਬੀਐੱਸ ਸ਼ਾਪਿੰਗ ਸੈਂਟਰ ਮਹਿਤਾ ਚੌਂਕ ਤੋਂ ਛੁੱਟੀ ਕਰਕੇ ਘਰ ਨੂੰ ਵਾਪਸ ਜਾ ਰਹੇ ਸੇਲਜ਼ਮੈਨ ਦੀ ਕੁੱਝ ਵਿਅਕਤੀਆਂ ਵੱਲੋਂ ਕੁੱਟਮਾਰ ਕੀਤੀ ਗਈ। ਪੀੜਤ ਸ਼ਸ਼ੀ ਕੁਮਾਰ ਨੇ ਦੱਸਿਆ ਕਿ ਉਹ ਪਹਿਲਾਂ ਵਿਜੇ ਕਲਾਥ ਹਾਊਸ ਤੇ ਸੇਲਜ਼ਮੈਨ ਦੀ ਨੌਕਰੀ ਕਰਦਾ ਸੀ। ਹੁਣ ਉਹ ਪੀਬੀਐੱਸ 'ਤੇ ਨੌਕਰੀ ਕਰਦਾ ਹੈ ਪਰ ਉਸਨੂੰ ਪਹਿਲੇ ਮਾਲਕ ਤੇ ਉਸਦੇ ਡਰਾਈਵਰ ਵੱਲੋਂ ਸਬਕ ਸਿਖਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਅਤੇ ਅੱਜ ਇਹ ਭਾਣਾ ਵਰਤ ਗਿਆ। ਸੂਚਨਾ ਮਿਲਦੇ ਸਾਰ ਹੀ ਪੀਬੀਐੱਸ ਦੇ ਮਾਲਕ ਬਲਕਾਰ ਸਿੰਘ ਮੱਤੇਵਾਲ ਨੇ ਜ਼ਖਮੀ ਨੂੰ ਤੁਰੰਤ ਹਸਪਤਾਲ ਪਹੁੰਚਾ ਦਿੱਤਾ। ਉਕਤ ਘਟਨਾ ਸਬੰਧੀ ਜਦੋਂ ਵਿਜੇ ਕਲਾਥ ਹਾਊਸ ਦੇ ਮਾਲਕ ਬਾਊ ਵਿਜੇ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਆਪਣਾ ਪੱਖ ਦੱਸਦਿਆਂ ਕਿਹਾ ਕਿ ਸ਼ਸ਼ੀ ਕੁਮਾਰ ਦੀ ਮੇਰੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਉਸਦਾ ਝਗੜਾ ਮੇਰੇ ਨਾਲ ਨਹੀਂ ਸਗੋਂ ਮੇਰੇ ਡਰਾਈਵਰ ਨਾਲ ਹੋਇਆ ਹੈ, ਮੈਂ ਤਾਂ ਸਗੋਂ ਅੱਗੇ ਹੋ ਕੇ ਉਨ੍ਹਾਂ ਨੂੰ ਛੁਡਵਾਇਆ ਹੈ।



## ਸੇਮ ਨਹਿਰ ਤੋਂ ਗੁਰਦੁਆਰਾ ਸਾਹਿਬ ਘੱਲੂਘਾਰਾ ਜਾਂਦੀ ਲਿੰਕ ਸੜਕ ਥਾਂ-ਥਾਂ ਤੋਂ ਟੁੱਟਣ ਕਾਰਨ ਰਾਹਗੀਰ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੀ ਸੇਮ ਨਹਿਰ ਕੰਢੇ ਗੁਰਦੁਆਰਾ ਸ੍ਰੀ ਘੱਲੂਘਾਰਾ ਸਾਹਿਬ ਨੂੰ ਜਾਣ ਵਾਲੀ ਲਿੰਕ ਸੜਕ ਕੁਝ ਸਮਾਂ ਪਹਿਲਾਂ ਹੀ ਬਣੀ ਸੀ ਪਰ ਹੁਣ ਥਾਂ-ਥਾਂ ਤੋਂ ਟੁੱਟਣ ਨਾਲ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕ ਦਾ ਕੁਝ ਹੀ ਹਿੱਸਾ ਪੁਲੀ ਨੇੜਿਓਂ ਹੇਠਾਂ ਹੀ ਧਸ ਗਿਆ ਹੈ। ਇਸ ਸਬੰਧੀ ਇਲਾਕਾ ਵਾਸੀਆਂ ਨੇ ਦੱਸਿਆ ਕਿ ਉਕਤ ਸੜਕ 'ਤੇ ਪ੍ਰਸਿੱਧ ਧਾਰਮਿਕ ਸਥਾਨ ਗੁਰਦੁਆਰਾ ਸ੍ਰੀ ਘੱਲੂਘਾਰ ਸਾਹਿਬ, ਹੈਰੀਟੇਜ ਕੰਪਲੈਕਸ ਆਦਿ ਧਾਰਮਿਕ ਸਥਾਨ ਪੈਂਦੇ ਹਨ ਜਿਨ੍ਹਾਂ ਨੂੰ ਪੰਜਾਬ ਦੇ ਹਰ ਕੋਨੇ ਅਤੇ ਦੇਸ਼-ਵਿਦੇਸ਼ ਤੋਂ ਕਾਫੀ ਲੋਕ ਵੇਖਣ ਲਈ ਆਉਂਦੇ ਹਨ। ਇਸ ਲਿੰਕ ਸੜਕ ਤੋਂ ਪਿੰਡ ਗੁਨੋਪੁਰ ਆਦਿ ਨੂੰ ਸੜਕ ਜਾਂਦੀ ਹੈ। ਇਸ ਤੋਂ ਇਲਾਵਾ ਕਿਸਾਨਾਂ ਦੀ ਹਜ਼ਾਰਾਂ ਏਕੜ ਜ਼ਮੀਨ ਇਸ ਸੜਕ ਕੰਢੇ ਲੱਗਦੀ ਹੈ। ਸੜਕ ਦੇ ਟੁੱਟ ਜਾਣ ਨਾਲ ਕਿਸਾਨਾਂ ਤੇ ਜਨਤਾ ਨੂੰ ਕਾਫੀ ਔਕੜਾਂ ਪੇਸ਼ ਆ ਰਹੀਆਂ ਹਨ। ਇਲਾਕਾ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਦੋਵਾਂ ਧਾਰਮਿਕ ਸਥਾਨਾਂ ਦੀ ਟੁੱਟੀ ਸੜਕ ਦੀ ਮੁਰੰਮਤ ਕਰਵਾਉਣ ਲਈ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਨੂੰ ਨਿਰਦੇਸ਼ ਜਾਰੀ ਕੀਤੇ ਜਾਣ ਜਿਸ ਨਾਲ ਇਲਾਕੇ ਦੇ ਲੋਕਾਂ ਤੇ ਸ਼ਰਧਾਲੂਆਂ ਨੂੰ ਆ ਰਹੀ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।

# ਨਵੇਂ ਬਣੇ ਮੁੱਖ ਦਰਬਾਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ

## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਮੂਹ ਸੰਗਤ ਨੂੰ ਦਿੱਤੀ ਵਧਾਈ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੇ ਨਵੇਂ ਬਣੇ ਮੁੱਖ ਦਰਬਾਰ ਵਿੱਚ ਅੱਜ ਪੂਰੇ ਅਦਬ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਸ਼ੇਸ਼ ਤੌਰ 'ਤੇ ਸਾਮਲ ਹੋਏ। ਪਹਿਲਾਂ ਪੁਰਾਣੇ ਦਰਬਾਰ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰੇ ਅਦਬ ਸਤਿਕਾਰ ਸਹਿਤ ਪੰਜਾ ਪਿਆਰਿਆਂ ਦੀ ਅਗਵਾਈ ਵਿੱਚ ਨਵ-ਨਿਰਮਤ ਮੁੱਖ ਦਰਬਾਰ ਵਿੱਚ ਸੁਸ਼ੋਭਿਤ ਕੀਤਾ ਗਿਆ। ਇਸ ਦੌਰਾਨ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਖੁਸ਼ੀ 'ਚ ਆਤਿਸ਼ਬਾਜ਼ੀ ਚਲਾਈ। ਨਵੇਂ ਦਰਬਾਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਏ ਅਰਦਾਸੀਆ ਸਿੰਘ ਸਰਵਣ ਸਿੰਘ ਨੇ ਅਰੰਭਿਤਾ ਅਰਦਾਸ ਕੀਤੀ। ਉਪਰੰਤ ਭਾਈ ਜਸਵਿੰਦਰ ਸਿੰਘ ਕਲੇਰ ਹੈੱਡ ਗ੍ਰੰਥ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਨੇ ਹੁਕਮਨਾਮਾ ਸਾਹਿਬ ਲਿਆ। ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਧਾਰੀਵਾਲ ਦੇ ਮੁੱਖ ਸੇਵਾਦਾਰ ਡਾ: ਗੁਰਜਿੰਦਰ ਸਿੰਘ ਅਤੇ ਹੋਰ ਸੇਵਾਦਾਰਾਂ ਵਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ। ਇਸ ਮੌਕੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆਂ ਨਵੇਂ ਦਰਬਾਰ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਦੇ ਮੁੱਖ ਦਰਬਾਰ ਦੇ ਨਵ ਨਿਰਮਾਣ ਲਈ ਕਾਰਸੇਵਾ 27 ਸਤੰਬਰ 2015 ਨੂੰ ਆਰੰਭ ਹੋਈ ਸੀ, ਜੋ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਜਗੀਰ ਸਿੰਘ, ਬਾਬਾ ਸਤਨਾਮ ਸਿੰਘ ਤੇ ਬਾਬਾ ਜੋਗਾ ਸਿੰਘ ਕਾਰਸੇਵਾ ਗੁਰੂ ਕੇ ਬਾਗ ਵਾਲਿਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਲਗਪਗ 10 ਸਾਲਾਂ ਵਿੱਚ ਵਿਲੱਖਣ ਰੂਪ ਵਿੱਚ ਤਿਆਰ ਹੋਇਆ ਹੈ। ਪ੍ਰਧਾਨ ਧਾਮੀ ਨੇ ਕਿਹਾ ਸ਼੍ਰੋਮਣੀ ਕਮੇਟੀ ਵਲੋਂ ਨਿਸ਼ਚੈ ਐਕਡਮੀ ਚੰਡੀਗੜ੍ਹ ਅਤੇ ਪਟਿਆਲਾ ਵਿੱਚ ਅੰਮ੍ਰਿਤਧਾਰੀ ਬੱਚਿਆਂ ਨੂੰ ਆਈਪੀਐੱਸ, ਪੀਸੀਐੱਸ ਅਤੇ ਜੁਡੀਸ਼ੀਅਲ ਦੀ ਤਿਆਰੀ ਲਈ ਮੁਫਤ ਕੋਚਿੰਗ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬ ਵਿਖੇ ਮਹਿੰਗੇ ਰੁਮਾਲੇ ਭੇਟ ਕਰਨ ਦੀ ਬਜਾਏ ਇਹ ਪੈਸੇ ਇਨ੍ਹਾਂ ਅਕੈਡਮੀ ਵਿੱਚ ਪੜ੍ਹਨ ਵਾਲੇ ਅੰਮ੍ਰਿਤਧਾਰੀ ਬੱਚਿਆਂ ਲਈ ਖਰਚ ਕੀਤੇ ਜਾਣ ਤਾਂ ਜੋ ਅੰਮ੍ਰਿਤਧਾਰੀ ਸਿੱਖ ਬੱਚੇ ਆਈਪੀਐੱਸ, ਪੀਸੀਐੱਸ ਅਤੇ ਜੱਜ ਬਣ ਸਕਣ। ਇਸ ਮੌਕੇ ਜਥੇ. ਸੁੱਚਾ ਸਿੰਘ ਲੰਗਾਹ ਸਾਬਕਾ ਕੈਬਨਿਟ ਮੰਤਰੀ ਪੰਜਾਬ, ਸ਼੍ਰੋਮਣੀ ਕਮੇਟੀ ਮੈਂਬਰ ਜਥੇ. ਗੁਰਿੰਦਰਪਾਲ ਸਿੰਘ ਗੋਰਾ ਆਦਿ ਨੇ ਵੀ ਸੰਬੋਧਨ ਕੀਤਾ। ਸਮਾਗਮ ਦੌਰਾਨ ਭਾਈ ਤਲਵਿੰਦਰ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਰਜਿੰਦਰ ਸਿੰਘ ਆਦਿ ਕੀਰਤਨੀ ਜੱਥਿਆਂ, ਢਾਡੀ ਜਰਨੈਲ ਸਿੰਘ ਖੁੰਡਾ, ਢਾਡੀ ਲੱਖਾ ਸਿੰਘ ਮਾਨ੍ਹੇਪੁਰ ਸਮੇਤ ਵੱਖ ਵੱਖ ਜਥਿਆਂ ਨੇ ਗੁਰਬਾਣੀ ਕੀਰਤਨ, ਢਾਡੀ ਵਾਰਾਂ, ਕਵੀਸ਼ਰੀਆਂ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਨਾਮ ਸਿੰਘ ਜੱਸਲ, ਸ਼੍ਰੋਮਣੀ ਕਮੇਟੀ ਮੈਂਬਰ ਮੈਂਬਰ ਬੀਬੀ ਜਸਬੀਰ ਕੌਰ ਜਫ਼ਰਵਾਲ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵਿੱਡ, ਚੀਫ ਗੁਰਦੁਆਰਾ ਇੰਸਪੈਕਟਰ ਜਗਦੀਸ਼ ਸਿੰਘ ਬੁੱਟਰ, ਅਕਾਲੀ ਦਲ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ, ਗੁਰਦੁਆਰਾ ਬੁਰਜ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, 'ਆਪ' ਦੇ ਹਲਕਾ ਇੰਚਾਰਜ ਅਤੇ ਜਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਬਾਬਾ ਅਮਰੀਕ ਸਿੰਘ ਨਿੱਕੇ ਘੁੰਮਣ, ਤਰਨਾ ਦਲ ਮਹਿਤਾ ਚੌਂਕ ਦੇ ਮੁਖੀ ਬਾਬਾ ਬਲਵਿੰਦਰ ਸਿੰਘ ਨਿਹੰਗ ਸਿੰਘ, ਸਤਨਾਮ ਸਿੰਘ ਰਿਆੜ ਮੈਨੇਜਰ ਸ੍ਰੀ ਦਰਬਾਰ ਸਹਿਬ ਅੰਮ੍ਰਿਤਸਰ, ਨਿਸਾਨ ਸਿੰਘ ਅਡੀਸ਼ਨਲ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸਰਬਜੀਤ ਸਿੰਘ ਸਾਬੀ ਮੈਨੇਜਰ ਸ੍ਰੀ ਬਾਰਠ ਸਾਹਿਬ, ਸਤਨਾਮ ਸਿੰਘ ਗੋਸਲ ਮੈਨੇਜਰ ਡੇਰਾ ਬਾਬਾ ਨਾਨਕ, ਮਲਕੀਤ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਅਚਲ ਸਾਹਿਬ, ਗੁਰਦੁਆਰਾ ਇੰਸਪੈਕਟਰ ਸਿਕੰਦਰ ਸਿੰਘ, ਜਤਿੰਦਰ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਬੇਬੇ ਨਾਨਕੀ ਜੀ ਦੇ ਪ੍ਰਧਾਨ ਅਮਰਜੀਤ ਸਿੰਘ ਹੈਪੀ, ਸਾਬਕਾ ਚੇਅਰਮੈਨ ਸੁਖਬੀਰ ਸਿੰਘ ਵਾਹਲਾ, ਸੁਖਜਿੰਦਰ ਸਿੰਘ ਸੋਨੂੰ ਲੰਗਾਹ, ਡਾ: ਗੁਰਜਿੰਦਰ ਸਿੰਘ ਧਾਰੀਵਾਲ, ਸਮਸ਼ੇਰ ਸਿੰਘ ਚੀਮਾ ਬਟਾਲਾ, ਕੰਵਲਪ੍ਰੀਤ ਸਿੰਘ ਕਾਕੀ, ਧਰਮੀਂ ਫੌਜੀ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ, ਭਾਈ ਸੁਖਵਿੰਦਰ ਸਿੰਘ ਅਗਵਾਨ, ਭਾਈ ਵੱਸਣ ਸਿੰਘ ਜਫ਼ਰਵਲ, ਹਰਦੇਵ ਸਿੰਘ ਬਾਜੇਚੱਕ, ਕੰਵਲਜੀਤ ਸਿੰਘ ਚਾਹਲ, ਕੁਲਬੀਰ ਸਿੰਘ ਰਿਆੜ, ਬਲਦੇਵ ਸਿੰਘ ਨਿਮਾਣਾ, ਨਿਰਵੈਰ ਸਿੰਘ ਚਾਹਲ , ਹਰਮੀਤ ਸਿੰਘ ਲੱਕੀ ਸੱਭਰਵਾਲ, ਮੈਨੇਜਰ ਸੁਰਜੀਤ ਸਿੰਘ ਚਾਹਲ, ਜਸਵੰਤ ਸਿੰਘ ਸੱਭਰਵਾਲ, ਹਰਮਨਬੀਰ ਸਿੰਘ, ਬਾਬਾ ਮੇਜਰ ਸਿੰਘ, ਨਿਰਵੈਰ ਸਿੰਘ, ਡਾ: ਰਣਜੀਤ ਸਿੰਘ ਬੇਦੀ ਕਲੋਨੀ, ਦਿਲਬਾਗ ਸਿੰਘ ਗੁਰਦਾਸਨੰਗਲ, ਮੱਖਣ ਸਿੰਘ ਕਾਹਲੋਂ, ਡਿਪਟੀ ਮੈਨੇਜਰ ਚੈਂਚਲ ਸਿੰਘ, ਮਨਜੀਤ ਸਿੰਘ ਬੰਦਿਆਂਵਾਲੀ, ਇੰਜ. ਜਤਿੰਦਰ ਸਿੰਘ ਜੇ.ਪੀ., ਪਾਲ ਸਿੰਘ ਚੌਧਰਪੁਰ, ਪ੍ਰਚਾਰਕ ਜਗਰੂਪ ਸਿੰਘ ਕਲਿਆਣਪੁਰ, ਦਲਬੀਰ ਸਿੰਘ ਚਾਹਲ, ਸੰਦੀਪ ਸਿੰਘ ਜਫ਼ਰਵਾਲ, ਬਾਬਾ ਨੱਥਾ ਸਿੰਘ ਸੰਧਵਾਂ, ਪ੍ਰਚਾਰਕ ਗੁਰਵਿੰਦਰ ਸਿੰਘ ਵੜੈਚ ਆਦਿ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।



# ਗਿਆਸਪੁਰਾ ਵੱਲੋਂ ਕੇਂਦਰ ਸਰਕਾਰ ਤੇ ਰੇਲਵੇ ਮੰਤਰੀ ਨੂੰ ਖੁੱਲ੍ਹੀ ਚਿਤਾਵਨੀ, ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ

**ਲੁਧਿਆਣਾ (ਰੈਕਟਰ ਕਥੂਰੀਆ)** ਦੋਰਾਹਾ ਤੋਂ ਨੀਲੋਂ ਨੂੰ ਜੋੜਦੀ ਇਹ ਪ੍ਰਮੁੱਖ ਸੜਕ ਸਾਲਾਂ ਤੋਂ ਵਿਕਾਸ ਦੀ ਉਡੀਕ 'ਚ ਖਸਤਾ ਹਾਲ ਹੋ ਚੁੱਕੀ ਹੈ।ਇਸ ਰੋਡ 'ਤੇ ਰੇਲਵੇ ਫਾਟਕ 'ਤੇ ਨਿਰਮਾਣ ਅਧੀਨ ਪੁਲ ਦੀ ਮੰਗ ਪਿਛਲੇ ਇੱਕ ਦਹਾਕੇ ਤੋਂ ਲੋਕਾਂ ਵੱਲੋਂ ਕੀਤੀ ਜਾ ਰਹੀ ਹੈ, ਪਰ ਕੇਂਦਰ ਦੀਆਂ ਵਿਕਾਰ ਭਰੀ ਨੀਤੀਆਂ ਕਾਰਨ ਇਹ ਪ੍ਰਾਜੈਕਟ ਅਜੇ ਤੱਕ ਧੱਕੇ ਖਾ ਰਿਹਾ ਹੈ।ਆਮ ਆਦਮੀ ਪਾਰਟੀ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਰੋਸ ਜਤਾਉਂਦਿਆਂ ਕੇਂਦਰੀ ਰੇਲਵੇ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਤਿੱਖੇ ਸ਼ਬਦਾਂ ਵਿੱਚ ਲਲਕਾਰਿਆ।ਉਨ੍ਹਾਂ ਕਿਹਾ ਕਿ ਬਿੱਟੂ ਪੂਰੇ ਪੰਜਾਬ ਵਿੱਚ ਸਿਰਫ਼ ਝੂਠੇ ਦਾਅਵੇ ਤੇ ਮੰਤਰੀ ਤੇ ਘੋਸ਼ਣਾਵਾਂ ਕਰਦੇ ਫਿਰਦੇ ਹਨ,ਸੰਗਰੂਰ ਦਾ ਪੁਲ ਬਣਾਉਣ ਦੀਆਂ ਫੋਟੋਆਂ ਕਰਾਈਆਂ ਜਾਂਦੀਆਂ ਹਨ, ਪਰ ਆਪਣੇ ਜ਼ਿਲ੍ਹੇ ਹਲਕੇ ਪਾਇਲ-ਦੋਰਾਹਾ ਰੋਡ ਦੀ ਦਰਦਨਾਕ ਹਾਲਤ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਆਪਣੀ ਹਿੱਸਾ ਰਕਮ ਦੇ ਕੇ ਅਤੇ 11 ਨਵੰਬਰ 2024 ਨੂੰ ਐਨ.ਓ.ਸੀ. ਜਾਰੀ ਕਰ ਚੁੱਕੀ ਹੈ।ਇਸ ਤੋਂ ਬਾਅਦ ਵੀ ਕੇਂਦਰ ਨੇ ਦਿਲਚਸਪੀ ਨਹੀਂ ਲਈ।ਇਹ ਸਿਰਫ਼ ਰਾਜਨੀਤਕ ਵੈਰ ਦਾ ਨਤੀਜਾ ਹੈ ਕਿ ਪੰਜਾਬ ਦਾ ਹਿੱਤ ਖਾਸ ਤੌਰ 'ਤੇ ਮਾਲਵਾ ਖੇਤਰ ਪਿੱਛੇ ਧੱਕਿਆ ਜਾ ਰਿਹਾ ਹੈ। ਗਿਆਸਪੁਰਾ ਨੇ ਕਿਹਾ ਕਿ ਦੋ ਕਿਲੋਮੀਟਰ ਦੀ ਟੁੱਟੀ ਇਸ ਸੜਕ 'ਤੇ ਰੋਜ਼ਾਨਾ ਹਜ਼ਾਰਾਂ ਵਾਹਨ ਚਲਦੇ ਹਨ।ਗੱਡੀਆਂ, ਐਂਬੂਲੈਂਸਾਂ, ਸਕੂਲ ਵੈਨਾਂ ਲਈ ਇਹ ਸੜਕ ਮੌਤ ਦਾ ਫਾਟਕ ਬਣੀ ਹੋਈ ਹੈ। ਜੇ ਇਨ੍ਹਾਂ ਨੇ ਤੁਰੰਤ ਟੈਂਡਰ ਜਾਰੀ ਕਰਕੇ ਨਿਰਮਾਣ ਸ਼ੁਰੂ ਨਾ ਕੀਤਾ ਤਾਂ ਲੋਕ ਰੇਲਵੇ ਲਾਈਨ 'ਤੇ ਬੈਠ ਕੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ, ਉਨ੍ਹਾਂ ਖੁੱਲ੍ਹੀ ਚਿਤਾਵਨੀ ਦਿੱਤੀ। ਇਸ ਮੌਕੇ ਵਿਸ਼ਾਲ ਧਰਨਾ ਦਿੱਤਾ ਗਿਆ, ਜਿਸ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਸੁਦਰਸ਼ਨ ਕੁਮਾਰ ਪੱਪੂ, ਕਾਉਂਸਲਰ ਕੁਲਵੰਤ ਸਿੰਘ, ਰਣਜੀਤ ਸਿੰਘ, ਚੇਅਰਮੈਨ ਬੂਟਾ ਸਿੰਘ ਰਾਣੋਂ, ਚੇਅਰਮੈਨ ਕਰਨ ਸਿਹੋੜਾ ਤੋਂ ਇਲਾਵਾ ਪਿੰਡਾਂ ਦੇ ਪੰਚ-ਸਰਪੰਚ, ਵਪਾਰੀ ਤੇ ਵੱਡੀ ਗਿਣਤੀ 'ਚ ਨਾਗਰਿਕ ਮੌਜੂਦ ਰਹੇ।ਲੋਕਾਂ ਨੇ ਬੈਨਰਾਂ ਤੇ ਨਾਅਰਿਆਂ ਨੂੰ ਰੋਕ ਕੇ ਆਪਣਾ ਰੋਸ ਪ੍ਰਗਟਾਇਆ ਤੇ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਅੰਬਾਲਾ ਤੋਂ ਰੇਲਵੇ ਵਿਭਾਗ ਦੇ ਐਸ.ਈ.ਈ. ਅਮਰਜੀਤ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਭੀੜ ਨੂੰ ਭਰੋਸਾ ਦਿੱਤਾ ਕਿ ਐਨ.ਓ.ਸੀ. ਦੀ ਕਾਰਵਾਈ ਮੁਕੰਮਲ ਹੋ ਚੁੱਕੀ ਹੈ ਤੇ ਅਤਿ ਜਲਦੀ ਟੈਂਡਰ ਜਾਰੀ ਕਰਕੇ ਕੰਮ ਸ਼ੁਰੂ ਕੀਤਾ ਜਾਵੇਗਾ।



# ਹੜ੍ਹਾਂ ਦੀ ਰੋਕਥਾਮ ਦੇ ਮਾਮਲੇ-ਸਰਕਾਰ ਮਹਿਜ਼ ਖਾਨਾਪੂਰਤੀ 'ਤੇ ਲੱਗੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੀ ਸਾਢੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਵਿੱਚ ਬੇਹੱਦ ਨਾਕਾਮ ਸਾਬਤ ਹੋਈ ਹੈ।ਸਰਕਾਰ ਦੇ ਕਾਰਜਕਾਲ ਦੌਰਾਨ ਰਾਜ ਵਿੱਚ ਨਾ ਸਿਰਫ ਅਮਨ ਕਾਨੂੰਨ ਦੀ ਸਥਿਤੀ ਵਿਗੜੀ ਹੈ, ਸਗੋਂ ਵਿਕਾਸ ਦੇ ਪੱਖ ਤੋਂ ਵੀ ਸੂਬਾ ਬੁਰੀ ਤਰ੍ਹਾਂ ਪਛੜ ਗਿਆ ਹੈ।ਹਰਿਆਣਾ ਦੇ ਬਾਰਡਰ ਨਾਲ ਲੱਗਦੇ ਹਲਕਾ ਸ਼ੁਤਰਾਣਾ ਦਾ ਹਾਲ ਤਾਂ ਆਮ ਨਾਲੋਂ ਵੀ ਕਿਤੇ ਵੱਧ ਮੰਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਪਾਰਟੀ ਦਫਤਰ ਵਿੱਚ ਕੀਤੀ ਗਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ।ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਕਿਹਾ ਕਿ ਬਰਸਾਤਾਂ ਦੇ ਦਿਨਾਂ ਵਿੱਚ ਘੱਗਰ ਦਰਿਆ ਵਿੱਚ ਆਉਣ ਵਾਲੇ ਹੜ੍ਹਾਂ ਨਾਲ ਹਰ ਸਾਲ ਹਲਕਾ ਸ਼ੁਤਰਾਣਾ ਦੇ ਕਈ ਦਰਜਨ ਪਿੰਡਾਂ 'ਚ ਕਰੋੜਾਂ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਇਸ ਵਾਰ ਸਰਕਾਰ ਨੇ ਹੜ੍ਹਾਂ ਦੀ ਰੋਕਥਾਮ ਲਈ ਇੰਤਜ਼ਾਮ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ।ਸਰਕਾਰੀ ਅਧਿਕਾਰੀ ਸਿਰਫ਼ ਖਾਨਾਪੂਰਤੀ ਕਰਨ ਵਿੱਚ ਲੱਗੇ ਹੋਏ ਹਨ।ਸ਼ਹਿਰ ਵਿੱਚ ਚੋਰੀ ਦੀਆਂ ਵਧ ਰਹੀਆਂ ਘਟਨਾਵਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਇਸ ਕਦਰ ਵਿਗੜ ਗਈ ਹੈ ਕਿ ਦਿਨ ਦਿਹਾੜੇ ਚੋਰੀਆਂ ਹੋ ਰਹੀਆਂ ਹਨ, ਪਰ ਪੁਲਸ ਪ੍ਰਸ਼ਾਸਨ ਵੱਲੋਂ ਸੀਸੀਟੀਵੀ ਕੈਮਰਿਆਂ ਵਿੱਚ ਵਾਰਦਾਤਾਂ ਨੂੰ ਅੰਜਾਮ ਦੇਣ ਵਾਲਿਆਂ ਦੇ ਚਿਹਰੇ ਸਪਸ਼ਟ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।ਉਨ੍ਹਾਂ ਦੱਸਿਆ ਕਿ ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਨੂੰ ਕਾਂਗਰਸੀ ਵਫਦ ਮਿਲਿਆ ਸੀ, ਜਿਨ੍ਹਾਂ ਇਲਾਕੇ ਦੀਆਂ ਸਮੱਸਿਆਵਾਂ ਨੂੰ ਲੈ ਕੇ ਉੱਚ ਪੱਧਰੀ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ, ਪਰ ਪ੍ਰਸ਼ਾਸਨ ਵੱਲੋਂ ਹਾਲੇ ਵੀ ਚਿਰਾਂ ਤੋਂ ਲਟਕਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਹਲਕਾ ਸ਼ੁਤਰਾਣਾ ਵਿੱਚ ਟੁੱਟੀਆਂ ਲਿੰਕ ਸੜਕਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਬਦਕਿਸਮਤੀ ਦੀ ਗੱਲ ਹੈ ਕਿ ਦੋ ਸਾਲ ਪਹਿਲਾਂ ਘੱਗਰ ਦਰਿਆ ਵਿੱਚ ਆਏ ਹੜ੍ਹਾਂ ਕਾਰਨ ਸ਼ੁਤਰਾਣਾ ਖਰਕਾਂ ਸੜਕ ਟੁੱਟ ਗਈ ਸੀ, ਪਰ ਹਲਕਾ ਵਿਧਾਇਕ ਦੇ ਆਪਣੇ ਪਿੰਡ ਨੂੰ ਜਾਣ ਵਾਲੀ ਸੜਕ ਵੀ ਨਹੀਂ ਬਣ ਸਕੀ ਤੇ ਉਸ ਸੜਕ ਉੱਤੋਂ ਲੰਘਣਾ ਮੁਸ਼ਕਲ ਹੋਇਆ ਪਿਆ ਹੈ। ਕਾਂਗਰਸ ਪਾਰਟੀ ਵਿੱਚ ਚੱਲ ਰਹੀ ਧੜੇਬੰਦੀ ਸਬੰਧੀ ਸਵਾਲ ਦੇ ਜਵਾਬ ਵਿੱਚ ਹਲਕਾ ਇੰਚਾਰਜ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਬੂਥ ਪੱਧਰ ਉੱਤੇ ਮਜ਼ਬੂਤ ਕਰਨ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਦੇ ਸਮਰਥਕ ਹੀ ਮੌਜੂਦ ਰਹਿ ਗਏ, ਜਦੋਂ ਸੀਨੀਅਰ ਕਾਂਗਰਸੀ ਆਗੂ ਅਤੇ ਬਲਾਕ ਕਾਂਗਰਸ ਦੇ ਸਾਬਕਾ ਪ੍ਰਧਾਨ ਦਲੇਰ ਸਿੰਘ ਹਰਿਆਊ ਅਚਾਨਕ ਪ੍ਰੈਸ ਕਾਨਫਰੰਸ ਵਿੱਚੋਂ ਉੱਠ ਕੇ ਚਲੇ ਗਏ।ਆਪਣੀ ਨਰਾਜ਼ਗੀ ਦਾ ਇਜ਼ਹਾਰ ਕਰਦਿਆਂ ਕਾਂਗਰਸੀ ਆਗੂ ਹਰਿਆਊ ਨੇ ਕਿਹਾ ਕਿ ਹਲਕਾ ਇੰਚਾਰਜ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਵਿਅਕਤੀਆਂ ਨੂੰ ਅਹਿਮੀਅਤ ਦਿੱਤੀ ਗਈ, ਜੋ ਕਦੇ ਵੀ ਪਾਰਟੀ ਦੇ ਮੈਂਬਰ ਵੀ ਨਹੀਂ ਰਹੇ, ਜਦੋਂ ਕਿ ਸੀਨੀਅਰ ਆਗੂਆਂ ਨੂੰ ਉਨ੍ਹਾਂ ਵੱਲੋਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।



● ਵਿਕਾਸ ਕਾਰਜਾਂ ਪੱਖੋਂ ਸਰਕਾਰ ਬੁਰੀ ਤਰ੍ਹਾਂ ਫੇਲ੍ਹ : ਬਣਵਾਲਾ

# ਸਰਕਾਰ ਸਿੱਖਿਆ ਮਾਹਰਾਂ ਦੀ ਖ਼ੁਦ ਹੀ ਕਰਨ ਲੱਗੀ ਨਿਯੁਕਤੀ

● ਸਕੂਲਾਂ 'ਚ ਸਿਆਸੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ : ਡੈਮੋਕ੍ਰੇਟਿਕ ਟੀਚਰਜ਼ ਫਰੰਟ

**ਮਾਨਸਾ (ਆਤਮਾ ਸਿੰਘ ਪਮਾਰ)** ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਅਤੇ ਸਕੂਲਾਂ ਦੀ ਕਾਇਆ ਕਲਪ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪ੍ਰੰਤੂ ਦੂਜੇ ਪਾਸੇ ਆਪ ਸਰਕਾਰ ਵੱਲੋਂ ਸਿੱਖਿਆ ਵਿਭਾਗ ਵਿੱਚ ਸਿਆਸੀ ਦਖਲਅੰਦਾਜ਼ੀ ਦੇ ਸਾਰੇ ਰਿਕਾਰਡ ਤੋੜਦਿਆਂ ਸਕੂਲ ਪ੍ਰਬੰਧਕ ਕਮੇਟੀਆਂ ਲਈ ਮੈਂਬਰਾਂ ਵਜੋਂ ਸਿੱਖਿਆ ਮਾਹਿਰਾਂ ਦੀਆਂ ਸੂਚੀਆਂ ਸਕੂਲ ਮੁਖੀਆਂ ਨੂੰ ਜਾਰੀ ਕਰ ਦਿੱਤੀਆਂ ਗਈਆਂ ਹਨ।ਇਸ ਸੂਚੀ ਅਨੁਸਾਰ ਇੱਕ ਸਿੱਖਿਆ ਮਾਹਿਰ ਨੂੰ ਪੰਜ ਤੋਂ ਛੇ ਸਕੂਲ ਦਿੱਤੇ ਗਏ ਹਨ।ਦੂਜੇ ਪਾਸੇ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਨੇ ਵਿਭਾਗ ਦੇ ਇਸ ਕਦਮ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਸਕੂਲਾਂ ਨੂੰ ਸਿਆਸਤ ਦਾ ਅਖਾੜਾ ਬਣਾਇਆ ਜਾ ਰਿਹਾ ਹੈ।ਫਰੰਟ ਦੇ ਸੂਬਾਈ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾਈ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ 'ਚ ਡੀ.ਟੀ.ਐਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਪਹਿਲਾਂ ਵੀ ਆਪ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਦੇ ਨਾਂਅ ਹੇਠ ਸਕੂਲਾਂ ਵਿੱਚ ਨੀਂਹ ਪੱਥਰਾਂ ਦੀ ਝੜੀ ਲਾਈ ਗਈ ਸੀ। ਸਰਕਾਰ ਦੀ ਅਖੌਤੀ ਸਿੱਖਿਆ ਕ੍ਰਾਂਤੀ ਅਧਿਆਪਕਾਂ ਤੇ ਸਕੂਲ ਮੁਖੀਆਂ ਦੀ ਜੇਬ 'ਤੇ ਹੀ ਭਾਰੀ ਪਈ ਸੀ। ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਸਕੂਲਾਂ ਦੇ ਪ੍ਰਬੰਧ ਨੂੰ ਚਲਾਉਣ ਲਈ ਸਕੂਲ ਪ੍ਰਬੰਧਕ ਕਮੇਟੀਆਂ ਦਾ ਗਠਨ ਕੀਤਾ ਜਾਂਦਾ ਹੈ, ਜਿਸ ਵਿੱਚ ਘੱਟੋ-ਘੱਟ 13 ਮੈਂਬਰਾਂ ਦੀ ਚੋਣ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਹੀ ਕੀਤੀ ਜਾਂਦੀ ਹੈ।ਇਨ੍ਹਾਂ ਮੈਂਬਰਾਂ 'ਚੋਂ ਹੀ ਚੇਅਰਮੈਨ ਚੁਣਿਆ ਜਾਂਦਾ ਹੈ।ਸਕੂਲ ਮੁਖੀ ਬਤੌਰ ਸਕੱਤਰ ਕੰਮ ਕਰਦਾ ਹੈ।ਇਨ੍ਹਾਂ ਮੈਂਬਰਾਂ ਵਿੱਚ ਲਗਭਗ ਛੇ ਔਰਤਾਂ ਤੇ ਇੱਕ ਸਕੂਲ ਅਧਿਆਪਕ ਨੂੰ ਬਤੌਰ ਮੈਂਬਰ ਲਿਆ ਜਾਂਦਾ ਹੈ। ਪਿੰਡ ਵਿੱਚੋਂ ਹੀ ਕਿਸੇ ਸੇਵਾਮੁਕਤ ਅਧਿਆਪਕ ਜਾਂ ਕਿਸੇ ਸੇਵਾਮੁਕਤ ਕ੍ਰਮਚਾਰੀ ਨੂੰ ਬਤੌਰ ਸਿੱਖਿਆ ਮਾਹਿਰ ਕਮੇਟੀ 'ਚ ਨਿਯੁਕਤ ਕੀਤਾ ਜਾਂਦਾ ਹੈ।ਇਹ ਕਮੇਟੀ ਸਕੂਲਾਂ ਨੂੰ ਜਾਰੀ ਵੱਖ-ਵੱਖ ਗ੍ਰਾਂਟਾਂ ਨੂੰ ਖ਼ਰਚਣ ਅਤੇ ਬਾਕੀ ਪ੍ਰਬੰਧਕੀ ਕੰਮਾਂ ਲਈ ਜਵਾਬਦੇਹ ਹੁੰਦੀ ਹੈ।ਪ੍ਰੰਤੂ ਪੰਜਾਬ ਦੀ ਆਪ ਸਰਕਾਰ ਵੱਲੋਂ ਜਾਰੀ ਨਵੇਂ ਫ਼ੁਰਮਾਨ ਤਹਿਤ ਇਸ ਵਾਰ ਸਿੱਖਿਆ ਮਾਹਰ ਸਰਕਾਰੀ ਸਿਫਾਰਸ਼ 'ਤੇ ਪ੍ਰਬੰਧਕੀ ਕਮੇਟੀਆਂ ਵਿੱਚ ਲਏ ਜਾਣਗੇ। ਹਲਕਾ ਵਿਧਾਇਕ ਦੀ ਸਿਫ਼ਾਰਸ਼ ਨਾਲ ਸਿਆਸੀ ਕਾਰਜਕਰਤਾ ਨੂੰ ਵੀ ਸਿੱਖਿਆ ਕਮੇਟੀਆਂ ਵਿੱਚ ਸਕੂਲ ਪ੍ਰਬੰਧਕ ਕਮੇਟੀਆਂ ਵਿੱਚ ਲਿਆ ਜਾਣਾ ਅਜੇ ਬਾਕੀ ਹੈ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਸਰਕਾਰ ਦੇ ਇਸ ਗੈਰ ਜਮਹੂਰੀ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸਕੂਲ ਪ੍ਰਬੰਧਕ ਕਮੇਟੀਆਂ ਨੂੰ ਸਿਆਸੀ ਅਖਾੜਾ ਬਣਾਉਣ ਤੋਂ ਗ਼ੁਰੇਜ਼ ਕੀਤਾ ਜਾਵੇ।



# 'ਸਾਂਝ ਪੰਜਾਬ' ਗੋਲਮੇਜ਼ ਸੰਮੇਲਨ 'ਚ 20 ਤੋਂ ਵੱਧ ਸੰਗਠਨ ਭਵਿੱਖ ਲਈ ਹੋਏ ਇੱਕਜੁੱਟ

**ਲੁਧਿਆਣਾ (ਰੈਕਟਰ ਕਥੂਰੀਆ)** ਪੰਜਾਬ ਦੇ ਖੇਤੀਬਾੜੀ ਦ੍ਰਿਸ਼ ਨੂੰ ਬਦਲਣ ਦੇ ਉਦੇਸ਼ ਨਾਲ ਇੱਕ ਇਤਿਹਾਸਕ ਕਾਨਫਰੰਸ 'ਸਾਂਝ ਪੰਜਾਬ : ਸਾਫ਼ ਤੇ ਨਿਆਂਪੂਰਨ ਖੇਤੀਬਾੜੀ ਭਵਿੱਖ ਲਈ ਗੋਲ ਮੇਜ਼ ਕਾਨਫਰੰਸ' ਲਈ 50 ਤੋਂ ਵੱਧ ਸੰਗਠਨ ਇਕੱਠੇ ਹੋਏ।ਸਮਾਗਮ ਨੇ ਸੂਬੇ ਵਿੱਚ ਪਰਾਲੀ ਸਾੜਨ, ਭੂਮੀਗਤ ਪਾਣੀ ਦੀ ਕਮੀ ਤੇ ਖੇਤੀ ਵਿਭਿੰਨਤਾ 'ਚ ਗਿਰਾਵਟ ਵਰਗੀਆਂ ਆਪਸ ਵਿੱਚ ਜੁੜੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਵਚਨਬੱਧ ਇੱਕ ਦਲੇਰ ਨਵੇਂ ਗਠਜੋੜ ਦੀ ਸ਼ੁਰੂਆਤ ਕੀਤੀ।ਕਾਨਫਰੰਸ ਦੌਰਾਨ ਇੱਕ ਸਾਂਝਾ ਘੱਟੋ-ਘੱਟ ਪ੍ਰੋਗਰਾਮ ਤਿਆਰ ਕੀਤਾ ਗਿਆ, ਜਿਸ ਵਿੱਚ ਇੱਕ ਸਹਿਮਤੀ ਵਾਲਾ ਤਾਲਮੇਲ ਵਿਧੀ ਤੇ ਅਸਲ ਸਮੇਂ ਦੇ ਅਪਡੇਟਸ, ਸਰੋਤ-ਸਾਂਝਾ ਕਰਨ ਤੇ ਫ਼ੈਸਲੇ ਲੈਣ ਨੂੰ ਸਮਰੱਥ ਬਣਾਉਣ ਲਈ ਇੱਕ ਰਾਜ ਵਿਆਪੀ ਵਟਸਐਪ ਸਮੂਹ ਦੀ ਸ਼ੁਰੂਆਤ ਸ਼ਾਮਲ ਸੀ।ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਐਮਐਸ ਭੁੱਲਰ ਨੇ ਇਸ ਸਹਿਯੋਗੀ ਭਾਵਨਾ ਨੂੰ ਦੁਹਰਾਇਆ ਕਿ ਵਿਗਿਆਨਕ ਖੋਜ ਨੂੰ ਜ਼ਮੀਨੀ ਪੱਧਰ ਦੇ ਗਿਆਨ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਸਹਿ-ਪ੍ਰਬੰਧਕ ਮੰਚਾਂ ਵਿੱਚੋਂ ਇੱਕ ਕਲੀਨ ਏਅਰ ਪੰਜਾਬ ਦੀ ਗੁਰਪ੍ਰੀਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਗੋਲਮੇਜ਼ ਸੰਮੇਲਨ ਇੱਕ ਵਾਰ ਦਾ ਸਮਾਗਮ ਨਹੀਂ ਹੈ, ਸਗੋਂ ਇੱਕ ਲੰਮੇ ਸਮੇਂ ਦੇ ਕਿਸਾਨ-ਕੇਂਦਰਤ ਅੰਦੋਲਨ ਦੀ ਨੀਂਹ ਹੈ।

# ਸਿਰ ਦੇ ਕੇ ਹਾਸਲ ਕੀਤੀਆਂ ਜ਼ਮੀਨਾਂ ਅਜਾਈਂ ਨਹੀਂ ਜਾਣ ਦਿਆਂਗੇ : ਪੰਜਾਬ ਕਿਸਾਨ ਯੂਨੀਅਨ

**ਮਾਨਸਾ (ਆਤਮਾ ਸਿੰਘ ਪਮਾਰ)** ਪੰਜਾਬ ਕਿਸਾਨ ਯੂਨੀਅਨ ਮਾਲਵਾ ਜ਼ੋਨ ਦੀ ਮੀਟਿੰਗ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ। ਪਿਛਲੀ ਕਾਰਗੁਜ਼ਾਰੀ ਦਾ ਲੇਖਾ ਕਰਨ ਉਪਰੰਤ ਪੰਜਾਬ ਪੱਧਰੀ ਮਸਲੇ ਵੀ ਵਿਚਾਰੇ ਗਏ। ਸੂਬਾਈ ਆਗੂ ਰੁਲਦੂ ਸਿੰਘ ਮਾਨਸਾ, ਗੁਰਨਾਮ ਸਿੰਘ ਭੀਖੀ, ਗੋਰਾ ਸਿੰਘ ਭੈਣੀਬਾਘਾ, ਗੁਰਜੰਟ ਸਿੰਘ ਮਾਨਸਾ ਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਜਮੀਨ ਐਕੁਆਇਰ ਮਸਲੇ ਨੂੰ ਲੈ ਕੇ ਪੀੜਤ ਲੋਕਾਂ ਦਾ ਸਾਥ ਦੇਣਾ ਜਥੇਬੰਦੀ ਆਪਣਾ ਮੁੱਢਲਾ ਕਾਰਜ ਮੰਨਦੀ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ਾਂ ਬਿਨਾਂ ਕੋਈ ਵੀ ਜ਼ਮੀਨ ਦਾ ਮਾਲਕ ਨਹੀਂ ਬਣਦਾ ਤੇ ਪੰਜਾਬ ਦੀ ਉਪਜਾਊ ਜ਼ਮੀਨ ਮਿਹਨਤਕਸ਼ ਲੋਕਾਂ ਨੇ ਸੰਘਰਸ਼ ਜਿੱਤ ਕੇ ਹਾਸਲ ਕੀਤੀ ਸੀ, ਜਿਸ ਨੂੰ ਬਚਾਇਆ ਜਾਣਾ ਸਮੇਂ ਦੀ ਅਣਸਰਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵਾਹੀ ਕਰਕੇ ਰੋਟੀ ਖਾਂਦੇ ਲੋਕਾਂ ਦੇ ਉਜਾੜੇ ਕਰਕੇ ਬੇਰੁਜ਼ਗਾਰ ਕਰਨ ਦੀ ਬਜਾਏ ਪੰਜਾਬ ਸਰਕਾਰ ਤਰ੍ਹਾਂ ਤਰ੍ਹਾਂ ਦੀਆਂ ਡਿਗਰੀਆਂ ਚੁੱਕੀ ਫਿਰਦੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ। ਆਗੂਆਂ ਨੇ ਕਿਹਾ ਕਿ ਭੀਖੀ ਬਲਾਕ ਦੇ ਮਾਨਸਾ 'ਚ ਰਲੇਵੇ ਦੇ ਵਿਰੋਧ ਨੂੰ ਲੈ ਕੇ ਜਿੱਥੇ ਹਰ ਧਿਰ ਸੰਘਰਸ਼ ਦੇ ਪਿੜ ਵਿੱਚ ਹੈ, ਉਥੇ ਪੰਜਾਬ ਕਿਸਾਨ ਯੂਨੀਅਨ ਵੀ ਇਸਦਾ ਪੂਰਟ ਸਮਰਥਨ ਕਰਦੀ ਹੈ ਤੇ ਭੀਖੀ ਇਲਾਕੇ ਦੇ ਆਗੂ ਲਗਾਤਾਰ ਧਰਨੇ 'ਚ ਸਮੂਲੀਅਤ ਵੀ ਕਰ ਰਹੇ ਹਨ। ਇਸ ਸਮੇਂ ਉਨ੍ਹਾਂ ਪਿਛਲੇ 10 ਸਾਲਾਂ ਤੋਂ ਕੰਮ ਕਰ ਰਹੇ ਸੀਵਰੇਜ਼ ਬੋਰਡ ਦੇ ਕਾਮਿਆਂ ਨੂੰ ਪੱਕੇ ਕਰਨ ਦੀ ਮੰਗ ਵੀ ਕੀਤੀ ਤੇ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ ਵੀ ਕੀਤਾ।



# 'ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਤੇ ਉਤਰਾਵਾਂ-ਚੜ੍ਹਾਵਾਂ ਦਾ ਸੰਖੇਪ ਇਤਿਹਾਸ' ਵਿਸ਼ੇ 'ਤੇ ਗੋਸ਼ਟੀ 5 ਨੂੰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕਿਹਾ ਕਿ ਉੱਘੇ ਚਿੰਤਕ, ਬੁੱਧੀਜੀਵੀ ਤੇ ਰਾਜਸੀ ਆਗੂ ਲਹਿਬਰ ਸਿੰਘ ਤੱਗੜ ਦੁਆਰਾ ਲਿਖੀ ਪੁਸਤਕ 'ਪੰਜਾਬ ਵਿੱਚ ਕਮਿਊਨਿਸਟ ਲਹਿਰ ਦੀ ਉਤਪਤੀ, ਵਿਕਾਸ ਅਤੇ ਉਤਰਾਵਾਂ ਚੜ੍ਹਾਵਾਂ ਦਾ ਸੰਖੇਪ ਇਤਿਹਾਸ' ਉੱਪਰ ਵਿਸਥਾਰਤ ਗੋਸ਼ਟੀ 5 ਜੁਲਾਈ ਨੂੰ ਸਵੇਰੇ 10:00 ਵਜੇ ਭਾਸ਼ਾ ਵਿਭਾਗ ਪਟਿਆਲਾ ਦੇ ਆਡੀਟੋਰੀਅਮ ਵਿੱਚ ਵੱਖ-ਵੱਖ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਕਰਾਈ ਜਾ ਰਹੀ ਹੈ। ਇਸ ਪੁਸਤਕ ਉੱਪਰ ਡਾ. ਭੀਮਇੰਦਰ ਸਿੰਘ, ਡਾ. ਜੋਗਾ ਸਿੰਘ ਅਤੇ ਡਾ. ਗੁਰਨਾਇਬ ਸਿੰਘ ਪੇਪਰ ਪੜ੍ਹਣਗੇ। ਇਸ ਸਮਾਗਮ ਦੇ ਮੁੱਖ ਮਹਿਮਾਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਵਿਸ਼ੇਸ਼ ਹਿਮਾਨ ਸਾਹਿਤ ਰਤਨ ਪੰਜਾਬ ਡਾ. ਤੇਜਵੰਤ ਮਾਨ ਅਤੇ ਵਿਸ਼ਵ ਚਿੰਤਕ ਡਾ. ਸਵਰਾਜ ਸਿੰਘ ਹੋਣਗੇ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪਵਨ ਹਰਚੰਦਪੁਰੀ ਤੋਂ ਇਲਾਵਾ ਉੱਘੇ ਚਿੰਤਕ ਡਾ. ਸੁਰਜੀਤ ਸਿੰਘ ਭੱਟੀ, ਉੱਘੇ ਆਲੋਚਕ ਡਾ. ਰਾਜਿੰਦਰਪਾਲ ਸਿੰਘ ਬਰਾੜ, ਚਿੰਤਨਸ਼ੀਲ ਅਤੇ ਸੰਜੀਦਾ ਲੇਖਕ ਬੀ.ਐੱਸ. ਰਤਨ, ਡਾ. ਬਲਦੇਵ ਸਿੰਘ ਬੱਧਨ ਸਾਬਕਾ ਨਿਰਦੇਸ਼ਕ ਐਨ.ਐੱਸ.ਬੀ.ਟੀ, ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਡਾ. ਗੁਰਚਰਨ ਕੌਰ ਕੋਚਰ ਦੋਵੇਂ ਸੀਨੀਅਰ ਮੀਤ ਪ੍ਰਧਾਨ ਕੇਂਦਰੀ ਸਭਾ ਹੋਣਗੇ।

# ਏਮਜ਼ ਵਿਖੇ ਡਾਕਟਰ ਦਿਵਸ ਉਤਸ਼ਾਹ ਨਾਲ ਮਨਾਇਆ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਡਾਕਟਰਾਂ ਦੇ ਸਮਰਪਣ, ਲਚਕੀਲੇਪਣ ਅਤੇ ਨਿਰਸਵਾਰਥ ਸੇਵਾ ਦਾ ਸਨਮਾਨ ਕਰਨ ਲਈ ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਮੋਹਾਲੀ ਵਿਖੇ ਰਾਸ਼ਟਰੀ ਡਾਕਟਰ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਮਹਾਨ ਡਾਕਟਰ, ਸਿੱਖਿਆ ਸ਼ਾਸਤਰੀ ਅਤੇ ਆਜ਼ਾਦੀ ਘੁਲਾਟੀਏ ਡਾ. ਬਿਧਾਨ ਚੰਦਰ ਰਾਏ ਦੇ ਜਨਮ ਅਤੇ ਮੌਤ ਦੀ ਵਰ੍ਹੇਗੰਢ ਵੀ ਮਨਾਈ ਗਈ।ਜਸ਼ਨਾਂ ਦੀ ਸ਼ੁਰੂਆਤ ਡਾ. ਯਤਨ, ਭਾਰਤ, ਸਿਮਰਨ, ਸੁਖਵੰਸ਼ ਅਤੇ ਨੀਤੀਕਾ ਦੁਆਰਾ ਇੱਕ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣ ਨਾਲ ਹੋਈ, ਜਿਸ ਵਿੱਚ ਡਾ. ਬੀ.ਸੀ. ਰਾਏ ਦੀ ਪ੍ਰੇਰਨਾਦਾਇਕ ਯਾਤਰਾ ਨੂੰ ਸਪਸ਼ਟ ਰੂਪ ਵਿੱਚ ਦਰਸਾਇਆ ਗਿਆ। ਉਨ੍ਹਾਂ ਦੀ ਸ਼ਾਨਦਾਰ ਦ੍ਰਿੜ੍ਹਤਾ ਖਾਸ ਕਰਕੇ 30 ਅਸਫਲਤਾਵਾਂ ਤੋਂ ਬਾਅਦ ਲੰਡਨ ਦੇ ਸੇਂਟ ਬਾਰਥੋਲੋਮਿਊ ਹਸਪਤਾਲ ਵਿੱਚ ਉਨ੍ਹਾਂ ਦੀ ਸਵੀਕ੍ਰਿਤੀ ਨੂੰ ਸਟੇਜ 'ਤੇ ਦੱਸਿਆ ਗਿਆ।ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਨੇ ਡਾ. ਰਾਏ ਦੀ ਦ੍ਰਿੜ੍ਹਤਾ, ਬੁੱਧੀ ਅਤੇ ਹਮਦਰਦੀ ਦੀ ਕਹਾਣੀ ਸਾਂਝੀ ਕੀਤੀ, ਨੌਜਵਾਨ ਡਾਕਟਰਾਂ ਨੂੰ ਉਨ੍ਹਾਂ ਦੀ ਵਿਰਾਸਤ ਤੋਂ ਸੇਧ ਪ੍ਰਾਪਤ ਕਰਨ ਲਈ ਕਿਹਾ।'ਰੀਲ ਆਫ਼ ਦੇਅਰ ਡੇ' ਮੁਕਾਬਲੇ ਵਿੱਚ ਕਾਲਜ ਦੇ ਸਾਰੇ ਵਿਭਾਗਾਂ ਨੇ ਹਿੱਸਾ ਲਿਆ। ਮੈਡੀਸਨ ਵਿਭਾਗ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ, ਉਸ ਤੋਂ ਬਾਅਦ ਮਾਈਕਰੋਬਾਇਓਲੋਜੀ ਅਤੇ ਪ੍ਰਸੂਤੀ ਅਤੇ ਗਾਇਨੀਕੋਲੋਜੀ ਨੇ। ਹਰੇਕ ਇਲਾਜ ਕਰਨ ਵਾਲੇ ਦੀ ਯਾਤਰਾ ਵਿਲੱਖਣ ਹੈ, ਡਾ. ਭਾਰਤੀ ਨੇ ਟਿੱਪਣੀ ਕੀਤੀ। ਅੱਜ, ਅਸੀਂ ਸਿਰਫ਼ ਇੱਕ ਪੇਸ਼ੇ ਦਾ ਜਸ਼ਨ ਨਹੀਂ ਮਨਾਉਂਦੇ - ਅਸੀਂ ਇਲਾਜ ਦੀ ਭਾਵਨਾ ਅਤੇ ਉਨ੍ਹਾਂ ਕਦਰਾਂ-ਕੀਮਤਾਂ ਦਾ ਸਨਮਾਨ ਕਰਦੇ ਹਾਂ ਜੋ ਸਾਨੂੰ ਇੱਕ ਡਾਕਟਰੀ ਭਾਈਚਾਰੇ ਵਜੋਂ ਜੋੜਦੇ ਹਨ। ਇਹ ਸਮਾਗਮ ਫੈਕਲਟੀ ਮੈਂਬਰਾਂ ਡਾ. ਕੋਮਲਦੀਪ, ਡਾ. ਕਿਰਨਪ੍ਰੀਤ ਅਤੇ ਡਾ. ਅਲਕਾ ਦੁਆਰਾ ਆਯੋਜਿਤ ਕੀਤਾ ਗਿਆ।



# ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ 'ਚ ਛੁੱਟੀਆਂ ਤੋਂ ਬਾਅਦ ਪਰਤੀਆਂ ਰੌਣਕਾਂ

**ਸਮਰਾਲਾ (ਸੁਰਜੀਤ ਸਿੰਘ)** ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਦੇ ਵਿਦਿਆਰਥੀ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਬਹੁਤ ਹੀ ਜੋਸ਼ ਤੇ ਖੁਸ਼ੀ ਨਾਲ ਸਕੂਲ ਪਹੁੰਚੇ।ਅਧਿਆਪਕਾਂ ਦੁਆਰਾ ਸਕਾਰਾਤਮਕ ਵਾਤਾਵਰਣ ਪ੍ਰਦਾਨ ਕਰਦਿਆਂ ਵਿੱਦਿਅਕ ਵਰ੍ਹੇ ਨੂੰ ਪੂਰਾ ਕਰਨ ਲਈ ਰੰਗ ਬਿਰੰਗੇ ਗੁਬਾਰੇ ਸਜਾ ਕੇ ਵਿਦਿਆਰਥੀਆਂ ਦਾ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ। ਸਕੂਲ 'ਚ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਚਹਿਲ ਕਦਮੀ ਨੇ ਸਕੂਲ ਦੀ ਸ਼ੋਭਾ ਨੂੰ ਵਧਾਇਆ। ਵਿਦਿਆਰਥੀਆਂ ਵਿੱਚ ਵੀ ਆਪਣੇ ਦੋਸਤਾਂ ਨੂੰ ਮਿਲਣ ਦੀ ਉਮੰਗ ਅਤੇ ਉਤਸ਼ਾਹ ਉਨ੍ਹਾਂ ਦੇ ਚਿਹਰਿਆਂ ਤੋਂ ਝਲਕ ਰਿਹਾ ਸੀ। ਇਸ ਦਿਨ ਨੂੰ ਯਾਦਗਾਰੀ ਬਣਾਉਣ ਲਈ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਵਿਦਿਆਰਥੀਆਂ ਨੇ ਪ੍ਰਮਾਤਮਾ ਦਾ ਗੁਣਗਾਣ ਕਰਨ ਉਪਰੰਤ ਸਾਰਿਆਂ ਨੂੰ ਜੀ ਆਇਆ ਕਿਹਾ ਤੇ ਰਹਿੰਦੇ ਵਿੱਦਿਅਕ ਵਰ੍ਹੇ ਨੂੰ ਅਨੁਸ਼ਾਸਨ ਵਿੱਚ ਰਹਿੰਦਿਆਂ ਹੋਇਆ ਪੂਰੀ ਤਨਦੇਹੀ ਤੇ ਲਗਨ ਨਾਲ ਪੂਰਾ ਕਰਨ ਦਾ ਸੰਦੇਸ਼ ਦਿੱਤਾ। ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਸ ਹੈ ਕਿ ਸਾਰਿਆਂ ਦੀਆਂ ਛੁੱਟੀਆਂ ਅਨੰਦਮਈ ਬੀਤੀਆਂ ਹੋਣਗੀਆਂ ਤੇ ਆਪਣੇ ਆਪ ਨੂੰ ਤਰੋਤਾਜ਼ਾ ਮਹਿਸੂਸ ਕਰ ਰਹੇ ਹੋਵੇਗੇ।ਇਸ ਦੇ ਨਾਲ ਹੀ ਕਈ ਹੋਰ ਨਵੇਂ ਅਨੁਭਵ ਵੀ ਪ੍ਰਾਪਤ ਕੀਤੇ ਹੋਣਗੇ।ਉਨ੍ਹਾਂ ਮੌਸਮ ਦੀ ਨਿਜਾਕਤ ਨੂੰ ਸਮਝਦਿਆਂ ਸਿਹਤ ਅਤੇ ਖਾਣ-ਪੀਣ ਦਾ ਧਿਆਨ ਰੱਖਣ ਲਈ ਸੁਝਾਅ ਦਿੱਤੇ।ਸਕੂਲ ਹਮੇਸ਼ਾ ਉਨ੍ਹਾਂ ਦੀ ਰਹਿਨੁਮਾਈ ਲਈ ਤਤਪਰ ਹੈ, ਸੋ ਦਿਲ ਦੀਆਂ ਗਹਿਰਾਈਆਂ ਤੋਂ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਦਾ ਸਵਾਗਤ ਹੈ। ਇਸ ਉਪਰੰਤ ਵਿਦਿਆਰਥੀ ਆਪੋ-ਆਪਣੀਆਂ ਜਮਾਤਾਂ ਵਿੱਚ ਪਹੁੰਚੇ। ਇੰਚਾਰਜ ਅਧਿਆਪਕਾਂ ਦੁਆਰਾ ਬੋਰਡ ਤੇ ਸਵਾਗਤੀ ਨੋਟ ਲਿਖ ਕੇ ਵਿਦਿਆਰਥੀਆਂ ਵਿਚ ਜੋਸ਼ ਤੇ ਉਤਸ਼ਾਹ ਭਰਿਆ।ਇਸ ਦਿਨ ਨੂੰ ਹੋਰ ਯਾਦਗਾਰ ਬਣਾਉਂਦੇ ਹੋਏ ਅਧਿਆਪਕਾਂ ਦੁਆਰਾ ਆਈਸ ਬ੍ਰੇਕਿੰਗ, ਕਹਾਣੀ ਸੁਣਨਾ, ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਤੇ ਸੰਗੀਤ ਸਬੰਧੀ ਗਤੀਵਿਧੀਆਂ ਰਾਹੀਂ ਵਾਤਾਵਰਣ ਆਨੰਦ ਭਰਪੂਰ ਬਣਾਇਆ ਗਿਆ।ਇਸ ਉਪਰੰਤ ਵਿਦਿਆਰਥੀਆਂ ਨੇ ਛੁੱਟੀਆਂ ਦੇ ਦੌਰਾਨ ਆਪਣੇ ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ ਆਦਿ ਨਾਲ ਬਿਤਾਏ ਪਲਾਂ ਨੂੰ ਸਾਂਝਾ ਕੀਤਾ।



# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਨਵੇਂ ਪ੍ਰਿੰਸੀਪਲ ਨੇ ਅਹੁਦਾ ਸੰਭਾਲਿਆ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਜਨਾਲਾ ਵਿਖੇ ਮੁਕਤਾ ਤਰ੍ਹੇਨ ਨੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ।ਚੀਫ ਖਾਲਸਾ ਦੀਵਾਨ ਦੇ ਮੈਂਬਰ ਇੰਚਾਰਜ ਸਰਦਾਰ ਗੁਰਭੇਜ ਸਿੰਘ ਵੱਲੋਂ ਜੁਆਇਨ ਕਰਵਾਇਆ ਗਿਆ। ਇਸ ਮੌਕੇ ਮੈਂਬਰ ਇੰਚਾਰਜ ਐਡਵੋਕੇਟ ਇੰਦਰਜੀਤ ਸਿੰਘ ਅੜੀ, ਭਰਪੂਰ ਸਿੰਘ, ਦਰਸ਼ਨ ਸਿੰਘ ਵੱਲੋਂ ਪ੍ਰਿੰਸੀਪਲ ਮੈਡਮ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।ਇਸ ਸਮੇਂ ਸਕੂਲ ਸਟਾਫ਼ ਮੈਂਬਰ ਜੁਗਰਾਜ ਸਿੰਘ ਰਿਆੜ, ਅਵਤਾਰ ਸਿੰਘ, ਅਮਨਦੀਪ ਸਿੰਘ ਨੇਗੀ, ਸ਼ੇਰ ਬਹਾਦਰ, ਰਾਜਬੀਰ ਕੌਰ, ਰਜਿੰਦਰ ਕੌਰ, ਹਰਿੰਦਰ ਕੌਰ, ਗੁਰਪ੍ਰੀਤ ਕੌਰ, ਕਵਲਜੀਤ ਕੌਰ ਅਤੇ ਪੂਜਾ ਕੁਮਾਰੀ ਹਾਜ਼ਰ ਸਨ। ਇਸ ਮੌਕੇ ਸਕੂਲ ਦੇ ਨਵੇਂ ਪ੍ਰਿੰਸੀਪਲ ਨੇ ਸਾਰੇ ਸਟਾਫ ਨੂੰ ਤਨਦੇਹੀ ਨਾਲ ਡਿਊਟੀ ਨਿਭਾਉਣ ਅਤੇ ਸਕੂਲ ਦੇ ਬੱਚਿਆਂ ਨੂੰ ਪੜ੍ਹਾਈ ਵੱਲ ਧਿਆਨ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਕੋਈ ਵੀ ਬੱਚਾ ਜੇਕਰ ਕੋਈ ਗਲਤ ਹਰਕਤ ਕਰਦਾ ਹੈ ਤਾਂ ਉਸ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ।

# ਹਿਮਾਚਲ ਵਿਧਾਨ ਸਭਾ 'ਚ ਗਰਜੇ ਡਿਪਟੀ ਸਪੀਕਰ ਰੌੜੀ

**ਹੁਸ਼ਿਆਰਪੁਰ (ਓ ਪੀ ਰਾਣਾ)**- ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਰੌੜੀ ਨੇ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ (ਸੀ.ਪੀ.ਏ) ਭਾਰਤ ਖੇਤਰ ਜ਼ੋਨ-2 ਦੀ ਸਾਲਾਨਾ ਕਾਨਫਰੰਸ ਦੌਰਾਨ ਪੰਜਾਬ ਦੀ ਨੁਮਾਇੰਦਗੀ ਕੀਤੀ। ਇਸ ਕਾਨਫਰੰਸ ਵਿਚ ਵੱਖ-ਵੱਖ ਰਾਜਾਂ ਦੇ ਵਿਧਾਨ ਸਭਾਵਾਂ ਦੇ ਸਪੀਕਰ, ਡਿਪਟੀ ਸਪੀਕਰ ਅਤੇ ਵਿਧਾਇਕਾਂ ਨੇ ਭਾਗ ਲਿਆ ਅਤੇ ਖੇਤਰ ਵਿਚ ਲੋਕਤੰਤਰਿਕ ਪ੍ਰਥਾਵਾਂ ਅਤੇ ਵਿਧਾਨਕ ਪ੍ਰਕ੍ਰਿਆਵਾਂ ਨੂੰ ਮਜ਼ਬੂਤ ਕਰਨ ਲਈ ਵਿਚਾਰ ਸਾਂਝੇ ਕੀਤੇ।ਡਿਪਟੀ ਸਪੀਕਰ ਰੌੜੀ ਨੇ ਵਿਚਾਰ-ਚਰਚਾ ਵਿਚ ਸਰਗਰਮੀ ਨਾਲ ਭਾਗ ਲੈਂਦਿਆਂ ਮੁੱਖ ਵਿਸ਼ਿਆਂ 'ਤੇ ਵਿਚਾਰ ਰੱਖੇ, ਜਿਵੇਂ ਕਿ ਦਲ-ਬਦਲ ਦੇ ਆਧਾਰ 'ਤੇ ਅਯੋਗਤਾ, ਵਿਧਾਨ ਸਭਾ ਦੀ ਕਾਰਗੁਜ਼ਾਰੀ ਵਿਚ ਏ. ਆਈ ਦਾ ਪ੍ਰਯੋਗ ਅਤੇ ਰਾਜ ਦੇ ਵਿਕਾਸ ਸਬੰਧੀ ਰਾਜ ਦੇ ਸਰੋਤਾਂ ਦੇ ਪ੍ਰਬੰਧਨ ਵਿਚ ਵਿਧਾਇਕਾਂ ਦੀ ਭੂਮਿਕਾ। ਉਨ੍ਹਾਂ ਕਿਹਾ ਕਿ ਵਿਧਾਇਕਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਵਿੱਤੀ, ਕੁਦਰਤੀ ਅਤੇ ਮਨੁੱਖੀ ਸਰੋਤਾਂ ਦੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਪ੍ਰਯੋਗ ਲਈ ਨੀਤੀਆਂ ਬਣਾਉਣ ਅਤੇ ਉਹਨਾਂ ਨੂੰ ਰਾਜ ਦੇ ਵਿਕਾਸ ਪ੍ਰਾਥਮਿਕਤਾਵਾਂ ਨਾਲ ਜੋੜਨ ਵਿੱਚ ਸਹਾਇਕ ਬਣਨ।ਲੋਕਤੰਤਰਕ ਸੰਸਥਾਵਾਂ ਵਿਚ ਤਕਨੀਕ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਡਿਪਟੀ ਸਪੀਕਰ ਰੌੜੀ ਨੇ ਵਿਧਾਨਕ ਪ੍ਰਕਿਰਿਆ ਵਿਚ ਪਾਰਦਰਸ਼ਤ, ਪ੍ਰਭਾਵਸ਼ੀਲਤਾ ਅਤੇ ਨਾਗਰਿਕ ਭਾਗੀਦਾਰੀ ਵਧਾਉਣ ਲਈ ਏ. ਆਈ ਦੇ ਅਪਨਾਏ ਜਾਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਦਲ-ਬਦਲ ਦੇ ਆਧਾਰ 'ਤੇ ਅਯੋਗਤਾ ਸਬੰਧੀ ਮਸਲੇ 'ਤੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਲੋਕਤੰਤਰ ਦੀ ਸਥਿਰਤਾ ਨੂੰ ਬਰਕਰਾਰ ਰੱਖਣ ਲਈ ਦਲ-ਬਦਲ ਰੋਕੂ ਕਾਨੂੰਨ ਦੀ ਪਵਿੱਤਰਤਾ ਬਰਕਰਾਰ ਰੱਖਣ ਦੀ ਲੋੜ ਹੈ।




# ਖੇਤ ਮਜ਼ਦੂਰ ਆਗੂ 'ਤੇ ਹਮਲੇ ਦਾ ਮਜ਼ਦੂਰ ਜਥੇਬੰਦੀਆਂ ਨੇ ਲਿਆ ਗੰਭੀਰ ਨੋਟਿਸ

● ਹਮਲਾ ਪੁਲਸ ਜਗੀਰੂ ਗੱਠਜੋੜ ਦੀ ਮਿਲੀਭੁਗਤ ਦਾ ਸਿੱਟਾ

**ਜਲੰਧਰ (ਗਿਆਨ ਸੈਦਪੁਰੀ)**- ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਸਾਥੀ ਹਰਭਗਵਾਨ ਮੂਣਕ 'ਤੇ ਅੱਜ ਕੁਝ ਗੁੰਡਿਆਂ ਵਲੋਂ ਡੀ ਐਸ ਪੀ ਮੂਣਕ ਦੇ ਦਫ਼ਤਰ ਕੋਲ ਪਿੰਡ ਪਾਪੜਾ ਦੇ ਜਾਗੀਰੂ ਚੌਧਰੀਆਂ ਦੀ ਮਿਲੀਭੁਗਤ ਨਾਲ ਕੁਝ ਗੁੰਡਿਆਂ ਵਲੋਂ ਮਾਰ ਦੇਣ ਦੀ ਨੀਅਤ ਨਾਲ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਅੱਜ ਇਥੋਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਵਰਾ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪਿੰਡ ਪਾਪੜਾ ਜ਼ਿਲ੍ਹਾ ਸੰਗਰੂਰ ਵਿਖੇ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦੀ ਬੋਲੀ ਦੇ ਮਾਮਲੇ ਵਿਚ ਮਜ਼ਦੂਰ ਆਗੂ ਹਰਭਗਵਾਨ ਪੇਂਡੂ ਧਨਾਢਾਂ ਦੀਆਂ ਅੱਖਾਂ 'ਚ ਰੜਕਦਾ ਸੀ, ਜਿਸ ਕਰਕੇ ਪਹਿਲਾਂ ਵੀ ਕਈ ਵਾਰੀ ਮਜ਼ਦੂਰ ਆਗੂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਅੱਜ ਇੱਕ ਮਾਮਲੇ ਵਿੱਚ ਪਿੰਡ ਦੇ ਮਜ਼ਦੂਰ ਪਿੰਡ ਪਾਪੜਾ ਵਿਖੇ ਇਕੱਠੇ ਹੋਏ ਸਨ, ਜਿੱਥੇ ਸਾਥੀ ਹਰਭਗਵਾਨ ਮੂਣਕ ਗਏ ਸਨ। ਪਹਿਲਾਂ ਹੰਕਾਰੇ ਹੋਏ ਜਾਗੀਰੂ ਚੌਧਰੀਆਂ ਨੇ ਪਿੰਡ ਵਿੱਚ ਹੀ ਮਜ਼ਦੂਰ ਆਗੂ ਨਾਲ ਹੱਥੋਪਾਈ ਕੀਤੀ ਤੇ ਪਿੰਡ ਦੇ ਮਜ਼ਦੂਰਾਂ ਨੂੰ ਜਾਤੀਸੂਚਕ ਗਾਲੀ ਗਲੋਚ ਕੀਤਾ । ਮਜ਼ਦੂਰ ਜਦੋਂ ਥਾਣਾ ਮੂਣਕ ਵਿਖੇ ਇਸ ਘਟਨਾ ਦੀ ਸ਼ਿਕਾਇਤ ਕਰਨ ਜਾ ਰਹੇ ਸਨ ਤਾਂ ਪਿੰਡ ਪਾਪੜਾ ਦੇ ਜਾਗੀਰੂ ਚੌਧਰੀਆਂ ਦੇ ਗੁੰਡਿਆਂ ਨੇ ਸਰੇਬਜ਼ਾਰ ਮਜ਼ਦੂਰ 'ਤੇ ਹਮਲਾ ਕਰਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਮਜ਼ਦੂਰ ਆਗੂਆਂ ਨੇ ਇਸ ਹਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਗੁੰਡਿਆਂ ਨੂੰ ਤੁਰੰਤ ਫੜ ਕੇ ਸਲਾਖਾਂ ਪਿੱਛੇ ਕੀਤਾ ਜਾਵੇ ਅਤੇ ਜਾਤੀਸੂਚਕ ਗਾਲੀ ਗਲੋਚ ਕਰਨ ਵਾਲਿਆਂ 'ਤੇ ਐੱਸ ਸੀ ਐੱਸ ਟੀ ਐਕਟ ਲਾ ਕੇ ਗ੍ਰਿਫ਼ਤਾਰ ਕੀਤਾ ਜਾਵੇ।

# ਕਰੈਸ਼ਰ ਮਾਲਕਾਂ ਨੇ ਨੌਵੀਂ ਵਾਰ ਸਵਾਂ ਨਦੀ 'ਤੇ ਆਰਜ਼ੀ ਪੁਲ ਬਣਾਇਆ



**ਭਲਾਣ (ਹਰਭਜਨ ਢਿੱਲੋਂ)**- ਬੀਤੇ ਦਿਨੀ ਸਵਾਂ ਨਦੀ ਵਿੱਚ ਜ਼ਿਆਦਾ ਪਾਣੀ ਆਉਣ ਕਾਰਨ ਐਲਗਰਾਂ ਸਵਾਂ ਨਦੀ ਉੱਤੇ ਬਣਾਇਆ ਆਰਜ਼ੀ ਪੁਲ ਹੜ੍ਹ ਗਿਆ ਸੀ। ਜਿਸ ਕਾਰਨ ਗੱਡੀਆਂ, ਮੋਟਰਾਂ ਦਾ ਲੰਘਣਾ ਬੜਾ ਮੁਸ਼ਕਲ ਹੋਇਆ ਪਿਆ ਸੀ। ਬੱਸ ਦੀ ਸਵਾਰੀ ਕਰਨ ਵਾਲੇ ਲੋਕ ਐਲਗਰਾਂ ਪੁਲ ਤੋਂ ਪਿੱਛੇ ਉਤਰ ਜਾਂਦੇ ਸੀ, ਅੱਗੇ ਦੋ ਕਿਲੋਮੀਟਰ ਤੁਰ ਕੇ ਕਲਮਾ ਮੋੜ ਤੋਂ ਦੁਬਾਰਾ ਬੱਸ ਲੈਂਦੇ ਸਨ। ਪਿਛਲੇ ਡੇਢ ਸਾਲ ਤੋਂ ਐਲਗਰਾਂ ਸਵਾਂ ਨਦੀ ਉੱਤੇ ਬਣਿਆ ਪੱਕਾ ਪੁਲ ਪ੍ਰਸ਼ਾਸਨ ਵੱਲੋਂ ਬੰਦ ਕਰ ਦਿੱਤਾ ਗਿਆ ਹੈ। ਕਿਉਂਕਿ ਪੁਲ ਦੀਆਂ ਸਲੈਬਾਂ ਖਿਸਕ ਗਈਆਂ ਸਨ। ਜਿਸ ਕਾਰਨ ਵੱਡੀਆਂ ਗੱਡੀਆਂ ਲੰਘਣ ਨਾਲ ਕੋਈ ਹਾਦਸਾ ਵੀ ਵਾਪਰ ਸਕਦਾ ਸੀ। ਅੱਜ ਨੌਵੀਂ ਵਾਰ ਲੋਕਾਂ ਦੀ ਸਹੂਲਤ ਲਈ ਕਰੈਸ਼ਰ ਮਾਲਕਾਂ ਨੇ ਸਵਾਂ ਨਦੀ ਉੱਤੇ ਫਿਰ ਪੁਲੀਆਂ ਪਾ ਕੇ ਆਰਜ਼ੀ ਪੁਲ ਬਣਾ ਦਿੱਤਾ ਹੈ। ਜਿਸ ਨਾਲ ਵੱਡੀਆਂ ਗੱਡੀਆਂ ਦਾ ਲੰਘਣਾ ਆਸਾਨ ਹੋ ਗਿਆ ਹੈ ਤੇ ਲੋਕਾਂ ਦਾ ਸਮਾਂ, ਤੇਲ ਤੇ ਪੈਸਾ ਵੀ ਬਚੇਗਾ।

# 2029 ਤੱਕ ਐੱਮ ਬੀ ਬੀ ਐੱਸ ਸੀਟਾਂ 3400 ਤੋਂ ਵੱਧ ਕਰਨਾ ਸਰਕਾਰ ਦਾ ਟੀਚਾ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਡਾਕਟਰਾਂ ਨੂੰ ਹੋਰ ਬੇਹਤਰ ਸਰੋਤ ਅਤੇ ਨਾਗਰਿਕਾਂ ਨੂੰ ਗੁਣਵੱਤਾਪੂਰਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਹਰ ਜ਼ਿਲ੍ਹੇ ਵਿੱਚ ਮੈਡੀਕਲ ਕਾਲਜ ਦੀ ਸਥਾਪਨਾ ਕੀਤੀ ਜਾ ਰਹੀ ਹੈ। ਸਾਲ 2014 ਵਿੱਚ ਜਿੱਥੇ ਮੈਡੀਕਲ ਕਾਲਜਾਂ ਦੀ ਗਿਣਤੀ ਸਿਰਫ਼ 6 ਸੀ, ਉੱਥੇ ਅੱਜ ਇਹ ਗਿਣਤੀ ਵਧ ਕੇ 15 ਹੋ ਗਈ ਹੈ ਅਤੇ 9 ਨਵੇਂ ਕਾਲਜ ਨਿਰਮਾਣ ਅਧੀਨ ਹਨ। ਇਸ ਦੇ ਨਤੀਜੇ ਵਜੋਂ ਐਮ ਬੀ ਬੀ ਐਸ ਦੀਆਂ ਸੀਟਾਂ 2014 ਵਿੱਚ 700 ਤੋਂ ਵਧ ਕੇ ਹੁਣ 2185 ਹੋ ਚੁੱਕੀਆਂ ਹਨ। ਰਾਜ ਸਰਕਾਰ ਦਾ ਸਾਲ 2029 ਤੱਕ ਐਮ ਬੀ ਬੀ ਐਸ ਦੀ ਸੀਟਾਂ 3400 ਤੋਂ ਵੱਧ ਕਰਨ ਦਾ ਟੀਚਾ ਹੈ।ਮੁੱਖ ਮੰਤਰੀ ਚੰਡੀਗੜ੍ਹ ਵਿੱਚ ਡੇਰਾਬਸੀ ਮੈਡੀਕਲ ਐਸੋਸੀਏਸ਼ਨ ਵੱਲੋਂ ਕੌਮੀ ਡਾਕਟਰਸ ਦਿਵਸ 'ਤੇ ਪ੍ਰਬੰਧਿਤ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮਨੁੱਖੀ ਸੇਵਾ ਦੀ ਰਾਹ ਵਿੱਚ ਡੇਰਾਬੱਸੀ ਮੈਡੀਕਲ ਐਸੋਸੀਏਸ਼ਨ ਨੇ ਸ਼ਲਾਘਾਯੋਗ ਯੋਗਦਾਨ ਕੀਤਾ ਹੈ। ਪਿਛਲੇ 2 ਸਾਲਾਂ ਤੋਂ ਚੌਰਸਿਆ ਹਸਪਤਾਲ ਵਿੱਚ ਫ੍ਰੀ ਡਾਇਲਸਿਸ ਸੈਂਟਰ ਚਲਾਇਆ ਜਾ ਰਿਹਾ ਹੈ। ਸੈਣੀ ਨੇ ਡਾਕਟਰਾਂ, ਸਿਹਤ ਕਰਮੀਆਂ ਅਤੇ ਮੈਡੀਕਲ ਸੇਵਾ ਨਾਲ ਜੁੜੇ ਹਰੇਕ ਵਿਅਕਤੀ ਨੂੰ ਕੌਮੀ ਡਾਕਟਰਸ ਦਿਵਸ ਦੀ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਦਾ ਟੀਚਾ ਹੈ ਕਿ ਹਰ ਡਾਕਟਰ ਨੂੰ ਸਹੀ ਸਰੋਤ ਮਿਲਣ ਅਤੇ ਹਰ ਨਾਗਰਿਕ ਨੂੰ ਬੇਹਤਰ ਇਲਾਜ ਮਿਲੇ। ਇਸੇ ਦਿਸ਼ਾ ਵਿੱਚ ਮੈਡੀਕਲ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹੋਏ ਸੂਬਾ ਸਰਕਾਰ ਨੇ ਪੀ.ਜੀ. ਦੀਆਂ ਸੀਟਾਂ 289 ਤੋਂ ਵਧਾ ਕੇ 1043 ਕੀਤੀਆਂ ਹਨ। ਇਸ ਦੇ ਇਲਾਵਾ ਪੀ.ਜੀ. ਡਿਪਲੋਮਾ ਦੀਆਂ ਵੀ 155 ਸੀਟਾਂ ਹਨ। ਸੂਬੇ ਵਿੱਚ ਡਾਕਟਰਾਂ ਦੀ ਕਮੀ ਨੂੰ ਪੂਰਾ ਕਰਨ ਲਈ ਸਾਲ 2014 ਤੋਂ ਹੁਣ ਤੱਕ 3798 ਡਾਕਟਰਾਂ ਦੀ ਭਰਤੀ ਕੀਤੀ ਗਈ ਹੈ। ਡਾਕਟਰਾਂ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਤੋਂ ਵਧਾ ਕੇ 65 ਸਾਲ ਕਰ ਦਿੱਤੀ ਹੈ।ਉਨ੍ਹਾ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ, ਮੈਡੀਕਲ ਕਾਲਜਾਂ ਅਤੇ ਮੈਡੀਕਲ ਯੂਨਿਵਰਸਿਟੀਆਂ ਵਿੱਚ ਕਿਡਨੀ ਮਰੀਜ਼ਾਂ ਨੂੰ ਫ੍ਰੀ ਡਾਇਲਸਿਸ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਰ ਗਰੀਬ ਵਿਅਕਤੀ ਨੂੰ ਸਿਹਤ ਸੇਵਾਵਾਂ ਦਾ ਲਾਭ ਮਿਲੇ, ਇਸ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਯੁਸ਼ਮਾਨ ਭਾਰਤ ਯੋਜਨਾ ਚਲਾਈ, ਜਿਸ ਦੇ ਤਹਿਤ ਗਰੀਬ ਪਰਵਾਰ ਨੂੰ ਸਾਲਾਨਾ 5 ਲੱਖ ਰੁਪਏ ਤੱਕ ਦੇ ਫ੍ਰੀ ਇਲਾਜ ਦੀ ਵਿਵਸਥਾ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਰੋਨਾ ਕਾਲ ਵਿੱਚ ਜਦੋਂ ਪੂਰਾ ਦੇਸ਼ ਘਰਾਂ ਵਿੱਚ ਬੰਦ ਸੀ, ਉਸ ਸਮੇ ਡਾਕਟਰਾਂ ਨੇ ਪੀ ਪੀ ਈ ਕਿਟ ਪਾ ਕੇ ਪਰਵਾਰ ਤੋਂ ਦੂਰ ਰਹਿੰਦੇ ਹੋਏ ਮਰੀਜ਼ਾਂ ਨਾਲ ਖੜ੍ਹੇ ਸੀ।ਇਸ ਮੌਕੇ ਮੁੱਖ ਮੰਤਰੀ ਨੇ ਮਨੁੱਖਤਾ ਦੀ ਸੇਵਾ ਲਈ ਵੱਖ ਵੱਖ ਡਾਕਟਰਾਂ ਨੂੰ ਸਨਮਾਨਤ ਕੀਤਾ। ਇਸ ਦੇ ਇਲਾਵਾ ਮੁੱਖ ਮੰਤਰੀ ਨੇ ਡੇਰਾਬਸੀ ਮੈਡੀਕਲ ਐਸੋਸੀਏਸ਼ਨ ਦੀ ਮੈਗਜ਼ੀਨ ਦਾ ਵੀ ਵਿਮੋਚਨ ਕੀਤਾ।

# ਏ ਜੀ ਆਈ ਓਪਨ ਤੈਰਾਕੀ ਚੈਂਪੀਅਨਸ਼ਿਪ ਉਤਸ਼ਾਹ ਨਾਲ ਸਮਾਪਤ

**ਜਲੰਧਰ ( ਰਾਜੇਸ਼ ਥਾਪਾ)** ਜਲੰਧਰ ਹਾਈਟਸ 2, 66 ਫੁੱਟ ਰੋਡ, ਜਲੰਧਰ ਦੇ ਸਵੀਮਿੰਗ ਪੂਲ ਵਿਖੇ ਸਮਾਪਤ ਹੋਈ ਏ ਜੀ ਆਈ ਓਪਨ ਤੈਰਾਕੀ ਚੈਂਪੀਅਨਸ਼ਿਪ ਦੇ ਵੱਖ-ਵੱਖ ਮੁਕਾਬਲਿਆਂ ਦੇ ਫਾਈਨਲਿਸਟਾਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ।10 ਸਾਲ ਤੋਂ ਘੱਟ ਉਮਰ ਦੇ ਫਾਈਨਲਜ਼ 50 ਮੀਟਰ ਲਈ 10 ਸਾਲ ਤੋਂ ਘੱਟ ਉਮਰ ਦੇ ਮੁੰਡਿਆਂ ਦੇ ਵਰਗ ਵਿੱਚ 50 ਮੀਟਰ ਲਈ ਨਿਸ਼ਾਨ ਨੇ ਪਹਿਲਾ, ਵਿਆਨ ਨੇ ਦੂਜਾ ਅਤੇ ਆਰਿਵ ਨੇ ਤੀਜਾ ਸਥਾਨ ਪ੍ਰਾਪਤ ਕੀਤਾ।50 ਮੀਟਰ ਲਈ 10 ਸਾਲ ਤੋਂ ਘੱਟ ਉਮਰ ਦੇ ਕੁੜੀਆਂ ਦੇ ਵਰਗ ਵਿੱਚ ਮਿਸ ਰਿੰਗੇਨ ਨੇ ਪਹਿਲਾ ਸਥਾਨ, ਜੰਨਤ ਨੇ ਦੂਜਾ ਅਤੇ ਭਾਗੀਰਥੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।50 ਮੀਟਰ ਲਈ 15 ਸਾਲ ਤੋਂ ਘੱਟ ਉਮਰ ਦੇ ਮੁੰਡਿਆਂ ਦੇ ਵਰਗ ਵਿੱਚ ਰੋਹਨ ਨੇ ਪਹਿਲਾ, ਆਦਿਤਿਆ ਨੇ ਦੂਜਾ ਅਤੇ ਜਗਰਾਵ ਨੇ ਤੀਜਾ ਸਥਾਨ ਪ੍ਰਾਪਤ ਕੀਤਾ।15 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਵਿੱਚ 50 ਮੀਟਰ ਵਿੱਚ ਆਰਜ਼ੋਈ ਨੇ ਪਹਿਲਾ, ਪ੍ਰਨਿਧੀ ਨੇ ਦੂਜਾ ਅਤੇ ਮਿਥਾਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 75 ਮੀਟਰ ਲਈ 15 ਸਾਲ ਤੋਂ ਘੱਟ ਉਮਰ ਦੇ ਫਾਈਨਲ ਆਕਰਸ਼ ਨੇ ਪਹਿਲਾ, ਆਰਵ ਚਾਵਲਾ ਨੇ ਦੂਜਾ ਅਤੇ ਲਵਿਸ਼ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਉਪਰੋਕਤ ਸ਼੍ਰੇਣੀਆਂ ਦੇ ਜੇਤੂਆਂ ਨੂੰ ਟਰਾਫੀਆਂ, ਮੈਡਲ ਅਤੇ ਸਰਟੀਫਿਕੇਟ, ਹੀਟਸ ਦੇ ਉਪ ਜੇਤੂਆਂ ਅਤੇ ਫਾਈਨਲਿਸਟਾਂ ਨੂੰ ਮੈਡਲ , ਏ ਜੀਆਈ ਦੇ ਜਨਰਲ ਅਰੁਣ ਖੰਨਾ ਅਤੇ ਏ ਜੀਆਈ ਸਪੋਰਟਸ ਇੰਸਟੀਚਿਊਟ ਆਫ਼ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਭਾਂਬਰੀ ਦੁਆਰਾ ਸਰਟੀਫਿਕੇਟ ਦਿੱਤੇ ਗਏ।



# ਆਵਾਰਾ ਕੁੱਤਿਆਂ ਨੇ ਵੱਛੇ ਨੂੰ ਨੋਚ ਨੋਚ ਕੇ ਖਾਧਾ

**ਕਾਦੀਆਂ ਯਾਦਵਿੰਦਰ ਸਿੰਘ ਮਲਹੋਤਰਾ)**- ਕਾਦੀਆਂ ਤੋਂ ਰਾਮਪੁਰ ਸਥਿਤ ਐੱਸਪੀ ਕਲੋਨੀ ਵਿੱਚ ਆਵਾਰਾ ਕੁੱਤਿਆਂ ਨੇ ਗਾਂ ਦੇ ਬੱਚੇ ਨੂੰ ਨੋਚ ਨੋਚ ਕੇ ਖਾ ਲਿਆ ਅਤੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਥਾਨਕ ਲੋਕਾਂ ਨੇ ਦੱਸਿਆ ਕਿ ਆਵਾਰਾ ਕੁੱਤੇ ਇੱਥੇ ਬਹੁਤ ਜ਼ਿਆਦਾ ਘੁੰਮਦੇ ਹਨ ਜਿਸ ਕਾਰਨ ਉਨ੍ਹਾਂ ਦਾ ਇੱਥੋਂ ਗੁਜ਼ਰਨਾ ਅਤੇ ਸਵੇਰੇ ਸ਼ਾਮ ਸੈਰ ਕਰਨਾ ਵੀ ਔਖਾ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਬੇਸ਼ੱਕ ਸੰਬੰਧਤ ਮਹਿਕਮਾ ਅਤੇ ਪ੍ਰਸ਼ਾਸਨ ਆਵਾਰਾ ਕੁੱਤਿਆਂ ਦੇ ਉੱਪਰ ਨਕੇਲ ਕੱਸ ਰਿਹਾ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਕੁੱਤਿਆਂ ਦੀ ਦਹਿਸ਼ਤ ਲਗਾਤਾਰ ਦਿਖਾਈ ਦੇ ਰਹੀ ਹੈ।ਲੋਕਾਂ ਨੇ ਦੱਸਿਆ ਕਿ ਇਹ ਆਵਾਰਾ ਕੁੱਤੇ ਜ਼ਿਆਦਾਤਰ ਬੱਚਿਆਂ ਨੂੰ ਹੀ ਆਪਣਾ ਨਿਸ਼ਾਨਾ ਬਣਾਉਂਦੇ ਹਨ ਚਾਹੇ ਉਹ ਇਨਸਾਨੀ ਬੱਚੇ ਹੋਣ ਚਾਹੇ ਜਾਨਵਰਾਂ ਦੇ।ਲੋਕਾਂ ਨੇ ਇਹ ਵੀ ਦੱਸਿਆ ਕਿ ਪਹਿਲਾਂ ਵੀ ਇਸ ਰੋਡ ਦੇ ਉਪਰ ਕਈ ਵਾਰ ਆਵਾਰਾ ਕੁੱਤਿਆਂ ਵੱਲੋਂ ਗਾਵਾਂ ਅਤੇ ਮੱਝਾਂ ਦੇ ਬੱਚਿਆਂ ਨੂੰ ਆਪਣਾ ਨਿਸ਼ਾਨਾ ਬਣਾਇਆ ਗਿਆ ਹੈ।ਅਵਤਾਰ ਸਿੰਘ ਨਾਥਪੁਰ, ਬਲਕਾਰ ਸਿੰਘ ਨਾਥਪੁਰ, ਡਾਕਟਰ ਮੋਹਨ ਲਾਲ, ਜਸਬੀਰ ਸਿੰਘ ਨਾਥਪੁਰ, ਸਰਵਣ ਸਿੰਘ, ਨਿਸ਼ਾਨ ਸਿੰਘ, ਸਰਬਜੀਤ ਸਿੰਘ, ਮਨਜੀਤ ਸਿੰਘ ਆਦਿ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਕੋਲੋਂ ਮੰਗ ਕੀਤੀ ਕਿ ਕਾਦੀਆਂ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਆਵਾਰਾ ਕੁੱਤਿਆਂ ਦੀ ਦਹਿਸ਼ਤ ਕਾਰਨ ਜੋ ਲੋਕ ਪਰੇਸ਼ਾਨ ਹਨ ਉਨ੍ਹਾਂ ਨੂੰ ਰਾਹਤ ਦਿਵਾਈ ਜਾਵੇ।



# ਖਾਲੀ ਪਲਾਟਾਂ 'ਚ ਕੂੜੇ-ਕਰਕਟ, ਗੰਦਗੀ ਤੇ ਗੰਦੇ ਪਾਣੀ ਦੇ ਇਕੱਠੇ ਹੋਣ 'ਤੇ ਮਾਲਕਾਂ ਨੂੰ ਹੋਵੇਗਾ ਜੁਰਮਾਨਾ

**ਮਾਨਸਾ (ਆਤਮਾ ਸਿੰਘ ਪਮਾਰ)** ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਕੁਲਵੰਤ ਸਿੰਘ, ਆਈ.ਏ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ 'ਚ ਕੂੜੇ ਕਰਕਟ, ਗੰਦਗੀ ਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਅਗਾਊ ਢੁੱਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਵਿਸ਼ੇਸ਼ ਹੁਕਮ ਜਾਰੀ ਕਰ ਦਿੱਤੇ ਗਏ ਹਨ । ਹੁਕਮਾਂ 'ਚ ਕਿਹਾ ਗਿਆ ਹੈ ਕਿ ਸ਼ਹਿਰ ਵਿਚ ਖਾਲੀ ਪਏ ਪਲਾਟਾਂ ਦੇ ਮਾਲਕ/ਕਾਬਜ਼ ਆਪਣੇ ਖਾਲੀ ਪਲਾਟਾਂ ਵਿਚ ਲੱਗੇ ਕੂੜੇ ਕਰਕਟ ਦੇ ਢੇਰ, ਗੰਦਗੀ ਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ ਸਫਾਈ ਆਪਣੇ ਪੱਧਰ 'ਤੇ ਕਰਵਾਉਣੀ ਯਕੀਨੀ ਬਣਾਉਣ। ਆਪਣੀ ਮਾਲਕੀ/ਕਬਜ਼ੇ ਵਾਲੇ ਖਾਲੀ ਪਲਾਟ ਦੇ ਆਲੇ-ਦੁਆਲੇ ਪੱਕੀ ਚਾਰਦੀਵਾਰੀ ਜਾਂ ਫੈਂਸਿੰਗ ਕਰਾਉਣੀ ਯਕੀਨੀ ਬਣਾਈ ਜਾਵੇ ਜਾਂ ਪਲਾਟ ਵਿੱਚ ਕੂੜਾ ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ । ਹੁਕਮ ਵਿਚ ਕਿਹਾ ਗਿਆ ਹੈ ਕਿ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਮਾਨਸਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਰਾਹੀਂ ਜਾਰੀ ਇਨ੍ਹਾਂ ਹੁਕਮਾਂ ਦੀ ਪਾਲਣਾ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976, ਵਾਤਾਵਰਣ (ਸੁਰੱਖਿਆ) ਐਕਟ, 1986 ਤੇ ਮਿਊਂਸਪਲ ਸਾਲਿਡ ਵੇਸਟ (ਮੈਨੇਜਮੈਂਟ ਅਤੇ ਹੈਂਡਲਿੰਗ) ਨਿਯਮ, 2016 ਅਧੀਨ ਕਰਵਾਉਣੀ ਯਕੀਨੀ ਬਣਾਉਣਗੇ । ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ/ਅਦਾਰਿਆਂ ਵਿਰੁੱਧ ਜਨਤਕ ਸਿਹਤ ਨੂੰ ਨੁਕਸਾਨ ਪੁਚਾਉਣ ਦੇ ਸਿੱਟੇ ਵਜੋਂ ਉਕਤ ਨਿਯਮਾਂ ਤਹਿਤ ਜ਼ੁਰਮਾਨੇ ਅਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਮਾਮਲੇ ਦਰਜ ਕੀਤੇ ਜਾਣ। ਇਸ ਤੋਂ ਇਲਾਵਾ ਜੇਕਰ ਪਲਾਟ ਦੀ ਸਾਫ ਸਫਾਈ ਦਾ ਕੰਮ ਨਗਰ ਕੌਂਸਲ/ਪੰਚਾਇਤ ਵੱਲੋਂ ਕਰਾਇਆ ਜਾਂਦਾ ਹੈ ਤਾਂ ਸਾਫ ਸਫਾਈ 'ਤੇ ਹੋਣ ਵਾਲੇ ਖਰਚ ਦੀ ਰਿਕਵਰੀ ਪਲਾਟ ਦੇ ਕਾਬਜ/ਮਾਲਕ ਪਾਸੋਂ ਹੀ ਕਰਾਈ ਜਾਵੇ ।

# ਜ਼ੀਰਕਪੁਰ ਨੂੰ ਨਗਰ ਨਿਗਮ ਬਣਾਉਣ ਵਾਲੇ 11 ਮਹੀਨਿਆਂ ਤੋਂ ਨਹੀਂ ਕਰਵਾ ਸਕੇ ਕੌਂਸਲ ਦੀ ਮੀਟਿੰਗ : ਸ਼ਰਮਾ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**- ਜ਼ੀਰਕਪੁਰ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਫੈਲੀ ਅਵਿਵਸਥਾ ਦੇ ਮੁੱਦੇ ਤੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਮੌਜੂਦਾ ਸਰਕਾਰ ਨੂੰ ਘੇਰਦੇ ਹੋਏ ਕਿਹਾ ਕਿ ਇੱਕ ਪਾਸੇ ਸਰਕਾਰ ਜ਼ੀਰਕਪੁਰ ਨੂੰ ਨਗਰ ਨਿਗਮ ਬਣਾਉਣ ਦਾ ਐਲਾਨ ਕਰ ਚੁੱਕੀ ਹੈ, ਉੱਥੇ ਹੀ ਪਿਛਲੇ 11 ਮਹੀਨਿਆਂ ਤੋਂ ਨਗਰ ਕੌਂਸਲ ਦੀ ਇੱਕ ਵੀ ਮੀਟਿੰਗ ਨਹੀਂ ਹੋਈ। ਜਿਸ ਕਾਰਨ ਸ਼ਹਿਰ ਦੇ ਰੋਜ਼ਾਨਾ ਦੇ ਕੰਮ ਠੱਪ ਹੋ ਗਏ ਹਨ।ਜ਼ੀਰਕਪੁਰ ਦੇ ਲੋਕਾਂ ਲਈ ਵਿਕਾਸ ਕਾਰਜ ਇੱਕ ਸੁਪਨਾ ਬਣ ਗਏ ਹਨ। ਐਨ.ਕੇ. ਸ਼ਰਮਾ ਜ਼ੀਰਕਪੁਰ ਦੇ ਵੱਖ-ਵੱਖ ਵਾਰਡਾਂ ਦੇ ਲੋਕ ਪ੍ਰਤੀਨਿਧੀਆਂ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਵਿਚਾਰ-ਵਟਾਂਦਰਾ ਕਰ ਰਹੇ ਸਨ।ਜ਼ੀਰਕਪੁਰ ਸ਼ਹਿਰ ਦੀਆਂ ਸਮੱਸਿਆਵਾਂ ਬਾਰੇ ਪਲੈਟੀਨਮ ਸੋਸਾਇਟੀ ਜ਼ੀਰਕਪੁਰ ਦੇ ਪ੍ਰਧਾਨ ਸ਼ਿਆਮ ਸਿੰਘ ਸੈਣੀ, ਰਵਿੰਦਰ ਐਨਕਲੇਵ ਤੋਂ ਅਰਜੁਨ, ਬਿਸ਼ਨਪੁਰਾ ਤੋਂ ਸਾਬਕਾ ਕੌਂਸਲਰ ਬਲਜੀਤ ਸਿੰਘ, ਹਰਮੇਸ਼ ਸੈਣੀ ਗਾਜ਼ੀਪੁਰ, ਦਸਮੇਸ਼ ਕਲੋਨੀ ਤੋਂ ਅਵਤਾਰ ਸਿੰਘ, ਕਲਗੀਧਰ ਐਨਕਲੇਵ ਤੋਂ ਡਾ. ਰਣਬੀਰ ਸਿੰਘ, ਸਿਗਮਾ ਸਿਟੀ ਤੋਂ ਹਰਬੰਸ ਸਿੰਘ, ਦਸਮੇਸ਼ ਕਲੋਨੀ ਤੋਂ ਸੁਨੀਲ, ਸਾਵਿਤਰੀ ਐਨਕਲੇਵ ਤੋਂ ਭੁਪਿੰਦਰ ਸਿੰਘ ਸਮੇਤ ਕਈ ਹੋਰਾਂ ਨੇ ਦੱਸਿਆ ਕਿ ਸ਼ਹਿਰ ਦੇ ਲੋਕ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ। ਮਾਨਸੂਨ ਦੀ ਪਹਿਲੀ ਬਾਰਿਸ਼ ਵਿੱਚ ਹੀ ਸਰਕਾਰ ਦੇ ਪਾਣੀ ਨਿਕਾਸ ਪ੍ਰਬੰਧਾਂ ਬਾਰੇ ਦਾਅਵਿਆਂ ਦੀ ਪੋਲ ਖੁੱਲ੍ਹ ਚੁੱਕੀ ਹੈ। ਸਾਬਕਾ ਵਿਧਾਇਕ ਨੇ ਕਿਹਾ ਕਿ ਨਗਰ ਨਿਗਮ ਬਣਾਉਣ ਦੇ ਨਾਂਅ 'ਤੇ ਜ਼ੀਰਕਪੁਰ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਜਦੋਂ ਕਿ ਸਥਿਤੀ ਅਜਿਹੀ ਹੈ ਕਿ ਜ਼ੀਰਕਪੁਰ ਨਗਰ ਕੌਂਸਲ ਵਿੱਚ ਵੀ ਲੋਕਾਂ ਦੀ ਸੁਣਵਾਈ ਨਹੀਂ ਹੋ ਰਹੀ। ਕਿਸੇ ਵੀ ਵਾਰਡ ਵਿੱਚ ਪਾਣੀ ਦੇ ਨਿਕਾਸ ਦਾ ਕੋਈ ਹੱਲ ਨਹੀਂ। ਨਗਰ ਕੌਂਸਲ ਨੇ ਇੱਥੇ ਮਾਨਸੂਨ ਤੋਂ ਪਹਿਲਾਂ ਕੋਈ ਤਿਆਰੀ ਨਹੀਂ ਕੀਤੀ। ਐਨ.ਕੇ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਹੋਰ ਸ਼ਹਿਰਾਂ ਦੇ ਮੁਕਾਬਲੇ ਸਭ ਤੋਂ ਵੱਧ ਮਾਲੀਆ ਜ਼ੀਰਕਪੁਰ ਨਗਰ ਕੌਂਸਲ ਰਾਹੀਂ ਸਰਕਾਰੀ ਖਜ਼ਾਨੇ ਵਿੱਚ ਜਾਂਦਾ ਹੈ। ਇਸ ਦੇ ਬਾਵਜੂਦ ਇੱਥੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ।ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਕਿਹਾ ਕਿ ਜਿੱਥੇ ਪਿਛਲੇ ਦੋ ਦਿਨਾਂ ਦੀ ਬਾਰਿਸ਼ ਨੇ ਜ਼ੀਰਕਪੁਰ ਦੇ ਲੋਕਾਂ ਨੂੰ ਘਰਾਂ ਵਿੱਚ ਕੈਦ ਕਰ ਦਿੱਤਾ ਹੈ, ਉੱਥੇ ਹੀ ਬਲਟਾਣਾ ਦੇ ਸ਼ਮਸ਼ਾਨਘਾਟ ਵਿੱਚ ਪਾਣੀ ਭਰਨ ਕਾਰਨ ਅਸਥੀਆਂ ਵਹਿਣ ਦੇ ਮਾਮਲੇ ਨੇ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਅਤੇ ਵਿਧਾਇਕ ਨੂੰ ਇਸ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਸ਼ਮਸ਼ਾਨਘਾਟ ਵਿੱਚ ਪਾਣੀ ਭਰਨ ਲਈ ਕੌਣ ਜ਼ਿੰਮੇਵਾਰ ਹੈ। ਬਲਟਾਣਾ ਦੇ ਸ਼ਮਸ਼ਾਨਘਾਟ ਵਿੱਚ ਪਾਣੀ ਭਰਨਾ ਅਤੇ ਅਸਥੀਆਂ ਵਹਿਣਾ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਹੈ।



# ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ 'ਚ ਪੋਕਸੋ ਐਕਟ 'ਤੇ ਜਾਗਰੂਕਤਾ ਸੈਸ਼ਨ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਡੇਰਾਬੱਸੀ ਵਿਖੇ ਇੱਕ ਵਿਸ਼ੇਸ਼ ਕਾਨੂੰਨੀ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪੋਕਸੋ ਐਕਟ ਦੇ ਮਹੱਤਵਪੂਰਨ ਉਪਬੰਧਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਸੈਸ਼ਨ ਦੀ ਅਗਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਐਡਵੋਕੇਟ ਹਰਦੀਪ ਸਿੰਘ ਵੱਲੋਂ ਕੀਤੀ ਗਈ। ਉਨ੍ਹਾਂ ਅਧਿਆਪਕਾਂ ਨੂੰ ਦੱਸਿਆ ਕਿ ਸਕੂਲ ਵਿੱਚ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਉਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਪੋਕਸੋ ਐਕਟ 2012 ਦੀਆਂ ਮੁੱਖ ਧਾਰਾਵਾਂ, ਸੁਪਰੀਮ ਕੋਰਟ ਦੇ ਹਾਲੀਆ ਫੈਸਲਿਆਂ ਅਤੇ ਕੁਝ ਅਸਲ ਘਟਨਾਵਾਂ ਦੇ ਹਵਾਲੇ ਨਾਲ ਇਹ ਵੀ ਸਪੱਸ਼ਟ ਕੀਤਾ ਕਿ ਲਾਪਰਵਾਹੀ ਕਿਸ ਤਰ੍ਹਾਂ ਅਧਿਆਪਕਾਂ ਨੂੰ ਵੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਵਾ ਸਕਦੀ ਹੈ।ਸੈਸ਼ਨ ਦੌਰਾਨ ਸਕੂਲ ਦੀ ਪ੍ਰਿੰਸੀਪਲ ਡਾ. ਬਸੁੰਧਰਾ ਸਮੇਤ ਸਾਰੇ ਅਧਿਆਪਕ ਮੌਜੂਦ ਸਨ। ਡਾ. ਬਸੁੰਧਰਾ ਨੇ ਸੰਬੋਧਨ ਵਿੱਚ ਕਿਹਾ, ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਸਮੇਂ-ਸਮੇਂ 'ਤੇ ਹੋਣੇ ਚਾਹੀਦੇ ਹਨ ਤਾਂ ਜੋ ਅਧਿਆਪਕਾਂ ਨੂੰ ਕਾਨੂੰਨ ਦੀ ਸਹੀ ਜਾਣਕਾਰੀ ਮਿਲੇ ਅਤੇ ਉਹ ਬੱਚਿਆਂ ਦੀ ਸੁਰੱਖਿਆ ਪ੍ਰਤੀ ਹੋਰ ਵੀ ਸੁਚੇਤ ਰਹਿਣ। ਐਡਵੋਕੇਟ ਹਰਦੀਪ ਸਿੰਘ ਨੇ ਇਹ ਵੀ ਦੱਸਿਆ ਕਿ ਬੱਚਿਆਂ ਨਾਲ ਸੰਬੰਧਤ ਮਾਮਲਿਆਂ ਵਿੱਚ ਕਿਹੋ ਜਿਹੀ ਭਾਸ਼ਾ, ਰਿਪੋਰਟਿੰਗ ਅਤੇ ਵਿਵਹਾਰ ਅਪਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਸੁਝਾਅ ਵੀ ਦਿੱਤਾ ਕਿ ਹਰ ਸਕੂਲ ਨੂੰ ਚਾਇਲਡ ਪ੍ਰੋਟੈਕਸ਼ਨ ਕਮੇਟੀ ਇੱਕ ਵੀ ਬਣਾਈ ਜਾਣੀ ਚਾਹੀਦੀ ਹੈ।ਇਸ ਪ੍ਰੋਗਰਾਮ ਨੇ ਅਧਿਆਪਕਾਂ ਨੂੰ ਨਾ ਸਿਰਫ਼ ਪੋਕਸੋ ਕਾਨੂੰਨ ਦੀਆਂ ਬਾਰੀਕੀਆਂ ਨਾਲ ਜਾਣੂ ਕਰਵਾਇਆ, ਸਗੋਂ ਉਨ੍ਹਾਂ ਨੂੰ ਬੱਚਿਆਂ ਪ੍ਰਤੀ ਆਪਣੀਆਂ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਦਾ ਮੌਕਾ ਵੀ ਦਿੱਤਾ।



# ਮਲੇਰੀਏ ਬਾਰੇ ਦਿੱਤੀ ਜਾਣਕਾਰੀ



**ਕਾਲਾ ਸੰਘਿਆਂ (ਮਨਜੀਤ ਮਾਨ)** ਸਿਵਲ ਸਰਜਨ ਜਲੰਧਰ ਦੇ ਹੁਕਮਾਂ ਮੁਤਾਬਕ ਐਸ ਐਮ ਓ ਮਹਿਸ਼ ਪ੍ਰਭਾਕਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਿੰਡ ਪੰਡੋਰੀ ਖਾਸ ਵਿਖੇ ਹੈਲਥ ਸੁਪਰਵਾਈਜ਼ਰ ਐਮ ਡੀ ਐਸ ਐਸ ਲਖਬੀਰ ਸਿੰਘ ਵੱਲੋਂ ਬਰਸਾਤੀ ਮੌਸਮ ਨੂੰ ਮੁੱਖ ਰੱਖਦੇ ਹੋਏ ਪਿੰਡ ਵਾਸੀਆਂ ਨੂੰ ਮਲੇਰੀਏ ਦੀ ਬੀਮਾਰੀ ਬਾਰੇ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਦੱਸਿਆ ਕੀ ਮਲੇਰੀਏ ਦੇ ਮੁੱਖ ਲੱਛਣ ਕਾਂਬੇ ਨਾਲ ਬੁਖਾਰ, ਸਿਰ ਦਰਦ, ਬੁਖਾਰ ਉਤਰਨ ਤੋਂ ਬਾਅਦ ਪਸੀਨਾ ਆਉਣਾ ਹੈ। ਉਹਨਾਂ ਕਿਹਾ ਕਿ ਆਪਣੇ ਆਲੇ ਦੁਆਲੇ ਗੰਦਾ ਪਾਣੀ ਇਕੱਠਾ ਨਾ ਹੋਣ ਦਿਓ ਮੱਛਰਾਂ ਤੋਂ ਬਚਾਅ ਲਈ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕਰੋ ਅਤੇ ਕੱਪੜੇ ਪੂਰੀਆਂ ਬਾਂਹਾਂ ਦੇ ਪਾਓ ਅਤੇ ਮੱਛਰਦਾਨੀ ਦੀ ਵਰਤੋਂ ਕਰੋ। ਘਰ ਦੇ ਆਲੇ ਦੁਆਲੇ ਟੋਇਆਂ ਨੂੰ ਮਿੱਟੀ ਨਾਲ ਭਰ ਦਿਉ ਜਾਂ ਫਿਰ ਕਾਲਾ ਤੇਲ ਪਾਇਆ ਜਾਵੇ। ਸਾਰੇ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਸੁਪਰਵਾਈਜ਼ਰ ਦਵਿੰਦਰ ਸਿੰਘ,ਚਰਨਜੀਤ ਸਿੰਘ ,ਸਤਵਿੰਦਰ ਸਿੰਘ ਆਸ਼ਾ ਵਰਕਰ ਜਸਵੀਰ ਕੌਰ ਆਦਿ ਸ਼ਾਮਿਲ ਸਨ।

# ਯੋਗ ਦਾ ਮਨ ਤੇ ਸਰੀਰ ਨੂੰ ਤੰਦਰੁਸਤ ਰੱਖਣ 'ਚ ਵੱਡਮੁੱਲਾ ਯੋਗਦਾਨ : ਦਮਨਦੀਪ ਕੌਰ



**ਮੋਹਾਲੀ (ਗੁਰਜੀਤ ਬਿੱਲਾ)** ਐਸ ਡੀ ਐਮ ਮੋਹਾਲੀ ਦਮਨਦੀਪ ਕੌਰ ਨੇ ਦੱਸਿਆ ਕਿ ਸਰੀਰ ਨੂੰ ਤੰਦਰੁਸਤ ਰੱਖਣ ਵਿੱਚ ਯੋਗ ਦਾ ਬਹੁਤ ਵੱਡਾ ਰੋਲ ਹੈ।ਯੋਗ ਅਭਿਆਸ ਕਰਨ ਨਾਲ ਅਸੀਂ ਸਰੀਰਕ ਪੱਖੋਂ ਸਿਹਤਮੰਦ ਤਾਂ ਹੁੰਦੇ ਹੀ ਹਾਂ ਬਲਕਿ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਦੇ ਹਾਂ।ਇਸ ਨਾਲ ਮਨ ਵੀ ਸਥਿਰ ਹੁੰਦਾ ਹੈ ਤੇ ਅੰਦਰੋਂ ਮਨ ਨੂੰ ਮਿਲਦੀ ਸ਼ਾਂਤੀ ਦਾ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਵੱਡਾ ਰੋਲ ਹੁੰਦਾ ਹੈ। ਟ੍ਰੇਨਰ ਰਿਸ਼ਵ ਵੱਲੋਂ ਦੱਸਿਆ ਕਿ ਉਹ ਮੋਹਾਲੀ ਸ਼ਹਿਰ ਵਿਖੇ ਸਵੇਰੇ 6.05 ਵਜੇ ਸ਼ਾਮ 6.30 ਵਜੇ ਤੱਕ ਰੋਜ਼ਾਨਾ 6 ਯੋਗਸ਼ਲਾਵਾਂ ਲਗਾਉਂਦਾ ਹੈ, ਜਿਸ ਵਿੱਚ ਪਹਿਲੀ ਕਲਾਸ ਸੈਕਟਰ-77, ਸਾਹਮਣੇ ਰਾਧਾ ਸੁਆਮੀ ਸਤਸੰਗ ਘਰ, ਮੋਹਾਲੀ ਵਿਖੇ ਸਵੇਰੇ 4.55 ਤੋਂ 5.55 ਵਜੇ ਤੱਕ, ਦੂਜੀ ਕਲਾਸ ਸੈਕਟਰ-78, ਪਾਰਕ ਨੰ: 17 ਵਿਖੇ ਸਵੇਰੇ 6.05 ਤੋਂ 7.05 ਵਜੇ ਤੱਕ, ਤੀਜੀ ਕਲਾਸ ਹੀਰੋ ਹੋਮਜ਼, ਸੈਕਟਰ-88 ਵਿਖੇ ਸਵੇਰੇ 7.15 ਤੋਂ 8.15 ਵਜੇ ਤੱਕ, ਚੌਥੀ ਕਲਾਸ ਸੈਕਟਰ-71, ਨੇੜੇ ਹੇਮਕੁੰਟ ਸਕੂਲ ਵਿਖੇ ਸਵੇਰੇ 8.30 ਤੋਂ 9.30 ਵਜੇ ਤੱਕ ਅਤੇ ਪੰਜਵੀਂ ਕਲਾਸ ਸੈਕਟਰ-77 ਵਿਖੇ ਪਾਰਕ ਨੰ: 4 ਵਿਖੇ ਸਾਮ 5.30 ਤੋਂ 6.30 ਵਜੇ ਤੱਕ ਅਤੇ ਛੇਵੀਂ ਕਲਾਸ ਸੈਕਟਰ-71, ਪਾਰਕ ਨੰ: 33 ਵਿਖੇ ਸ਼ਾਮ 6.35 ਤੋਂ 7.35 ਵਜੇ ਤੱਕ ਲਾਈ ਜਾਂਦੀ ਹੈ।

# ਮਾਂ ਤੇ ਧੀ ਨੂੰ ਸੱਪ ਨੇ ਡੰਗਿਆ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਚਮਕੌਰ ਸਾਹਿਬ ਦੀ ਖਾਲਸਾ ਕਾਲੋਨੀ ਵਿਖੇ ਮਾਂ ਤੇ ਧੀ ਨੂੰ ਸੱਪ ਨੇ ਡੰਗ ਲਿਆ। ਵਾਰਡ ਦੇ ਕੌਂਸਲਰ ਇੰਦਰਪ੍ਰੀਤ ਸਿੰਘ ਲਾਲੀ ਨੇ ਦੱਸਿਆ ਕਿ ਕਾਲੋਨੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਪ੍ਰਵਾਸੀ ਟੇਲਰ ਮਾਸਟਰ ਮੁਹੰਮਦ ਅਯਾਸ ਦੀ ਧੀ ਫਲਕ ਪ੍ਰਵੀਨ ( 14 ) ਨੂੰ ਰਾਤੀਂ ਲਗਭਗ 12 ਵਜੇ ਜਦੋਂ ਉਹ ਸੁੱਤੀ ਪਈ ਸੀ, ਨੂੰ ਸੱਪ ਨੇ ਡੰਗ ਮਾਰਿਆ ਅਤੇ ਉਸ ਤੋਂ ਬਾਅਦ ਉਸ ਦੀ ਪਤਨੀ ਸੋਨੀ ਖਾਤੂਨ ( 42 ) ਨੂੰ ਵੀ ਉਸੇ ਸੱਪ ਨੇ ਡੰਗ ਮਾਰਿਆ । ਉਨ੍ਹਾਂ ਵੱਲੋਂ ਘਰ ਵਿੱਚ ਸੱਪ ਵੜਨ ਦੇ ਪਾਏ ਰੌਲੇ ਕਾਰਨ ਮੁਹੱਲਾ ਵਾਸੀ ਆ ਗਏ, ਜਿਨ੍ਹਾਂ ਸੱਪ ਨੂੰ ਘਰ ਵਿੱਚੋਂ ਲੱਭ ਕੇ ਮਾਰ ਦਿੱਤਾ। ਇਸ ਤੋਂ ਬਾਅਦ ਜ਼ਖ਼ਮੀ ਦੋਵੇ ਮਾਵਾਂ ਧੀਆਂ ਨੂੰ ਇੱਥੋਂ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿੱਥੋਂ ਡਾਕਟਰਾਂ ਵੱਲੋਂ ਦੋਵਾਂ ਦੀ ਹਾਲਤ ਨੂੰ ਵੇਖਦੇ ਹੋਏ ਪੀ ਜੀ ਆਈ ਚੰਡੀਗੜ੍ਹ ਵਿਖੇ ਭੇਜ ਦਿੱਤਾ।

# ਵੋਕੇਸ਼ਨਲ ਸੈਂਟਰ ਦੀਆਂ ਲੜਕੀਆਂ ਨੂੰ ਕੋਰਸ ਪੂਰਾ ਕਰਨ 'ਤੇ ਸਰਟੀਫਿਕੇਟ ਵੰਡੇ

**ਫਗਵਾੜਾ (ਡਾ. ਰਮਨ)** ਸਰਬ ਨੌਜਵਾਨ ਸਭਾ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਸਿਖਲਾਈ ਪ੍ਰਾਪਤ ਕਰ ਰਹੀਆਂ ਲੜਕੀਆਂ ਨੂੰ ਕੋਰਸ ਪੂਰਾ ਹੋਣ 'ਤੇ ਸਰਟੀਫਿਕੇਟ ਤਕਸੀਮ ਕਰਨ ਸੰਬੰਧੀ ਇਕ ਸਮਾਗਮ ਬਲੱਡ ਬੈਂਕ ਗੁਰੂ ਹਰਿਗੋਬਿੰਦ ਨਗਰ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਵਜੋਂ ਡਾ. ਅਕਸ਼ਿਤਾ ਗੁਪਤਾ (ਆਈ ਏ ਐੱਸ) ਏ ਡੀ ਸੀ-ਕਮ-ਕਮਿਸ਼ਨਰ ਨਗਰ ਨਿਗਮ ਫਗਵਾੜਾ ਨੇ ਸ਼ਿਰਕਤ ਕੀਤੀ।ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਭਾਰਤ ਭੂਸ਼ਣ ਸੈਣੀ ਡੀ.ਐੱਸ.ਪੀ. ਫਗਵਾੜਾ, ਤੇਜਪਾਲ ਬਸਰਾ ਸੀਨੀਅਰ ਡਿਪਟੀ ਮੇਅਰ, ਤਵਿੰਦਰ ਰਾਮ ਚੇਅਰਮੈਨ ਮਾਰਕਿਟ ਕਮੇਟੀ ਫਗਵਾੜਾ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਅਤੇ ਸੰਤੋਸ਼ ਕੁਮਾਰ ਗੋਗੀ ਜ਼ਿਲਾ ਸਕੱਤਰ ਆਮ ਆਦਮੀ ਪਾਰਟੀ ਤੋਂ ਇਲਾਵਾ ਕੌਂਸਲਰ ਪ੍ਰਿਤਪਾਲ ਕੌਰ ਤੁੱਲੀ ਸ਼ਾਮਲ ਹੋਏ।ਇਸ ਦੌਰਾਨ ਮੁੱਖ ਮਹਿਮਾਨ ਏ.ਡੀ.ਸੀ. ਗੁਪਤਾ ਵਲੋਂ ਕੋਰਸ ਪੂਰਾ ਕਰਨ ਵਾਲੀਆਂ 52 ਸਿੱਖਿਆਰਥਣਾਂ ਨੂੰ ਸਰਟੀਫੀਕੇਟਾਂ ਦੀ ਵੰਡ ਕੀਤੀ ਗਈ। ਉਹਨਾਂ ਨੇ ਸਮੂਹ ਸਿੱਖਿਆਰਥਣਾਂ ਨੂੰ ਸੁਨਹਿਰੇ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੱਤੀ। ਭਾਰਤ ਭੂਸ਼ਣ ਸੈਣੀ ਡੀ ਐੱਸ ਪੀ ਫਗਵਾੜਾ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੜਕੀਆਂ ਨੂੰ ਆਪਣੇ ਮਨਪਸੰਦ ਹੱਥੀ ਕਿੱਤੇ ਦੀ ਸਿਖਲਾਈ ਲੈ ਕੇ ਮੁਹਾਰਤ ਜ਼ਰੂਰ ਹਾਸਲ ਕਰਨੀ ਚਾਹੀਦੀ ਹੈ, ਜਿਸ ਨਾਲ ਉਹ ਆਤਮ ਨਿਰਭਰ ਹੋ ਕੇ ਆਪਣੇ ਪਰਿਵਾਰ ਦੀ ਆਰਥਕਤਾ ਨੂੰ ਸਹਾਰਾ ਦੇਣ ਦੇ ਯੋਗ ਬਣ ਸਕਣ। ਇਸ ਦੌਰਾਨ ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ ਅਤੇ ਸੰਤੋਸ਼ ਕੁਮਾਰ ਗੋਗੀ ਜ਼ਿਲਾ ਸਕੱਤਰ ਆਮ ਆਦਮੀ ਪਾਰਟੀ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ, ਰਸ਼ਪਾਲ ਰਾਏ ਗੁਪਤਾ ਬਾਵਾ ਮੈਡੀਕਲ ਹਾਲ, ਸਵਰਨ ਸਿੰਘ ਸਵਰਨ ਸਵੀਟ ਸ਼ੌਪ, ਸਤਨਾਮ ਸਿੰਘ ਰਾਣਾ, ਗੁਰਦੀਪ ਸਿੰਘ ਤੁਲੀ, ਜਗਜੀਤ ਸੇਠ ਮੈਨੇਜਰ, ਰਾਜ ਕੁਮਾਰ ਕਨੌਜੀਆ, ਸਰਬਰ ਗੁਲਾਮ ਸੱਬਾ, ਜਨਰਲ ਸਕੱਤਰ ਡਾ. ਵਿਜੈ ਕੁਮਾਰ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਮਨਦੀਪ ਬਾਸੀ, ਹਰਕਮਲ ਬਸਰਾ, ਵਿੱਕੀ ਸਿੰਘ ਆਦਿ ਹਾਜ਼ਰ ਸਨ।



# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਮਜ਼ਦੂਰ-ਕਿਸਾਨ ਜਥੇਬੰਦੀਆਂ ਦੀ ਬੁਲਾਈ ਮੀਟਿੰਗ

**ਜਲੰਧਰ ( ਗਿਆਨ ਸੈਦਪੁਰ)** ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪੰਜਾਬ ਸਰਕਾਰ ਵਲੋਂ ਅਣਐਲਾਨੀ ਐਮਰਜੈਂਸੀ ਲਗਾ ਕੇ ਜਨਤਕ ਸਰਗਰਮੀਆਂ 'ਤੇ ਰੋਕ ਲਾਏ ਜਾਣ ਦੇ ਵਿਰੋਧ ਵਿੱਚ ਸੰਘਰਸ਼ਸ਼ੀਲ ਮਜ਼ਦੂਰ ਅਤੇ ਕਿਸਾਨ ਜਥੇਬੰਦੀਆਂ ਦੀ 2 ਜੁਲਾਈ ਨੂੰ ਮੋਗਾ ਵਿਖੇ ਸਾਂਝੀ ਮੀਟਿੰਗ ਬੁਲਾਈ ਗਈ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਬੌੜਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਜਨਤਕ ਸਰਗਰਮੀ ਤੇ ਇੱਕ ਤਰੀਕੇ ਨਾਲ ਰੋਕ ਲਾਈ ਹੋਈ ਹੈ। ਸਰਕਾਰੀ ਹੁਕਮ ਅਦੂਲੀ ਖਿਲਾਫ਼ ਜਨਤਕ ਸਰਗਰਮੀ ਕਰਨ ਵਾਲੇ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਖ਼ਾਸਕਰ ਸੰਗਰੂਰ ਅੰਦਰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਸਰਗਰਮੀ ਅਣਐਲਾਨੀ ਬੰਦ ਕੀਤੀ ਹੋਈ ਹੈ। ਸੰਗਰੂਰ ਜ਼ਿਲ੍ਹੇ ਅੰਦਰ ਜਿਹੜੀ ਵੀ ਮਜ਼ਦੂਰ ਜਥੇਬੰਦੀ ਜ਼ਮੀਨ 'ਚੋਂ ਆਪਣੇ ਕਾਨੂੰਨੀ ਹੱਕ ਲਈ ਆਵਾਜ਼ ਉਠਾ ਰਹੀ ਹੈ, ਦੇ ਆਗੂਆਂ ਉੱਪਰ ਪੁਲਸ ਦੀ ਸ਼ਹਿ 'ਤੇ ਜਾਣ ਲੇਵਾ ਹਮਲੇ ਕੀਤੇ ਜਾ ਰਹੇ ਹਨ। ਬਹੁਤ ਸਾਰੇ ਮਜ਼ਦੂਰਾਂ ਸਮੇਤ ਔਰਤਾਂ ਜੇਲ੍ਹਾਂ ਵਿੱਚ ਬੰਦ ਹਨ। ਸਰਕਾਰ ਦੇ ਇਸ ਰਵੱਈਏ ਖਿਲਾਫ਼ ਪੰਜਾਬ ਨੂੰ ਪੁਲਸ ਰਾਜ ਦੀ ਜਕੜ ਵਿੱਚੋਂ ਕੱਢਣ ਲਈ ਅਤੇ ਮਜ਼ਦੂਰਾਂ ਦੀ ਰਿਹਾਈ, ਮਜ਼ਦੂਰਾਂ ਅਤੇ ਉਨ੍ਹਾਂ ਦੇ ਆਗੂਆਂ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਆਦਿ ਲਈ ਮਜ਼ਦੂਰਾਂ - ਕਿਸਾਨਾਂ ਜਥੇਬੰਦੀਆਂ ਦੀ ਮੀਟਿੰਗ 2 ਜੁਲਾਈ ਨੂੰ ਪਿੰਡ ਵੈਰੋਕੇ (ਮੋਗਾ) ਵਿਖੇ 10 ਵਜੇ ਬੁਲਾਈ ਗਈ ਹੈ। ਉਨ੍ਹਾਂ ਸਮੂਹ ਮਜ਼ਦੂਰ, ਕਿਸਾਨ ਜਥੇਬੰਦੀਆਂ ਨੂੰ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

# ਰੰਧਾਵਾ ਨੇ ਟਰਾਂਸਪੋਰਟ ਕਮਿਸ਼ਨਰ ਨਾਲ ਕੀਤੀ ਮੁਲਾਕਾਤ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਆਮ ਆਦਮੀ ਪਾਰਟੀ ਦੇ ਪੰਜਾਬ ਟਰਾਂਸਪੋਰਟ ਵਿੰਗ ਦੇ ਸੂਬਾ ਪ੍ਰਧਾਨ ਅਤੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪੰਜਾਬ ਟਰਾਂਸਪੋਰਟ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਅਤੇ ਟ੍ਰਾਂਸਪੋਰਟਾਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਵਿਚਾਰ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵੱਖ-ਵੱਖ ਜ਼ਿਲ੍ਹਿਆਂ ਦੇ ਟਰਾਂਸਪੋਰਟ ਵਿੰਗ ਦੇ ਮੈਂਬਰ ਅਤੇ ਅਹੁਦੇਦਾਰ ਹਾਜ਼ਰ ਸਨ। ਕਮਿਸ਼ਨਰ ਨੇ ਮੰਗਾਂ ਨੂੰ ਧਿਆਨ ਨਾਲ ਸੁਣਦਿਆਂ ਅਤੇ ਸਮੱਸਿਆਵਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ।ਰੰਧਾਵਾ ਨੇ ਕਿਹਾ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਜੋ ਵਾਅਦੇ ਟਰਾਂਸਪੋਰਟਰਾਂ ਤੇ ਟਰੱਕ ਅਪਰੇਟਰਾਂ ਨਾਲ ਕੀਤੇ ਸਨ ਉਨ੍ਹਾਂ ਨੂੰ ਪੂਰਾ ਕਰਨ ਲਈ ਯਤਨ ਜਾਰੀ ਹਨ। ਉਨ੍ਹਾਂ ਆਖਿਆ ਕਿ ਘਾਟੇ ਵਿੱਚ ਜਾ ਰਹੇ ਇਸ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਟਰਾਂਸਪੋਰਟ ਕਮਿਸ਼ਨਰ ਨੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ ।

# ਗੰਦੇ ਪਾਣੀ ਦੀ ਨਿਕਾਸੀ ਲਈ ਹੋਵੇਗਾ ਆਰ-ਪਾਰ ਦਾ ਸੰਘਰਸ਼ : ਜਰਨੈਲ ਫਿਲੌਰ



**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ 7 ਜੁਲਾਈ ਨੂੰ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕਾ ਧਰਨਾ ਲਗਾਇਆ ਜਾ ਰਿਹਾ ਹੈ ਜਿਸ ਦੀ ਤਿਆਰੀ ਲਈ ਪਿੰਡ ਪਿੰਡ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਸੰਬੰਧੀ ਪਿੰਡ ਰਾਮਗੜ੍ਹ ਵਿਖੇ ਵਿਸ਼ਾਲ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ, ਮੁੱਖ ਬੁਲਾਰੇ ਐਡਵੋਕੇਟ ਸੰਜੀਵ ਕੁਮਾਰ ਭੌਰਾ, ਸਕੱਤਰ ਪਰਸ਼ੋਤਮ ਫਿਲੌਰ,ਮੀਤ ਪ੍ਰਧਾਨ ਮਾਸਟਰ ਹੰਸ ਰਾਜ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਸੰਦੀਪ ਕੁਮਾਰ,ਸਰਬਜੀਤ ਸਾਬੀ, ਸਰੂਪ ਕਲੇਰ ਅਤੇ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਆਜ਼ਾਦੀ ਦੇ ਸੱਤ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਰਾਬਰ ਵਿਕਾਸ ਨਹੀਂ ਹੋਇਆ ਅਤੇ ਨਾ ਹੀ ਹਾਲੇ ਤੱਕ ਪਿੰਡਾਂ ਅਤੇ ਸ਼ਹਿਰਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਦਾ ਢੁੱਕਵਾਂ ਹੱਲ ਹੋ ਸਕਿਆ। ਆਗੂਆਂ ਨੇ ਕਿਹਾ ਕਿ 7 ਜੁਲਾਈ ਨੂੰ ਡੇਰਾ ਮਈਆ ਭਗਵਾਨ ਫਿਲੌਰ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਲਈ ਪੱਕਾ ਧਰਨਾ ਲਗਾਇਆ ਜਾ ਰਿਹਾ ਹੈ। ਇਸ ਮੌਕੇ ਪਿੰਡ ਨਿਵਾਸੀਆਂ ਵਲੋਂ ਸੰਘਰਸ਼ ਵਿੱਚ ਪੁੱਜਣ ਦਾ ਐਲਾਨ ਕੀਤਾ ਗਿਆ ਅਤੇ ਲੋਕ ਇਨਸਾਫ਼ ਮੰਚ ਦਾ ਪਿੰਡ ਵਿੱਚ ਯੂਨਿਟ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਮੌਕੇ ਮੀਟਿੰਗ ਵਿੱਚ ਸੰਦੀਪ ਕੁਮਾਰੀ ਸਰਪੰਚ, ਰੇਖਾ ਰਾਣੀ, ਗੁਰਦੀਪ ਕੁਮਾਰ, ਅਸ਼ੋਕ ਕੁਮਾਰ, ਸੂਰਜ ਪ੍ਰਕਾਸ਼, ਗੁਰਮੇਜ ਕੌਰ, ਜਸਪਾਲ ਨੰਬਰਦਾਰ, ਕਮਲ ਕਿਸ਼ੋਰ, ਜਗਜੀਵਨ ਰਾਮ, ਮਨਜੀਤ ਕੁਮਾਰ, ਤਰਸੇਮ ਨਾਥ, ਪਾਵਨ ਕੁਮਾਰ, ਬਲਦੇਵ ਰਾਜ , ਜਗੀਰ, ਤਾਰੀ, ਛਿੰਬੋ, ਗੈਜੋ, ਹੰਸੋ, ਗੁਰਮੇਜੋ, ਲਕਸ਼ਮੀ, ਸੀਸੋ, ਭਜਨੋ, ਪਾਲੋ, ਜੀਵਨ ਲਾਲ ਆਦਿ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਨੇ ਵਾਤਾਵਰਣ ਪੱਖੀ ਸਰਗਰਮੀਆਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ)** ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਨੇ ਜ਼ਿਲ੍ਹਾ ਵਾਤਾਵਰਣ ਯੋਜਨਾ ਤਹਿਤ ਜ਼ਿਲ੍ਹੇ ਵਿੱਚ ਚੱਲ ਰਹੀਆਂ ਵੱਖ-ਵੱਖ ਵਾਤਾਵਰਣ ਪੱਖੀ ਸਰਗਰਮੀਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਮਿਸ਼ਨਰ ਜਲੰਧਰ ਨਗਰ ਨਿਗਮ ਗੌਤਮ ਜੈਨ ਸਮੇਤ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਨੇ ਕਾਲਾ ਸੰਘਿਆਂ ਡਰੇਨ ਵਿੱਚ ਡੇਅਰੀਆਂ ਅਤੇ ਸੀਵਰੇਜ ਵੇਸਟ ਦੇ ਸਿੱਧੇ ਪ੍ਰਵਾਹ ਨੂੰ ਰੋਕਣ 'ਤੇ ਜ਼ੋਰ ਦਿੱਤਾ। ਉਨ੍ਹਾਂ ਜਲੰਧਰ ਨਗਰ ਨਿਗਮ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਡਰੇਨ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ 'ਤੇ ਬਣਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਅਜਿਹੇ ਪਿੰਡਾਂ, ਜਿਨ੍ਹਾਂ ਦਾ ਪਾਣੀ ਸਿੱਧਾ ਡਰੇਨ ਵਿੱਚ ਪੈਂਦਾ ਹੈ, ਦੇ ਨਿਕਾਸੀ ਪੁਆਇੰਟਾਂ ਦੀ ਨਿਗਰਾਨੀ ਕਰਨ ਦੀ ਵੀ ਹਦਾਇਤ ਕੀਤੀ ਤਾਂ ਜੋ ਪ੍ਰਦੂਸ਼ਣ ਕੰਟਰੋਲ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ।ਵਧੀਕ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਠੋਸ ਰਹਿੰਦ-ਖੂਹੰਦ ਪ੍ਰਬੰਧਨ, ਲੈਗੇਸੀ ਰਹਿੰਦ-ਖੂਹੰਦ ਪ੍ਰਬੰਧਨ, ਸੈਨੇਟਰੀ ਲੈਂਡਫਿੱਲ ਦੇ ਚੱਲ ਰਹੇ ਪ੍ਰਾਜੈਕਟਾਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਂਦਿਆਂ ਇਨ੍ਹਾਂ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਇਕ ਵਾਰ ਵਰਤੋਂ ਵਿੱਚ ਆਉਣ ਵਾਲੇ ਪਲਾਸਟਿਕ 'ਤੇ ਪਾਬੰਦੀ ਦੀ ਪਾਲਣਾ ਦਾ ਜਾਇਜ਼ਾ ਲੈਂਦਿਆਂ ਨਗਰ ਨਿਗਮ/ਕੌਂਸਲ ਅਧਿਕਾਰੀਆਂ ਨੂੰ ਪਾਬੰਦੀ ਸਬੰਧੀ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਯਕੀਨੀ ਬਣਾਉਣ ਅਤੇ ਇਸ ਸਬੰਧੀ ਜਾਗਰੂਕਤਾ ਫੈਲਾਉਣ 'ਤੇ ਵੀ ਜ਼ੋਰ ਦਿੱਤਾ।ਮੀਟਿੰਗ ਦੌਰਾਨ ਨਵੇਂ ਐਸ.ਟੀ.ਪੀਜ਼ ਲਗਾਉਣ ਅਤੇ ਮੌਜੂਦਾ ਐਸ.ਟੀ.ਪੀਜ਼ ਦੀ ਕਾਰਗੁਜ਼ਾਰੀ ਦਾ ਵੀ ਮੁਲਾਂਕਣ ਕੀਤਾ ਗਿਆ। ਇਸ ਤੋਂ ਇਲਾਵਾ ਵਰਿਆਣਾ ਬਾਇਓ ਮਾਈਨਿੰਗ ਪ੍ਰਾਜੈਕਟ ਅਤੇ ਨਗਰ ਨਿਗਮ ਵੱਲੋਂ ਜੋਤੀ ਨਗਰ, ਘਾਹ ਮੰਡੀ ਅਤੇ ਬਲਰਟਨ ਪਾਰਕ ਵਿੱਚ ਸਥਾਪਤ ਕੀਤੇ ਜਾ ਰਹੇ ਐਮ.ਆਰ.ਐਫ. ਪ੍ਰਾਜੈਕਟਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਗਿਆ।ਵਧੀਕ ਡਿਪਟੀ ਕਮਿਸ਼ਨਰ ਨੇ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਖੇਤੀਬਾੜੀ ਸਮੇਤ ਹੋਰ ਵਿਭਾਗਾਂ ਵੱਲੋਂ ਕੀਤੀ ਜਾ ਰਹੀ ਤਿਆਰੀ ਦੀ ਸਮੀਖਿਆ ਕਰਦਿਆਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਸਹਿਕਾਰਤਾ ਵਿਭਾਗ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਜਾਗਰੂਕਤਾ ਸਰਗਰਮੀਆਂ ਕਰਵਾਉਣ ਦੀ ਹਦਾਇਤ ਕੀਤੀ ਤਾਂ ਜੋ ਜ਼ੀਰੋ ਬਰਨਿੰਗ ਦੇ ਟੀਚੇ ਨੂੰ ਹਾਸਲ ਕੀਤਾ ਜਾ ਸਕੇ।ਮੀਟਿੰਗ ਦੌਰਾਨ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਸੰਦੀਪ ਕੁਮਾਰ, ਮੁੱਖ ਖੇਤੀਬਾੜੀ ਅਫ਼ਸਰ ਰਣਧੀਰ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਵਧੀਆ ਸੇਵਾਵਾਂ ਲਈ ਡਾ. ਬਸਰਾ, ਡਾ. ਸਰੋਆ ਤੇ ਸੀ ਏ ਗੇਰਾ ਸਨਮਾਨਤ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਖੂਨਦਾਨ ਖੇਤਰ ਦੀ ਸਿਰਮੌਰ ਸੰਸਥਾ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ( ਰਜ਼ਿ) ਫਗਵਾੜਾ, ਯੁਵਕ ਸੇਵਾਵਾਂ ਕਪੂਰਥਲਾ ਅਤੇ ਨਹਿਰੂ ਯੁਵਾ ਕੇਂਦਰ ਕਪੂਰਥਲਾ ਵਲੋਂ ਡਾਕਟਰ ਦਿਵਸ ਅਤੇ ਸੀ. ਏ. ਦਿਵਸ ਮਨਾਉਂਦੇ ਹੋਏ ਸਮਰਪਿਤ ਸੇਵਾਵਾਂ ਲਈ ਡਾ. ਯਸ਼ਪਾਲ ਬਸਰਾ , ਡਾ. ਸੰਜੀਵ ਸਰੋਆ ਅਤੇ ਸੀ.ਏ. ਮੁਕੇਸ਼ ਗੇਰਾ ਦਾ ਸਨਮਾਨ ਕੀਤਾ ਗਿਆ। ਕਲੱਬ ਪ੍ਰਧਾਨ ਪੰਡਿਤ ਰਾਹੁਲ ਸ਼ਾਸ਼ਤਰੀ, ਕਲੱਬ ਜਨਰਲ ਸਕੱਤਰ ਵਿਤਿਨ ਪੁਰੀ ਅਨੁਸਾਰ ਡਾਕਟਰ ਨੂੰ ਭਗਵਾਨ ਦਾ ਦੂਸਰਾ ਰੂਪ ਕਿਹਾ ਜਾਂਦਾ ਹੈ ਅਤੇ ਇਸ ਦੀ ਸਾਰਥਿਕਤਾ ਕਰੋਨਾ ਕਾਲ ਵਿੱਚ ਡਾਕਟਰਾਂ ਦੀਆਂ ਸੇਵਾਵਾਂ ਨੇ ਸਿੱਧ ਕੀਤਾ ਹੈ । ਉਪ ਪ੍ਰਧਾਨ ਹਰਜਿੰਦਰ ਗੋਗਨਾ ਅਤੇ ਪੀ ਆਰ ਓ ਨੀਰਜ ਬਖਸ਼ੀ ਨੇ ਕਿਹਾ ਕਿ ਡਾਕਟਰੀ ਕਿੱਤੇ ਦੀ ਸੇਵਾ ਸਨਮਾਨ ਯੋਗ ਹੈ ਅਤੇ ਜ਼ਿੰਦਗੀ ਮੌਤ ਦੀ ਲੜਾਈ ਦੌਰਾਨ ਲੋਕ ਡਾਕਟਰ ਨੂੰ ਰੱਬ ਵਾਂਗ ਹੀ ਦੇਖਦੇ ਹਨ । ਪ੍ਰੋਜੈਕਟ ਡਾਇਰੈਕਟਰ ਸੀ.ਏ. ਪਿਊਸ਼ ਬਾਂਸਲ ਅਤੇ ਸਾਬਕਾ ਪ੍ਰਧਾਨ ਵਿਕਰਮ ਗੁਪਤਾ ਨੇ ਦੱਸਿਆ ਕਿ ਮੁਕੇਸ਼ ਗੇਰਾ ਸ਼ਹਿਰ ਦੇ ਚਾਰਟਰਡ ਅਕਾਊਟੈਂਟ ਐਸੋਸੀਏਸ਼ਨ ਦੇ ਪ੍ਰਧਾਨ ਹਨ ਅਤੇ ਸਮਾਜ ਸੇਵਾ ਲਈ ਵੀ ਤੱਤਪਰ ਰਹਿੰਦੇ ਹਨ । ਉਹਨਾਂ ਦੀਆਂ ਸਮਰਪਤਿ ਸੇਵਾਵਾਂ ਦੇ ਮੱਦੇਨਜ਼ਰ ਕਲੱਬ ਵਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ । ਡਾ. ਯਸ਼ਪਾਲ ਬਸਰਾ, ਡਾ. ਸੰਜੀਵ ਸਰੋਆ ਅਤੇ ਸੀ. ਏ. ਮੁਕੇਸ਼ ਗੇਰਾ ਨੇ ਕਲੱਬ ਮੈਂਬਰਾਂ ਦਾ ਧੰਨਵਾਦ ਕਰਦਿਆਂ ਵਿਚਾਰ ਵਿਅਕਤ ਕੀਤੇ ਕਿ ਇਸ ਸਨਮਾਨ ਨੇ ਉਹਨਾਂ ਦਾ ਹੌਂਸਲਾ ਵਧਾਇਆ ਹੈ ਅਤੇ ਉਹ ਹੋਰ ਸੰਜੀਦਗੀ ਨਾਲ ਲੋਕਾਂ ਦੀ ਸੇਵਾ ਕਰਨਗੇ । ਇਸ ਮੌਕੇ ਨਹਿਰੂ ਯੁਵਾ ਕੇਂਦਰ ਦੇ ਸਾਬਕਾ ਬਲਾਕ ਕੋਆਰਡੀਨੇਟਰ ਜਗਜੀਵਨ ਕੁਮਾਰ, ਲੈਕ. ਰਣਵੀਰ ਪਰਮਾਰ. ਡਾ. ਅੰਜੂ ਸ਼ਰਮਾ, ਨੀਤੂ ਬਾਲਾ, ਸੀਏ ਅੰਕਿਤ ਕਵਾਤਰਾ, ਰਾਕੇਸ਼ ਵਢੇਰਾ, ਹਰਜਿੰਦਰ ਗੋਗਨਾ, ਨਰੇਸ਼ ਕੋਹਲੀ, ਪੂਜਾ ਗੇਰਾ, ਅਜੇ ਗੁਪਤਾ , ਅਤੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀ ਗੌਰਵ, ਦਿਲਜੀਤ, ਮੁਕਲ ਹਾਜ਼ਰ ਸਨ।




# ਰੌੜੀ ਨੇ ਦਲਾਈ ਲਾਮਾ ਤੋਂ ਲਿਆ ਆਸ਼ੀਰਵਾਦ



**ਹੁਸ਼ਿਆਰਪੁਰ (ਓ ਪੀ ਰਾਣਾ)**- ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਧਰਮਸ਼ਾਲਾ ਵਿਖੇ ਤਿੱਬਤੀ ਅਧਿਆਤਮਕ ਆਗੂ ਦਲਾਈ ਲਾਮਾ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਲਿਆ। ਇਹ ਮੁਲਾਕਾਤ ਹਿਮਾਚਲ ਵਿਧਾਨ ਸਭਾ ਤਪੋਵਨ ਧਰਮਸ਼ਾਲਾ ਵਿਖੇ ਆਯੋਜਿਤ ਰਾਸ਼ਟਰਮੰਡਲ ਸੰਸਦੀ ਐਸੋਸੀਏਸ਼ਨ (ਸੀ.ਪੀ.ਏ) ਭਾਰਤ ਖੇਤਰ ਜ਼ੋਨ 2 ਸੰਮੇਲਨ ਦੌਰਾਨ ਹੋਈ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਕੱਤਰ ਰਾਮ ਲੋਕ ਖਟਾਨਾ ਵੀ ਮੌਜੂਦ ਸਨ। ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਦਲਾਈ ਲਾਮਾ ਨੂੰ ਮਿਲਣਾ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਉਨ੍ਹਾਂ ਲਈ ਇਕ ਯਾਦਗਾਰੀ ਅਤੇ ਪ੍ਰੇਰਨਾਦਾਇਕ ਅਨੁਭਵ ਸੀ।

# ਦਰਬਾਰ ਹਜ਼ਰਤ ਸਾਈਂ ਫੱਜੇ ਸ਼ਾਹ ਦਾ ਦੋ ਰੋਜ਼ਾ ਜੋੜ ਮੇਲਾ ਸ਼ੁਰੂ

**ਅਲਾਵਲਪੁਰ (ਮਦਨ ਬੰਗੜ)**- ਦੁਆਬੇ ਖਿੱਤੇ ਵਿੱਚ ਧਾਰਮਿਕ ਪ੍ਰਵਿਰਤੀ ਤੇ ਆਸਥਾ ਨਾਲ ਜੁੜਿਆ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਦਰਬਾਰ ਹਜ਼ਰਤ ਸਾਈਂ ਫੱਜੇ ਸ਼ਾਹ , ਇੱਛਾਧਾਰੀ ਪ੍ਰਾਚੀਨ ਸ਼ਿਵ ਮੰਦਿਰ ਸਿਕੰਦਰਪੁਰ ਜ਼ਿਲ੍ਹਾ ਜਲੰਧਰ ਦੇ ਪ੍ਰਸਿੱਧ ਇਤਿਹਾਸਿਕ ਕਸਬਾ ਅਲਾਵਲਪੁਰ ਅਤੇ ਧੋਗੜੀ ਦੇ ਵਿਚਕਾਰ ਵਸਿਆ ਹੋਇਆ ਹੈ ਪਿੰਡ ਸਿਕੰਦਰਪੁਰ। ਇਸ ਪਾਵਨ ਦਰਬਾਰ ਦੀ ਉਸਾਰੀ ਨਿਰਮਲ ਸਿੰਘ ਸੂਸ ਦੇ ਆਦਰਯੋਗ ਸਪੁੱਤਰ ਗੁਰਪਿੰਦਰ ਸਿੰਘ ਸੂਸ ਦੀ ਸੁਚੱਜੀ ਯੋਗ ਸਰਪ੍ਰਸਤੀ ਹੇਠ ਹੋਈ ਹੈ। ਉਹ ਇਸ ਪ੍ਰਸਿੱਧ ਧਾਰਮਿਕ ਅਸਥਾਨ ਦੇ ਮੁੱਖ ਸੇਵਾਦਾਰ ਤੇ ਮੁੱਖ ਪ੍ਰਬੰਧਕ ਹਨ। ਸਾਈ ਗੁਰਪਿੰਦਰ ਸਿੰਘ ਸੂਸ ਕਨੇਡਾ ਦੀ ਧਰਤੀ ਉੱਪਰ ਵੱਸਣ ਦੇ ਬਾਵਜੂਦ ਉਹਨਾਂ ਦਾ ਅਥਾਹ ਪਿਆਰ ਆਸਥਾ ਇਸ ਅਸਥਾਨ ਦੇ ਨਾਲ ਜੁੜੀ ਹੋਈ ਹੈ । ਹਰ ਸਾਲ ਉਹ ਕਨੇਡਾ ਤੋਂ ਵਿਸ਼ੇਸ਼ ਕਰਕੇ ਸਾਲਾਨਾ ਜੋੜ ਮੇਲੇ 'ਤੇ ਹਾਜਰੀ ਭਰਨ ਜਰੂਰ ਪਹੁੰਚਦੇ ਹਨ। ਉਨਾਂ ਵੱਲੋਂ ਆਪਣੀ ਨੇਕ ਕਮਾਈ ਅਤੇ ਸੰਗਤ ਦੇ ਸਹਿਯੋਗ ਨਾਲ ਉਸਾਰੇ ਗਏ ਇਸ ਵਿਸ਼ਾਲ ਦਰਬਾਰ ਤੇ ਪੂਰੇ ਪੰਜਾਬ ਤੋਂ ਸੰਗਤਾਂ ਨਤਮਸਤਕ ਹੋਣ ਲਈ ਹਰ ਸਾਲ ਪੁੱਜਦੀਆਂ ਹਨ। ਇਤਿਹਾਸਿਕ ਤਵਾਰੀਖਾਂ ਦੱਸਦੀਆਂ ਹਨ ਕਿ ਹਜ਼ਰਤ ਸਾਈਂ ਫੱਜੇ ਸ਼ਾਹ ਬੜੇ ਉੱਚਕੋਟੀ ਦੇ ਆਲਮ ਫਾਜ਼ਲ ਫਕੀਰ ਹੋਏ ਹਨ। ਗੁਰਪਿੰਦਰ ਸਿੰਘ ਸੂਸ ਦੇ ਪੂਜਨੀਕ ਦਾਦਾ ਊਧਮ ਸਿੰਘ ਸੂਸ ਸਾਈਂ ਦੇ ਅਨਿਨ ਸੇਵਕ ਸਨ। ਸਾਈਂ ਜੀ ਦਾ ਵੀ 'ਸੂਸ' ਪਰਵਾਰ ਨਾਲ ਡਾਢਾ ਤੇ ਅਥਾਹ ਪ੍ਰੇਮ ਸੀ।ਇਸ ਵਾਰ ਵੀ ਸਿਕੰਦਰਪੁਰ ਵਿਖੇ ਦੋ ਦਿਨਾ ਜੋੜ ਮੇਲਾ 2/3 ਜੁਲਾਈ ਨੂੰ ਆਯੋਜਿਤ ਕਰਵਾਇਆ ਜਾ ਰਿਹਾ ਹੈ।



# ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬੀਆਂ ਨੂੰ ਕਰ ਰਹੀ ਗੁੰਮਰਾਹ : ਧਰਮਪਾਲ ਲੇਸੜੀਵਾਲ

**ਆਦਮਪੁਰ (ਪਰਮਜੀਤ ਸਿੰਘ)**:- ਆਦਮਪੁਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਐਸ ਸੀ ਵਿੰਗ ਜਲੰਧਰ ਦਿਹਾਤੀ ਧਰਮਪਾਲ ਲੇਸੜੀਵਾਲ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਦੇ ਨਾਂਅ 'ਤੇ ਪੰਜਾਬ ਵਾਸੀਆਂ ਨੂੰ ਗੁਮਰਾਹ ਕਰ ਰਹੀ ਹੈ ਅਤੇ ਪੰਜਾਬ ਵਿੱਚ ਨਸ਼ਾ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ। ਪੰਜਾਬ ਸਰਕਾਰ ਮਾੜੇ ਮੋਟੇ ਖਾਣ ਪੀਣ ਵਾਲੇ ਲੋਕਾਂ ਦੇ ਉੱਤੇ ਪਰਚੇ ਦੇ ਕੇ ਖਾਨਾ ਪੂਰਤੀ ਕਰ ਰਹੀ ਹੈ। ਉਹਨਾਂ ਕਿਹਾ ਕਿ ਬੀਤੇ ਦਿਨੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੇ ਉੱਤੇ ਪੰਜਾਬ ਵਿਜੀਲੈਂਸ ਵੱਲੋਂ ਇੱਕ ਪਰਚਾ ਆਮਦਨ ਨਾਲੋਂ ਵੱਧ ਜਾਇਦਾਦ ਬਣਾਉਣ ਦਾ ਦਿੱਤਾ ਗਿਆ। ਜਿਸ ਵਿੱਚ ਦਰਸਾਇਆ ਗਿਆ ਕਿ ਬਿਕਰਮ ਸਿੰਘ ਮਜੀਠੀਆ ਨੇ 541 ਕਰੋੜ ਦੀ ਪ੍ਰੋਪਰਟੀ ਆਪਣੀ ਆਮਦਨ ਤੋਂ ਵੱਧ ਦੀ ਜਾਇਦਾਦ ਬਣਾਈ ਹੈ। ਪਰ ਸਰਕਾਰ ਦੇ ਬੁਲਾਰੇ ,ਐਮ ਐਲ ਏ ,ਮੰਤਰੀ ਅਤੇ ਹੋਰ ਸਰਕਾਰ ਦੇ ਵਿੱਚ ਕੰਮ ਕਰਨ ਵਾਲੇ ਕਠਪੁਤਲੀ ਬਣ ਕੇ ਨੱਚਣ ਵਾਲੇ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਲੀਡਰ ਅਖਬਾਰਾਂ ਵਿੱਚ ਇਲੈਕਟਰੋਨਿਕ ਮੀਡੀਆ ਦੇ ਉੱਤੇ ਇਹ ਦਿਨ ਰਾਤ ਪ੍ਰਚਾਰ ਕਰ ਰਹੇ ਹਨ ਕਿ ਇੱਕ ਵੱਡੇ ਮਗਰਮੱਛ ਡਰੱਗ ਮਾਫੀਏ ਦੇ ਉੱਤੇ ਪਰਚਾ ਦਰਜ ਕੀਤਾ ਗਿਆ ਹੈ ਜੋ ਕਿ ਲੋਕਾਂ ਨੂੰ ਗੁਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ । ਮਾਮਲਾ ਡਰੱਗ ਦਾ ਨਹੀਂ ਜਦਕਿ ਮਾਮਲਾ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਹੈ। ਸਰਕਾਰ ਵੱਲੋਂ ਬਿਕਰਮ ਸਿੰਘ ਮਜੀਠੀਆ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਜੇਕਰ ਸਰਕਾਰ ਵਾਕਿਆ ਹੀ ਇਮਾਨਦਾਰ ਹੈ ਤਾਂ ਹੁਣ ਤੱਕ ਬਿਕਰਮ ਸਿੰਘ ਮਜੀਠੀਆ ਵਲੋਂ ਇਹਨਾਂ ਦੇ ਮੰਤਰੀਆਂ ਦੀਆਂ ਜਿੰਨੀਆਂ ਅਸ਼ਲੀਲ ਆਡੀਓ ਗਵਰਨਰ ਸਾਹਿਬ ਨੂੰ ਪੇਸ਼ ਕੀਤੀਆਂ ਗਈਆਂ ਹਨ, ਕੀ ਸਰਕਾਰ ਉਹਨਾਂ 'ਤੇ ਬਣਦੀ ਕਾਰਵਾਈ ਕਰੇਗੀ। ਜੇਕਰ ਸਰਕਾਰ ਉਹਨਾਂ ਤੇ ਬਣਦੀ ਕਾਰਵਾਈ ਨਹੀਂ ਕਰਦੀ ਤਾਂ ਇਸ ਤੋਂ ਸਾਫ ਸਾਬਤ ਹੁੰਦਾ ਹੈ ਕਿ ਬਿਕਰਮ ਸਿੰਘ ਮਜੀਠੀਆ ਦੇ ਨਾਲ ਸਰਕਾਰ ਪੱਖਪਾਤ ਵਾਲਾ ਰਵੱਈਆ ਅਤੇ ਬਦਲਾ ਲਊ ਭਾਵਨਾ ਦੇ ਨਾਲ ਕੰਮ ਕਰ ਰਹੀ ਹੈ। ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ ।



# ਬਸਪਾ ਕਰੇਗੀ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਨਸ਼ਾ ਮੁਕਤ ਪੰਜਾਬ ਦਾ ਨਿਰਮਾਣ : ਐਡਵੋਕੇਟ ਮਾਨਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਕੋਠੀ ਹਲਕਾ ਚੱਬੇਵਾਲ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਮੁੱਖ ਮਹਿਮਾਨ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਹਲਕਾ ਚੱਬੇਵਾਲ ਪੁਹੰਚੇ। ਇਸ ਮੀਟਿੰਗ ਵਿਚ ਇੰਚਾਰਜ ਨੇ ਦੱਸਿਆ ਕਿ ਪਾਰਟੀ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸੰਭਾਲੋ ਮੁਹਿੰਮ ਤਹਿਤ ਪਿੰਡ ਪਿੰਡ ਪਹੁੰਚ ਕਰਕੇ ਦੱਸਿਆ ਜਾਵੇਗਾ ਕਿ ਕਿਵੇਂ ਪੰਜਾਬ ਸਰਕਾਰ ਦੇ ਨੁਮਾਇੰਦਿਆਂ, ਪੁਲਸ ਤੇ ਡਰੱਗ ਮਾਫ਼ੀਆ ਦੇ ਨਾਲ ਚੱਲ ਰਹੇ ਗੱਠਜੋੜ ਦੇ ਕਾਰਨ ਨਸ਼ਾ ਪੰਜਾਬ ਵਿੱਚੋਂ ਖ਼ਤਮ ਨਹੀਂ ਹੋਵੇਗਾ। ਇਹ ਜਦੋਂ ਤੋਂ ਪੰਜਾਬ ਅੰਦਰ ਬਸਪਾ ਨਸ਼ਿਆਂ ਅਤੇ ਡਰੱਗ ਮਾਫ਼ੀਆ ਦੇ ਖਿਲਾਫ ਕੰਮ ਕਰ ਰਹੀ ਹੈ ਉਦੋਂ ਤੋਂ ਹੀ ਪੰਜਾਬ ਸਰਕਾਰ ਦੀਆਂ ਅੱਖਾਂ ਖੁੱਲ੍ਹੀਆਂ ਹਨ। ਇਹ ਮਾਨ ਸਰਕਾਰ ਜੋ ਯੁੱਧ ਨਸ਼ਿਆਂ ਵਿਰੁੱਧ ਦੀ ਮੁਹਿੰਮ ਦਾ ਲੋਕ ਦਿਖਾਵਾ ਕਰ ਰਹੀ ਹੈ ਇਹ ਸਿਰਫ ਰਾਜਨੀਤਿਕ ਜੁਮਲਾ ਹੈ, ਹੋਰ ਕੁਝ ਨਹੀਂ। ਪੰਜਾਬ ਸਰਕਾਰ ਦੀਆਂ ਘਟੀਆ ਲੋਕ ਮਾਰੂ ਨੀਤੀਆਂ ਤੋਂ ਬਸਪਾ ਦੀਆਂ ਟੀਮਾਂ ਪਿੰਡ ਪਿੰਡ ਪਹੁੰਚ ਕਰਕੇ ਲੋਕਾਂ ਨੂੰ ਜਾਗਰੂਕ ਕਰਨਗੀਆਂ। ਐਡਵੋਕੇਟ ਮਾਨਾ ਨੇ ਪਾਰਟੀ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਗੂ ਸਹਿਬਾਨ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਬਸਪਾ ਦੀ ਮਜ਼ਬੂਤੀ ਲਈ ਬੂਥ ਪੱਧਰ 'ਤੇ ਕੰਮ ਕੀਤਾ ਜਾਵੇ।ਇਸ ਮੌਕੇ ਪਿੰਡ ਕੋਠੀ ਦਾ ਬਸਪਾ ਯੂਨਿਟ ਤਿਆਰ ਕੀਤਾ ਗਿਆ ਤੇ ਬੂਥ ਕਮੇਟੀ ਬਣਾਈ। ਇਸ ਮੌਕੇ ਹਾਜ਼ਰ ਆਗੂ ਸਹਿਬਾਨ ਵਿਚ ਰਾਕੇਸ਼ ਕੀਟੀ ਜ਼ਿਲ੍ਹਾ ਸਕੱਤਰ, ਦਵਿੰਦਰ ਬਾਹੋਵਾਲ ਬਾਮਚੇਫ ਇੰਚਾਰਜ, ਕੁਲਵਿੰਦਰ ਕੋਠੀ, ਵਿੱਕੀ ਬੰਗਾ, ਬਲਵੰਤ ਨੀਤਪੁਰ, ਰੂਪਾ ਬੰਗਾ, ਰਾਜੇਸ਼ ਭੁੰਨੋ, ਰਵੀ ਬੰਬੇਲੀ, ਚਾਨਣ ਕੋਠੀ, ਭਗਵਾਨ ਦਾਸ ਅਤੇ ਹੋਰ ਸਾਥੀ ਵੀ ਹਾਜ਼ਰ ਸਨ।





# ਦਰਬਾਰ ਪੀਰ ਬਾਬਾ ਢੇਰੀ ਸ਼ਾਹ ਦੀ ਮਜ਼ਾਰ 'ਤੇ 35ਵਾਂ ਜੋੜ ਮੇਲਾ ਕਰਵਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਅਜਨੋਹਾ ਵਿਖੇ ਦਰਬਾਰ ਪੀਰ ਬਾਬਾ ਢੇਰੀ ਸ਼ਾਹ ਦੀ ਮਜ਼ਾਰ 'ਤੇ ਵੈਲਫੇਅਰ ਪ੍ਰਬੰਧਕ ਕਮੇਟੀ ਅਜਨੋਹਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੀਰ ਬਾਬਾ ਢੇਰੀ ਸ਼ਾਹ ਦੀ ਯਾਦ ਵਿੱਚ ਸਾਲਾਨਾ 35ਵਾਂ ਜੋੜ ਮੇਲਾ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਰੱਤੂ, ਰਾਜਾ ਹਲਵਾਈ ਅਜਨੋਹਾ ਨੇ ਦੱਸਿਆ ਕਿ ਚਾਦਰ, ਚਿਰਾਗ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਪੰਜਾਬ ਦੇ ਨਾਮਵਰ ਕਲਾਕਾਰ ਆਤਮਾ ਬੁੱਡੇਆਲੀਆ- ਐਸ ਕੌਰ- ਬਲਜਿੰਦਰ ਰਿੰਪੀ, ਨਕਾਲ ਪਾਰਟੀ ਰਾਹੋਂ ਵਾਲੇ ਤੋਂ ਇਲਾਵਾ ਹੋਰ ਕਲਾਕਾਰਾਂ ਨੇ ਪੀਰਾਂ ਦੀ ਮਹਿਫ਼ਿਲ ਸਜਾਈ। ਮੇਲੇ ਨੂੰ ਹਰਮੇਸ਼ ਸਾਬ ਪਰਮੋਟ ਕਰ ਕੀਤਾ।ਮੁੱਖ ਮਹਿਮਾਨ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਆਪਣੇ ਸਾਥੀਆਂ ਸਮੇਤ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਕਮੇਟੀ ਪ੍ਰਧਾਨ ਰਾਜ ਕੁਮਾਰ ਰੱਤੂ ਰਾਜਾ, ਸੋਹਣ ਸਿੰਘ ਰਾਜਾ ਹਲਵਾਈ, ਮਿਸਤਰੀ ਕੁਲਵਰਨ ਸਿੰਘ, ਮਨਦੀਪ ਸਿੰਘ, ਤਜਿੰਦਰ ਸਿੰਘ, ਰਤਨ ਸਿੰਘ, ਦਲਜੀਤ ਸਿੰਘ ਅਜਨੋਹਾ, ਮਾਸਟਰ ਰਛਪਾਲ ਸਿੰਘ ਜਲਵੇਹੜਾ, ਮਾਸਟਰ ਹਰਭਜਨ ਸਿੰਘ ਅਜਨੋਹਾ, ਡਾਕਟਰ ਜਸਵੀਰ ਸਿੰਘ ਅਜਨੋਹਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਛਬੀਲ, ਚਾਹ ਪਕੌੜੇ ਅਤੇ ਦਾਤਾ ਦੇ ਲੰਗਰ ਅਤੁੱਟ ਵਰਤਾਏ ਗਏ।







# ਸਿਵਲ ਹਸਪਤਾਲ 'ਚ ਚੱਲੀਆਂ ਗੋਲੀਆਂ, ਦੋ ਔਰਤਾਂ ਗੰਭੀਰ ਜ਼ਖਮੀ

**ਕਰਤਾਰਪੁਰ (ਹਰਮੇਸ਼ ਦੱਤ)**- ਸੋਮਵਾਰ ਸ਼ਾਮ 7 ਵਜੇ ਦੇ ਕਰੀਬ ਸਿਵਲ ਹਸਪਤਾਲ ਕਰਤਾਰਪੁਰ ਵਿਖੇ ਇੱਕ ਵਿਅਕਤੀ ਨੇ ਫਾਇਰਿੰਗ ਕੀਤੀ, ਜਿਸ ਨਾਲ ਦੋ ਔਰਤਾਂ ਗਭੀਰ ਜ਼ਖਮੀ ਹੋ ਗਈਆਂ। ਮੌਕੇ 'ਤੇ 108 ਐਂਬੂਲੈਂਸ ਦੀ ਮਦਦ ਨਾਲ ਦੋਵਾਂ ਔਰਤਾਂ ਨੂੰ ਸਿਵਲ ਹਸਪਤਾਲ ਜਲੰਧਰ ਵਿਖੇ ਰੈਫਰ ਕਰ ਦਿੱਤਾ। ਡੀ. ਐਸ.ਪੀ. ਵਿਜੈ ਕੰਵਰ ਪਾਲ ਅਤੇ ਥਾਣਾ ਮੁਖੀ ਰਮਨਦੀਪ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੀਨੀਅਰ ਮੈਡੀਕਲ ਅਫਸਰ ਸਰਬਜੀਤ ਸਿੰਘ ਦਾ ਫੋਨ ਆਇਆ ਸੀ ਕਿ ਇੱਕ ਵਿਅਕਤੀ ਨੇ ਹਸਪਤਾਲ ਵਿੱਚ ਗੋਲੀਆਂ ਚਲਾ ਦਿੱਤੀਆਂ ਹਨ। ਜਦੋਂ ਘਟਨਾ ਸਥਾਨ 'ਤੇ ਪਹੁੰਚ ਕੇ ਦੇਖਿਆ ਤਾਂ ਦੋ ਔਰਤਾਂ ਜ਼ਖਮੀ ਸਨ। ਉਨ੍ਹਾਂ ਦੱਸਿਆ ਕਿ ਜੋਤੀ ਉਮਰ 24 ਸਾਲ ਹਸਪਤਾਲ ਕਰਤਾਰਪੁਰ ਵਿਖੇ ਇਲਾਜ ਕਰਵਾਉਣ ਲਈ ਦਾਖਲ ਹੋਈ ਸੀ। ਉਸ ਦੇ ਪਤੀ ਨੇ ਕੁੱਟਮਾਰ ਕੀਤੀ ਸੀ। ਜਿਸ ਨਾਲ ਔਰਤ ਗੰਭੀਰ ਜ਼ਖਮੀ ਹੋ ਗਈ। ਜੋਤੀ ਨੇ ਆਪਣੇ ਪਤੀ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੋਈ ਸੀ। ਸਿਵਲ ਹਸਪਤਾਲ ਵਿੱਚ ਉਸ ਦੇ ਨਾਲ ਉਸ ਦੀ ਮਾਂ ਕੁਲਵਿੰਦਰ ਪਤਨੀ ਮੰਗਾ ਵਾਸੀ ਪਿੰਡ ਬ੍ਰਹਮਪੁਰ ਵੀ ਸੀ। ਜੋਤੀ ਦਾ ਪਤੀ ਸੁਖਚੈਨ ਵਾਸੀ ਵਡਾਲਾ ਫਾਟਕ ਸਿਵਲ ਹਸਪਤਾਲ ਕਰਤਾਰਪੁਰ ਵਿਖੇ ਸ਼ਾਮ 7 ਵਜੇ ਦੇ ਕਰੀਬ ਆਇਆ ਤੇ ਆਉਂਦਿਆਂ ਹੀ ਆਪਣੀ ਸੱਸ ਕੁਲਵਿੰਦਰ ਦੇ ਪੇਟ ਵਿੱਚ ਗੋਲੀ ਮਾਰ ਦਿੱਤੀ ਅਤੇ ਜੋਤੀ 'ਤੇ ਵੀ ਫਾਇਰ ਕਰ ਦਿੱਤਾ। ਜੋਤੀ ਦੇ ਸਿਰ 'ਤੇ ਗੋਲੀ ਵੱਜੀ। ਉਹ ਗੋਲੀਆਂ ਚਲਾ ਕੇ ਫਰਾਰ ਹੋ ਗਿਆ। ਹਸਪਤਾਲ ਦੇ ਅੰਦਰ ਹਫੜਾ ਦਫੜੀ ਦਾ ਮਾਹੌਲ ਪੈਦਾ ਹੋ ਗਿਆ। ਹਸਪਤਾਲ ਵਿੱਚ ਦਾਖਲ ਮਰੀਜ਼ਾਂ ਨੇ ਦੱਸਿਆ ਕਿ ਵਿਅਕਤੀ ਨੇ ਕਾਫੀ ਫਾਇਰ ਕੀਤੇ, ਜਿਸ ਦੇ ਖੋਲ ਵੀ ਬਰਾਮਦ ਕੀਤੇ ਗਏ ਹਨ। ਡੀ ਐਸ ਪੀ ਕਰਤਾਰਪੁਰ ਨੇ ਦੱਸਿਆ ਕਿ ਜੋਤੀ ਆਪਣੇ ਘਰ ਪਿੰਡ ਬ੍ਰਹਮਪੁਰ ਆਪਣੀ ਮਾਂ ਦੇ ਕੋਲ ਆਈ ਹੋਈ ਸੀ। ਉੱਥੇ ਜਾ ਕੇ ਉਸ ਦੇ ਪਤੀ ਨੇ ਉਸ ਨਾਲ ਕੁੱਟਮਾਰ ਕੀਤੀ। ਜੋਤੀ ਦੇ ਕਾਫੀ ਸੱਟਾਂ ਲੱਗੀਆਂ ਹੋਈਆਂ ਸਨ। ਸੁਖਚੈਨ ਨੇ ਹਸਪਤਾਲ ਵਿਖੇ ਆਪਣੀ ਪਤਨੀ ਅਤੇ ਸੱਸ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਦੋਵੇਂ ਔਰਤਾਂ ਗੰਭੀਰ ਜ਼ਖਮੀ ਹੋ ਗਈਆਂ। ਉਹਨਾਂ ਦੋਵਾਂ ਔਰਤਾਂ ਨੂੰ ਜਲੰਧਰ ਸਰਕਾਰੀ ਹਸਪਤਾਲ ਵਿਖੇ ਭੇਜ ਦਿੱਤਾ ਗਿਆ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਸੁਰਜੀਤ ਹਾਕੀ ਸੁਸਾਇਟੀ ਦਾ ਹਾਕੀ ਤੇ ਖਿਡਾਰੀਆਂ ਦੇ ਵਿਕਾਸ ਲਈ ਅਹਿਮ ਯੋਗਦਾਨ : ਨਿਤਿਨ ਕੋਹਲੀ

**ਜਲੰਧਰ (ਸ਼ੈਲੀ ਐਲਬਰਟ)**- ਹਾਕੀ ਇੰਡੀਆ ਦੇ ਮੀਤ ਪ੍ਰਧਾਨ, ਹਾਕੀ ਪੰਜਾਬ ਦੇ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਜਲੰਧਰ (ਕੇਂਦਰੀ) ਹਲਕਾ ਇੰਚਾਰਜ ਨਿਤਿਨ ਕੋਹਲੀ ਨੇ ਸੁਰਜੀਤ ਹਾਕੀ ਸੁਸਾਇਟੀ ਦਾ ਹਾਕੀ ਦੀ ਖੇਡ ਅਤੇ ਹਾਕੀ ਖਿਡਾਰੀਆਂ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਲਈ ਭਰਪੂਰ ਸ਼ਲਾਘਾ ਕੀਤੀ। ਸੁਰਜੀਤ ਹਾਕੀ ਸੁਸਾਇਟੀ ਦੇ ਸੀ.ਈ.ਓ. ਇਕਬਾਲ ਸਿੰਘ ਸੰਧੂ ਅਨੁਸਾਰ ਸਥਾਨਕ ਸੁਰਜੀਤ ਹਾਕੀ ਸਟੇਡੀਅਮ ਬਰਲਟਨ ਪਾਰਕ ਜਲੰਧਰ ਵਿਖੇ ਸੁਸਾਇਟੀ ਵੱਲੋਂ ਸਲਾਨਾ ਸੁਰਜੀਤ ਗਰਮ ਰੁੱਤ ਹਾਕੀ ਕੋਚਿੰਗ ਕੈਂਪ-2025 ਦੇ ਹੋਏ ਸਮਾਪਤੀ ਸਮਾਗਮ ਮੌਕੇ ਆਮ ਆਦਮੀ ਪਾਰਟੀ ਦੇ ਜਲੰਧਰ (ਕੇਂਦਰੀ) ਦੇ ਹਲਕਾ ਇੰਚਾਰਜ ਨਿਤਿਨ ਕੋਹਲੀ ਨੇ ਬਤੌਰ ਮੁੱਖ ਮਹਿਮਾਨ ਕੈਂਪ ਵਿੱਚ ਸ਼ਾਮਲ 4-16 ਸਾਲ ਦੀ ਉਮਰ ਵਾਲੇ 200 ਤੋਂ ਵੱਧ ਖਿਡਾਰੀਆਂ ਅਤੇ ਕੋਚਾਂ ਨੂੰ ਸਨਮਾਨਤ ਕਰਦੇ ਹੋਏ ਕਿਹਾ ਕਿ ਸਾਲ 1984 ਵਿਚ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਓਲੰਪੀਅਨ ਸੁਰਜੀਤ ਸਿੰਘ ਦੀ ਯਾਦ ਵਿਚ ਗਠਿਤ ਸੁਰਜੀਤ ਹਾਕੀ ਸੁਸਾਇਟੀ ਦੇ ਪਿਛਲੇ 41 ਸਾਲਾਂ ਵਿਚ ਹਾਕੀ ਦੀ ਖੇਡ ਅਤੇ ਹਾਕੀ ਖਿਡਾਰੀਆਂ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਲਈ ਭਰਪੂਰ ਸ਼ਲਾਘਾ ਕੀਤੀ ਹੈ । ਇਸ ਮੌਕੇ ਉਹਨਾਂ ਕੈਂਪ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਅਤੇ ਕੋਚਾਂ ਨੂੰ ਵਿਸ਼ੇਸ਼ ਰੂਪ ਵਿਚ ਸਨਮਾਨਤ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਕੋਚਿੰਗ ਕੈਂਪ ਨੌਜਵਾਨ ਖਿਡਾਰੀਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਦਰਸ਼ਨ ਕਰਨ ਲਈ ਤਿਆਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਨਿਤਿਨ ਕੋਹਲੀ ਨੇ ਕਿਹਾ ਕਿ ਸਰਕਾਰ ਵੱਲੋਂ ਜਲੰਧਰ ਦੇ ਬਰਲਟਨ ਪਾਰਕ ਵਿੱਚ 2 ਨਵੀਆਂ ਐਸਟ੍ਰੋਟਰਫ ਹਾਕੀ ਗਰਾਊਂਡਾਂ ਸਮੇਤ ਫਾਇਵ-ਏ-ਸਾਈਡ ਗਰਾਊਂਡ ਚਾਲੂ ਮਾਲੀ ਸਾਲ ਵਿੱਚ ਬਣ ਕੇ ਤਿਆਰ ਹੋ ਜਾਵੇਗੀ, ਜਿਸ ਨਾਲ ਜਲੰਧਰ ਸ਼ਹਿਰ ਅੰਤਰਰਾਸ਼ਟਰੀ ਪੱਧਰ ਦੇ ਹਾਕੀ ਮੁਕਾਬਲੇ ਕਰਵਾਉਣ ਦੀ ਸਮਰੱਥ ਹੋ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਉਹ ਹਾਕੀ ਇੰਡੀਆ ਨਾਲ ਗੱਲਬਾਤ ਕਰਕੇ ਅਗਲੇ ਸਾਲ ਜਲੰਧਰ ਵਿੱਚ ਇੰਟਰਨੈਸ਼ਨਲ ਮੈਚ ਕਰਵਾਉਣ ਦੀ ਤਜਵੀਜ਼ ਪੇਸ਼ ਕਰਨਗੇ। ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਜਲੰਧਰ (ਛਾਉਣੀ) ਹਲਕਾ ਦੇ ਇੰਚਾਰਜ ਅਤੇ ਚੇਅਰਮੈਨ, ਨਗਰ ਸੁਧਾਰ ਟਰੱਸਟ, ਜਲੰਧਰ ਰਾਜਵਿੰਦਰ ਕੌਰ ਨੇ ਭਾਗ ਲੈਣ ਵਾਲੇ ਖਿਡਾਰੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਹਾਕੀ ਕੋਚਿੰਗ ਕੈਂਪ ਵਿਚ ਉਹਨਾਂ ਦਾ ਭਾਗ ਲੈਣਾ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਹੀ ਇਕ ਮਹੱਤਵਪੂਰਨ ਹਿੱਸਾ ਹੈ ਜੋ ਨੌਜਵਾਨਾਂ ਨੂੰ ਖੇਡਾਂ ਵੱਲ ਆਕਰਸ਼ਿਤ ਕਰਕੇ ਸਿਹਤਮੰਦ ਜੀਵਨ ਜੀਊਣ ਲਈ ਪ੍ਰੇਰਿਤ ਕਰਦਾ ਹੈ। ਇਸ ਸਮਾਰੋਹ ਵਿੱਚ ਸੁਰਜੀਤ ਹਾਕੀ ਸੁਸਾਇਟੀ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਭਾਪਾ, ਸਕੱਤਰ ਰਣਬੀਰ ਸਿੰਘ ਟੁੱਟ, ਵਿੱਤ ਸਕੱਤਰ ਰਣਦੀਪ ਗੁਪਤਾ ਅਤੇ ਯੁਧਵੀਰ ਸਿੰਘ ਜੌਨੀ, ਪ੍ਰੋਫੈਸਰ ਬਲਵਿੰਦਰ ਸਿੰਘ, ਪਰਦੀਪ ਕੌਰ, ਸੀਤਾ ਦੇਵੀ, ਨਰੇਸ਼ ਕੁਮਾਰ, ਬਿੰਦੂ, ਜਤਿੰਦਰ ਸਿੰਘ, ਨਵਜੋਤ ਸਿੰਘ (ਸਾਰੇ ਕੋਚ) ਵੀ ਹਾਜ਼ਰ ਸਨ ।



# ਨਸ਼ਿਆਂ ਤੇ ਨਸ਼ਾ ਤਸਕਰਾਂ ਵਿਰੁੱਧ ਲੜਾਈ ਲੜਦਾ ਰਹਾਂਗਾ : ਚੰਨੀ

**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਹਮੇਸ਼ਾ ਨਸ਼ਿਆਂ ਵਿਰੁੱਧ ਲੜਾਈ ਲੜਦੇ ਰਹੇ ਹਨ ਅਤੇ ਭਵਿੱਖ ਵਿੱਚ ਵੀ ਨਸ਼ਿਆਂ ਤੇ ਨਸ਼ਾ ਤਸਕਰਾਂ ਵਿਰੁੱਧ ਲੜਾਈ ਜਾਰੀ ਰੱਖਣਗੇ । ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਬਿਕਰਮ ਸਿੰਘ ਮਜੀਠੀਏ ਬਾਰੇ ਦਿੱਤੇ ਬਿਆਨ ਨੂੰ ਲੈ ਕੇ ਝੂਠਾ ਪ੍ਰਚਾਰ ਕਰਨ ਦਾ ਦੋਸ਼ ਲਗਾਉਂਦਿਆ ਕਿਹਾ ਕਿ ਸਰਕਾਰ ਵੱਲੋਂ ਮਜੀਠੀਏ ਖਿਲਾਫ ਜੋ ਕੇਸ ਦਰਜ ਕੀਤਾ ਗਿਆ ਹੈ, ਉਹ ਨਸ਼ਿਆਂ ਦਾ ਨਹੀਂ ਹੈ ਸਗੋਂ ਆਮਦਨੀ ਤੋਂ ਵੱਧ ਜਾਇਦਾਦ ਬਣਾਉਣ ਸੰਬੰਧੀ ਮਾਮਲਾ ਦਰਜ ਕੀਤਾ ਗਿਆ ਹੈ , ਜਦੋਂ ਕਿ ਉਨ੍ਹਾਂ ਦੀ ਸਰਕਾਰ ਸਮੇਂ ਮਜੀਠੀਏ ਵਿਰੁੱਧ ਦਰਜ ਕੀਤੇ ਗਏ ਨਸ਼ਿਆਂ ਸੰਬੰਧੀ ਮਾਮਲੇ ਨੂੰ ਪੰਜਾਬ ਸਰਕਾਰ ਨੇ ਅੱਗੇ ਨਹੀਂ ਵਧਾਇਆ।ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਪਹਿਲਾਂ ਵੀ ਨਸ਼ਿਆਂ ਦੇ ਖਿਲਾਫ ਸਨ, ਹੁਣ ਵੀ ਹਨ ਅਤੇ ਭਵਿੱਖ ਵਿੱਚ ਵੀ ਰਹਿਣਗੇ।ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੰਨੀ ਨੇ ਕਿਹਾ ਕਿ ਆਪ ਸਰਕਾਰ ਨੂੰ ਪੰਜਾਬ ਦੀ ਜਨਤਾ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਦਸੰਬਰ 2021 ਵਿੱਚ ਮਜੀਠੀਏ ਵਿਰੁੱਧ ਨਸ਼ਿਆਂ ਸੰਬੰਧੀ ਦਰਜ ਕੀਤੇ ਕੇਸ ਦਾ ਸਰਕਾਰ ਵੱਲੋਂ ਚਲਾਨ ਪੇਸ਼ ਕਿਉਂ ਨਹੀਂ ਕੀਤਾ ਗਿਆ ? ਅਤੇ ਉਸ ਦਾ ਰਿਮਾਂਡ ਕਿਉਂ ਨਹੀਂ ਮੰਗਿਆ ਗਿਆ ? ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਾਢੇ ਤਿੰਨ ਸਾਲ ਬਾਅਦ ਮਜੀਠੀਏ ਵਿਰੁੱਧ ਜੋ ਕਾਰਵਾਈ ਕੀਤੀ ਗਈ ਹੈ, ਉਹ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਸੰਬੰਧੀ ਨਵਾਂ ਕੇਸ ਦਰਜ ਕਰਕੇ ਕੀਤੀ ਜਾ ਰਹੀ ਹੈ ਜਦੋਂ ਕਿ ਉਨ੍ਹਾਂ ਵੱਲੋਂ ਦਰਜ ਕੀਤੇ ਕੇਸ ਨੂੰ ਸਰਕਾਰ ਵੱਲੋਂ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਵਿਜੀਲੈਂਸ ਬਿਊਰੋ ਕੁਰਪੱਸ਼ਨ ਕੇਸਾਂ ਦੀ ਜਾਂਚ ਕਰਨ ਲਈ ਅਧਿਕਾਰਤ ਹੈ ਨਾ ਕਿ ਨਸ਼ਿਆਂ ਦੇ ਕੇਸਾਂ ਲਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਾਂ ਵਿਜੀਲੈਂਸ ਬਿਊਰੋ ਇਸ ਮਾਮਲੇ ਵਿੱਚ ਉਨ੍ਹਾਂ ਦੀ ਕੋਈ ਗਵਾਹੀ ਦਰਜ ਕਰਨ ਦੀ ਲੋੜ ਮਹਿਸੂਸ ਕਰਦੀ ਹੈ ਤਾਂ ਉਹ ਹਰ ਸਮੇਂ ਆਪਣੀ ਗਵਾਹੀ ਦਰਜ ਕਰਵਾਉਣ ਲਈ ਤਿਆਰ ਹਨ। ਚਮਕੌਰ ਸਾਹਿਬ ਦੇ ਮੌਜੂਦਾ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਉਨ੍ਹਾਂ ਉਪਰ ਨਸ਼ਿਆਂ ਤੇ ਰੇਤ ਮਾਫੀਏ ਦੀ ਸਰਪ੍ਰਸਤੀ ਕਰਨ ਅਤੇ ਉਨ੍ਹਾਂ ਦੀ ਜਾਇਦਾਦ ਦੀ ਉੱਚ ਪੱਧਰੀ ਜਾਂਚ ਦੀ ਮੰਗ ਸੰਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਚੰਨੀ ਨੇ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਉਨ੍ਹਾਂ ਦੇ ਬੈਂਕ ਖਾਤਿਆਂ ਅਤੇ ਜਾਇਦਾਦ ਸੰਬੰਧੀ ਪਹਿਲਾਂ ਹੀ ਜਾਂਚ ਕੀਤੀ ਜਾ ਚੁੱਕੀ ਹੈ ਪ੍ਰੰਤੂ ਫਿਰ ਵੀ ਜੇਕਰ ਸਰਕਾਰ ਮੁੜ ਜਾਂਚ ਕਰਵਾਉਣ ਦੀ ਇੱਛਾ ਰੱਖਦੀ ਹੈ ਤਾਂ ਉਹ ਕਿਸੇ ਵੀ ਜਾਂਚ ਲਈ ਤਿਆਰ ਹਨ। ਡਾ. ਵਿਜੇ ਸਿੰਗਲਾ ਨੂੰ ਕਲੀਨ ਚਿੱਟ ਦੇਣ ਸੰਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਡਾ. ਸਿੰਗਲਾ ਵਿਰੁੱਧ ਮਾਮਲਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਰਜ ਕਰਵਾਇਆ ਗਿਆ ਸੀ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਅਤੇ ਉਹੀ ਇਸ ਮਾਮਲੇ ਵਿੱਚ ਮੁੱਖ ਗਵਾਹ ਸਨ । ਉਨ੍ਹਾਂ ਸਵਾਲ ਕੀਤਾ ਕਿ ਕੀ ਹੁਣ ਮੁੱਖ ਮੰਤਰੀ ਆਪਣੀ ਗਵਾਹੀ ਤੋਂ ਭੱਜ ਗਏ ਹਨ ? ਜਿਸ ਕਾਰਨ ਡਾ ਸਿੰਗਲ ਨੂੰ ਕਲੀਨ ਚਿੱਟ ਮਿਲੀ ਹੈ। ਚੰਨੀ ਨੇ ਕਾਂਗਰਸੀ ਵਿਧਾਇਕ ਪ੍ਰਗਟ ਸਿੰਘ 'ਤੇ ਵੀ ਕੇਸ ਦਰਜ ਕੀਤੇ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਅਤੇ ਕਿਹਾ ਕਿ ਜਿਸ ਆਗੂ ਨੇ ਲਗਾਤਾਰ 10 ਸਾਲ ਹਾਕੀ ਦੀ ਕਪਤਾਨੀ ਕਰਕੇ ਦੇਸ਼ ਦੀ ਪ੍ਰਤੀਨਿਧਤਾ ਕੀਤੀ ਹੋਵੇ, ਉਸ ਨੂੰ ਅਜਿਹੇ ਝੂਠੇ ਤੇ ਬੇਬੁਨਿਆਦ ਮਾਮਲਿਆਂ ਵਿੱਚ ਫਸਾਉਣ ਲਈ ਕਾਰਵਾਈ ਕਰਨਾ ਅਫਸੋਸਨਾਕ ਹੈ । ਇਸ ਮੌਕੇ ਬਲਾਕ ਕਾਂਗਰਸ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ, ਰਣਜੋਧ ਸਿੰਘ ਜੋਤੀ, ਆੜ੍ਹਤੀ ਤਰਲੋਚਨ ਸਿੰਘ ਭੰਗੂ, ਦਵਿੰਦਰ ਸਿੰਘ ਅਤੇ ਨਾਇਬ ਸਿੰਘ ਆਦਿ ਹਾਜ਼ਰ ਸਨ।



# ਸੂਬੇ 'ਚ ਸਿਹਤ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹੈ : ਵਿੱਕੀ ਘਨੌਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਰੰਗਲਾ ਅਤੇ ਸਿਹਤਮੰਦ ਪੰਜਾਬ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜਿਸ ਤਹਿਤ ਸੂਬੇ 'ਚ ਸਿਹਤ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ, ਮਿਆਰੀ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਉਕਤ ਪ੍ਰਗਟਾਵਾ ਸਭ ਡਵੀਜ਼ਨ ਡੇਰਾਬੱਸੀ ਦੇ ਸਿਵਲ ਹਸਪਤਾਲ ਦਾ ਅਚਨਚੇਤ ਦੌਰਾ ਕਰਨ ਪੁੱਜੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਹਿੰਦਰ ਜੀਤ ਸਿੰਘ ਵਿੱਕੀ ਘਨੌਰ ਵੱਲੋਂ ਕਰਦਿਆਂ ਕਿਹਾ ਗਿਆ ਕਿ ਪੰਜਾਬ ਸਰਕਾਰ ਸਰਕਾਰੀ ਸਿਹਤ ਸੰਸਥਾਵਾਂ 'ਚ ਸੁਧਾਰ ਕਰਕੇ ਆਮ ਲੋਕਾਂ ਨੂੰ ਮਹਿੰਗੇ ਇਲਾਜ ਤੋਂ ਬਚਾਅ ਰਹੀ ਹੈ। ਉਨ੍ਹਾਂ ਦੱਸਿਆ ਕਿ ਰਾਜ ਦੇ 881 ਆਮ ਆਦਮੀ ਕਲੀਨਿਕ, ਜਿਨ੍ਹਾਂ 'ਚ ਪਹਿਲਾਂ ਓ ਪੀ ਡੀ, ਦਵਾਈਆਂ ਅਤੇ ਟੈਸਟ ਮੁਫ਼ਤ ਦਿੱਤੇ ਜਾ ਰਹੇ ਹਨ, ਨੇ ਹੁਣ ਗਰਭਵਤੀ ਮਹਿਲਾਵਾਂ ਦੀ ਸਾਂਭ-ਸੰਭਾਲ ਦੀਆਂ ਸੇਵਾਵਾਂ ਵੀ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ।ਉਨ੍ਹਾਂ ਦੱਸਿਆ ਕਿ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਮਰੀਜ਼ਾਂ ਦੀ ਹਸਪਤਾਲਾਂ ਤੱਕ ਸੁਖਦ ਪਹੁੰਚ ਲਈ ਪਿਛਲੇ ਸਾਲ 58 ਐਂਬੂਲੈਂਸਾਂ ਅਤੇ ਇਸ ਸਾਲ 46 ਐਂਬੂਲੈਂਸਾਂ ਨਵੀਂਆਂ ਦਿੱਤੀਆਂ ਗਈਆਂ ਹਨ ਤਾਂ ਜੋ ਮਰੀਜ਼ ਨੂੰ ਹੰਗਾਮੀ ਹਾਲਤ ਵਿੱਚ ਸਰਕਾਰੀ ਹਸਪਤਾਲ ਤੱਕ ਪਹੁੰਚਣ ਵਿੱਚ ਕੋਈ ਮੁਸ਼ਕਿਲ ਨਾ ਆਵੇ ਅਤੇ ਨਾ ਹੀ ਮਹਿੰਗੀਆਂ ਫ਼ੀਸਾਂ ਦੇ ਕੇ ਐਂਬੂਲੈਂਸ ਕਿਰਾਏ 'ਤੇ ਲੈਣੀ ਪਵੇ।ਡੇਰਾਬੱਸੀ ਹਸਪਤਾਲ ਦੇ ਦੌਰੇ ਦੌਰਾਨ ਉਨ੍ਹਾਂ ਹਸਪਤਾਲ ਵਿੱਚ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਘਨੌਰ ਨੇ ਡਾਕਟਰਜ਼ ਡੇਅ 'ਤੇ ਸਮੂਹ ਡਾਕਟਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਰਕਾਰ ਪੰਜਾਬ ਨੂੰ ਸਿਹਤਮੰਦ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸ ਤਹਿਤ ਹਸਪਤਾਲਾਂ ਨੂੰ ਵੀ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਜ਼ਮੀਨੀ ਪੱਧਰ 'ਤੇ ਪੰਜਾਬ ਦੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਕਦਮ ਉਠਾ ਰਹੀ ਹੈ। ਉਨ੍ਹਾਂ ਕਿਹਾ ਕਿ ਇਕੱਲੀਆਂ ਸਿਹਤ ਸਹੂਲਤਾਂ ਹੀ ਨਹੀਂ ਬਲਕਿ ਪੰਜਾਬ ਦੇ ਵਿੱਚ ਲਗਾਤਾਰ ਨਸ਼ਿਆਂ ਦਾ ਖ਼ਾਤਮਾ ਵੀ ਪੰਜਾਬ ਸਰਕਾਰ ਦੀ ਅਹਿਮ ਪ੍ਰਾਪਤੀ ਹੈ, ਜਿਸ ਤਹਿਤ ਪੀੜਤਾਂ ਨੂੰ ਨਸ਼ਿਆਂ ਤੋਂ ਦੂਰ ਲਿਜਾਣ ਲਈ ਪੰਜਾਬ ਦੇ ਨਸ਼ਾ ਮੁਕਤੀ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ 'ਚ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਐਸ ਐਮ ਓ ਡੇਰਾਬੱਸੀ ਡਾਕਟਰ ਧਰਮਿੰਦਰ ਸਿੰਘ ਵੀ ਮੌਜੂਦ ਸਨ।



# ਬਾਲ ਵਿਆਹ ਨੂੰ ਰੋਕਣ ਲਈ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ ਸਰਕਾਰ : ਕਰਮਜੀਤ ਕੌਰ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਨੂੰ ਬਾਲ ਵਿਆਹ ਵਰਗੀ ਸਮਾਜਿਕ ਬੁਰਾਈ ਤੋਂ ਮੁਕਤ ਕਰਨ ਲਈ ਦ੍ਰਿੜਤਾ ਨਾਲ ਕੰਮ ਕਰ ਰਹੀ ਹੈ। ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪੁਰ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਇਸ ਦਿਸ਼ਾ ਵਿਚ ਕੀਤੇ ਜਾ ਰਹੇ ਯਤਨਾਂ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਚੌਕਸੀ ਅਤੇ ਪ੍ਰਭਾਵਸ਼ਾਲੀ ਰਣਨੀਤੀਆਂ ਸਦਕਾ ਸੂਬੇ ਭਰ ਵਿਚ ਬਾਲ ਵਿਆਹ ਵਰਗੇ ਅਣਮਨੁੱਖੀ ਅਮਲਾਂ ਨੂੰ ਰੋਕਣਾ ਸੰਭਵ ਹੋਇਆ ਹੈ। ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਵਿਭਾਗ ਵੱਲੋਂ ਜਨਵਰੀ 2024 ਤੋਂ ਦਸੰਬਰ 2024 ਤੱਕ 42 ਬਾਲ ਵਿਆਹਾਂ ਨੂੰ ਸਮੇਂ ਸਿਰ ਰੋਕਿਆ ਗਿਆ। ਇਸ ਦੇ ਨਾਲ ਹੀ ਜਨਵਰੀ 2025 ਤੋਂ ਮਾਰਚ 2025 ਦਰਮਿਆਨ 16 ਹੋਰ ਮਾਮਲਿਆਂ ਵਿਚ ਤੁਰੰਤ ਕਾਰਵਾਈ ਕਰਕੇ, ਬੱਚਿਆਂ ਨੂੰ ਸਮੇਂ ਤੋਂ ਪਹਿਲਾਂ ਵਿਆਹ ਦੇ ਬੰਧਨ ਵਿਚ ਬੱਝਣ ਤੋਂ ਬਚਾਇਆ ਗਿਆ। ਇਸ ਤਰ੍ਹਾਂ ਪਿਛਲੇ 15 ਮਹੀਨਿਆਂ ਵਿਚ ਕੁੱਲ 58 ਬਾਲ ਵਿਆਹਾਂ ਨੂੰ ਸਫਲਤਾਪੂਰਵਕ ਰੋਕਿਆ ਗਿਆ ਹੈ। ਚੇਅਰਪਰਸਨ ਕਰਮਜੀਤ ਕੌਰ ਨੇ ਇਸ ਨੂੰ ਪੰਜਾਬ ਸਰਕਾਰ ਦੀ ਸਮਾਜਿਕ ਸਰੋਕਾਰਾਂ ਪ੍ਰਤੀ ਵਚਨਬੱਧਤਾ ਦਾ ਸਬੂਤ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਪ੍ਰਸ਼ਾਸਨਿਕ ਯਤਨਾਂ ਰਾਹੀਂ ਸੰਭਵ ਹੋਈ ਹੈ, ਸਗੋਂ ਸਮਾਜਿਕ ਜਾਗਰੂਕਤਾ ਮੁਹਿੰਮਾਂ ਅਤੇ ਸਥਾਨਕ ਲੋਕਾਂ ਦੀ ਸਰਗਰਮ ਭਾਗੀਦਾਰੀ ਰਾਹੀਂ ਵੀ ਸੰਭਵ ਹੋਈ ਹੈ। ਉਨ੍ਹਾਂ ਇਸ ਮੁਹਿੰਮ ਨੂੰ ਜ਼ਿਲ੍ਹਾ ਪੱਧਰ 'ਤੇ ਮਜ਼ਬੂਤ ਕਰਨ ਦੀ ਵਚਨਬੱਧਤਾ ਵੀ ਪ੍ਰਗਟਾਈ ਅਤੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਆਂਗਣਵਾੜੀ ਵਰਕਰਾਂ, ਸਕੂਲਾਂ ਅਤੇ ਪੰਚਾਇਤਾਂ ਦੇ ਸਹਿਯੋਗ ਨਾਲ ਸਮਾਜ ਨੂੰ ਜਾਗਰੂਕ ਕਰਨਾ ਅਤੇ ਹਰ ਬੱਚੇ ਨੂੰ ਸੁਰੱਖਿਅਤ ਅਤੇ ਸਿੱਖਿਅਤ ਭਵਿੱਖ ਪ੍ਰਦਾਨ ਕਰਨਾ ਸਾਡੀ ਤਰਜ਼ੀਹ ਹੈ। ਕਰਮਜੀਤ ਕੌਰ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਰਕਾਰ ਦਾ ਇਹ ਸ਼ਲਾਘਾਯੋਗ ਉਪਰਾਲਾ ਸਮਾਜ ਵਿਚ ਸਕਾਰਾਤਮਕ ਤਬਦੀਲੀ ਵੱਲ ਇਕ ਮੀਲ ਪੱਥਰ ਸਾਬਤ ਹੋ ਰਿਹਾ ਹੈ।



# ਜਨੌੜੀ ਤੇ ਝਮੇੜੀ ਪੱਤੀ ਨੂੰ 24 ਘੰਟੇ ਨਿਰਵਿਘਨ ਮਿਲੇਗੀ ਬਿਜਲੀ ਸਪਲਾਈ : ਡਾ. ਰਵਜੋਤ

**ਹੁਸ਼ਿਆਰਪੁਰ (ਓ ਪੀ ਰਾਣਾ)**- ਕੰਢੀ ਇਲਾਕੇ ਦੇ ਲੋਕਾਂ ਲਈ ਰਾਹਤ ਭਰੀ ਖਬਰ ਹੈ। ਸਾਲਾਂ ਤੋਂ ਬਿਜਲੀ ਸੰਕਟ ਦਾ ਸਾਹਮਣਾ ਕਰ ਰਹੇ ਜਨੌੜੀ ਅਤੇ ਝਮੇੜੀ ਪੱਤੀ ਪਿੰਡਾਂ ਨੂੰ ਜਲਦ ਹੀ ਆਉਣ ਵਾਲੇ ਦਿਨਾਂ ਵਿਚ ਹੁਣ 24 ਘੰਟੇ ਨਿਰਵਿਘਨ ਬਿਜਲੀ ਮਿਲੇਗੀ। ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਇਸ ਮਹੱਤਵਪੂਰਨ ਐਲਾਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਖੇਤਰ ਨੂੰ ਸ਼ਹਿਰੀ ਪੈਟਰਨ ਵਿਚ ਸ਼ਾਮਲ ਕੀਤਾ ਹੈ, ਜਿਸ ਕਾਰਨ ਇਥੇ ਸ਼ਹਿਰਾਂ ਵਾਂਗ ਨਿਰਵਿਘਨ ਬਿਜਲੀ ਮਿਲ ਸਕੇਗੀ। ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਜਨੌੜੀ ਪਿੰਡ ਵਿਚ ਲੱਗਭਗ 14-15 ਸਾਲ ਪਹਿਲਾਂ ਇਕ 66 ਕੇ.ਵੀ ਸਬ-ਸਟੇਸ਼ਨ ਸਥਾਪਿਤ ਕੀਤਾ ਗਿਆ ਸੀ, ਪਰ ਲੰਬੇ ਸਮੇਂ ਤੋਂ ਇਸ ਸਟੇਸ਼ਨ ਨੂੰ ਸ਼ਹਿਰੀ ਗਰਿੱਡ ਨਾਲ ਨਹੀਂ ਜੋੜਿਆ ਜਾ ਸਕਿਆ, ਜਿਸ ਕਾਰਨ ਪਿੰਡ ਵਾਸੀਆਂ ਨੂੰ ਵਾਰ-ਵਾਰ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸ ਸਬ-ਸਟੇਸ਼ਨ ਨੂੰ ਪੂਰੀ ਤਰ੍ਹਾਂ ਸ਼ਹਿਰੀ ਸਪਲਾਈ ਪ੍ਰਣਾਲੀ ਨਾਲ ਜੋੜਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿਚ ਲੋਕਾਂ ਨੂੰ 24 ਘੰਟੇ ਨਿਰਵਿਘਨ ਬਿਜਲੀ ਮਿਲਣੀ ਸ਼ੁਰੂ ਹੋ ਜਾਵੇਗੀ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਹ ਫੈਸਲਾ ਨਾ ਸਿਰਫ ਬਿਜਲੀ ਸੁਧਾਰ ਵੱਲ ਇਕ ਕਦਮ ਹੈ, ਸਗੋਂ ਕੰਢੀ ਖੇਤਰ ਦੇ ਸਰਵਪੱਖੀ ਵਿਕਾਸ ਵੱਲ ਇਕ ਇਤਿਹਾਸਕ ਕਦਮ ਵੀ ਹੈ। ਇਸ ਨਾਲ ਖੇਤਰ ਵਿਚ ਸਿੱਖਿਆ, ਸਿਹਤ, ਉਦਯੋਗ ਅਤੇ ਖੇਤੀਬਾੜੀ ਵਰਗੇ ਖੇਤਰਾਂ ਨੂੰ ਵੀ ਨਵੀਂ ਊਰਜਾ ਮਿਲੇਗੀ। ਉਨ੍ਹਾਂ ਕਿਹਾ ਕਿ ਕੰਢੀ ਖੇਤਰ ਦਾ ਢੁਕਵਾਂ ਵਿਕਾਸ ਉਨ੍ਹਾਂ ਦੀਆਂ ਤਰਜੀਹਾਂ ਦੇ ਸਿਖਰ 'ਤੇ ਹੈ। ਸਥਾਨਕ ਸਰਕਾਰਾਂ ਮੰਤਰੀ ਨੇ ਇਸ ਫੈਸਲੇ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਇਸ ਪ੍ਰਾਪਤੀ ਲਈ ਸਾਰੇ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਿਰਫ ਬਿਜਲੀ ਨਹੀਂ ਹੈ, ਸਗੋਂ ਇਸ ਖੇਤਰ ਦੇ ਰੋਸ਼ਨ ਭਵਿੱਖ ਦੀ ਰੋਸ਼ਨੀ ਹੈ।



# ਸਿੱਧੂ ਵੱਲੋਂ ਮੋਹਾਲੀ ਦੇ ਬੀ ਡੀ ਪੀ ਓ ਰੰਧਾਵਾ ਨੂੰ ਮੁਅੱਤਲ ਕਰਕੇ ਜਾਂਚ ਦੀ ਮੰਗ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਉਹ ਮੋਹਾਲੀ ਵਿਚ ਤਾਇਨਾਤ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ (ਬੀ.ਡੀ.ਪੀ.ਓ.) ਧਨਵੰਤ ਸਿੰਘ ਰੰਧਾਵਾ ਨੂੰ ਤੁਰੰਤ ਮੁਅੱਤਲ ਕਰ ਕੇ ਉਸ ਵਲੋਂ ਇਸ ਹਲਕੇ ਦੇ ਪਿੰਡਾਂ ਵਿਚ ਕੀਤੇ ਗਏ ਕਰੋੜਾਂ ਰੁਪਏ ਦੇ ਘਪਲਿਆਂ ਦੀ ਜਾਂਚ ਕਰਾਉਣ। ਸਿੱਧੂ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਬੀ.ਡੀ.ਪੀ.ਓ. ਧਨਵੰਤ ਸਿੰਘ ਰੰਧਾਵਾ ਨੇ ਮੈਟੀਕਿਊਲਸ ਐਂਟਰਪ੍ਰਾਇਜ਼ ਨੂੰ ਪਿੰਡ ਬਾਕਰਪੁਰ ਦੇ ਛੱਪੜ ਦੀ ਸਫ਼ਾਈ, ਸੁੰਦਰੀਕਰਨ ਤੇ ਨਵੀਨੀਕਰਨ ਕਰਨ ਬਦਲੇ 13 ਲੱਖ 32 ਹਜ਼ਾਰ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਦੋਂ ਕਿ ਉਥੇ ਕੋਈ ਕੰਮ ਹੋਇਆ ਹੀ ਨਹੀਂ । ਉਹਨਾਂ ਇਹ ਵੀ ਖੁਲਾਸਾ ਕੀਤਾ ਕਿ ਇਸੇ ਤਰ੍ਹਾਂ ਹੀ ਪਿੰਡ ਕੁਰੜਾ ਵਿਚ ਕੂੜੇ-ਕਰਕਟ ਦੇ ਨਿਪਟਾਰੇ ਦੇ ਪ੍ਰਬੰਧ ਲਈ ਸ਼ੈੱਡ ਉਸਾਰਨ ਲਈ ਪੰਚਾਇਤ ਦੇ ਖ਼ਾਤੇ ਵਿਚੋਂ 1,72,406 ਰੁਪਏ ਕਢਵਾਏ ਗਏ ਜਦੋਂ ਕਿ ਅੱਜ ਤੱਕ ਸ਼ੈੱਡ ਦਾ ਕਿਤੇ ਨਾਮ ਨਿਸ਼ਾਨ ਵੀ ਨਹੀਂ। ਉਹਨਾਂ ਕਿਹਾ ਕਿ ਇਹ ਦੋ ਕੇਸ ਤਾਂ ਮਹਿਜ਼ ਉਦਾਹਰਨਾਂ ਹਨ ਜੇ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਤਾਂ ਅਜਿਹੇ ਘਪਲਿਆਂ ਦੇ ਹੋਰ ਕੇਸ ਵੀ ਸਾਹਮਣੇ ਆਉਣਗੇ।ਸਾਬਕਾ ਮੰਤਰੀ ਨੇ ਕਿਹਾ ਕਿ ਬੀ.ਡੀ.ਪੀ.ਓ. ਧਨਵੰਤ ਸਿੰਘ ਰੰਧਾਵਾ ਦੇ ਖਿਲਾਫ਼ ਪਿੰਡ ਕੁਰੜਾ ਦੇ ਸਾਬਕਾ ਸਰਪੰਚ ਦਵਿੰਦਰ ਸਿੰਘ ਤੋਂ ਰਿਸ਼ਵਤ ਲੇਣ ਦੇ ਦੋਸ਼ ਵਿਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੋਹਾਲੀ ਦੇ ਵਿਜੀਲੈਂਸ ਥਾਣੇ ਵਿਚ 5 ਮਾਰਚ 2025 ਨੂੰ ਮੁਕੱਦਮਾ ਨੰਬਰ 4 ਦਰਜ ਹੋਇਆ ਹੈ, ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਉਹਨਾਂ ਕਿਹਾ ਕਿ ਬੀ.ਡੀ.ਪੀ.ਓ. ਨੇ ਬਦਲਾਲਊ ਭਾਵਨਾ ਅਧੀਨ ਸਾਬਕਾ ਸਰਪੰਚ ਦਵਿੰਦਰ ਸਿੰਘ ਉਤੇ ਮੋਹਾਲੀ ਦੇ ਆਈ.ਟੀ. ਥਾਣੇ ਵਿਚ ਲੰਘੀ 3 ਜੂਨ ਨੂੰ ਨਜਾਇਜ਼ ਮਾਈਨਿੰਗ ਦਾ ਝੂਠਾ ਮੁਕੱਦਮਾ ਦਰਜ ਕਰਵਾ ਦਿਤਾ, ਜਿਸ ਵਿਚ ਮੋਹਾਲੀ ਦੀ ਅਦਾਲਤ ਨੇ ਦਵਿੰਦਰ ਸਿੰਘ ਨੂੰ ਪੇਸ਼ਗੀ ਜ਼ਮਾਨਤ ਦੇ ਦਿੱਤੀ। ਉਹਨਾਂ ਅੱਗੇ ਹੋਰ ਦੱਸਦਿਆਂ ਕਿਹਾ ਕਿ ਅਗਲੀ ਪੇਸ਼ੀ ਤੋਂ ਪਹਿਲਾਂ ਥਾਣਾ ਮੁਖੀ ਨੇ ਮੁਕੱਦਮੇ ਵਿਚ ਧਾਰਾ 409 ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ 7 ਅਤੇ 13 ਧਾਰਾਵਾਂ ਵੀ ਜੋੜ ਦਿੱਤੀਆਂ, ਮਾਣਯੋਗ ਅਦਾਲਤ ਨੇ 24 ਜੂਨ ਨੂੰ ਥਾਣਾ ਮੁਖੀ ਦੀ ਇਸ ਆਪਹੁਦਰੀ ਕਾਰਵਾਈ ਦਾ ਗੰਭੀਰ ਨੋਟਿਸ ਲੈਂਦਿਆਂ ਸਾਬਕਾ ਸਰਪੰਚ ਦਵਿੰਦਰ ਸਿੰਘ ਦੀ ਪੱਕੀ ਜ਼ਮਾਨਤ ਕਰ ਦਿੱਤੀ। ਸਿੱਧੂ ਨੇ ਕਿਹਾ ਕਿ ਬੀ.ਡੀ.ਪੀ.ਓ. ਰੰਧਾਵਾ ਭ੍ਰਿਸ਼ਟ ਅਤੇ ਮੁਜਰਮਾਨਾ ਬਿਰਤੀ ਦਾ ਅਧਿਕਾਰੀ ਹੈ ਜਿਸ ਵਿਰੁੱਧ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ। ਉਹਨਾਂ ਦੱਸਿਆ ਕਿ ਖੰਨਾ ਦੇ ਸਦਰ ਥਾਣੇ ਵਿਚ ਉਸ ਵਿਰੁੱਧ ਜਾਅਲੀ ਦਸਤਾਵੇਜ਼ ਬਣਾਉਣ ਦੀ ਜਾਅਲਸਾਜ਼ੀ ਦੇ ਦੋਸ਼ ਅਧੀਨ 15 ਸਤੰਬਰ 2023 ਨੂੰ ਮੁਕੱਦਮਾ ਨੰਬਰ 168 ਦਰਜ ਹੋਇਆ ਸੀ। ਇਹ ਕੇਸ ਅਜੇ ਚੱਲ ਰਿਹਾ ਹੈ।ਕਾਂਗਰਸੀ ਆਗੂ ਨੇ ਇਹ ਵੀ ਕਿਹਾ ਕਿ ਮੋਹਾਲੀ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ (ਡੀ.ਡੀ.ਪੀ.ਓ.) ਬਲਜਿੰਦਰ ਸਿੰਘ ਗਰੇਵਾਲ ਨੇ ਬੀ.ਡੀ.ਪੀ.ਓ. ਧਨਵੰਤ ਸਿੰਘ ਰੰਧਾਵਾ ਦੀ 19-5-2025 ਨੂੰ ਸ਼ਿਕਾਇਤ ਕਰਦਿਆਂ ਵਿਭਾਗ ਦੇ ਸਕੱਤਰ ਨੂੰ ਲਿਖਿਆ ਕਿ ਸਰਕਾਰ ਦੀਆਂ ਹਿਦਾਇਤਾਂ ਦਾ ਪਾਲਣ ਨਾ ਕਰਨ ਦੇ ਦੋਸ਼ ਵਿਚ ਉਸ ਵਿਰੁੱਧ ਬਨਦੀ ਕਾਰਵਾਈ ਕੀਤੀ ਜਾਵੇ। ਉਹਨਾਂ ਦਸਿਆ ਕਿ ਵਿਭਾਗ ਨੇ ਬੀ.ਡੀ.ਪੀ.ਓ ਵਿਰੁੱਧ ਕੋਈ ਕਾਰਵਾਈ ਕਰਨ ਦੀ ਥਾਂ ਉਲਟਾ ਡੀ.ਡੀ.ਪੀ.ਓ. ਨੂੰ ਹੀ ਬਦਲ ਦਿੱਤਾ। ਸਿੱਧੂ ਨੇ ਬੀ.ਡੀ.ਪੀ.ਓ. ਧਨਵੰਤ ਸਿੰਘ ਰੰਧਾਵਾ ਉਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਮੋਹਾਲੀ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਵਿਰੋਧੀ ਪਾਰਟੀਆਂ ਨਾਲ ਸਬੰਧਤ ਸਰਪੰਚਾਂ ਤੇ ਪੰਚਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਤੰਗ-ਪ੍ਰੇਸ਼ਾਨ ਕਰਨ ਕਰ ਰਿਹਾ ਹੈ। ਉਹਨਾਂ ਕਿਹਾ ਕਿ ਵਿਰੋਧੀ ਸਰਪੰਚਾਂ ਦੀਆਂ ਪੰਚਾਇਤਾਂ ਦਾ ਰਿਕਾਰਡ ਆਪਣੇ ਕੋਲ ਮੰਗਵਾ ਕੇ ਰੱਖੀ ਰੱਖਣਾ ਅਤੇ ਕਰਵਾਏ ਗਏ ਕੰਮਾਂ ਦੇ 'ਵਰਤੋਂ ਸਰਟੀਫ਼ੀਕੇਟ' ਜਾਰੀ ਕਰਨ ਲਈ ਰਿਸ਼ਵਤ ਲੈਣੀ ਬੀ.ਡੀ.ਪੀ.ਓ. ਦਫ਼ਤਰ ਵਿਚ ਆਮ ਵਰਤਾਰਾ ਹੈ।ਸਾਬਕਾ ਮੰਤਰੀ ਨੇ ਕਿਹਾ ਕਿ ਹਲਕਾ ਵਿਧਾਇਕ ਕੁਲਵੰਤ ਸਿੰਘ ਦੀ ਸਿਫ਼ਾਰਸ਼ ਉਤੇ ਲੱਗੇ ਹੋਏ ਇਸ ਭ੍ਰਿਸ਼ਟ ਬੀ.ਡੀ.ਪੀ.ਓ. ਦੀ ਉਸ ਵਲੋਂ ਪੂਰੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ ਅਤੇ ਇਹੀ ਕਾਰਨ ਹੈ ਕਿ ਮੋਹਾਲੀ ਦੇ ਵਿਜੀਲੈਂਸ ਥਾਣੇ ਵਿਚ ਉਸ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਵਿਚ ਮੁਕੱਦਮਾ ਦਰਜ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।ਇਸ ਦੌਰਾਨ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਚੈਅਰਮੈਨ ਮਾਰਕੀਟ ਕਮੇਟੀ ਖਰੜ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ, ਦਵਿੰਦਰ ਸਿੰਘ ਸਾਬਕਾ ਸਰਪੰਚ ਪਿੰਡ ਕੁਰੜਾ, ਹਾਕਮ ਸਿੰਘ ਕੁਰੜਾ, ਗੁਲਜਾਰ ਸਿੰਘ ਕੁਰੜਾ, ਗਿਆਨ ਸਿੰਘ ਕੁਰੜਾ, ਦਵਿੰਦਰ ਸਿੰਘ ਬਾਕਰਪੁਰ ਹਾਜ਼ਰ ਸਨ।

# ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਨਾਲ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਗੁੱਗਾ ਜਾਹਰ ਪੀਰ, ਲੱਖ ਦਾਤਾ ਦੇ ਦਰਬਾਰ ਵਿਖੇ ਮੁੱਖ ਸੇਵਾਦਾਰ ਜਗਦੀਸ਼ ਸੁਮਨ ਦੀ ਸਰਪ੍ਰਸਤੀ ਹੇਠ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਵਿਸ਼ੇਸ਼ ਤੌਰ 'ਤੇ ਕਵਾਲੀ, ਦਾਤਾ ਜੀ ਸਿਹਰਾ, ਧਾਰਮਿਕ ਚਿੱਤਰਹਾਰ ਵੀ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਾਰੀ ਸੰਗਤ ਨੇ ਚਿਰਾਗ ਰੌਸ਼ਨ ਕੀਤੇ ਅਤੇ ਮੁੱਖ ਸੇਵਾਦਾਰ ਸੰਤ ਜਗਦੀਸ਼ ਸੁਮਨ ਵਲੋਂ ਨਗਰ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਸੰਗਤਾਂ ਵਾਸਤੇ ਠੰਡੇ ਜਲ ਦੀ ਛਬੀਲ ਤੇ ਚਾਹ ਦੇ ਲੰਗਰ ਵੀ ਚਲਾਏ ਗਏ। ਨਕਲਾਂ ਵਾਲਿਆਂ ਵੀ ਸੰਗਤ ਨੂੰ ਖੂਬ ਹਸਾਇਆ। ਇਸ ਮੌਕੇ ਤੇ ਮੁੱਖ ਸੇਵਾਦਾਰ ਜਗਦੀਸ਼ ਸੁਮਨ ਨੇ ਸੰਗਤਾਂ ਨੂੰ ਬੇਨਤੀ ਕੀਤੀ ਆਪਣੇ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਪ੍ਰੇਰਿਤ ਕਰੋ ਖੇਡਾਂ ਵਿੱਚ ਹਿੱਸਾ ਲੈਣ ਤਾਂ ਜੋ ਬੱਚੇ ਬੁਰਾਈਆਂ ਤੋਂ ਬਚ ਸਕਣ। ਇਸ ਮੌਕੇ ਤੇ ਨੌਜਵਾਨ ਪੰਕਜ ਸੁਮਨ,ਨਰਿੰਦਰ ਸੁਮਨ, ਇੰਦਰਜੀਤ ਸੁਮਨ, ਅਮੀਰ ਚੰਦ ਸੋਨੀ ਸੁਮਨ,ਦੀਪਾ ਕਟਾਰੀਆ, ਕਸ਼ਮੀਰੀ ਲਾਲ ਲੱਧੜ, ਪੰਚ ਪ੍ਰੇਮ ਕੁਮਾਰ, ਸਰਪੰਚ ਆਸ਼ਾ ਰਾਣੀ, ਪੰਚ ਕੁਲਵੰਤ ਵਿਰਦੀ, ਨਰੇਸ਼ ਕੁਮਾਰ ਇਟਲੀ, ਰਾਕੇਸ਼ ਸੁਮਨ, ਰਾਜਾ ਸੁਮਨ, ਸਾਬਕਾ ਪੰਚ ਅਵਤਾਰ ਚੰਦ, ਸਰਬਜੀਤ ਸੁਮਨ, ਗੁਰਤੇਜ ਸ਼ਹਾਬਪੁਰ, ਭਿੰਦਰ ਸੁਮਨ, ਅਸ਼ੋਕ ਸੌਖੀ, ਹਰਨੇਕ ਆਸਟ੍ਰੇਲੀਆ, ਦੀਪ ਨਾਗਰਾ, ਪਰਵਿੰਦਰ ਝਾਂਗੜੀਆ, ਲਖਵਿੰਦਰ ਝੰਗੜੀਆ ਆਦਿ ਤੋਂ ਇਲਾਵਾ ਸਮੂਹ ਨਗਰ ਦੀਆਂ ਬੀਬੀਆਂ ਨੇ ਵੀ ਸ਼ਮੂਲੀਅਤ ਕੀਤੀ। ਅਖੀਰ ਵਿੱਚ ਮੁੱਖ ਸੇਵਾਦਾਰ ਜਗਦੀਸ਼ ਸੁਮਨ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਨੌਜਵਾਨ ਸੇਵਾਦਾਰਾਂ ਦਾ ਸਨਮਾਨ ਵੀ ਕੀਤਾ।

# ਜ਼ਿਲ੍ਹਾ ਹਸਪਤਾਲ 'ਚ ਕੇਕ ਕੱਟ ਕੇ ਮਨਾਇਆ ਕੌਮੀ ਡਾਕਟਰ ਦਿਵਸ

**ਮੋਹਾਲੀ (ਗੁਰਜੀਤ ਬਿੱਲਾ)**- ਕੌਮੀ ਡਾਕਟਰ ਦਿਵਸ ਮੌਕੇ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਜ਼ਿਲ੍ਹੇ ਦੇ ਸਾਰੇ ਡਾਕਟਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਕੌਮੀ ਡਾਕਟਰ ਦਿਵਸ ਡਾਕਟਰਾਂ ਦੇ ਵਡਮੁੱਲੇ ਯੋਗਦਾਨ ਦਾ ਸਤਿਕਾਰ ਕਰਨ ਲਈ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਵਿਚ ਡਾਕਟਰ ਦਿਵਸ ਦੀ ਸ਼ੁਰੂਆਤ 1991 ਵਿਚ ਭਾਰਤ ਸਰਕਾਰ ਦੁਆਰਾ ਦੇਸ਼ ਦੇ ਸਭ ਤੋਂ ਸਤਿਕਾਰਤ ਡਾਕਟਰਾਂ ਵਿਚ ਸ਼ੁਮਾਰ ਅਤੇ ਜਨਤਕ ਸਿਹਤ ਸੰਭਾਲ ਦੇ ਦੂਰਦਰਸ਼ੀ ਡਾ. ਬਿਧਾਨ ਚੰਦਰ ਰਾਏ ਦੇ ਸਤਿਕਾਰ ਵਿਚ ਕੀਤੀ ਗਈ ਸੀ। ਡਾ. ਰਾਏ ਪੱਛਮੀ ਬੰਗਾਲ ਦੇ ਦੂਜੇ ਮੁੱਖ ਮੰਤਰੀ ਅਤੇ ਭਾਰਤ ਰਤਨ ਨਾਲ ਸਨਮਾਨਤ ਵੀ ਸਨ। ਡਾ. ਜੈਨ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਦੇ ਭਿਆਨਕ ਦੌਰ 'ਚ ਡਾਕਟਰਾਂ ਵਲੋਂ ਨਿਭਾਈਆਂ ਗਈਆਂ ਸੇਵਾਵਾਂ ਆਪਣੇ ਆਪ ਵਿਚ ਅੱਜ ਤਕ ਵੱਡੀ ਮਿਸਾਲ ਹਨ। ਇਸ ਤੋਂ ਇਲਾਵਾ, ਉਹ ਹਰ ਸਮੇਂ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਲੱਖਾਂ ਕੀਮਤੀ ਜਾਨਾਂ ਬਚਾਉਂਦੇ ਹਨ, ਜਿਸ ਲਈ ਉਹ ਵਡਿਆਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਡਾਕਟਰਾਂ ਨੂੰ ਰੱਬ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ, ਜਿਹੜੇ ਮਨੁੱਖਤਾ ਦੀ ਤੰਦਰੁਸਤੀ ਅਤੇ ਭਲੇ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਉਨ੍ਹਾਂ ਆਖਿਆ ਕਿ ਲੋਕਾਂ ਦੀ ਭਲਾਈ ਲਈ ਬਣਾਈਆਂ ਗਈਆਂ ਕੌਮੀ ਅਤੇ ਸੂਬਾਈ ਸਿਹਤ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿਚ ਡਾਕਟਰਾਂ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਰਕਾਰੀ ਸਿਹਤ ਸੰਸਥਾਵਾਂ ਵਿਚ ਡਾਕਟਰਾਂ ਅਤੇ ਹੋਰ ਸਟਾਫ਼ ਨਾਲ ਪੂਰਾ ਸਹਿਯੋਗ ਕਰਨ ਤਾਂ ਕਿ ਉਨ੍ਹਾਂ ਨੂੰ ਇਲਾਜ ਅਤੇ ਜਾਂਚ ਦੀਆਂ ਬਿਹਤਰ ਸਹੂਲਤਾਂ ਦਿਤੀਆਂ ਜਾ ਸਕਣ। ਇਸ ਮੌਕੇ ਜ਼ਿਲ੍ਹਾ ਹਸਪਤਾਲ ਮੋਹਾਲੀ ਦੇ ਡਾਕਟਰਾਂ ਨੇ ਕੇਕ ਕੱਟ ਕੇ ਇਹ ਦਿਨ ਮਨਾਇਆ ਅਤੇ ਖ਼ੁਸ਼ੀ ਸਾਂਝੀ ਕੀਤੀ। ਇਸ ਮੌਕੇ ਜ਼ਿਲ੍ਹਾ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਐਚ.ਐਸ.ਚੀਮਾ, ਡਾ. ਪਰਮਿੰਦਰਜੀਤ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।



# ਗਰਭਵਤੀ ਔਰਤਾਂ ਦੀ 12 ਹਫਤਿਆਂ ਦੇ ਅੰਦਰ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾਵੇ : ਐੱਸ ਐੱਮ ਓ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁਢਲਾ ਸਿਹਤ ਕੇਂਦਰ, ਮੁਜ਼ੱਫਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਦੀ ਯੋਗ ਰਹਿਨੁਮਾਈ ਹੇਠ ਮੁਢਲਾ ਸਿਹਤ ਕੇਂਦਰ ਮੁਜ਼ੱਫਰਪੁਰ ਵਿਖੇ ਮੈਡੀਕਲ ਅਫਸਰਾਂ, ਐੱਲ ਐੱਚ ਵੀਜ਼, ਐੱਚ ਆਈਜ਼, ਸੀ ਐੱਚ ਓਜ਼, ਏ ਐੱਨ.ਐੱਮਜ਼ ਤੇ ਮਲਟੀਪਰਪਜ਼ ਹੈਲਥ ਵਰਕਰਾਂ ਨਾਲ ਮਹੀਨਾਵਾਰ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਰਾਸ਼ਟਰੀ ਤੇ ਸੂਬਾਈ ਸਿਹਤ ਪ੍ਰੋਗਰਾਮਾਂ ਦੀ ਪ੍ਰਗਤੀ ਦੇ ਕੰਮਕਾਜ ਨੂੰ ਰੀਵਿਊ ਕੀਤਾ। ਉਨ੍ਹਾਂ ਆਯੂਸ਼ਮਾਨ ਭਾਰਤ- ਹੈਲਥ ਅਕਾਊਂਟ (ਆਭਾ) ਬਣਾਉਣ, ਐੱਨ ਸੀ ਡੀ ਪ੍ਰੋਗਰਾਮ ਨੂੰ ਅਸਰਦਾਰ ਢੰਗ ਨਾਲ ਚਲਾਉਣ, ਟੀਕਾਕਰਨ ਪ੍ਰੋਗਰਾਮ, ਵਾਟਰ ਬੌਰਨ ਤੇ ਵੈਕਟਰ ਬੌਰਨ ਕੰਟਰੋਲ ਪ੍ਰੋਗਰਾਮ ਅਧੀਨ ਗਤੀਵਿਧੀਆਂ ਦੇ ਕੰਮ ਦੀ ਪ੍ਰਗਤੀ ਨੂੰ ਵੀ ਦੇਖਿਆ।ਇਸ ਦੌਰਾਨ ਸੀਨੀਅਰ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਵਿਚ ਮੱਛਰ ਦੇ ਕੱਟਣ ਨਾਲ ਡੇਂਗੂ, ਮਲੇਰੀਆ ਤੇ ਚਿਕਨਗੁਨੀਆ ਅਤੇ ਦੂਸ਼ਿਤ ਪਾਣੀ ਪੀਣ ਨਾਲ ਦਸਤ, ਉਲਟੀਆਂ, ਪੇਚਸ, ਪੀਲੀਆ ਆਦਿ ਬਿਮਾਰੀਆਂ ਦੇ ਫੈਲਣ ਦਾ ਜਖਿਮ ਵਧ ਜਾਂਦਾ ਹੈ, ਜਿਨ੍ਹਾਂ ਦੀ ਰੋਕਥਾਮ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣੀਆਂ ਬੇਹੱਦ ਜ਼ਰੂਰੀ ਹੁੰਦੀਆਂ ਹਨ। ਐੱਸ.ਐੱਮ.ਓ.ਡਾ.ਗੀਤਾਂਜਲੀ ਸਿੰਘ ਨੇ ਦੱਸਿਆ ਕਿ ਪੀਣ ਵਾਲਾ ਸਾਫ ਪਾਣੀ ਸਾਡੀ ਸਿਹਤਮੰਦ ਜ਼ਿੰਦਗੀ ਲਈ ਬਹੁਤ ਮਹੱਤਵਪੂਰਨ ਹੈ। ਇਸ ਲਈ ਪੀਣ ਵਾਲਾ ਪਾਣੀ ਉਬਾਲ ਕੇ ਜਾਂ ਰਸਾਇਣਕ ਤੌਰ 'ਤੇ ਰੋਗਾਣੂ-ਮੁਕਤ ਪਾਣੀ ਅਤੇ ਸਫਰ ਦੌਰਾਨ ਪਾਣੀ ਦੇ ਕਿਸੇ ਚੰਗੇ ਸਰੋਤ ਤੋਂ ਪਾਣੀ ਦੀ ਵਰਤੋਂ ਕਰਨ ਲਈ ਆਮ ਲੋਕਾਂ ਨੂੰ ਪ੍ਰੇਰਿਤ ਕੀਤੀ ਜਾਵੇ।ਉਨ੍ਹਾਂ ਸਿਹਤ ਸਟਾਫ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਉਹ ਆਮ ਲੋਕਾਂ ਨੂੰ ਚੰਗੀਆਂ ਸਿਹਤ ਆਦਤਾਂ ਅਪਣਾਉਣ ਲਈ ਜਾਗਰੂਕਤਾ ਫੈਲਾਉਣ 'ਤੇ ਵਿਸ਼ੇਸ਼ ਧਿਆਨ ਦੇਣ। ਉਹਨਾ ਕਿਹਾ ਕਿ ਉਹ ਆਪੋ-ਆਪਣੇ ਏਰੀਏ ਵਿੱਚ ਸਾਰੀਆਂ ਗਰਭਵਤੀ ਔਰਤਾਂ ਦੀ 12 ਹਫਤਿਆਂ ਦੇ ਅੰਦਰ-ਅੰਦਰ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਉਣ, ਗਰਭਵਤੀ ਔਰਤਾਂ ਨੂੰ ਸਿਹਤ ਸਿੱਖਿਆ ਮੁਹੱਈਆ ਕਰਵਾਉਣ, ਚਾਰ ਏ.ਐੱਨ.ਸੀ ਚੈੱਕਅਪ ਯਕੀਨੀ ਬਣਾਉਣ, ਸਰਕਾਰੀ ਸੰਸਥਾਗਤ ਜਣੇਪਾ ਯਕੀਨੀ ਬਣਾਉਣ, ਹਾਈ ਰਿਸਕ ਗਰਭਵਤੀ ਔਰਤਾਂ ਦੀ ਵਿਸ਼ੇਸ਼ ਦੇਖਭਾਲ ਕਰਨ, ਨਿੱਕੇ ਬੱਚਿਆਂ ਦੀ ਵਿਸ਼ੇਸ਼ ਦੇਖਭਾਲ ਕਰਨ ਲਈ ਨਿਰਧਾਰਤ ਦੌਰੇ ਕਰਨ, ਸੰਪੂਰਨ ਟੀਕਾਕਰਨ ਕਰਵਾਉਣ ਸਮੇਤ ਹੋਰ ਸਿਹਤ ਸੇਵਾਵਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ।



# ਝਿੰਜਰ ਨੇ ਯੂਥ ਅਕਾਲੀ ਦਲ ਦੇ ਪ੍ਰਧਾਨ ਵਜੋਂ ਦੁਬਾਰਾ ਨਿਯੁਕਤੀ ਲਈ ਸੁਖਬੀਰ ਦਾ ਕੀਤਾ ਧੰਨਵਾਦ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਆਪਣੀ ਟੀਮ ਸਮੇਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਯੂਥ ਅਕਾਲੀ ਦਲ ਦੇ ਪ੍ਰਧਾਨ ਵਜੋਂ ਦੁਬਾਰਾ ਨਿਯੁਕਤ ਕਰਨ ਲਈ ਧੰਨਵਾਦ ਕੀਤਾ।ਐਲਾਨ ਤੋਂ ਬਾਅਦ ਝਿੰਜਰ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਇੱਕ ਵਾਰ ਫਿਰ ਤੋਂ ਪਾਰਟੀ, ਪੰਜਾਬ ਅਤੇ ਪੰਥ ਦੀ ਸੇਵਾ ਕਰਨ ਦੇ ਮੌਕੇ ਲਈ ਵਾਹਿਗੁਰੂ ਦਾ ਧੰਨਵਾਦ ਕੀਤਾ।ਪਾਰਟੀ ਦਫ਼ਤਰ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਝਿੰਜਰ ਨੇ ਕਿਹਾ, ਮੈਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੇਰੇ 'ਤੇ ਭਰੋਸਾ ਰੱਖਿਆ ਅਤੇ ਮੈਨੂੰ ਲਗਾਤਾਰ ਦੂਜੀ ਵਾਰ ਯੂਥ ਅਕਾਲੀ ਦਲ ਦਾ ਕੌਮੀ ਪ੍ਰਧਾਨ ਨਿਯੁਕਤ ਕੀਤਾ। ਮੈਂ ਸਮੁੱਚੀ ਪਾਰਟੀ ਹਾਈ ਕਮਾਂਡ ਦਾ ਉਨ੍ਹਾਂ ਦੇ ਸਮਰਥਨ ਲਈ ਵੀ ਧੰਨਵਾਦ ਕਰਦਾ ਹਾਂ। ਉਨ੍ਹਾਂ ਅੱਗੇ ਕਿਹਾ, ਮੈਂ ਆਪਣੇ ਨੌਜਵਾਨਾਂ ਦੀਆਂ ਚਿੰਤਾਵਾਂ ਨੂੰ ਉਠਾਉਂਦਾ ਰਹਾਂਗਾ, ਪੰਜਾਬ ਦੇ ਲੋਕਾਂ ਲਈ ਬੋਲਦਾ ਰਹਾਂਗਾ ਅਤੇ ਸਰਕਾਰ ਨੂੰ ਉਸ ਦੀਆਂ ਅਸਫਲਤਾਵਾਂ ਲਈ ਜਵਾਬਦੇਹ ਠਹਿਰਾਉਂਦਾ ਰਹਾਂਗਾ। ਮੈਂ ਸੂਬੇ ਦੇ ਹਰ ਨੌਜਵਾਨ ਤੱਕ ਪਾਰਟੀ ਦਾ ਸੁਨੇਹਾ ਪਹੁੰਚਾਉਣ ਲਈ ਵਚਨਬੱਧ ਹਾਂ। ਆਪਣੇ ਮਿਸ਼ਨ ਦੀ ਅਧਿਆਤਮਕ ਨੀਂਹ ਨੂੰ ਉਜਾਗਰ ਕਰਦੇ ਹੋਏ ਝਿੰਜਰ ਨੇ ਕਿਹਾ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਤਾਬਿਆ ਬੈਠ ਕੇ ਬਣੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਯੂਥ ਵਿੰਗ ਦੇ ਪ੍ਰਧਾਨ ਹੋਣ ਦੇ ਨਾਤੇ ਇਹ ਮੇਰਾ ਫਰਜ਼ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸਿੱਖ ਕਦਰਾਂ-ਕੀਮਤਾਂ ਨਾਲ ਜੋੜੀਏ। ਸਾਡੀ 'ਮੇਰੀ ਦਸਤਾਰ ਮੇਰੀ ਸ਼ਾਨ' ਮੁਹਿੰਮ ਰਾਹੀਂ, ਅਸੀਂ ਪਹਿਲਾਂ ਹੀ ਪੂਰੇ ਭਾਰਤ ਵਿੱਚ 100 ਤੋਂ ਵੱਧ ਦਸਤਾਰ ਸਜਾਉਣ ਦੇ ਕੈਂਪਾਂ ਦਾ ਆਯੋਜਨ ਕਰ ਚੁੱਕੇ ਹਾਂ, ਅਤੇ ਇਹ ਲਹਿਰ ਅੱਗੇ ਵੀ ਵਧਦੀ ਰਹੇਗੀ। ਝਿੰਜਰ ਨੇ 'ਪੰਜਾਬ ਯੂਥ ਮਿਲਨੀ' ਪਹਿਲਕਦਮੀ ਦੇ ਦੂਜੇ ਪੜਾਅ ਦੀ ਸ਼ੁਰੂਆਤ ਦਾ ਐਲਾਨ ਕੀਤਾ। ਇਸ ਵਾਰ ਅਸੀਂ ਆਪਣੇ ਨੌਜਵਾਨਾਂ ਨਾਲ ਸਿਰਫ਼ ਜ਼ਿਲ੍ਹਾ ਪੱਧਰ 'ਤੇ ਹੀ ਨਹੀਂ ਸਗੋਂ ਸਰਕਲ ਅਤੇ ਬੂਥ ਪੱਧਰ 'ਤੇ ਵੀ ਜੁੜਾਂਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਸੀਂ ਪੰਜਾਬ ਭਰ ਵਿੱਚ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀਆਂ ਮੁਹਿੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਵਾਂਗੇ। ਮੌਜੂਦਾ ਸੂਬਾ ਸਰਕਾਰ 'ਤੇ ਟਿੱਪਣੀ ਕਰਦਿਆਂ ਝਿੰਜਰ ਨੇ ਕਿਹਾ, ਇਹ ਦੇਖ ਕੇ ਚਿੰਤਾ ਹੁੰਦੀ ਹੈ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਨੂੰ ਕਿਵੇਂ ਪੁਲਸ ਰਾਜ ਵਿੱਚ ਬਦਲ ਦਿੱਤਾ ਹੈ। ਹਰ ਰੋਜ਼, ਅਸੀਂ ਪੰਜਾਬ ਪੁਲਸ ਵੱਲੋਂ ਬਿਨਾਂ ਜਵਾਬਦੇਹੀ ਦੇ ਨਿਰਦੋਸ਼ ਨਾਗਰਿਕਾਂ 'ਤੇ ਹਮਲੇ ਕਰਨ ਦੀਆਂ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਦੇਖਦੇ ਹਾਂ।ਉਨ੍ਹਾਂ ਭਰੋਸਾ ਦਿੱਤਾ ਕਿ ਯੂਥ ਅਕਾਲੀ ਦਲ ਹੁਣ ਜ਼ਮੀਨੀ ਪੱਧਰ 'ਤੇ ਨੌਜਵਾਨ ਵੋਟਰਾਂ ਨੂੰ ਲਾਮਬੰਦ ਕਰਨ ਅਤੇ ਅੱਗੇ ਆਉਣ ਵਾਲੀਆਂ ਚੁਣੌਤੀਆਂ ਲਈ ਤਿਆਰ ਰਹਿਣ ਲਈ ਯਤਨ ਤੇਜ਼ ਕਰੇਗੀ। ਅਸੀਂ ਪੰਜਾਬ ਦੇ ਹੱਕਾਂ ਅਤੇ ਮੁੱਖ ਮੁੱਦਿਆਂ ਲਈ ਇਸ ਲੜਾਈ ਦੀ ਅਗਵਾਈ ਕਰਨ ਲਈ ਤਿਆਰ ਹਾਂ। ਸਾਡੇ ਨੌਜਵਾਨ ਇਸ ਮਿਸ਼ਨ ਵਿੱਚ ਸਭ ਤੋਂ ਅੱਗੇ ਹੋਣਗੇ ।



# ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਦੋਰਾਂਗਲਾ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵੱਸਣ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਚਿੱਟੀ ਨੇ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਮਨਜਿੰਦਰ ਕੌਰ ਆਪਣੇ ਘਰ ਵਿੱਚ ਸਨ ਕਿ ਮੇਰਾ ਲੜਕੇ ਅਤੇ ਨੂੰਹ ਉੱਚੀ ਉੱਚੀ ਰੌਲਾ ਪਾਉਂਦੇ ਹੋਏ ਗੇਟ ਵਿੱਚ ਆਏ। ਜਦ ਗੇਟ ਖੋਲ੍ਹਿਆ ਤਾਂ ਜਸਵਿੰਦਰ ਸਿੰਘ, ਬਲਵਿੰਦਰ ਸਿੰਘ ਪੁੱਤਰ ਵੱਸਣ ਸਿੰਘ, ਗੁਰਮੀਤ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਚਿੱਟੀ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਸਾਨੂੰ ਨੂੰ ਜ਼ਖਮੀ ਕਰ ਦਿੱਤਾ। ਥਾਣਾ ਕਾਹਨੂੰਵਾਨ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਮਾਨ ਸਰਕਾਰ ਵੱਲੋਂ ਆਮ ਆਦਮੀ ਕਲੀਨਿਕਾਂ 'ਚ ਪੰਜ ਹੋਰ ਨਵੀਆਂ ਸਿਹਤ ਸੇਵਾਵਾਂ ਜਲਦ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜਲਦ ਹੀ ਸੂਬੇ ਦੇ ਆਮ ਆਦਮੀ ਕਲੀਨਿਕਾਂ ਵਿਚ ਪੰਜ ਹੋਰ ਨਵੀਆਂ ਸੇਵਾਵਾਂ ਦੇਣੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ 'ਚ ਗਰਭਵਤੀ ਔਰਤਾਂ ਦੀ ਜਾਂਚ, ਗੈਰ-ਸੰਚਾਰੀ ਰੋਗ, ਪਰਵਾਰ ਨਿਯੋਜਨ ਸੇਵਾਵਾਂ, ਕੁਪੋਸ਼ਿਤ ਬੱਚਿਆਂ ਦੀ ਪਛਾਣ ਤੇ ਦੇਖਭਾਲ, ਕੁੱਤੇ ਦੇ ਵੱਢਣ 'ਤੇ ਐਂਟੀ ਰੇਬੀਜ਼ ਟੀਕਾਕਰਨ ਸ਼ਾਮਲ ਹਨ।ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ ਤੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਨਿਰਦੇਸ਼ਾਂ 'ਤੇ ਇਨ੍ਹਾਂ ਸੇਵਾਵਾਂ ਲਈ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਦੇ ਡਾਕਟਰਾਂ ਦੀ ਦੂਜੀ ਟਰੇਨਿੰਗ ਅੱਜ ਮੁਕੰਮਲ ਹੋਈ। ਉਨ੍ਹਾਂ ਕਿਹਾ ਕਿ ਇਹ ਨਵੀਆਂ ਸੇਵਾਵਾਂ ਸ਼ੁਰੂ ਹੋਣ ਨਾਲ ਸ਼ਹਿਰਾਂ ਅਤੇ ਪਿੰਡਾਂ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਲਾਭ ਮਿਲੇਗਾ ਕਿਉਂਕਿ ਉਨ੍ਹਾਂ ਨੂੰ ਘਰ ਦੇ ਲਾਗੇ ਹੀ ਇਹ ਮਿਆਰੀ ਸੇਵਾਵਾਂ ਮਿਲ ਸਕਣਗੀਆਂ ਜਦਕਿ ਪਹਿਲਾਂ ਉਨ੍ਹਾਂ ਨੂੰ ਦੂਰ-ਦੁਰਾਡੇ ਜਾਣਾ ਪੈਂਦਾ ਸੀ। ਇਸ ਮੌਕੇ ਡਾਇਰੈਕਟਰ ਖ਼ਰੀਦ ਡਾ. ਪਵਨਪ੍ਰੀਤ ਕੌਰ ਨੇ ਵੀ ਡਾਕਟਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਦਵਾਈਆਂ, ਡਾਕਟਰੀ ਸਾਜ਼ੋ-ਸਮਾਨ ਆਦਿ ਬਾਰੇ ਵਿਚਾਰ ਰੱਖੇ।ਟਰੇਨਿੰਗ ਦੌਰਾਨ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਗਿਰੀਸ਼ ਡੋਗਰਾ, ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ, ਮੈਡੀਕਲ ਸਪੈਸ਼ਲਿਸਟ ਡਾ. ਇਸ਼ਾਨ ਸ਼ਰਮਾ, ਡਾ. ਇੰਦਰਪ੍ਰੀਤ ਕੌਰ ਨੇ ਵੱਖ-ਵੱਖ ਵਿਸ਼ਿਆਂ ਬਾਰੇ ਵਿਚਾਰ ਸਾਂਝੇ ਕੀਤੇ।

# ਕਾਵਿ-ਸੰਗ੍ਰਹਿ 'ਜਹਾਂ ਨਹੀਂ ਗਯਾ' ਦੇ ਪੰਜਾਬੀ ਅਨੁਵਾਦ 'ਜਿੱਥੇ ਨਹੀਂ ਗਿਆ' 'ਤੇ ਵਿਚਾਰ-ਚਰਚਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਐੱਸ.ਏ.ਐੱਸ.ਨਗਰ ਦੇ ਵਿਹੜੇ ਸਾਹਿਤਕ ਸੱਥ, ਐੱਸ.ਏ.ਐੱਸ.ਨਗਰ ਵੱਲੋਂ ਹਿੰਦੀ ਕਵੀ ਅੰਮ੍ਰਿਤ ਰੰਜਨ ਦੀ ਕਾਵਿ ਪੁਸਤਕ 'ਜਹਾਂ ਨਹੀਂ ਗਯਾ' ਦਾ ਗੁਰਿੰਦਰ ਸਿੰਘ ਕਲਸੀ ਵੱਲੋਂ ਕੀਤਾ ਗਿਆ ਪੰਜਾਬੀ ਅਨੁਵਾਦ 'ਜਿੱਥੇ ਨਹੀਂ ਗਿਆ' ਨੂੰ ਲੋਕ ਅਰਪਣ ਕੀਤਾ ਗਿਆ ਅਤੇ ਵਿਚਾਰ ਚਰਚਾ ਕਰਵਾਈ ਗਈ।ਖੋਜ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸ੍ਰੋਤਿਆਂ ਨੂੰ ਵਿਚਾਰ ਚਰਚਾ ਦੇ ਮਨੋਰਥ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਕਾਵਿ-ਸੰਗ੍ਰਹਿ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਨਿਸ਼ਚਿਤ ਹੀ ਪੰਜਾਬੀ ਪਾਠਕਾਂ ਨੂੰ ਆਪਣੀਆਂ ਜੜ੍ਹਾਂ ਬਾਰੇ ਸੋਚਣ ਅਤੇ ਵਿਰਾਸਤ ਦੀ ਮਹੱਤਤਾ ਬਾਰੇ ਸਮਝਣ ਲਈ ਪ੍ਰੇਰਿਤ ਕਰੇਗਾ। ਇਸ ਉਪਰੰਤ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਅਨੁਵਾਦਿਤ ਪੁਸਤਕ ਨੂੰ ਲੋਕ ਅਰਪਣ ਕੀਤਾ ਗਿਆ। ਵਿਚਾਰ ਚਰਚਾ ਦੀ ਪ੍ਰਧਾਨਗੀ ਕਰਦੇ ਹੋਏ ਸਾਹਿਤ ਅਕਾਦਮੀ ਪੁਰਸਕ੍ਰਿਤ ਲੇਖਕ ਤਰਸੇਮ ਬਰਨਾਲਾ ਨੇ ਕਿਹਾ ਕਿ ਕਵਿਤਾ ਦੀ ਸਿਰਜਣਾ ਇਕ ਔਖਾ ਕਾਰਜ ਹੈ ਅਤੇ ਕਵਿਤਾ ਦਾ ਅਨੁਵਾਦ ਕਰਨਾ ਤਾਂ ਹੋਰ ਵੀ ਕਠਿਨ ਹੁੰਦਾ ਹੈ ਤੇ ਗੁਰਿੰਦਰ ਕਲਸੀ ਨੇ ਇਹ ਕਾਰਜ ਬਾਖ਼ੂਬੀ ਸਿਰੇ ਚਾੜ੍ਹਿਆ ਹੈ।ਮੁੱਖ ਮਹਿਮਾਨ ਉੱਘੇ ਲੇਖਕ ਅਤੇ ਸੰਪਾਦਕ ਡਾ. ਪ੍ਰਭਾਤ ਰੰਜਨ ਨੇ ਕਿਹਾ ਕਿ ਨੌਜਵਾਨ ਕਵੀ ਅੰਮ੍ਰਿਤ ਰੰਜਨ ਦੀ ਕਵਿਤਾ ਦਾ ਪੰਜਾਬੀ ਵਿਚ ਅਨੁਵਾਦ ਹੋਣਾ ਅਦਬੀ ਖੇਤਰ ਲਈ ਸ਼ੁੱਭ ਸੰਕੇਤ ਹੈ। ਵਿਸ਼ੇਸ਼ ਮਹਿਮਾਨ ਪੁਸਤਕ ਦੇ ਮੂਲ ਹਿੰਦੀ ਕਵੀ ਅੰਮ੍ਰਿਤ ਰੰਜਨ ਨੇ ਬੜੇ ਕਾਵਿਕ ਅੰਦਾਜ਼ ਵਿਚ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਗੱਲ ਕਰਦਿਆਂ ਕਿਹਾ ਕਿ ਮੇਰੀਆਂ ਕਵਿਤਾਵਾਂ ਦਾ ਪੰਜਾਬੀ ਵਿਚ ਅਨੁਵਾਦ ਹੋਣਾ ਮੇਰੇ ਲਈ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਹੈ। ਮਨਮੋਹਨ ਸਿੰਘ ਦਾਊਂ ਨੇ ਪੁਸਤਕ ਸੰਬੰਧੀ ਪਰਚਾ ਪੜ੍ਹਦਿਆਂ ਕਿਹਾ ਕਿ ਸ਼ਾਇਰ ਹੋਣ ਕਾਰਨ ਗੁਰਿੰਦਰ ਕਲਸੀ ਨੇ ਇਨ੍ਹਾਂ ਕਵਿਤਾਵਾਂ ਦਾ ਬੜਾ ਸੋਹਣਾ ਅਨੁਵਾਦ ਕੀਤਾ ਹੈ।ਜਸਵਿੰਦਰ ਸਿੰਘ ਕਾਈਨੌਰ ਨੇ ਕਿਹਾ ਕਿ ਇਸ ਕਵਿਤਾ ਵਿਚਲੇ ਬਿੰਬਾਂ, ਪ੍ਰਤੀਕਾਂ ਅਤੇ ਦ੍ਰਿਸ਼ ਚਿਤਰਣ ਦਾ ਬਹੁਤ ਸਹੀ ਅਨੁਵਾਦ ਹੋਇਆ ਹੈ। ਕਵੀ ਲਿਪੀ ਦ ਮਹਾਂਦੇਵ ਨੇ ਕਿਹਾ ਕਿ ਇਸ ਕਵਿਤਾ ਵਿਚ ਦਾਰਸ਼ਨਿਕਤਾ ਦੇ ਨਾਲ-ਨਾਲ ਵਿਗਿਆਨਕ ਸੰਕਲਪ ਵੀ ਹਨ ਜਿਨ੍ਹਾਂ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਹੋਣਾ ਬੜਾ ਸਾਰਥਕ ਉੱਦਮ ਹੈ। ਡਾ. ਮੇਹਰ ਮਾਣਕ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਸੱਤਾ ਅਤੇ ਸਥਾਪਤੀ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੀ ਕਵਿਤਾ ਦਾ ਅਨੁਵਾਦ ਹੋਣਾ ਬਹੁਤ ਜ਼ਰੂਰੀ ਹੈ। ਅਨੁਵਾਦਕ ਗੁਰਮਾਨ ਸੈਣੀ ਨੇ ਪੁਸਤਕ ਦੇ ਹਵਾਲੇ ਨਾਲ ਅਨੁਵਾਦ ਦੇ ਅਹਿਮ ਨੁਕਤਿਆਂ ਬਾਰੇ ਗੱਲ ਕੀਤੀ। ਅਨੁਵਾਦਕ ਗੁਰਿੰਦਰ ਸਿੰਘ ਕਲਸੀ ਨੇ ਇਸ ਕਵਿਤਾ ਦੀ ਚੋਣ ਅਤੇ ਅਨੁਵਾਦ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ। ਇਸ ਮੌਕੇ ਅੰਮ੍ਰਿਤ ਰੰਜਨ ਦੇ ਪਿਤਾ ਰਾਜੇਸ਼ ਰੰਜਨ, ਡਾ. ਗੁਰਵਿੰਦਰ ਅਮਨ ਅਤੇ ਡਾ. ਰਾਜਿੰਦਰ ਸਿੰਘ ਕੁਰਾਲੀ ਨੇ ਵੀ ਪੁਸਤਕ ਬਾਬਤ ਆਪਣੇ ਵਿਚਾਰ ਪੇਸ਼ ਕੀਤੇ।ਇਸ ਸਮਾਗਮ ਵਿੱਚ ਰਣਜੀਤ ਕੌਰ ਸਵੀ, ਦਵਿੰਦਰ ਢਿੱਲੋਂ, ਗੁਰਦਰਸ਼ਨ ਸਿੰਘ ਮਾਵੀ, ਕੁਲਵਿੰਦਰ ਖ਼ੈਰਾਬਾਦ, ਨਰਿੰਦਰ ਲੌਂਗੀਆ, ਪਿਆਰਾ ਸਿੰਘ ਰਾਹੀ, ਹਰਜੀਤ ਸਿੰਘ, ਧਿਆਨ ਸਿੰਘ ਕਾਹਲੋਂ ਨੇ ਕਵਿਤਾਵਾਂ ਨਾਲ ਆਪਣੀ ਹਾਜ਼ਰੀ ਲਵਾਈ। ਸਮਾਗਮ ਦੇ ਅੰਤ ਵਿਚ ਸਾਹਿਤਕ ਸੱਥ ਵੱਲੋਂ ਆਏ ਹੋਏ ਮਹਿਮਾਨਾਂ ਦਾ ਮਾਣ-ਸਨਮਾਨ ਕੀਤਾ ਗਿਆ। ਡਾ. ਦਵਿੰਦਰ ਸਿੰਘ ਬੋਹਾ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਅੰਮ੍ਰਿਤ ਰੰਜਨ ਦੀ ਦਾਰਸ਼ਨਿਕ ਅਤੇ ਗੰਭੀਰ ਕਵਿਤਾ ਦੇ ਗੁਰਿੰਦਰ ਸਿੰਘ ਕਲਸੀ ਵੱਲੋਂ ਕੀਤੇ ਢੁੱਕਵੇਂ ਅਨੁਵਾਦ ਤੋਂ ਬਹੁਤ ਪ੍ਰਭਾਵਿਤ ਹੋਏ ਹਨ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਡਾ. ਯਤਿੰਦਰ ਕੌਰ ਮਾਹਲ ਨੇ ਕੀਤਾ। ਇਸ ਮੌਕੇ ਜਗਤਾਰ ਸਿੰਘ, ਸੰਗੀਤਾ ਰੰਜਨ, ਰੋਹਿਨੀ, ਡਾ. ਰਾਜਿੰਦਰ ਸਿੰਘ ਕੁਰਾਲੀ, ਸਮਿੱਤਰ ਸਿੰਘ ਦੋਸਤ, ਤਰਸੇਮ ਸਿੰਘ ਕਾਲੇਵਾਲ, ਗੁਰਮੀਤ ਕੌਰ, ਹਰਸ਼ਵਰਧਨ ਸਿੰਘ, ਸਿਧੇਸ਼ ਸਿੰਘ ਵੱਲੋਂ ਵੀ ਸ਼ਿਰਕਤ ਕੀਤੀ ਗਈ। ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਐੱਸ.ਏ.ਐੱਸ.ਨਗਰ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।



# ਕੋਟਲਾ ਗੌਂਸਪੁਰ 'ਚ ਪੈਂਦੀ ਮਾਊਂਟ ਵਿਊ ਕਲੋਨੀ 'ਚ ਲਗਾਏ ਫਲਦਾਰ ਬੂਟੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ-ਚਿੰਤਪੁਰਨੀ ਰੋਡ 'ਤੇ ਸਥਿਤ ਦਾ ਭਲਾ ਸੇਵਾ ਸੁਸਾਇਟੀ (ਰਜਿ.) ਵੱਲੋਂ ਪਿੰਡ ਕੋਟਲਾ ਗੌਂਸਪੁਰ ਵਿੱਚ ਪੈਂਦੀ ਮਾਊਂਟ ਵਿਊ ਕਲੋਨੀ ਵਿੱਚ ਗੁਜ਼ਰਦੀ ਕੰਢੀ ਨਹਿਰ ਦੇ ਕਿਨਾਰੇ ਫਲਦਾਰ ਰੁੱਖ ਲਗਾਉਣ ਦੀ ਲਗਾਓ ਵਾਤਾਵਰਨ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜਿੱਥੇ ਇਸ ਵਿੱਚ ਸੁਸਾਇਟੀ ਦੇ ਮੁੱਖ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਉੱਥੇ ਹੀ ਇਸ ਮੌਕੇ 'ਤੇ ਪੰਚਾਇਤ ਮੈਂਬਰ ਜੋਗਿੰਦਰ ਕੌਰ ਨੇ ਮੌਕੇ 'ਤੇ ਪਹੁੰਚ ਕੇ ਨੌਜਵਾਨਾਂ ਨੂੰ ਹੱਲਾਸ਼ੇਰੀ ਦਿੰਦਿਆਂ ਐਲਾਨ ਕੀਤਾ ਕਿ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਰੁੱਖ ਲਗਾਉਣ ਵਾਤਾਵਰਨ ਮੁਹਿੰਮ ਦੀ ਸ਼ੁਰੂਆਤ ਦੇ ਲਈ ਉਨ੍ਹਾਂ ਵੱਲੋਂ ਬਣਦੇ ਪੌਦੇ ਅਤੇ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ। ਵੱਡੀ ਗਿਣਤੀ ਵਿੱਚ ਮੁਹੱਲਾ ਵਾਸੀ ਤੇ ਨੌਜਵਾਨਾਂ ਨੇ ਵੀ ਰੁੱਖ ਲਗਾਉ ਵਾਤਾਵਰਨ ਮੁਹਿੰਮ ਵਿੱਚ ਸ਼ਾਮਿਲ ਹੋ ਕੇ ਆਪਣਾ ਯੋਗਦਾਨ ਦਿੱਤਾ। ਸੁਸਾਇਟੀ ਪ੍ਰਧਾਨ ਗੋਵਿੰਦਰ ਸਿੰਘ ਨੇ ਪੰਚਾਇਤ ਮੈਂਬਰ ਜੋਗਿੰਦਰ ਕੌਰ ਦਾ ਧੰਨਵਾਦ ਕੀਤਾ ਤੇ ਆਖਿਆ ਕਿ ਇਲਾਕੇ ਵਿੱਚ ਹੀ ਨਹੀਂ ਬਲਕਿ ਜ਼ਿਲ੍ਹੇ ਭਰ ਵਿੱਚ ਸਮਾਜ ਭਲਾਈ ਦੇ ਕੰਮਾਂ ਦੇ ਨਾਲ-ਨਾਲ ਵਾਤਾਵਰਨ ਨੂੰ ਬਚਾਉਣ ਲਈ ਦੇਸੀ ਨਸਲ ਦੇ ਫਲਦਾਰ ਬੂਟੇ ਵੱਡੀ ਗਿਣਤੀ ਵਿੱਚ ਲਗਾਏ ਜਾਣਗੇ। ਇਸ ਮੌਕੇ 'ਤੇ ਡਾਕਟਰ ਰਜੀਵ ਜੈਨ, ਸਾਬਕਾ ਪੰਚ ਜਸਵੀਰ ਗ੍ਰਨੇਟ, ਜੋਗਿੰਦਰ ਕੌਰ, ਸੀਮਾ, ਅੰਮ੍ਰਿਤਪਾਲ ਕੁਮਾਰ ਚੁਰੰਗੀਆ, ਅਜੇ ਮਹੇ, ਸਨੀ ਕੁਮਾਰ, ਅਮਰਜੀਤ ਕੌਰ, ਪ੍ਰਵੀਨ, ਹਰਮਨਦੀਪ ਸਿੰਘ, ਪਰਮਿੰਦਰ ਦੀਪ ਸਿੰਘ ਗਿੱਲ, ਸੁਨੀਲ ਕੁਮਾਰ ਕਾਕਾ ਹਾਜ਼ਰ ਸਨ।

## ਨਾਂਅ ਦੀ ਬਦਲੀ

[illegible]

## ਆਮ ਸੂਚਨਾ

[illegible] ... ਕੁਨੈਕਸ਼ਨ ਸ੍ਰੀ ਆਤਮਾ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ ਵਾਸੀ ਪਿੰਡ ਧੰਦਲ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਇਸ ਦਫ਼ਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰਕਰਤਾ ਨੂੰ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਓ ਜੀ। ਸਹਾਇਕ ਕਾਰਜਕਾਰੀ ਇੰਜੀ./(ਵੰਡ), ਪੀ ਐੱਸ ਪੀ ਸੀ ਐੱਲ ਉਪ ਮੰਡਲ ਕਾਲਾ ਸੰਘਿਆਂ।

# ਦਲ-ਬਦਲ ਰੋਕੂ ਕਾਨੂੰਨ ਦੀ ਪਵਿੱਤਰਤਾ ਬਰਕਰਾਰ ਰੱਖਣ ਦੀ ਲੋੜ : ਰੌੜੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਰੌੜੀ ਨੇ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ (ਸੀ.ਪੀ.ਏ) ਭਾਰਤ ਖੇਤਰ ਜ਼ੋਨ-2 ਦੀ ਸਾਲਾਨਾ ਕਾਨਫਰੰਸ ਦੌਰਾਨ ਪੰਜਾਬ ਦੀ ਨੁਮਾਇੰਦਗੀ ਕੀਤੀ। ਇਸ ਕਾਨਫਰੰਸ ਵਿੱਚ ਵੱਖ-ਵੱਖ ਰਾਜਾਂ ਦੇ ਵਿਧਾਨ ਸਭਾਵਾਂ ਦੇ ਸਪੀਕਰ, ਡਿਪਟੀ ਸਪੀਕਰ ਅਤੇ ਵਿਧਾਇਕਾਂ ਨੇ ਭਾਗ ਲਿਆ ਅਤੇ ਖੇਤਰ ਵਿੱਚ ਲੋਕਤੰਤਰਿਕ ਪ੍ਰਥਾਵਾਂ ਅਤੇ ਵਿਧਾਨਕ ਪ੍ਰਕਿਰਿਆਵਾਂ ਨੂੰ ਮਜ਼ਬੂਤ ਕਰਨ ਲਈ ਵਿਚਾਰ ਸਾਂਝੇ ਕੀਤੇ। ਡਿਪਟੀ ਸਪੀਕਰ ਰੌੜੀ ਨੇ ਵਿਚਾਰ-ਚਰਚਾ ਵਿਚ ਸਰਗਰਮੀ ਨਾਲ ਭਾਗ ਲੈਂਦਿਆਂ ਮੁੱਖ ਵਿਸ਼ਿਆਂ 'ਤੇ ਵਿਚਾਰ ਰੱਖੇ, ਜਿਵੇਂ ਕਿ ਦਲ-ਬਦਲ ਦੇ ਆਧਾਰ 'ਤੇ ਅਯੋਗਤਾ, ਵਿਧਾਨ ਸਭਾਵਾਂ ਵਿਚ ਏ. ਆਈ. ਦਾ ਪ੍ਰਯੋਗ ਅਤੇ ਰਾਜ ਦੇ ਵਿਕਾਸ ਸਬੰਧੀ ਰਾਜ ਦੇ ਸਰੋਤਾਂ ਦੇ ਪ੍ਰਬੰਧਨ ਵਿਚ ਵਿਧਾਇਕਾਂ ਦੀ ਭੂਮਿਕਾ। ਉਨ੍ਹਾਂ ਕਿਹਾ ਕਿ ਵਿਧਾਇਕਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਵਿੱਤੀ, ਕੁਦਰਤੀ ਅਤੇ ਮਨੁੱਖੀ ਸਰੋਤਾਂ ਦੇ ਸੁਚੱਜੇ ਅਤੇ ਪ੍ਰਭਾਵਸ਼ਾਲੀ ਪ੍ਰਯੋਗ ਲਈ ਨੀਤੀਆਂ ਬਣਾਉਣ ਅਤੇ ਉਹਨਾਂ ਨੂੰ ਰਾਜ ਦੇ ਵਿਕਾਸ ਪ੍ਰਾਥਮਿਕਤਾਵਾਂ ਨਾਲ ਜੋੜਣ ਵਿੱਚ ਸਹਾਇਕ ਬਣਨ।ਲੋਕਤੰਤਰਕ ਸੰਸਥਾਵਾਂ ਵਿਚ ਤਕਨੀਕ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਡਿਪਟੀ ਸਪੀਕਰ ਰੌੜੀ ਨੇ ਵਿਧਾਨਕ ਪ੍ਰਕਿਰਿਆ ਵਿਚ ਪਾਰਦਰਸ਼ਤ, ਪ੍ਰਭਾਵਸ਼ੀਲਤਾ ਅਤੇ ਨਾਗਰਿਕ ਭਾਗੀਦਾਰੀ ਵਧਾਉਣ ਲਈ ਏ. ਆਈ ਦੇ ਅਪਣਾਏ ਜਾਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਏ. ਆਈ ਦਾ ਪ੍ਰਯੋਗ ਕਾਰਜਵਾਹੀ ਪ੍ਰਬੰਧਨ, ਡਾਟਾ ਵਿਸ਼ਲੇਸ਼ਣ ਅਤੇ ਜਨਤਾ ਲਈ ਵਿਧਾਨ ਸਭਾ ਕਾਰਜ ਦੀ ਪਹੁੰਚ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ। ਦਲ-ਬਦਲ ਦੇ ਆਧਾਰ 'ਤੇ ਅਯੋਗਤਾ ਸੰਬੰਧੀ ਮਸਲੇ 'ਤੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਲੋਕਤੰਤਰ ਦੀ ਸਥਿਰਤਾ ਨੂੰ ਬਰਕਰਾਰ ਰੱਖਣ ਲਈ ਦਲ-ਬਦਲ ਰੋਕੂ ਕਾਨੂੰਨ ਦੀ ਪਵਿੱਤਰਤਾ ਬਰਕਰਾਰ ਰੱਖਣ ਦੀ ਲੋੜ ਹੈ। ਡਿਪਟੀ ਸਪੀਕਰ ਰੌੜੀ ਨੇ ਸੀ.ਪੀ.ਏ ਭਾਰਤ ਖੇਤਰ ਜ਼ੋਨ 2 ਵੱਲੋਂ ਖੇਤਰ ਦੀਆਂ ਵਿਧਾਨ ਸਭਾਵਾਂ ਵਿਚਕਾਰ ਵਧੀਆ ਪ੍ਰਥਾਵਾਂ ਸਾਂਝੀਆਂ ਕਰਨ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਅਹੰਕਾਰ ਰਹਿਤ ਸੰਵਾਦ ਲਈ ਮੰਚ ਪ੍ਰਦਾਨ ਕਰਨ ਲਈ ਧੰਨਵਾਦ ਜਤਾਇਆ।

## PUBLIC NOTICE

This is to be put to notice that on behalf of my client Aadhar Housing Finance Ltd. (AHFL) following Public Notice for loss of original document may be publish by the company/owner in loan case of "Palwinder Kaur d/o Darshan Singh" is the owner in possession of Property/Plot measuring 4 Marlas-154 sq fts situated in Village Sansarpur, Tehsil & distt. Jalandhar comprised in khasrano.10//10, 11. The previous chain document i.e. Original Sale deed no.8040 dt.15-12-2008 has been lost/missing & is not traceable and owner is intending to lodge/register DDR/Lost information report in respect to loss of above said document to police. If any concern, Bank or any person having any claim, objection related to the above transactions/document and any objection regarding mortgage of said property with AHFL, he/she may raise objection to AHFL, SCO No.5-6, Puda Complex, Ladowali Road, Jalandhar, within 7 days from the date of publication, failing which no claim will be entertained later by AHFL. Advocate Akhil Chopra Mob No.94177-41030.

## PUBLIC NOTICE

Sagar S/o Ganga Parsad Yadav & Sapna Yadav W/o Sagar, Both R/o # 40 Khooh Jaura Phatak, Rasulpur Kallar, Rose Avenue, Amritsar, wants to avail a LAP loan against property from Hero Housing Finance Ltd., having its branch at SCO No. 28, Ranjit Avenue, B-Block, Amritsar.
The owner of the below property is Smt. Asha Devi W/o Ganda Parsad Yadav who is the owner of the below-mentioned property vide Sale deed dated 19.05.2021, having document no 2021-22/93/1/2462.
Owner of property one plot pvt no. 62, 63, total measuring an area 200 sqyds, Khasra no. 1331 min, situated at Tungpai sub-urban Abadi Rose Avenue, Tehsil & Distt. Amritsar, having its Measurement Length 45ft-Width 40 ft.
That Original sale deed dated 02-11-1995, doc no. 2751, In favour of Kulwant Kaur w/o Surjit Singh is lost/missing.
If any person/Entity/DSA/Financial Institution/Bank/ Govt. The department may have obtained or have issued any loan/Stay Order/Court Case against the said Sale deed or have any objection of any kind with regard to said Sale deed. He/she can file any objection regarding the use of above said documents as well as property within 10 days from the date of the present Publication to below mentioned person on the address or contact numbers given and after 10 days no claim shall be admitted and it would be assumed that the property is free from encumbrances/Litigation as far as the above documents are concerned.

**M.R. ASSOCIATES**
ADVOCATES
MB. 8054660650

## PUBLIC NOTICE

It is for general information that I, Jasraj Singh S/o Harinder Singh R/o B-13/109, Hariana, Hoshiarpur, Punjab-144208, declare that name of my mother has been wrongly written as Gaganpreet in my CBSE 10th Class Educational Certificate. The actual name of my mother is Manpreet Kaur, which may be amended accordingly.

I, Banarsi Lal S/o Gian Chand R/o H.No. 56/2, Krishna Nagar, Basti Guzan, Jalandhar, Punjab declare that my son Manoj Kumar & his wife Seema Devi and out of their lawful wedlock a son Mankreet and daughter Preet are out of my control. I disinherit them from my movable and immovable properties. I and my family shall not be held responsible for any of their acts deeds and things. All please note.

## Change of Name

I, Mohit S/o Sh. Harbhajan Singh Village Mirzapur, PO. Garhdiwala, Tehsil Dasuya, Distt. Hoshiarpur, Punjab declare that I have changed my name from Mohit to Mohit Mehra. All Concern note.

I, Mandeep Singh S/o Sh. Balbir Singh, resident of House No. 1314/C, Phase 10, Mohali, Teh. & Distt. SAS Nagar declare that my daughter is known by name Mehakpreet Kaur Battu, with immediate effect her name is Mehakpreet Kaur. Now all family members and other known person may call my daughter above said name i.e. Mehakpreet Kaur.

I, Labhjit Singh S/O Avtar Singh R/O VPO Mehta Tehsil Baba Bakala,Distt.Amritsar,Punjab have changed my name from Labhjit Singh to Lovejit Singh.Concerned note.

I, Vikas S/o Naresh Kumar R/o 1775/3-29, Bhushan Pura, Amritsar, Punjab-143001 have changed my name from Vikas to Vikas Aggarwal.

I, Rajiv Kumar S/o Charanjit Lal Bindra R/o H No.642, Basant Nagar, Majitha Road, Amritsar, Punjab have changed my name from Rajiv Kumar to Rajiv Bindra.

I, Jagjeet Singh Matharu S/o Manjit Singh R/o H No.480/A, Band Gali, New Partap Nagar, Amritsar, Punjab-143001 have changed my name from Jagjeet Singh Matharu to Jagjeet Singh.

I, Gurmeet Singh S/o Charanjit Singh R/o Vill. Phullrha PO Mullanwal Distt. Gurdaspur Punjab declare that my name is Gurmeet Singh. Singh is my surname and my given name is Gurmeet. Concerned note.

I, Baljinder Singh S/o Pritam Singh R/o Vill. Mundian Rangrhan PO Nanda Chaur Distt. Hoshiarpur Punjab declare that my name is Baljinder Singh. Singh is my surname and my given name is Baljinder. Concerned note.

I, No. 4472116Y Rank Ex NK Surinderpal Singh S/o. Dalip Singh, VPO. DHARDEO, Tehsil Baba Bakala Sahib (Amritsar) have changed name of my Daughter from Jyoti Kaur to Jyoti. Concerned note.



# ਕਲਾਸੀਫਾਈਡ ਇਸ਼ਤਿਹਾਰ

## Change of Name

I, Punam w/o Navneet Puri r/o H.No.43/85, Shankar Garden, Jalandhar have changed my name from Punam to Punam Devi. All Please Note.

I, Paramjit Kaur w/o Amarjit Singh Dhillon r/o VPO. Kingra Chowala, Tehsil Bhogpur, Jalandhar, Punjab have added my surname to Paramjit Kaur Dhillon. (Surname as Dhillon) All Please Note.

I, Pawan Monga S/o Dev Raj R/o H.No. 211, Guru Teg Bahadur Nagar, Jalandhar have changed my name from Pawan Monga to Pawan Kumar. All Please Note.

I, Ritu Bala W/o Pawan Kumar R/o H.No. 211, Guru Teg Bahadur Nagar, Jalandhar have changed my name from Ritu Bala to Ritu Monga. All Please Note.

I, Sukhvinder Singh S/o Kehar Singh R/o Village Jatt Pur, Po. Garlon Bet, Balachaur, Nawanshahr, SBS Nagar, Punjab-144521 have changed my name from Sukhvinder Singh to Sukhwinder Singh. All Please Note.

I, Ramanpreet Kaur W/o Jaswinder Singh R/o H.NO. B-9/549, Santokhpura, Jalandhar have changed my minor daughter name from Mannat to Mannat Kaur. All Please Note.

I, Prerna W/o Anish Arora R/o H.No. E.N. 263, Rasta Mohalla, Jalandhar have changed my name from Prerna to Prerna Arora. All Please Note.

I, Harpreet Kaur W/o Lakhwinder Singh Gaba R/o VPO. Khambra, Distt. Jalandhar have changed my name to Given name as Harpreet & Surname as Kaur. All Please Note.

I, Lakhwinder Singh Gaba S/o Bhagat Singh R/o VPO. Khambra, Distt. Jalandhar have changed my minor daughter name from Ramneet Kaur to Given name as Ramneet & Surname as Kaur. All Please Note.

I, hitherto known as Sahilpreet Singh Kang S/o Gurnam Singh R/o VPO. Khassan, Tehsil Bholath, Distt.Kapurthala-144622, Punjab have changed my name and shall hereafter be known as Sahilpreet Singh.

I, Baljit Singh S/o Rai Singh R/o H.No. 7-C, 132KV. Power Colony, Banga Road Phagwara, Distt. Kapurthala, Punjab- 144401 have changed my name to Given name as Baljit & Surname as Singh. All Please Note.

I, Sita W/o Ram Chand R/o H.No. 55-56, Mohalla Easpur, VPO. Dhogri, Distt. Jalandhar, Punjab have changed my name from Sita to Kamlesh Alias Geeta. All Please Note.

I, Gurjit Singh S/o Kartar Singh R/o H.No.9, Milap Avenue, Mall Road, Amritsar have changed my name Gurjit Singh to Gurjeet Singh.

I Gurpreet Singh S/o Surinder Singh R/o Vill. Sunar Kalan Distt. Jalandhar Punjab India, Have Changed My Name from Gurpreet Singh to Gurpreet Singh Sunner.

I, Gurdip Kaur W/O Kashmir Singh R/O V.p.o Jandiala, Patti Gaggar Ki, Teh. Phillaur, Distt. Jalandhar, Punjab, 144033 India Have Changed My Name From Gurdeep Kaur to Gurdip Kaur . All Concern May Note.

I, Sapna W/O Sh. Pankaj Sachdeva R/O H.no. 42, Ward No. 19, Khera Masjid, Phagwara, Distt. Kapurthala, Punjab Have Changed My Name From Sapna To Sapna Sachdeva.(after Marriage Added My Surname As Sachdeva). All Note.

I Jaswinder Singh S/o Malkiat Singh R/o F-59, Pritam Nagar, Palahi Road, Green Park, Phagwara, Distt. Kapurthala, Punjab I have changed my name from Jaswinder Singh to Jaswinder Singh Bangar.

I Pritpal Kaur W/O Jaswinder Singh R/O F-59, Pritam Nagar, Palahi Road, Green Park, Phagwara, Distt. Kapurthala, Punjab I have changed my name from Pritpal Kaur to Kaur Pritpal (Kaur is my Surname).

I Amarjit Kaur W/O Lashkar Ram R/O VPO. Dhak Pandori, Teh. Phagwara, Distt. Kapurthala, Punjab I Have Changed my name from Amarjit Kaur to Kaur Amarjit. (Kaur as Surname).

I Manish S/o Jaswinder Lal R/o H.No. BX-856, Santokhpura, Jalandhar, Punjab, have changed my name from Manish to Manish Mahey All concerned please note.

I Akanksha Gupta w/o Manoj Kumar,R/o H.No 80, St.No. 2, Shaheed Babu Labh Singh Nagar, Gulab Devi Road,Jalandhar have changed my name from Akanksha Gupta to Akanksha.

I Gurbhej Singh Gill S/O Sadha Singh R/O Bhuchar Khurd, P.O Bhuchar Kalan, Distt. Tarn Taran hereby inform that I have abandoned my surname Gill.Henceforth I will be known as Gurbhej Singh. Concerned please note.

I, Sulkhani Singh S/o Teja Singh R/o Village Bhangwan Tehsil Majitha District Amritsar have changed my name from Sulkhan Singh to Sulakhan Singh

I, Gagandeep Singh Sandhu S/o Jagjit Singh R/o Tehsil Patti, VPO Basarke, Basarke, PO Basarke, District Tarn Taran have changed my name from Gagangdeep Singh Sandhu to Gagandeep Singh

I, Amarjeet Kaur W/o Jagjit Singh R/o Basarke, Basarke, Tarn Taran have changed my name from Amarjeet Kaur to Amarjit Kaur

I, Manpreet Kaur D/o Kashmir Singh resident of Village Jhunj, Tehsil Ajnala District Amritsar have declared that Kaur is my surname and Manpreet is my given name.

I, Amarbeer S/o Hira Singh R/o Narad, Tehsil/Distt. Gurdaspur, Punjab-143531 India. Have changed my name from Amarbeer to Amarbeer Singh.

I, Sukhwinder Singh Saini S/o Karnail Singh R/o Gali No. 4, Duplex No. 8 Jawahar Enclave Dala Farm Gurdaspur, PO/Tehsil/Distt. Gurdaspur, Punjab, India. Have changed my name from Sukhwinder Singh Saini to Sukhwinder Singh.

I, Baljinder Kaur Saini W/o Sukhwinder Singh R/o Gali No. 4, Duplex No. 8 Jawahar Enclave Dala Farm Gurdaspur, PO/Tehsil/Distt. Gurdaspur, Punjab, India. Have changed my name from Baljinder Kaur Saini to Baljinder Kaur.

## Change of Name

I, Tania D/o Gagandeep R/o H. No. 220, W. No. 6, Mohalla Shehzada Nangal, Gurdaspur, Tehsil/Distt. Gurdaspur, Punjab-143521 India. Have changed my name from Tania to Tania Masih.

I, hitherto known as Neelima Rani W/o Satpal R/o H.No. 420 A, Gali No. 1, Aanand Nagar, Maqsudan, Distt. Jalandhar, Punjab-144008 have changed my name and shall hereafter be known as Meena Rani.

I, Simarnjit Kaur W/O Gurjit Singh, R/o House No 9, Ward No 3, Vill Dhakoli, Zirakpur, Dhakauli, S.A.S Nagar (Mohali), Punjab- 140603. have changed my name and shall hereafter be Known as Manpreet Kaur Saini.

I, Vimal Vig S/o Pardeep Vij R/o Gali No. 6, Bachint Nagar Backside Sarabha Nagar, Jalandhar, Punjab have changed my name from Vimal Vig to Vimal Vij. All concerned please note.

I, Surinder Singh S/o Radha Singh R/o Village Ibrahimpur, PO. Miani, Distt. Hoshiarpur, Punjab declare that Salinder Singh as well as Surinder Singh is one and the same person. All concerned please note.

I, Pardeep Vig S/o Manohar Lal R/o Gali No. 6, Bachint Nagar Backside Sarabha Nagar, Jalandhar, Punjab have changed my name from Pardeep Vig to Pardeep Vij. All concerned please note.

I, Neha Vig W/o Pardeep Vij R/o Gali No. 6, Bachint Nagar Backside Sarabha Nagar, Jalandhar, Punjab have changed my name from Neha Vig to Neha Vij. All concerned please note.

I, Yogesh Goel Father of Radhika R/o H.No. B-13/350, Gopal Nagar, Batala, Distt. Gurdaspur, Punjab have changed my daughter's name from Radhika to Radhika Goel. Concerned Note.

I, Harwinder Pal S/O Shankar Singh R/O Vill. Lallian Khurd, PO. Lambra, Distt. Jalandhar Have Changed my name Harwinder Pal to Harwinder Pal Singh.

I, Baljinder Kaur Rai Alias Balwinder Rani w/o Narinder Singh r/o VPO. Bajuha Khurd, Teh. Nakodar, Distt. Jalandhar have changed my name to Baljinder Kaur Rai. All Please Note.

I, Shawinder Singh Kaushal s/o Bhagat Ram Rana r/o VPO.Salempur, Garhshankar, Hoshiarpur, Punjab-144528 have changed my name to Shawinder Singh. All Please Note.

I, Amarjit Singh s/o Jarnail Singh r/o Vill. Saggal, Po. Panwan, Distt. Hoshiarpur- 144205 have change my name to given name as Amarjit & Surname as Singh. All Please Note.

I, Bhushan Chopra s/o Gurdial Chand Chopra r/o N.K-71, Bazar Nauhrian, Jalandhar, Punjab- 144001 have changed my name as Bhushan Kumar Chopra. All Please Note.

I, Gurkamal Preet Singh Ajimal s/o Harvender Singh r/o 297/1, W.No. 24, Near Parbhat Chowk, Milap Nagar, Hoshiarpur, Punjab have changed my name to Gurkamal Preet Singh. All Please Note.

## ਬੇਦਖਲੀ ਨੋਟਿਸ

ਅਸੀਂ ਕਮਲਾ ਦੇਵੀ ਪਤਨੀ ਸ਼੍ਰੀ ਕਮਲ ਵਾ ਕਮਲ ਪੁੱਤਰ ਅਮਰ ਨਾਥ ਵਾਸੀਆਨ ਮਕਾਨ ਨੰ: 136, ਬੀ.1 ਬਜ਼ਾਰ, ਕੈਂਟ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਨਵੀਨ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਅਸ਼ੋਕ ਕੁਮਾਰ ਪੁੱਤਰ ਨੱਥੂ ਰਾਮ ਵਾਸੀ ਮਹੱਲਾ ਨਵਾਂ ਕਟੜਾ ਕਲਾਨੌਰ, ਜਿਲਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬੱਬਲ ਕੁਮਾਰ ਜੋ ਆਪਣੀ ਮਨਮਰਜ਼ੀ ਕਰਦਾ ਹੈ ਤੇ ਸਾਡੇ ਕਹਿਣੇ ਤੋਂ ਬਾਹਰ ਹੈ , ਮੈਂ ਉਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅੱਜ ਤੋਂ ਬਾਅਦ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਫੂਲਾ ਪਤਨੀ ਰਾਮ ਲਾਲ ਵਾਸੀ ਦੁਕਾਨ ਨੰ.4, ਮੁਹੱਲਾ ਸੁਬਾਨਾ, ਨੇੜੇ ਚੌਂਕੀ ਨੰਬਰ 7, ਗੜ੍ਹਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਜੋਤੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਪਰਵੀਨ ਗੁਪਤਾ ਅਤੇ ਰੇਨੂ ਗੁਪਤਾ ਵਾਸੀਆਨ ਈ. ਐਫ-453, ਮੰਡੀ ਰੋਡ, ਕ੍ਰਿਸ਼ਨ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅੰਕੁਸ਼ ਗੁਪਤਾ ਅਤੇ ਉਸਦੀ ਪਤਨੀ ਰਿਚਾ ਅਤੇ ਇਨ੍ਹਾਂ ਦਾ ਲੜਕਾ ਹਿਮਾਂਸ਼ੂ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਰਸ਼ਨ ਕੌਰ ਪਤਨੀ ਲੇਟ ਸੁਰਜੀਤ ਸਿੰਘ ਵਾਸੀ ਮਕਾਨ ਨੰ. 742, ਬਾਬਾ ਬੁੱਢਾ ਜੀ ਨਗਰ, ਬਸਤੀ ਮਿੱਠੂ, ਤਹਿ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਬੀਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਮੱਧੂ ਰਾਣੀ ਪਤਨੀ ਲੇਟ ਜਗਤ ਸਿੰਘ ਵਾਸੀ ਮਕਾਨ ਨੰ. ਈ.ਬੀ-153, ਓਲਡ ਵਾਰਡ ਨੰ. 7, ਨਿਊ ਵਾਰਡ ਨੰ. 18, ਕਾਜ਼ੀ ਮੁਹੱਲਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੋਹਿਤ ਸਿੰਘ ਉਮਰ ਕਰੀਬ 33 ਸਾਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਰਸ਼ਨ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਨੌਸ਼ਹਿਰਾ ਕਲਾਂ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਰਜ਼ੀ ਨਾਲ ਕਿਸੇ ਲੜਕੀ ਨਾਲ ਵਿਆਹ ਕਰਵਾ ਲਿਆ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਤਨ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪੁਰਾਣਾ ਪਿੰਡ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੰਗਲ ਸਿੰਘ ਅਤੇ ਮੇਰੀ ਨੂੰਹ ਖੁਸੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।



## ਬੇਦਖਲੀ ਨੋਟਿਸ

ਅਸੀਂ, ਹੰਸ ਰਾਜ ਪੁੱਤਰ ਸ੍ਰੀ ਨਗਇਆ ਰਾਮ ਅਤੇ ਵਿੰਦਰ ਕੁਮਾਰੀ ਪਤਨੀ ਸ੍ਰੀ ਹੰਸ ਰਾਜ ਵਾਸੀਆਨ ਪਿੰਡ ਤੇ ਡਾਕਖਾਨਾ ਬਿਨਪਾਲਕੇ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਸਾਡਾ ਲੜਕਾ ਸੰਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੋਣ ਕਾਰਨ ਅਸੀਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਸ ਦਾ ਸਾਡੇ ਅਤੇ ਸਾਡੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਸਰਵਣ ਰਾਮ ਪੁੱਤਰ ਸ੍ਰੀ ਬਾਬੂ ਰਾਮ ਵਾਸੀ ਪਿੰਡ ਚੱਕ ਝੰਡੂ, ਸੋਧਾ ਡਾਕਖਾਨਾ ਲਾਧੜਾ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰੀ ਲੜਕੀ ਰਜਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਸ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਲਖਵਿੰਦਰ ਸਿੰਘ ਪੁੱਤਰ ਸ੍ਰੀ ਹਰਬੰਸ ਸਿੰਘ ਪਿੰਡ ਵਾਰਡ ਨੰਬਰ 5 ਮਿਆਣੀ ਤਹਿ ਦਸੂਆ ਜਿਲ੍ਹਾ ਹੋਸ਼ਿਆਰਪੁਰ ਪੰਜਾਬ ਦਾ ਹਾਂ ਇਹ ਕਿ ਮੇਰੀ ਪਤਨੀ ਪਲਵਿੰਦਰ ਕੌਰ , ਮੇਰੇ ਦੋ ਲੜਕੇ ਜਸ਼ਨਪ੍ਰੀਤ ਸਿੰਘ ਅਤੇ ਤਮਨਪ੍ਰੀਤ ਸਿੰਘ ਪੁੱਤਰਨ ਸ੍ਰੀ ਲਖਵਿੰਦਰ ਸਿੰਘ ਤਿੰਨੇ ਮੇਰੇ ਕਹਿਣੇ ਵਿਚ ਨਹੀਂ ਹਨ ਮੈਂ ਆਪਣੀ ਪਤਨੀ ਪਲਵਿੰਦਰ ਕੌਰ ਤੇ ਦੋਨੋ ਲੜਕੇ ਜਸ਼ਨਪ੍ਰੀਤ ਸਿੰਘ, ਤਮਨਪ੍ਰੀਤ ਸਿੰਘ ਪੁੱਤਰਾਨ ਲਖਵਿੰਦਰ ਸਿੰਘ ਸਾਰਿਆਂ ਨੂੰ ਆਪਣੀ ਚੱਲ ਤੇ ਅਚਲ ਜਾਇਦਾਦ ਜਿਥੇ ਵੀ ਹੋਵੇ ਤੋਂ ਬੇਦਖਲ ਕਰਦਾ ਹੈਂ ਜੋ ਵੀ ਵਿਅਕਤੀ ਇਹਨਾਂ ਨਾਲ ਲੈਣ ਦੇਣ ਕਰੇਗਾ ਖੁਦ ਜਿੰਮੇਵਾਰ ਹੋਵੇਗਾ ਮੈਂ ਜਿੰਮੇਵਾਰ ਨਹੀਂ।

ਮੈਂ, ਕਮਲੇਸ਼ ਪਤਨੀ ਸਤ ਪਾਲ ਵਾਸੀ ਗਲੀ ਨੰ: 5, ਰਤਨ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਿਕੰਦਰ ਅਤੇ ਉਸ ਦੀ ਪਤਨੀ ਪੂਨਮ ਅਤੇ ਇਨ੍ਹਾਂ ਦਾ ਪੁੱਤਰ ਵੰਸ਼ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਜਗਪਾਲ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਨਵਾਂ ਪਿੰਡ ਮਿਲਖੀਵਾਲ ਡਾਕਖਾਨਾ ਭਾਗੋਵਾਲ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਾਲਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰੇ ਨਾਲ ਲੜਾਈ-ਝਗੜਾ ਕਰਦਾ ਰਹਿੰਦਾ ਹੈ ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਹ ਆਪਣੇ ਚੰਗੇ-ਮਾੜੇ ਦਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਪਰਵਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਕਾਹਨਗੜ੍ਹ ਘਰਾਚੋਂ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਭਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਤੇ ਮੇਰਾ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ। ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਤਾਰਾ ਚੰਦ ਪੁੱਤਰ ਗੰਗਾ ਸਹਾਏ, ਵਾਸੀ ਅਜੀਤ ਨਗਰ, ਬਿਆਸ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਗੌਰਵ ਕੁਮਾਰ, ਨੂੰਹ ਆਰਤੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਰਾਜੇਸ਼ ਗੁਪਤਾ ਅਤੇ ਨੀਨਾ ਗੁਪਤਾ ਵਾਸੀਅਨ ਮਕਾਨ ਨੰਬਰ 31, ਸੋ ਰਿਆ ਗ੍ਰੀਨਸ, ਨੇੜੇ ਸੂਰਿਆ ਇਨਕਲੇਵ ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸਮੀਸ਼ ਗੁਪਤਾ ਅਤੇ ਉਸਦੀ ਪਤਨੀ ਨਿਕਿਤਾ ਨਾਗਪਾਲ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਦਰਸ਼ਨ ਕੌਰ ਪਤਨੀ/ਵਿਧਵਾ ਗੁਰਦੇਵ ਸਿੰਘ ਵਾਸੀ ਪਿੰਡ ਗਿੱਲ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਕੁਲਵਿੰਦਰ ਕੌਰ ਪਤਨੀ/ਵਿਧਵਾ ਸੁਖਵਿੰਦਰ ਸਿੰਘ ਮੇਰੇ ਕਹਿਣੇਕਾਰ ਨਹੀਂ ਅਤੇ ਉਸ ਦੇ ਸਾਡੇ ਨਾਲ ਸੰਬੰਧ ਠੀਕ ਨਹੀਂ ਹਨ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਜੀਤ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪੰਜੇ ਕੇ ਉਤਾੜ, ਤਹਿਸੀਲ ਗੁਰੂ ਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਬਲਵਿੰਦਰ ਕੌਰ ਅਤੇ ਦੋ ਬੱਚੇ ਲੜਕਾ ਹਰਪ੍ਰੀਤ ਸਿੰਘ ਅਤੇ ਲੜਕੀ ਮਾਨਸੀ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਮ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਅਬਦਾਲ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਆਧਾਰ ਕਾਰਡ 'ਤੇ ਮੇਰਾ ਨਾਂਅ ਰਾਮ ਸਿੰਘ ਲਿਖਿਆ ਹੈ, ਪਰ ਮੇਰੀ ਮਾਲ ਰਿਕਾਰਡ ਦੀ ਜਮ੍ਹਾਂਬੰਦੀ ਵਿਚ ਮੇਰਾ ਨਾਂਅ ਵਰਿਆਮ ਸਿੰਘ ਲਿਖਿਆ ਹੈ। ਰਾਮ ਸਿੰਘ ਤੇ ਵਰਿਆਮ ਸਿੰਘ ਦੋਵੇਂ ਮੇਰੇ ਹੀ ਨਾਂਅ ਹਨ ਅਤੇ ਇਕੋ ਹੀ ਵਿਅਕਤੀ ਦੇ ਹਨ। ਮੇਰੀ ਮਾਲ ਰਿਕਾਰਡ ਦੀ ਜਮ੍ਹਾਂਬੰਦੀ ਵਿਚ ਵੀ ਮੇਰਾ ਨਾਂਅ ਰਾਮ ਸਿੰਘ ਠੀਕ ਕੀਤਾ ਜਾਵੇ।

ਮੈਂ, ਕਸ਼ਮੀਰੀ ਪੁੱਤਰ ਰਾਮ ਚੰਦ ਵਾਸੀ ਮਕਾਨ ਨੰਬਰ 47 ਏ/112 ਮੁਹੱਲਾ ਕਾਜ਼ੀਪੁਰਾ ਓਲਡ ਸ਼ਾਹਪੁਰ ਰੋਡ ਸੈਕਟਰ 1, ਪਠਾਨਕੋਟ, ਤਹਿਸੀਲ/ਜ਼ਿਲ੍ਹਾ ਪਠਾਨਕੋਟ। ਮੇਰਾ ਲੜਕਾ ਖੰਡੇ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਹਿੰਦਰਪਾਲ ਪੁੱਤਰ ਲਟਾ ਰਾਮ ਵਾਸੀ 648, ਏਕਤਾ ਨਗਰ, ਚਮਰੰਗ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨੀ ਅਤੇ ਉਸ ਦੀ ਧਰਮ ਪਤਨੀ ਸ਼ਾਲੂ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗਗਨਦੀਪ ਕੌਰ ਪਤਨੀ ਮੇਜਰ ਸਿੰਘ ਅਤੇ ਮੇਜਰ ਸਿੰਘ ਪੁੱਤਰ ਬੂਟਾ ਸਿੰਘ ਵਾਸੀਆਨ ਪਿੰਡ ਜਸਰਾਊਰ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਭਰਾ ਅੰਮ੍ਰਿਤ ਸਿੰਘ, ਸਿਮਰਨ ਸਿੰਘ, ਹਰਮਨ ਸਿੰਘ ਅਤੇ ਜਰਮਨ ਸਿੰਘ ਪੁੱਤਰਾਨ ਜੋਗਿੰਦਰ ਸਿੰਘ ਵਾਸੀ ਜਗਦੇਵ ਕਲਾਂ, ਜੋ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਛਪਾਲ ਕੌਰ ਪਤਨੀ ਲੇਟ ਸ੍ਰੀ ਦਲਜੀਤ ਸਿੰਘ ਵਾਸੀ 137, ਇੰਦਰਾ ਕਾਲੋਨੀ ਸ੍ਰੀ ਰਾਮ ਐਵੀਨਿਊ ਮਜੀਠਾ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਮੇਰਾ ਲੜਕਾ ਸਰਬਜੀਤ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਅਤੇ ਇਨ੍ਹਾਂ ਦੇ ਬੱਚੇ ਲੜਕਾ ਤੇ ਲੜਕੀ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮੋਹਨ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਮਕਾਨ ਨੰ: ਈ-1/391, ਗਲੀ ਨੰ: 1, ਵਡਾਲੀ ਰੋਡ, ਹਰਗੋਬਿੰਦਪੁਰਾ, ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਜਿੰਦਰ ਸਿੰਘ ਅਤੇ ਉਸ ਦੀ ਪਤਨੀ ਕਮਲਜੀਤ ਕੌਰ ਉਰਫ ਗੁੱਡੀਆ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਿਕਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਨੂਰਪੁਰ ਚੱਠਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਜਿੰਦਰ ਸਿੰਘ ਵਾ ਉਸਦੀ ਪਤਨੀ ਜਗਰੂਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਆਪਣੇ ਲੜਕੇ, ਉਸਦੀ ਪਤਨੀ ਵਾ ਉਨ੍ਹਾਂ ਦੀ ਆਉਣ ਵਾਲੀ ਸੰਤਾਨ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ। (ਆਰ)

ਅਸੀਂ, ਹਰਜਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਬਲਵਿੰਦਰ ਕੌਰ ਪਤਨੀ ਹਰਜਿੰਦਰ ਸਿੰਘ ਦੋਵੇ ਵਾਸੀਆਨ ਝੱਲ ਠੀਕਰੀਵਾਲ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮਲਕੀਤ ਸਿੰਘ ਅਤੇ ਉਸਦੀ ਪਤਨੀ ਰਜਨੀ ਬਾਲਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

(U/o 5 Rule 20 CPC)
(Under Guardian and Ward Act)
In the Court of
**Dr. Sushil Bodh**
Additional Civil Judge (Senior Division), Jalandhar
CNR No. PBJL01-001648-2025
Next Date :- 22-08-2025
Gurminder Kaur
Vs.
General Public
Notice To : General Public
General Public

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 22-08-2025 at 10:00 A.M.

For details logon to https://highcourtchd.gov.in/?mod=district notice&district=Jalandhar

Additional Civil Judge (Senior Division), Jalandhar
Dated this day of 03-06-2025

## COURT NOTICE

(U/o 5 Rule 20 CPC)
(Under Guardian and Ward Act)
In the Court of
**Sh. Jasvir Singh**
Additional Principal Judge Family Court-II, Jalandhar
CNR No. PBJL01-012755-2024
Next Date :- 14-08-2025
Vansh
Vs.
Bhawana
Notice To : General Public
General Public

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 14-08-2025 at 10:00 A.M.

For details logon to https://highcourtchd.gov.in/?mod=district notice&district=Jalandhar

Principal Judge Family Court, Jalandhar (Duty)
Dated this day of 20-05-2025

## COURT NOTICE

(U/o 5 Rule 20 CPC)
In The Court of
**Parminder Kaur Bains**
Civil Judge (Senior Division) Amritsar
CNR No. PBAS02-002131-2025
Next Date : 14.07.2025
Harjit Singh S/o Late Narinder Singh , R/o 3173, Gali No.2, Azad Nagar Putligarh, Amritsar.
Vs
State Bank of India
CS DECL P INJ
Publication Issued To:
General Public
: Whom May its Concern

In above titled case, the defendant(s)/ respondent (s) could not be served. It is ordered that defendant(s)/ respondant (s) should appear in person or through counsel on 14.07.2025 at 10:00 A.M.

For details logon to https://highcourtchd.gov.in/?trs=district_notice&district=Amritsar.

Civil Judge (Senior Division) Amritsar
Dated this day of 16-06-2025

## COURT NOTICE

(U/o 5 Rule 20 CPC)
In The Court of
**Sh. Ravinder Singh Rana**
Civil Judge Junior Division-5, Patiala
CNR No. PBPTB02-002363-2024
Next Date : 15.07.2025
Union Bank of India
Vs
M/S 22-G Collection
Publication Issued To:
M/S 22-G Collection
Shop No. 2 A, Top Floor, AC Market, Adalat Bazar, Patiala, Through its Prop. Sh. Mann S/o Sh. Mann S/o Sh. Jagroshan
2. Sh. Mann Singh S/o Jagroshan Singh R/o H. No. 533 Dhanka Mohalla Patiala

In above titled case, the defendant(s)/ respondent (s) could not be served. It is ordered that defendant(s)/ respondant (s) should appear in person or through counsel on 15.07.2025 at 10:00 A.M.

For details logon to https://highcourtchd.gov.in/?mod=district_notice&district=Patiala

Civil Judge Junior Division-5, Patiala
Dated this day of 30-06-2025

## COURT NOTICE

(U/o 5 Rule 20 CPC)
In The Court of
**Ms. Indu Bala**
Additional Civil Judge (Senior Division) Tarn Taran
Next Date, Purpose of Case, Orders and Judgments as well as other case information is available on http://districts.ecourts.gov.in
CNR No. PBTTB02-001062-2022
Next Date : 30.07.2025
Harinderpal Singh Chawla
Vs
Inderpal Singh
Publication Issued To:
1) Inderpal Singh
Son : Amarjit Singh C/o Babal Electronics, Nava Bazar, Tarn Taran

In above titled case, the defendant(s)/ respondent (s) could not be served. It is ordered that defendant(s)/ respondant (s) should appear in person or through counsel on 30.07.2025 at 10:00 A.M.

For details logon to https://highcourtchd.gov.in/?trs=district_notice&district=Tarn Taran

Additional Civil Judge (Senior Division) Tarn Taran
Dated this day of 11-06-2025

# ਕਰੂਰ ਵੈਸ਼ਯ ਬੈਂਕ ਤੇ ਸ਼ੇਮਾ ਜਨਰਲ ਇੰਸ਼ੋਰੈਂਸ ਵੱਲੋਂ ਗੇਮ ਚੇਂਜਿੰਗ ਬੈਂਕ ਇੰਸ਼ੋਰੈਂਸ ਨਾਲ ਗੱਠਜੋੜ ਦਾ ਐਲਾਨ

**ਲੁਧਿਆਣਾ/ਚੰਡੀਗੜ੍ਹ :** ਕਰੂਰ ਵੈਸ਼ਯ ਬੈਂਕ (ਕੇਵੀਬੀ) ਅਤੇ ਸ਼ੇਮਾ ਜਨਰਲ ਇੰਸ਼ੋਰੈਂਸ ਲਿਮਟਿਡ ਨੇ ਇੱਕ ਰਣਨੀਤਕ ਬੈਂਕ ਇੰਸ਼ੋਰੈਂਸ ਗੱਠਜੋੜ ਦਾ ਐਲਾਨ ਕਰਦੇ ਹੋਏ ਡਿਊਲ-ਬੈਨੀਫਿਟ ਇੰਸ਼ੋਰੈਂਸ ਪ੍ਰੋਡਕਟ-ਸ਼ੇਮਾ ਕਿਸਾਨ ਸਾਥੀ ਪੇਸ਼ ਕੀਤਾ ਹੈ, ਜੋ ਕਿ ਭਾਰਤ ਦੇ ਪੇਂਡੂ ਅਤੇ ਖੇਤੀਬਾੜੀ-ਕੇਂਦ੍ਰਿਤ ਭਾਈਚਾਰਿਆਂ ਨੂੰ ਲਾਭ ਪਹੁੰਚਾਣ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ ਹੈ।ਇਸ ਗੱਠਜੋੜ ਬਾਰੇ ਬੋਲਦਿਆਂ ਕਰੂਰ ਵੈਸ਼ਿਆ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਰਮੇਸ਼ ਬਾਬੂ ਨੇ ਕਿਹਾ ਕਿ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਡੂੰਘਾਈ ਨਾਲ ਜੁੜੇ ਬੈਂਕ ਹੋਣ ਦੇ ਨਾਤੇ ਅਸੀਂ ਆਪਣੇ ਗਾਹਕਾਂ ਦੀਆਂ ਰੋਜ਼ਾਨਾ ਜੀਵਨ ਵਿੱਚ ਦਰਪੇਸ਼ ਚੁਣੌਤੀਆਂ ਨੂੰ ਸਮਝਦੇ ਹਾਂ।ਇਸ ਗੱਠਜੋੜ 'ਤੇ ਟਿੱਪਣੀ ਕਰਦੇ ਹੋਏ ਸ਼ੇਮਾ ਜਨਰਲ ਇੰਸ਼ੋਰੈਂਸ ਲਿਮਟਿਡ ਦੇ ਚੇਅਰਮੈਨ, ਨਟਰਾਜ ਨੁਕਾਲਾ ਨੇ ਕਿਹਾ ਕਿ ਇਹ ਮੋਹਰੀ ਬੈਂਕ ਇੰਸ਼ੋਰੈਂਸ ਉਤਪਾਦ ਕੇਵੀਬੀ ਦੇ ਕੀਮਤੀ ਗਾਹਕਾਂ ਲਈ ਫਸਲ ਬੀਮਾ ਅਤੇ ਨਿੱਜੀ ਦੁਰਘਟਨਾ ਬੀਮਾ ਨੂੰ ਮਿਲਾ ਕੇ ਰੁਜ਼ਗਾਰ ਅਤੇ ਪਰਿਵਾਰ ਲਈ ਦੋਹਰੀ ਸੁਰੱਖਿਆ ਪ੍ਰਦਾਨ ਕਰਦਾ ਹੈ।

## ਸੇਵਾਦਾਰ ਦੀ ਭਰਤੀ ਸਬੰਧੀ ਆਮ ਸੂਚਨਾ

ਦੀ ਬੁਗਰਾ ਮਲਟੀਪਰਪਜ਼ ਕੋਆਪਰੇਟਿਵ ਐਗਰੀਕਲਚਰਲ ਸਰਵਿਸ ਸੋਸਾਇਟੀ ਲਿਮ: ਬੁਗਰਾ (ਸੰਗਰੂਰ) ਵਿਖੇ 01 ਸੇਵਾਦਾਰ ਦੀ ਭਰਤੀ ਸਬੰਧੀ ਦਰਖਾਸਤਾਂ ਸਭਾ ਦੇ ਦਫ਼ਤਰ ਵਿੱਚ ਮਿਤੀ 09.07.2025 ਸ਼ਾਮ 05:00 ਵਜੇ ਤੱਕ ਭੇਜੀਆਂ ਜਾਣ। ਉਮੀਦਵਾਰ +2 ਪੱਧਰ ਦੀ ਯੋਗਤਾ ਰੱਖਦਾ ਹੋਵੇ ਅਤੇ ਮੈਰਿਟ ਸੂਚੀ +2 ਜਮਾਤ ਵਿੱਚ ਪ੍ਰਾਪਤ ਪ੍ਰਤੀਸ਼ਤ ਦੇ ਅਧਾਰ ਤੇ ਤਿਆਰ ਕੀਤੀ ਜਾਵੇਗੀ। ਉਮੀਦਵਾਰ ਦੀ ਉਮਰ 18 ਤੋਂ 37 ਸਾਲ ਹੋਵੇ। ਦਰਖਾਸਤਾਂ ਸਭਾ ਦੇ ਦਾਇਰਾ ਕਾਰੋਬਾਰ ਪਿੰਡ ਬੁਗਰਾ ਵਿੱਚੋਂ ਹੀ ਦੇ ਸਕਦਾ ਹੈ। ਉਮੀਦਵਾਰ ਦਸਵੀਂ ਤੱਕ ਪੰਜਾਬੀ ਲਾਜ਼ਮੀ ਪਾਸ ਹੋਵੇ। ਉਮੀਦਵਾਰ ਨੂੰ ਅਸਾਮੀ ਲਈ ਅਪਲਾਈ ਕਰਨ ਲਈ 1000/- ਰੁਪੈ ਦਾ ਡਰਾਫਟ ਸਭਾ ਦੇ ਨਾਮ ਤੇ ਜਮਾਂ ਕਰਵਾਉਣਾ ਹੋਵੇਗਾ। ਸਿਲੈਕਸ਼ਨ ਕਮੇਟੀ ਦਾ ਫ਼ੈਸਲਾ ਅੰਤਿਮ ਹੋਵੇਗਾ। ਬਾਕੀ ਸ਼ਰਤਾਂ ਸਭਾ ਦੇ ਦਫ਼ਤਰ ਵਿਖੇ ਚਸਪਾ ਕੀਤੀਆਂ ਜਾਣਗੀਆਂ।

ਸਹੀ/- ਸੈਕਟਰੀ ਮੋਬਾਇਲ ਨੰਬਰ 94177 72769,

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਵੱਲੋਂ ਬਲਬੀਰ ਸਿੰਘ ਪੁੱਤਰ ਗੁਰਸੇਵਕ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਭਾਗੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਖੇਵਟ ਨੰਬਰ 88/87,169/164, 676/662,89/87,91/89,129/124 ਖਤੌਨੀ ਨੰਬਰ 120 ਤੋਂ 123, 244, 993,124 ਤੋਂ 126,133, 175 ਵਾਕਿਆ ਰਕਬਾ ਪਿੰਡ ਭਾਗੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 08-7-2025 ਮੁਕੱਰਰ ਹੈ । ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ. ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ।

1) ਬਲਜੀਤ ਸਿੰਘ ਪੁੱਤਰ ਗੁਰਸੇਵਕ ਸਿੰਘ ਪੁੱਤਰ ਕਰਨੈਲ ਸਿੰਘ (2) ਸਾਧੂ ਸਿੰਘ ਪੁੱਤਰ ਜਮਾਦਰ ਸਿੰਘ ਪੁੱਤਰ ਬੂਟਾ ਸਿੰਘ (3) ਬਲਜੀਤ ਕੌਰ ਪਤਨੀ ਬਖਤੌਰ ਸਿੰਘ ਪੁੱਤਰ ਗੁਰਨਾਮ ਸਿੰਘ (4) ਕੁਲਦੀਪ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਨਾਜਰ ਸਿੰਘ (5) ਜਗਦੀਸ਼ ਸਿੰਘ ਪੁੱਤਰ ਸਰਦੂਲ ਸਿੰਘ ਪੁੱਤਰ ਈਸਰ ਸਿੰਘ (6) ਬਲਜੀਤ ਸਿੰਘ ਪੁੱਤਰ ਜਗਦੀਸ਼ ਸਿੰਘ ਪੁੱਤਰ ਸਰਦੂਲ ਸਿੰਘ (7) ਜਗਰਾਜ ਸਿੰਘ (8) ਸੁਖਪਾਲ ਸਿੰਘ ਪੁੱਤਰਾਨ ਦਰਸ਼ਨ ਸਿੰਘ ਪੁੱਤਰ ਜੰਗੀਰ ਸਿੰਘ (9) ਨਿਰਭੈ ਸਿੰਘ ਪੁੱਤਰ ਰੂਪ ਸਿੰਘ ਪੁੱਤਰ ਦਰਸ਼ਨ ਸਿੰਘ ਸੁਖਪਾਲ ਸਿੰਘ ਪੁੱਤਰ (10) ਗੁਰਚਰਨ ਸਿੰਘ (11) ਹਰਬੰਸ ਸਿੰਘ (12) ਬਲਦੇਵ ਸਿੰਘ (13) ਸੁਖਦੇਵ ਸਿੰਘ (14) ਗੁਰਜੰਟ ਸਿੰਘ ਪੁੱਤਰਾਨ ਕਰਨੈਲ ਸਿੰਘ ਪੁੱਤਰ ਦੇਵਾ ਸਿੰਘ (15) ਮਨਜੀਤ ਕੌਰ ਪਤਨੀ ਮਲਕੀਤ ਸਿੰਘ ਪੁੱਤਰ ਪਰੇਮ ਸਿੰਘ (16) ਹਰਬੰਸ ਕੌਰ ਪਤਨੀ ਇਕਬਾਲ ਸਿੰਘ ਪੁੱਤਰ ਅਜੀਤ ਸਿੰਘ (17) ਹਰਦਿਆਲ ਸਿੰਘ (18) ਹਰਦੀਪ ਸਿੰਘ ਪੁੱਤਰਾਨ ਰਘਵੀਰ ਸਿੰਘ ਪੁੱਤਰ ਗੁਰਨਾਮ ਸਿੰਘ (19) ਸਾਧੂ ਸਿੰਘ (20) ਠਾਕੁਰ ਸਿੰਘ (21) ਮੁਕੰਦ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਪ੍ਰੇਮ ਸਿੰਘ (22) ਨਿਰਭੈ ਸਿੰਘ ਪੁੱਤਰ ਮੁਕੰਦ ਸਿੰਘ ਪੁੱਤਰ ਗੁਰਦਿਆਲ ਸਿੰਘ (23) ਖੇਮ ਸਿੰਘ ਪੁੱਤਰ ਭਗਵਾਨ ਸਿੰਘ ਪੁੱਤਰ ਸਾਹਬ ਸਿੰਘ (24) ਤਲਵਿੰਦਰ ਕੌਰ ਪਤਨੀ ਬਲਦੇਵ ਸਿੰਘ ਪੁੱਤਰ ਸਰਬਨ ਸਿੰਘ (25) ਰਾਜਵਿੰਦਰ ਕੌਰ ਪਤਨੀ ਕੰਵਲਜੀਤ ਸਿੰਘ ਪੁੱਤਰ ਦਰਸ਼ਨ ਸਿੰਘ (26) ਸ਼ਮਸ਼ੇਰ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਲਾਲ ਸਿੰਘ (27) ਵਰਿੰਦਰ ਸਿੰਘ ਪੁੱਤਰ ਜਗਰੂਪ ਸਿੰਘ ਪੁੱਤਰ ਦਰਸ਼ਨ ਸਿੰਘ (28) ਪ੍ਰਿਤਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਮੰਗਲ ਸਿੰਘ (29) ਜਗਦੇਵ ਸਿੰਘ ਪੁੱਤਰ ਬੰਤ ਸਿੰਘ ਪੁੱਤਰ ਮੰਗਲ ਸਿੰਘ, ਸਾਰੇ ਵਾਸੀਆਨ ਪਿੰਡ ਭਾਗੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (30) ਮੈਨੇਜਰ ਪੰਜਾਬ ਗ੍ਰਾਮੀਣ ਬੈਂਕ ਹਿੰਮਤਪੁਰਾ (31) ਮੈਨੇਜਰ ਆਂਧਰਾ ਬੈਂਕ ਬਰਾਂਚ ਭਾਗੀਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (32) ਮੈਸਰਜ਼ ਭਜਨ ਸਿੰਘ ਐਂਡ ਸੰਨਜ਼ ਭਾਗੀਕੇ (33) ਮੈਨੇਜਰ ਪੰਜਾਬ ਗ੍ਰਾਮੀਣ ਬੈਂਕ ਬਿਲਾਸਪੁਰ (34) ਮੈਨੇਜਰ ਯੂਨੀਅਨ ਬੈਂਕ ਆਫ ਇੰਡੀਆ ਬਰਾਂਚ ਭਾਗੀਕੇ (35) ਮੈਨੇਜਰ ਐੱਚ.ਡੀ.ਐੱਫ.ਸੀ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ (36) ਮੈਨੇਜਰ ਇੰਡੋਸਿੰਡ ਬੈਂਕ ਮਾਛੀਕੇ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ (ਮੋਗਾ)

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ.: -433-ਸਿਗ-ਟੀ-10-25-26 ਮਿਤੀ- 01.07.2025
ਸਮਾਪਤੀ ਮਿਤੀ/ ਸਮਾਂ:22.07.2025 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-10/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 22.07.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

**ਐਨ ਆਈ ਟੀ:**

| | | | |
|---|---|---|---|
| ਕੰਮ ਦਾ ਨਾਮ | (i) ਡੀਆਰਐਮ ਦਫਤਰ ਫਿਰੋਜ਼ਪੁਰ ਦੇ ਕੰਟਰੋਲ ਦਫਤਰ ਰੂਮਾਂ ਦੇ ਨਵੀਨੀਕਰਨ ਦੇ ਨਾਲ-ਨਾਲ ਕੰਟਰੋਲ ਨਾਲ ਸਬੰਧਿਤ ਵਖ-ਵਖ ਕੰਮ ਵਿਚ ਦੂਰਸੰਚਾਰ ਕੰਮ।<br>(ii) ਫਿਰੋਜ਼ਪੁਰ ਡਵੀਜਨ ਵਿਚ ਰੇਲਵੇ ਟ੍ਰੈਕ ਦੇ ਹੇਠਾਂ ਵਖ-ਵਖ ਗੈਸ ਪਾਈਪਲਾਈਨ ਦੀ ਕ੍ਰਾਸਿੰਗ ਦੇ ਸਬੰਧ ਵਿਚ ਦੂਰਸੰਚਾਰ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 22.07.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 30.06.2025 16:24 |
| ਅੰਦਾਜਨ ਲਾਗਤ | (i) 7065713.43<br>(ii) 5334440.00 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 08.07.2025 |
| ਬਿਆਨਾ ਰਾਸ਼ੀ (ਰੁ) | (i) 141300.00<br>(ii) 106700.00 | ਕੰਮ ਪੂਰਾ ਕਰਨ ਦਾ ਸਮਾਂ | (i) 4 ਮਹੀਨੇ<br>(ii) 3 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਰੂਪ ਨਾਲ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ ਸ਼ੁਧੀ ਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1982/25

## AXIS BANK

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
**Corporate Office:** Axis House', Block-B, Bombay Dyeing Mills Compound, Pandurang Budhkar Marg, Worli, Mumbai-400025
**Registered Office:** 'Trishul', 3rd Floor, opposite Samartheswar Temple, Law garden, Ellisbridge, Ahmadabad-380006

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਇਜੇਸ਼ਨ ਐਂਡ ਰਿਕੰਸਟਰਕਸ਼ਨ ਆਫ ਫਾਇਨਾਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ/ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ / ਡਿਮਾਂਡ ਨੋਟਿਸ ਦੀ ਰਾਸ਼ੀ (ਰੁਪਏ 'ਚ) |
|---|---|---|
| 1. | 1. ਸ੍ਰੀ ਮੋਹਿਤ ਗੋਇਲ ਪੁੱਤਰ ਸ੍ਰੀ ਰਕੇਸ਼ ਕੁਮਾਰ ਗੋਇਲ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਪੂਜਾ ਪਤਨੀ ਸ੍ਰੀ ਮੋਹਿਤ ਗੋਇਲ (ਸਹਿ-ਕਰਜ਼ਦਾਰ) | 5 ਮਾਰਚ 2025/27 ਮਾਰਚ 2025<br>27 ਜੂਨ 2025<br>ਰੁ. 35,85,008.00/- (ਪੈਂਤੀ ਲੱਖ ਪਚਾਸੀ ਹਜ਼ਾਰ ਅੱਠ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ:- ਬੈਨਾਮਾ ਨੰ. 2012-22/128/1/3983 ਮਿਤੀ 03.02.2022 ਅਨੁਸਾਰ ਸ੍ਰੀ ਮੋਹਿਤ ਗੋਇਲ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ/ਮਕਾਨ ਰਕਬਾ 223.5 ਵਰਗ ਗਜ਼, ਗਲੀ ਨੰ. 3, ਪ੍ਰੇਮ ਬਸਤੀ, ਸੜਕ ਦੇ ਅੰਦਰੂਨ, ਸੰਗਰੂਰ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗਲੀ ਸਾਈਡ 25 ਫੁੱਟ 7 ਇੰਚ, ਪੱਛਮ : ਦਰਸ਼ਨਾ ਦੇਵੀ ਦਾ ਮਕਾਨ ਸਾਈਡ 28 ਫੁੱਟ 1 ਇੰਚ, ਉੱਤਰ : ਤਰਸੇਮ ਚੰਦ ਦਾ ਮਕਾਨ ਸਾਈਡ 76 ਫੁੱਟ, ਸਾਂਝੀ ਕੰਧ, ਦੱਖਣ : ਕਿਸ਼ੋਰੀ ਲਾਲ ਦਾ ਮਕਾਨ ਸਾਈਡ 74 ਫੁੱਟ ਸਾਂਝੀ ਕੰਧ।

ਮਿਤੀ : 02.07.2025, ਸਥਾਨ : ਸੰਗਰੂਰ ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

## Office of Competent Authority

**(Jalandhar Goindwal Sahib LPG Pipeline Project, Jalandhar)**
**706-A, Surya Enclave, G.T Road, Jalandhar (Punjab) - 144009**

**Public Notice and Details of Gazette Notification**
**Reference: Ministry of Petroleum and Natural Gas Notification dated 25th April, 2025**

S.O. 1880(E)— Whereas, by the notification of the Government of India in the Ministry of Petroleum and Natural Gas, published in the Extraordinary Gazette of India no. 3496, Part-II, section-3, sub-section (ii) dated 06th September, 2024 vide S.O. No. 3826(E) dated 06th September, 2024 issued under sub-section (1) of section 3 of the Petroleum and Minerals Pipelines (Acquisition of Right of User in Land) Act, 1962 (50 of 1962), (hereinafter referred to as the said Act), the Central Government declared its intention to acquire the right of user in the land specified in the Schedule appended to that notification for the Purpose of laying of Pipeline from Suchi Pind ( Jalandhar) to Chander Mahapurakh (Goindwal Sahib) under Jalandhar – Goindwal Sahib LPG Pipeline Project by Indian Oil Corporation Limited in Tehsil: Sultanpur Lodhi of Kapurthala District in State of Punjab for transportation of LPG.

And whereas copies of the said Gazette notification were made available to the public by 20.02.2025. And whereas, under sub-section (1) of section 6 of the said Act the Competent Authority has submitted report to the Central Government.

And whereas, the Central Government, after considering the said report and on being satisfied that the said land is required for laying the pipeline, has decided to acquire right of user therein.

Now, therefore, in exercise of the powers conferred by sub-section (1) of section 6 of the said Act, the Central Government hereby declares that the right of user in the land specified in the Schedule appended to this notification is hereby acquired for laying the pipeline.

And further, in exercise of the powers conferred by sub-section (4) of section 6 of the said Act, the Central Government hereby directs that the right of user in the said land for laying the pipeline shall, instead of vesting in the Central Government, vest on the date of publication of the declaration, in Indian Oil Corporation Limited, free from all encumbrances.

Indian Oil Corporation Limited shall be exclusively liable for any compensation in terms of Section 10 of the P&MP Act, 1962 and no suit, claim or legal proceeding would lie against the Central Government on any matter relating to the pipeline.

**Scan QR code for Published Gazette**

District: Kapurthala
https://egazette.gov.in
Publication Date: 25th April, 2025

Competent Authority
Jalandhar Goindwal Sahib LPG Pipeline Project
Jalandhar

## ਬਰਸਾਤ ਨੇ ਅੱਤ ਦੀ ਗਰਮੀ ਤੋਂ ਦਿਵਾਈ ਰਾਹਤ



**ਫਿਲੌਰ (ਨਿਰਮਲ)**- ਬੀਤੀ ਰਾਤ ਅਤੇ ਸਵੇਰ ਵੇਲੇ ਫਿਲੌਰ ਅਤੇ ਨੇੜਲੇ ਇਲਾਕਿਆਂ ਵਿੱਚ ਕਿੱਧਰੇ ਭਾਰੀ ਕਿੱਧਰੇ ਹਲਕੀ ਵਰਖਾ ਹੋਈ, ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਗਰਮੀ ਤੋਂ ਭਾਰੀ ਰਾਹਤ ਮਿਲੀ ਕਿਸਾਨਾਂ ਨੇ ਇਸ ਵਰਖਾ ਨੂੰ ਝੋਨੇ ਦੀ ਫਸਲ ਲਈ ਲਾਹੇਵੰਦ ਦੱਸਿਆ। ਖੇਤਾਂ ਨੂੰ ਟੋਏ ਕਰਨ ਵਿੱਚ ਭਾਰੀ ਮਦਦ ਮਿਲੀ ਹੈ ਤੇ ਬਿਜਲੀ ਦੀ ਭਾਰੀ ਬੱਚਤ ਹੋਈ ਹੈ। ਕਿਸਾਨਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਨਹਿਰਾਂ ਵਿੱਚ ਅੱਜਕੱਲ੍ਹ ਭਾਰੀ ਪਾਣੀ ਛੱਡਿਆ ਹੋਇਆ ਹੈ, ਜਿਸ ਦਾ ਕਿਸਾਨ ਲਾਹਾ ਲੈ ਰਹੇ ਹਨ ਖਾਸ ਕਰਕੇ ਉਹ ਕਿਸਾਨ ਜਿਨ੍ਹਾਂ ਦੀਆਂ ਜ਼ਮੀਨਾਂ ਨਹਿਰਾਂ ਦੇ ਨੇੜੇ ਲੱਗਦੀਆਂ ਹਨ। ਇਸ ਵਰਖਾ ਨੇ ਦੁਕਾਨਦਾਰਾਂ ਦਾ ਕੰਮ ਮੰਦਾ ਪਾ ਦਿੱਤਾ । ਗਾਹਕ ਬਹੁਤ ਘੱਟ ਸ਼ਹਿਰਾਂ ਵਿੱਚ ਖਰੀਦ ਕਰਨ ਲਈ ਆਇਆ।

## ਸੀਨੀਅਰ ਸੈਕੰਡਰੀ ਸਕੂਲ ਪਧਿਆਣਾ ਵਿਖੇ ਅੰਤਰਰਾਸ਼ਟਰੀ ਡਾਕਟਰ ਦਿਵਸ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**- ਸੀਨੀਅਰ ਸੈਕੰਡਰੀ ਸਕੂਲ ਪਿੰਡ ਪਧਿਆਣਾ ਵਿਖੇ ਪ੍ਰਿੰਸੀਪਲ ਸਰਬਜੀਤ ਸਿੰਘ ਦੀ ਅਗਵਾਈ ਹੇਠ ਸਮੂਹ ਸਕੂਲ ਸਟਾਫ ਵੱਲੋਂ ਅੰਤਰਰਾਸ਼ਟਰੀ ਡਾਕਟਰ ਦਿਵਸ ਮਨਾਇਆ ਗਿਆ। ਇਸ ਮੌਕੇ ਸਟੇਜ ਸੈਕਟਰੀ ਦੇ ਤੌਰ 'ਤੇ ਹਰਦੀਪ ਕੁਮਾਰ ਸਾਇੰਸ ਮਾਸਟਰ ਅਤੇ ਚੀਫ ਗੈਸਟ ਤੌਰ 'ਤੇ ਬੁਲਾਏ ਗਏ। ਸਿਹਤ ਵਿਭਾਗ ਵਲੋਂ ਪਹੁੰਚੇ ਸੁਖਬੀਰ ਕੌਰ (ਏ. ਐਨ. ਐਮ.) ਵੱਲੋਂ ਡਾਕਟਰ ਦੀ ਮਹੱਤਤਾ ਨੂੰ ਦੱਸਿਆ ਗਿਆ। ਉਨਾਂ ਦੱਸਿਆ ਕਿ ਇਹ ਦਿਵਸ ਡਾਕਟਰ ਬਿਧਾਨ ਚੰਦਰ ਰਾਏ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਜੋ ਕਿ ਇੱਕ ਮਸ਼ਹੂਰ ਡਾਕਟਰ ਅਤੇ ਪਸ਼ਚਿਮ ਬੰਗਾਲ ਦੇ ਦੂਜੇ ਮੁੱਖ ਮੰਤਰੀ ਸਨ। ਉਹਨਾਂ ਨੂੰ 1961 ਵਿੱਚ ਦੇਸ਼ ਦਾ ਸੱਭ ਤੋਂ ਉੱਤਮ ਸਿਵਿਲੀਅਨ ਐਵਾਰਡ ਭਾਰਤ ਰਤਨ ਨਾਲ ਨਿਵਾਜਿਆ ਗਿਆ ਸੀ।ਅਗਲੇ ਸਾਲ 1962 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ ਸੀ। ਉਹਨਾਂ ਨੂੰ ਯਾਦ ਕਰਦਿਆਂ ਅਤੇ ਦੇਸ਼ ਦੇ ਹੋਰ ਸਮੂਹ ਡਾਕਟਰਸ ਨੂੰ ਯਾਦ ਕਰਦਿਆਂ ਇੱਕ ਜੁਲਾਈ 1991 ਤੋਂ ਡਾਕਟਰ ਦਿਵਸ ਮਨਾਉਣਾ ਸ਼ੁਰੂ ਕੀਤਾ। ਉਹਨਾਂ ਦੱਸਿਆ ਕਿ ਡਾਕਟਰ ਦੀ ਲਾਈਫ ਬਹੁਤ ਹੀ ਸਟਰਗਲ ਵਾਲੀ ਹੁੰਦੀ ਹੈ। ਜਦੋਂ ਵੀ ਸਾਨੂੰ ਕੋਈ ਐਮਰਜੈਂਸੀ ਪੈਂਦੀ ਹੈ ਸਭ ਤੋਂ ਪਹਿਲਾਂ ਅਸੀਂ ਡਾਕਟਰ ਕੋਲ ਹੀ ਜਾਂਦੇ ਹਾਂ। ਖਾਸ ਕਰਕੇ ਕੋਵਿਡ 19 ਵਾਂਗ ਮਹਾਂਮਾਰੀ ਦੇ ਸਮੇਂ ਡਾਕਟਰਸ ਨੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਲੋਕਾਂ ਦੀ ਸੇਵਾ ਕੀਤੀ। ਜ਼ਿੰਦਗੀ ਨੂੰ ਬਚਾਉਣ ਵਿੱਚ ਡਾਕਟਰ ਦਾ ਸਭ ਤੋਂ ਜਿਆਦਾ ਰੋਲ ਹੁੰਦਾ ਹੈ। ਇਸ ਖਾਸ ਦਿਨ ਉੱਤੇ ਆਓ ਅਸੀਂ ਆਪਣੇ ਡਾਕਟਰਸ ਦਾ ਧੰਨਵਾਦ ਕਰੀਏ ਜੋ ਸਾਡੀ ਜ਼ਿੰਦਗੀ ਨੂੰ ਬਚਾਉਣ ਅਤੇ ਸੁਧਾਰਨ ਵਿੱਚ ਸੇਵਾ ਸਮਝਦੇ ਹਨ। ਉਹਨਾਂ ਨੇ ਬੱਚਿਆਂ ਨੂੰ ਮੋਟੀਵੇਸ਼ਨ ਕਰਦੇ ਦੱਸਿਆ ਕਿ ਡਾਕਟਰੀ ਪੇਸ਼ੇ ਵਿੱਚ ਆਉਣ ਲਈ ਗਿਆਰਵੀਂ ਅਤੇ ਬਾਰਵੀਂ ਮੈਡੀਕਲ ਸਾਇੰਸ ਸਟਰੀਮ ਵਿੱਚ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ ਤੋਂ ਬਾਅਦ ਨੀਟ ਦਾ ਇਮਤਿਹਾਨ ਪਾਸ ਕਰਨਾ ਪਵੇਗਾ। ਇਸ ਦੌਰਾਨ ਸਕੂਲ ਸਟਾਫ ਵੱਲੋਂ ਸਕੂਲ ਵਿੱਚ ਛਾਂਦਾਰ ਬੂਟੇ ਲਗਾਏ ਗਏ। ਸਕੂਲ ਪ੍ਰਿੰਸੀਪਲ ਸਰਬਜੀਤ ਸਿੰਘ ਵਲੋਂ ਆਏ ਹੋਏ ਚੀਫ ਗੈਸਟ ਅਤੇ ਸਮੂਹ ਸਕੂਲ ਸਟਾਫ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਸੁਰੇਸ਼ ਕੁਮਾਰ ਲੈਕਚਰਾਰ ਕਾਮਰਸ, ਹਰਦੀਪ ਕੁਮਾਰ ਸਾਇੰਸ ਮਾਸਟਰ, ਜਸਵਿੰਦਰ ਸਿੰਘ ਪੰਜਾਬੀ ਮਾਸਟਰ, ਆਸ਼ਿਮਾ ਐਸ.ਐਸ. ਮਿਸਟ੍ਰੈਸ, ਕਿਰਨ ਮੈਥ ਮਿਸਟ੍ਰੈਸ, ਮਮਤਾ ਮੈਥ ਮਿਸਟ੍ਰੈਸ, ਪ੍ਰੀਤੀ ਹਿੰਦੀ ਮਿਸਟ੍ਰੈਸ, ਸਰਬਜੀਤ ਕੌਰ ਕੰਪਿਊਟਰ ਫੈਕਲਟੀ, ਸ਼ਕਤੀ ਕਲਰਕ, ਗੁਰਨਾਮ ਸਿੰਘ, ਲਖਵਿੰਦਰ ਰਾਮ,ਰੇਸ਼ਮ ਸਿੰਘ ਅਤੇ ਸਕੂਲ ਦੇ ਬੱਚੇ ਹਾਜ਼ਰ ਸਨ।

## ਕਦੋਂ ਬਣੇਗੀ ਕਰਜ਼ੇ 'ਚੋਂ ਨਿਕਲਣ ਦੀ ਯੋਜਨਾ : ਅਰਵਿੰਦ ਖੰਨਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੁੱਕੇ ਜਾ ਰਹੇ ਲਗਾਤਾਰ ਕਰਜ਼ਿਆਂ 'ਤੇ ਭਾਜਪਾ ਆਗੂ ਅਰਵਿੰਦ ਖੰਨਾ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਕਿਹਾ ਕਿ ਪੰਜਾਬ ਮਾਲੀ ਤੌਰ 'ਤੇ ਲਹੂ-ਲੁਹਾਨ ਹੋ ਰਿਹਾ ਹੈ, ਪਰ ਮਾਨ ਸਰਕਾਰ ਅਜੇ ਵੀ ਨਾਟਕ, ਵਾਅਦੇ ਅਤੇ ਝੂਠੇ ਦਾਅਵੇ ਕਰ ਰਹੀ ਹੈ।ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਜੁਲਾਈ ਤੋਂ ਸਤੰਬਰ ਤੱਕ 8,500 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦੀ ਤਿਆਰੀ ਪੰਜਾਬ ਨੂੰ ਪੂਰੀ ਤਰ੍ਹਾਂ ਕਰਜ਼ੇ ਦੇ ਭਾਰ ਹੇਠ ਦੱਬਣ ਵਾਲੀ ਨੀਤੀ ਦਾ ਹਿੱਸਾ ਹੈ। ਸਰਕਾਰ ਦੇ ਵਾਅਦੇ ਤਾਂ ਮੁਫ਼ਤ ਦੇ, ਪਰ ਭੁਗਤਾਨ ਪੰਜਾਬੀ ਜਨਤਾ ਕਰ ਰਹੀ ਹੈ, ਉਹ ਵੀ ਕਰਜ਼ਿਆਂ ਰਾਹੀਂ।ਖੰਨਾ ਨੇ ਕਿਹਾ ਕਿ ਹੁਣ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਾਅਦੇ ਮੁਤਾਬਕ ਔਰਤਾਂ ਨੂੰ ਹਜ਼ਾਰ ਰੁਪਏ ਮਹੀਨਾ ਦੇਣ ਲਈ ਵੀ ਕਰਜ਼ਾ ਲੈਣਾ ਪੈਣਾ, ਇਹ ਲੋਕ ਸੇਵਾ ਹੈ ਜਾਂ ਕਰਜ਼ਾ ਕਮਾਊ ਸਕੀਮ? ਉਨ੍ਹਾਂ ਕਿਹਾ ਕਿ ਹੁਣ ਜੇ ਜਨਤਾ ਨਾ ਜਾਗੀ, ਤਾਂ ਆਉਣ ਵਾਲੀ ਪੀੜ੍ਹੀ ਆਪਣੇ ਹੀ ਹੱਥਾਂ ਦੇ ਕੰਮਾਂ ਲਈ ਰੋਏਗੀ।

## ਰੰਧਾਵਾ ਦੇ ਯਤਨਾਂ ਸਦਕਾ ਗੁਰੂ ਨਾਨਕ ਕਾਲੋਨੀ ਦੇ ਗੰਦੇ ਪਾਣੀ ਦੀ ਸਮੱਸਿਆ ਹੋਈ ਦੂਰ



**ਡੇਰਾਬੱਸੀ (ਵਿਨੇ ਕੁਮਾਰ ਜੈਨ)**- ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਰਾਮਗੜ੍ਹ ਰੋਡ 'ਤੇ ਸਥਿਤ ਸ੍ਰੀ ਗੁਰੂ ਨਾਨਕ ਕਲੋਨੀ ਵਿੱਚ 20 ਲੱਖ ਦੀ ਲਾਗਤ ਨਾਲ ਹੋਣੇ ਗੰਦੇ ਪਾਣੀ ਦੀ ਨਿਕਾਸੀ ਦੇ ਕੰਮ ਨੂੰ ਲੋਕ ਅਰਪਿਤ ਕਰਨ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਸਰਪੰਚ ਸਾਹਿਬਨ,ਪਾਰਟੀ ਦੀ ਟੀਮ ਤੇ ਨਿਵਾਸੀ ਮੌਜੂਦ ਰਹੇ । ਇਸ ਮੌਕੇ ਵਿਧਾਇਕ ਰੰਧਾਵਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, ਪਿੰਡ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣਾ ਸਾਡੀ ਜ਼ਿੰਮੇਵਾਰੀ ਹੈ। ਇਹ ਪ੍ਰੋਜੈਕਟ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰੇਗਾ। ਇਸ ਮੌਕੇ ਪਿੰਡ ਦੇ ਸਰਪੰਚ, ਪਾਰਟੀ ਦੀ ਟੀਮ ਦੁਆਰਾ ਵਿਧਾਇਕ ਰੰਧਾਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਮੱਸਿਆ ਨੂੰ ਦੂਰ ਕਰਨ ਦੀ ਸਾਡੀ ਲੰਬੇ ਸਮੇਂ ਤੋਂ ਮੰਗ ਚਲ ਰਹੀ ਸੀ ਤੇ ਵਿਧਾਇਕ ਰੰਧਾਵਾ ਨਾਲ ਸੰਪਰਕ ਕਰਨ 'ਤੇ ਉਨਾਂ ਨੇ ਸਾਡੇ ਨਾਲ ਕੀਤੇ ਗਏ ਵਾਅਦੇ ਨੂੰ ਪੂਰਾ ਕੀਤਾ ਹੈ ਤੇ ਸਮੂਹ ਪਿੰਡ ਵਾਸੀਆਂ ਵਲੋਂ ਅੱਗੇ ਵੀ ਸਾਡੀਆਂ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਮਿਲਣ ਤੇ ਸੰਤੁਸ਼ਟੀ ਜ਼ਾਹਰ ਕੀਤੀ ਗਈ।



## ਕੀਰਤਨ ਤਬਲਾ ਤੇ ਗੁਰਮਤਿ ਦੀਆਂ ਕਲਾਸਾਂ ਲਗਾਉਣ ਵਾਲੇ ਬੱਚਿਆਂ ਨੂੰ ਕੀਤਾ ਸਨਮਾਨਤ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾਂ ਵਿਖੇ ਕੀਰਤਨ ਤਬਲਾ ਰਿਆਜ ਅਤੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ ਗਿਆ। ਪਿੰਡ ਕੰਧਾਲਾ ਜੱਟਾਂ ਦੇ ਗਿਆਨੀ ਹਰਸਿਮਰਨ ਸਿੰਘ ਕੰਧਾਲਵੀ ਅਤੇ ਐਨ ਆਰ ਆਈ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ ਵਿਖੇ ਪਿਛਲੇ ਇੱਕ ਮਹੀਨੇ ਤੋਂ ਪਿੰਡ ਦੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਕੀਰਤਨ ਸਿਖਾਇਆ ਗਿਆ, ਤਬਲੇ ਦੀਆਂ ਕਲਾਸਾਂ ਲਗਾਈਆਂ ਗਈਆਂ ਅਤੇ ਗੁਰਮਤਿ ਦਾ ਗਿਆਨ ਦਿੱਤਾ ਗਿਆ ।ਅਜੋਕੇ ਸਮੇਂ ਵਿੱਚ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਜਿਹੇ ਉਪਰਾਲਿਆਂ ਦੀ ਲੋੜ ਹੈ। ਇਸ ਮੌਕੇ ਬੱਚਿਆਂ ਨੂੰ ਸਿਖਲਾਈ ਪੂਰੀ ਹੋਣ 'ਤੇ ਸਰਟੀਫਿਕੇਟ ਅਤੇ ਕਾਪੀਆਂ, ਪੈਨ ਸਨਮਾਨ ਵਜੋਂ ਭੇਟ ਕੀਤੇ ਗਏ। ਇਹਨਾਂ ਇਨਾਮਾਂ ਦੀ ਸੇਵਾ ਬੀਬੀ ਜਸਵਿੰਦਰ ਕੌਰ ਪਿੰਡ ਕੰਧਾਲਾ ਜੱਟਾਂ ਨਿਵਾਸੀ ਅਮਰੀਕਾ, ਭਾਈ ਹਰਨੇਕ ਸਿੰਘ ਪਿੰਡ ਘੋੜਾਵਾਹਾ ਨਿਵਾਸੀ ਅਮਰੀਕਾ , ਰਣਬੀਰ ਸਿੰਘ ਰਾਣਾ ਪਿੰਡ ਧੂਤ ਕਲਾਂ ਵਲੋਂ ਕੀਤੀ ਗਈ।

## ਦੂਹੜੇ ਦੇ ਸਰਪੰਚ ਦਾ ਮੋਟਰਸਾਈਕਲ ਚੋਰੀ

**ਆਦਮਪੁਰ (ਪਰਮਜੀਤ ਸਿੰਘ)**- ਬੀਤੀ ਸ਼ਾਮ ਥਾਣਾ ਆਦਮਪੁਰ ਤੋਂ ਕੁਝ ਦੂਰੀ ਉੱਤੇ ਖੜ੍ਹਾ ਮੋਟਰਸਾਈਕਲ ਚੋਰੀ ਹੋ ਗਿਆ।ਸਰਪੰਚ ਦਿਲਬਾਗ ਸਿੰਘ ਵਾਸੀ ਦੂਹੜੇ ਨੇ ਦੱਸਿਆ ਕਿ ਉਹ ਬੀਤੀ ਸ਼ਾਮ 6:30 ਵਜੇ ਆਪਣੇ ਪੁੱਤਰ ਜੁਗਰਾਜ ਸਿੰਘ ਨਾਲ ਆਦਮਪੁਰ ਬਾਜ਼ਾਰ ਆਇਆ ਸੀ।ਲੜਕਾ ਥਾਣੇ ਤੋਂ ਕੁਝ ਦੂਰੀ 'ਤੇ ਸਥਿਤ ਇੱਕ ਬੇਕਰੀ ਦੀ ਦੁਕਾਨ ਦੇ ਬਾਹਰ ਜੀਟੀ ਰੋਡ 'ਤੇ ਮੋਟਰਸਾਈਕਲ ਹੀਰੋ ਹੋਂਡਾ ਸਪਲੈਂਡਰ ਰੰਗ ਕਾਲਾ ਨੰਬਰ ਪੀਬੀ07 ਬੀ- ਐਲ-1319 ਲਗਾ ਕੇ ਦੁਕਾਨ ਅੰਦਰ ਸਮਾਨ ਲੈਣ ਚਲਾ ਗਿਆ ਤੇ ਮੈਂ ਮੇਨ ਬਾਜ਼ਾਰ ਨੂੰ ਚਲਾ ਗਿਆ। ਸਮਾਨ ਲੈਣ ਤੋਂ ਕੁਝ ਸਮੇਂ ਬਾਅਦ ਵਾਪਸ ਆਉਣ 'ਤੇ ਦੇਖਿਆ ਕਿ ਮੋਟਰਸਾਈਕਲ ਚੋਰੀ ਹੋ ਚੁੱਕਾ ਸੀ ਪਰ ਚਾਬੀ ਸਾਡੇ ਕੋਲ ਹੀ ਸੀ ।ਦਿਲਬਾਗ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਵੀ ਇਹ ਮੋਟਰਸਾਈਕਲ ਚੋਰੀ ਹੋਇਆ ਸੀ ਤੇ ਪੁਲਸ ਵੱਲੋਂ ਚੋਰਾਂ ਤੋਂ ਬਰਾਮਦ ਕਰਨ ਉਪਰੰਤ ਇਹ ਮੋਟਰਸਾਈਕਲ ਸਾਨੂੰ ਜਮਾਨਤ 'ਤੇ ਮਿਲਿਆ ਸੀ। ਇਸ ਮਾਮਲੇ ਸੰਬੰਧੀ ਥਾਣਾ ਆਦਮਪੁਰ ਲਿਖਤੀ ਸ਼ਿਕਾਇਤ ਦਰਜ ਕਰਵਾਈ ਗਈ ਹੈ।

## ਰੋਜ਼ਾ ਸ਼ਰੀਫ਼ ਮੰਢਾਲੀ ਮੇਲੇ ਦੇ ਤੀਸਰੇ ਦਿਨ ਆਪ ਆਗੂ ਹਰਜੋਤ ਕੌਰ ਲੋਹਟੀਆ ਹੋਏ ਨਤਮਸਤਕ



**ਬੰਗਾ (ਅਵਤਾਰ ਕਲੇਰ)**-ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਲਾਨਾ ਮੇਲਾ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਮੇਲੇ ਦੇ ਤੀਸਰੇ ਦਿਨ ਮੈਡਮ ਹਰਜੋਤ ਕੌਰ ਲੋਹਟੀਆ ਹਲਕਾ ਸੰਗਠਨ ਇੰਚਾਰਜ ਬੰਗਾ ਅਤੇ ਆਮ ਆਦਮੀ ਪਾਰਟੀ ਜਨਰਲ ਸਕੱਤਰ ਪੰਜਾਬ (ਮਹਿਲਾ ਵਿੰਗ) ਦਰਬਾਰ 'ਤੇ ਨਤਮਸਤਕ ਹੋਏ। ਉਹਨਾਂ ਨਾਲ ਸਤਨਾਮ ਸਰਪੰਚ ਮੇਹਲੀ, ਮਲਕੀਤ ਸਿੰਘ, ਕੁਲਵੰਤ ਮੇਹਲੀ, ਸੁੱਖਾ ਕਲੇਰ ਮੇਹਲੀ, ਹਰਮੇਸ਼ ਮੇਹਲੀਆਣਾ, ਗੁਰਪ੍ਰੀਤ ਮੰਢਾਲੀ ਵੀ ਦਰਬਾਰ 'ਤੇ ਪਹੁੰਚੇ।ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਬੀਬੀ ਸੀਤਾ ਦੇਵੀ, ਮੁਹੰਮਦ ਆਸ਼ਿਕ ਨੀਲਾ, ਮੀਰਾਂ ਸ਼ਰਮਾ ਸਰਪੰਚ ਮੰਢਾਲੀ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਧਰਮਿੰਦਰ ਸਿੰਘ ਨੰਬਰਦਾਰ ਮੰਢਾਲੀ, ਬਲਜੀਤ ਸਿੰਘ ਸਾਬਕਾ ਸਰਪੰਚ ਕੁਲਥਮ, ਮਲਕੀਤ ਮੰਢਾਲੀ, ਰਜਿੰਦਰ ਸ਼ਰਮਾ, ਹੁਸਨ ਲਾਲ ਜੱਬੋਵਾਲ, ਹਰਬੰਸ ਸਿੰਘ ਜੱਬੋਵਾਲ, ਡਾ. ਸਤਨਾਮ ਪਰਸੋਵਾਲ, ਸੋਨੂੰ ਜੱਸੋਮਜਾਰਾ, ਗੋਰਾ ਚੱਕ ਪ੍ਰੇਮਾ, ਚਰਨਜੀਤ ਰਾਏ, ਡਾ. ਜਗਦੀਸ਼ ਮੁਹੰਮਦ, ਸੋਨੀ ਮੰਢਾਲੀ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਅਮਰਜੀਤ ਜੀਤਾ, ਚੰਨੀ ਖੋਥੜਾਂ, ਸੋਨੂੰ ਬਾਵਾ, ਨੂਰ ਮੁਹੰਮਦ, ਬੰਟੀ, ਜਗਜੀਤ ਪੀਟਾ, ਮਨੀ, ਗੱਗੀ, ਹਨੀ ਆਦਿ ਹਾਜ਼ਰ ਸਨ।

## ਰਿਟਾਇਰ ਡਿਪਲੋਮਾ ਐਸੋਸੀਏਸ਼ਨ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਪੰਜਾਬ ਰਾਜ ਪੈਨਸ਼ਨਰਜ਼ ਮਹਾ ਸੰਘ ਦੇ ਰਿਟਾਇਰ ਡਿਪਲੋਮਾ ਐਸੋਸੀਏਸ਼ਨ ਹੁਸ਼ਿਆਰਪੁਰ ਯੂਨਿਟ ਦੇ ਵਫਦ ਵੱਲੋਂ ਇੰਜੀ: ਅਨਿਲ ਸ਼ਰਮਾ ਦੀ ਅਗਵਾਈ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ। ਅਨਿਲ ਸ਼ਰਮਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਪੈਨਸ਼ਨਰਾਂ 'ਤੇ ਛੇਵੇਂ ਕਮਿਸ਼ਨ ਦਾ ਦੂਜਾ ਹਿੱਸਾ ਲਾਗੂ ਨਹੀਂ ਕੀਤਾ, ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਗੁਣਾਕ ਨਾਲ ਸੋਧ ਕੇ ਨਹੀਂ ਦਿੱਤੀ ਜਾ ਰਹੀ, ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨੂੰ ਟਾਈਮ ਦੇ ਕੇ ਸਰਕਾਰ ਹਰ ਵਾਰ ਗੱਲ ਨਾ ਕਰਕੇ ਆਰਥਿਕ ਨੁਕਸਾਨ ਪਹੁੰਚਾ ਰਹੀ ਹੈ, ਡੀਏ ਦੀਆਂ ਕਿਸ਼ਤਾਂ ਅਤੇ ਡੀਏ ਦੀਆਂ ਪੈਂਡਿੰਗ ਕਿਸ਼ਤਾਂ ਦਾ ਬਕਾਇਆ ਵੀ ਸਰਕਾਰ ਵੱਲੋਂ ਨਹੀਂ ਦਿੱਤਾ ਜਾ ਰਿਹਾ, ਅਦਾਲਤਾਂ ਦੇ ਹੋਏ ਫੈਸਲਿਆਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ, ਮੈਡੀਕਲ ਭੱਤਾ 2000 ਪ੍ਰਤੀ ਮਹੀਨਾ ਕਰਨ, ਠੇਕੇਦਾਰੀ ਸਿਸਟਮ ਬੰਦ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ ਅਤੇ ਬਰਾਬਰ ਕੰਮ ਬਰਾਬਰ ਤਨਖਾਹ ਦਾ ਫਾਰਮੂਲਾ ਲਾਗੂ ਕਰਨ ਆਦਿ ਮੰਗਾਂ ਦੇ ਸੰਬੰਧ ਵਿੱਚ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਇੰਜੀਨੀਅਰ ਮਨਜੀਤ ਸਿੰਘ ਸਹੋਤਾ, ਇੰਜੀ: ਮਨਜੀਤ ਸਿੰਘ ਸੈਣੀ, ਇੰਜੀ: ਕਰਮਜੀਤ ਸਿੰਘ, ਇੰਜੀ: ਹਰਬੰਸ ਸਿੰਘ, ਇੰਜੀ: ਸਤੀਸ਼ ਕੁਮਾਰ ਅਤੇ ਇੰਜੀ: ਐਸਪੀ ਸ਼ਰਮਾ ਹਾਜ਼ਰ ਸਨ।



## ਜ਼ਿਲ੍ਹਾ ਪੱਧਰ ਦੇ ਪ੍ਰਸ਼ਨੋਤਰੀ ਮੁਕਾਬਲੇ ਲਈ ਅਰਜ਼ੀਆਂ 5 ਤੱਕ ਭੇਜੀਆਂ ਜਾਣ

**ਫਗਵਾੜਾ (ਡਾ. ਰਮਨ)**— ਜ਼ਿਲ੍ਹਾ ਭਾਸ਼ਾ ਅਫ਼ਸਰ, ਕਪੂਰਥਲਾ ਵੱਲੋਂ ਦੱਸਿਆ ਗਿਆ ਹੈ ਕਿ ਨਿਰਦੇਸ਼ਕ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੱਧਰ ਦੇ ਪ੍ਰਸ਼ਨੋਤਰੀ (ਕੁਇਜ਼) ਮੁਕਾਬਲੇ ਅਗਸਤ ਮਹੀਨੇ ਕਰਵਾਏ ਜਾਣੇ ਹਨ। ਇਸ ਮੁਕਾਬਲੇ ਲਈ ਆਪਣੀ ਸੰਸਥਾ ਦੇ ਵਿਦਿਆਰਥੀਆਂ ਦੀਆਂ ਐਂਟਰੀਆਂ 5 ਜੁਲਾਈ ਤੱਕ ਦਫ਼ਤਰ ਨੂੰ ਭੇਜੀਆਂ ਜਾਣ। ਇਸ ਵਿੱਚ ਤਜਵੀਜ ਭੇਜਣ ਲਈ ਸੰਸਥਾ ਦਾ ਨਾਂਅ, ਵਿਦਿਆਰਥੀ ਦਾ ਨਾਂਅ, ਮਾਤਾ/ਪਿਤਾ ਦਾ ਨਾਂਅ, ਕੀਤੇ ਜਾ ਰਹੇ ਕੋਰਸ/ਜਮਾਤ ਦਾ ਨਾਂਅ, ਜਨਮ ਮਿਤੀ, ਸੰਪਰਕ ਨੰਬਰ ਆਦਿ ਵੇਰਵੇ ਆਪਣੀ ਸੰਸਥਾ ਤੋਂ ਤਸਦੀਕ ਕਰਵਾ ਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਵਿਖੇ 5ਜੁਲਾਈ ਤੱਕ ਹਰ ਹਾਲਤ ਲਿਖਤੀ ਰੂਪ ਵਿੱਚ ਪੁੱਜਦੇ ਕੀਤੇ ਜਾਣ। ਇਹ ਧਿਆਨ ਦੇਣ ਯੋਗ ਹੈ ਕਿ ਇਸ ਮੁਕਾਬਲੇ ਲਈ ਵਰਗ (ੳ) ਅੱਠਵੀਂ ਸ਼੍ਰੇਣੀ ਤੱਕ, ਵਰਗ (ਅ) ਨੌਵੀਂ ਤੋਂ ਬਾਰਵੀਂ ਤੱਕ ਅਤੇ ਵਰਗ ((ੲ) ਲਈ ਬੀ.ਏ/ ਬੀ.ਕਾਮ/ ਬੀ.ਐਸ.ਸੀ. / ਅਤੇ ਬੀ.ਸੀ.ਏ (ਗਰੈਜੁਏਸ਼ਨ) ਤੱਕ ਲਈ ਤਜਵੀਜ ਭੇਜੀ ਜਾ ਸਕਦੀ ਹੈ। ਇੱਕ ਸੰਸਥਾ ਹਰ ਵਰਗ ਵਿੱਚ ਵੱਧ ਤੋਂ ਵੱਧ ਦੋ



ਵਿਦਿਆਰਥੀ ਹੀ ਭੇਜ ਸਕਦੀ ਹੈ। ਇਸ ਮੁਕਾਬਲੇ ਵਿੱਚ ਐਂਟਰੀ ਭੇਜਣ ਲਈ ਕੋਈ ਵੀ ਫ਼ੀਸ ਨਹੀਂ ਹੈ। ਸਿੱਧੇ ਤੌਰ 'ਤੇ ਐਂਟਰੀ ਲੈ ਕੇ ਆਉਣ ਵਾਲੇ ਵਿਦਿਆਰਥੀ ਆਪਣੀ ਜਨਮ ਮਿਤੀ ਸੰਸਥਾ ਤੋਂ ਤਸਦੀਕ ਕਰਵਾ ਕੇ ਲਿਆਉਣਾ ਯਕੀਨੀ ਬਣਾਉਣ। ਇਸ ਮੁਕਾਬਲੇ ਵਿੱਚ ਵਿਦਿਆਰਥੀ ਤੋਂ ਪੰਜਾਬੀ ਸਾਹਿਤ, ਧਰਮ, ਭਾਸ਼ਾ, ਸ਼ਖਸ਼ੀਅਤਾਂ, ਸੱਭਿਆਚਾਰ, ਇਤਿਹਾਸ ਅਤੇ ਭੂਗੋਲ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾਣਗੇ। ਇਹ ਮੁਕਾਬਲਾ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਕਰਵਾਇਆ ਜਾਵੇਗਾ। ਜ਼ਿਲ੍ਹੇ ਵਿੱਚੋਂ ਪਹਿਲੇ ਪੱਧਰ 'ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰੀ ਮੁਕਾਬਲੇ ਵਿੱਚ ਹਿੱਸਾ ਲੈਣਗੇ। ਜ਼ਿਲ੍ਹਾ ਪੱਧਰੀ ਮੁਕਾਬਲਾ ਲਿਖਤੀ ਹੋਵੇਗਾ ਅਤੇ ਰਾਜ ਪੱਧਰੀ ਮੁਕਾਬਲਾ ਮੌਖਕ ਅਤੇ ਵਿਅਕਤੀਗਤ ਰੂਪ ਵਿੱਚ ਹੋਵੇਗਾ। ਜ਼ਿਲ੍ਹਾ ਪੱਧਰ 'ਤੇ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਭਾਸ਼ਾ ਵਿਭਾਗ, ਵੱਲੋਂ ਨਕਦ ਪੁਰਸਕਾਰ ਅਤੇ ਸਰਟੀਫ਼ਿਕੇਟ ਦਿੱਤਾ ਜਾਵੇਗਾ। ਇਸ ਮੁਕਾਬਲੇ ਸੰਬੰਧੀ ਨਿਯਮ ਅਤੇ ਨਮੂਨਾ ਪੁਸਤਕ ਜ਼ਿਲ੍ਹਾ ਭਾਸ਼ਾ ਦਫ਼ਤਰ ਕਮਰਾ ਨੰਬਰ 404, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਪੂਰਥਲਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਸੰਸਥਾ ਇਹ ਤਜਵੀਜ ਤਿਆਰ ਕਰਕੇ ਇਸ ਦਫ਼ਤਰ ਦੀ ਈ ਮੇਲ . . 'ਤੇ ਜਾਂ ਦਫ਼ਤਰ ਦੇ ਕਲਰਕ ਮਨੀਸ਼ ਕੁਮਾਰ ਦੇ ਮੋਬਾਇਲ ਨੰਬਰ 64840-61290 'ਤੇ ਵੱਟਸ ਐਪ ਸੰਦੇਸ਼ ਰਾਹੀਂ ਭੇਜ ਸਕਦੀ ਹੈ।



## ਗਰੀਬ ਲੋਕਾਂ ਨਾਲ ਸਰਕਾਰੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਕੋਟਲੀ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਹਲਕਾ ਆਦਮਪੁਰ 'ਚ ਆਪ ਦੇ ਆਗੂਆਂ ਦੀ ਸ਼ਹਿ 'ਤੇ ਸਰਕਾਰ ਵਲੋਂ ਗਰੀਬ ਲੋਕਾਂ ਨਾਲ ਕੀਤੀਆਂ ਜਾਂਦੀਆਂ ਧੱਕੇਸ਼ਾਹੀਆਂ ਨੂੰ ਬਿਲਕੁਲ ਵੀ ਬਰਦਾਸ਼ਤ ਨਹੀ ਕਰਾਂਗੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਆਦਮਪੁਰ ਬੱਸ ਸਟੈਂਡ ਵਿਖੇ ਟੈਕਸੀ ਡਰਾਈਵਰਾਂ ਨਾਲ ਮੀਟਿੰਗ ਕਰਨ ਮੌਕੇ ਵਿਧਾਇਕ ਸੁੱਖਵਿੰਦਰ ਕੋਟਲੀ ਨੇ ਕੀਤਾ। ਵਿਧਾਇਕ ਕੋਟਲੀ ਨੇ ਕਿਹਾ ਕਿ 3-4 ਦਿਨ ਪਹਿਲਾ ਏਕਤਾ ਟੈਕਸੀ ਸਟੈਂਡ ਆਦਮਪੁਰ ਦੇ ਡਰਾਈਵਰ ਸੰਜੀਵ ਕੁਮਾਰ ਪੁੱਤਰ ਪਿਰਥੀ ਚੰਦ ਵਾਸੀ ਆਦਮਪੁਰ ਦਾ ਗੱਡੀ ਖੜੀ ਕਰਨ ਨੂੰ ਲੈ ਕੇ ਸੀਨੀਅਰ ਆਪ ਆਗੂ ਨਾਲ ਮਾਮੂਲੀ ਜਿਹਾ ਵਿਵਾਦ ਹੋ ਗਿਆ ਤਾਂ ਆਦਮਪੁਰ ਪੁਲਸ ਨੇ ਦਬਾਅ ਹੇਠ ਟੈਕਸੀ ਡਰਾਈਵਰ ਸੰਜੀਵ ਕੁਮਾਰ 'ਤੇ ਇਕ ਤਰਫਾ 107,151 ਦਾ ਮਾਮਲਾ ਦਰਜ ਕਰ ਦਿੱਤਾ ਜੋ ਸਰਾਸਰ ਗਰੀਬ ਨਾਲ ਧੱਕੇਸ਼ਾਹੀ ਹੈ। ਉਨ੍ਹਾਂ ਕਿਹਾ ਇੱਥੇ ਹੀ ਬੱਸ ਨਹੀ ਥਾਣਾ ਭੋਗਪੁਰ ਵਿਖੇ ਵੀ ਆਪ ਆਗੂਆਂ ਦੀ ਸ਼ਹਿ 'ਤੇ ਇੱਕ ਗੁਰਸਿੱਖ ਪਰਵਾਰ ਤੇ ਨਬਾਲਿਗ ਲੜਕੀ ਤੇ ਮਾਮਲਾ ਦਰਜ ਕੀਤਾ ਗਿਆ ਕੋਟਲੀ ਨੇ ਕਿਹਾ ਆਦਮਪੁਰ ਦੇ ਲੋਕਾਂ ਨੇ ਉਨਾਂ ਨੂੰ ਚੁਣ ਕੇ ਵਿਧਾਨ ਸਭਾ ਚ ਭੇਜਿਆ ਤੇ ਉਹ ਆਪਣੇ ਹਲਕੇ ਦੇ ਲੋਕਾਂ ਨਾਲ ਆਪ ਸਰਕਾਰ ਤੇ ਇਨ੍ਹਾਂ ਦੇ ਆਗੂਆਂ ਵਲੋਂ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਵਿਰੁੱਧ ਡਟ ਕੇ ਖੜ੍ਹੇ ਹਨ • ਆਪ ਸਰਕਾਰ ਉਨ੍ਹਾਂ ਤੇ ਜੋ ਮਰਜ਼ੀ ਕਾਰਵਾਈ ਕਰਨ ਪਰ ਉਹ ਹਲਕੇ ਦੇ ਲੋਕਾਂ ਨੂੰ ਇੰਨਸਾਫ ਦੁਆਉਣ ਲਈ ਆਪਣਾ ਸੰਘਰਸ਼ ਉਦੋਂ ਤੱਕ ਜ਼ਾਰੀ ਰੱਖਣਗੇ ਜਦੋ ਤੱਕ ਲੋਕਾਂ ਨੂੰ ਇੰਨਸਾਫ ਨਹੀ ਮਿਲਦਾ। ਉਨ੍ਹਾਂ ਆਦਮਪੁਰ ਤੇ ਭੋਗਪੁਰ ਪੁਲਸ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 2 ਦਿਨ ਦੇ ਅੰਦਰ ਅੰਦਰ ਰਾਜਨੀਤਿਕ ਦਬਾਅ ਹੇਠ ਨਾਜਾਇਜ ਤੌਰ 'ਤੇ ਕੀਤੇ ਪਰਚੇ ਰੱਦ ਨਾ ਕੀਤੇ ਤਾਂ ਆਦਮਪੁਰ 'ਚ ਪੰਜਾਬ ਸਰਕਾਰ ਤੇ ਪੁਲਸ ਵਿਰੁੱਧ ਵੱਡੇ ਪੱਧਰ 'ਤੇ ਸੜਕਾਂ 'ਤੇ ਉੱਤਰ ਕੇ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ।

## ਰੋਟਰੀ ਕਲੱਬ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਖੇ ਲੰਗਰ ਦੀ ਸੇਵਾ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਰੋਟਰੀ ਕਲੱਬ ਬੰਗਾ ਦੇ ਮੌਜੂਦਾ ਪ੍ਰਧਾਨ




ਸੁਰਿੰਦਰਪਾਲ ਖੇਪੜ ਅਤੇ ਨਵੇਂ ਪ੍ਰਧਾਨ ਪ੍ਰਵੀਨ ਕੁਮਾਰ ਦੀ ਅਗਵਾਈ ਹੇਠ ਸਮੂਹ ਰੋਟੇਰੀਅਨ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਹਸਪਤਾਲ ਵਿਚ ਦਾਖਲ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਅੰਨਪੂਰਨਾ ਦਿਵਸ ਨੂੰ ਸਮਰਪਤ ਦੋ ਦਿਨ ਦੀ ਲੰਗਰ ਸੇਵਾ ਕੀਤੀ ਗਈ। ਇਸ ਸ਼ੁੱਭ ਕਾਰਜ ਦਾ ਆਰੰਭ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਕੀਤਾ । ਉਹਨਾਂ ਨੇ ਰੋਟਰੀ ਕਲੱਬ ਬੰਗਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਾਰੀ ਸ਼ਲਾਘਾ ਕੀਤੀ ਅਤੇ ਹਸਪਤਾਲ ਢਾਹਾਂ ਕਲੇਰਾਂ ਦੇ ਮਰੀਜ਼ਾਂ ਲਈ ਦੋ ਦਿਨ ਦੇ ਲੰਗਰ ਦੀ ਸੇਵਾ ਕਰਨ ਲਈ ਹਾਰਦਿਕ ਧੰਨਵਾਦ ਕੀਤਾ। ਰੋਟਰੀ ਕਲਬ ਦੇ ਮੈਂਬਰਾਂ ਵਲੋਂ ਹਸਪਤਾਲ ਵਿਚ ਦਾਖਲ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਨੂੰ ਲੰਗਰ ਵਰਤਾਇਆ। ਇਸ ਮੌਕੇ ਸ਼ਰਨਜੀਤ ਸਿੰਘ ਸੈਕਟਰੀ, ਪ੍ਰੋਜੈਕਟ ਡਾਇਰੈਕਟਰ ਇਕਬਾਲ ਸਿੰਘ ਬਾਜਵਾ, ਰਾਜ ਬਾਜਾੜ ਅਸਿਸਟੈਂਟ ਗਵਰਨਰ, ਪ੍ਰਿੰਸੀਪਲ ਗੁਰਜੰਟ ਸਿੰਘ, ਰਾਜ ਕੁਮਾਰ ਭੰਮਰਾ, ਭੁਪਿੰਦਰ ਕੁਮਾਰ ਝਿੱਕਾ, ਐਡਵਕੇਟ ਅਨਿਲ ਕਟਾਰੀਆ, ਅਮਨਦੀਪ ਘਈ, ਪਰਮਜੀਤ ਸਿੰਘ ਭੋਗਲ, ਮਹਿੰਦਰਪਾਲ ਸਿੰਘ, ਓਮ ਬਹਾਦਰ ਵਿਸ਼ਵਕਰਮਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਭਗਤ ਵੱਲੋਂ ਪੀ ਐੱਸ ਪੀ ਸੀ ਐੱਲ ਦੇ ਅਧਿਕਾਰੀਆਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਦੀਆਂ ਹਦਾਇਤਾਂ

**ਜਲੰਧਰ (ਸ਼ੈਲੀ ਐਲਬਰਟ)** ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ




ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਅਤੇ ਲੋਕਾਂ ਦੀ ਸੁਰੱਖਿਆ ਲਈ ਕਈ ਅਹਿਮ ਹਦਾਇਤਾਂ ਕੀਤੀਆਂ। ਕੈਬਨਿਟ ਮੰਤਰੀ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਜਲੰਧਰ ਇੰਪਰੂਵਮੈਂਟ ਟਰੱਸਟ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਸਮੇਤ ਇਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੀ ਐਸ ਪੀ ਸੀ ਐਲ ਦੇ ਅਧਿਕਾਰੀਆਂ ਨੂੰ ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਦੇ ਨਾਲ-ਨਾਲ ਬਿਜਲੀ ਮੀਟਰਾਂ ਦੇ ਖੁੱਲ੍ਹੇ ਪਏ ਬਕਸਿਆਂ ਨੂੰ ਬੰਦ ਕਰਨ ਅਤੇ ਉਨ੍ਹਾਂ ਨੂੰ ਢੁੱਕਵੀਂ ਉਚਾਈ 'ਤੇ ਲਗਾਉਣ ਦੀ ਹਦਾਇਤ ਕੀਤੀ ਤਾਂ ਜੋ ਕਿਸੇ ਵੀ ਦੁਰਘਟਨਾ ਤੋਂ ਬਚਿਆ ਜਾ ਸਕੇ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕੈਬਨਿਟ ਮੰਤਰੀ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਵਿੱਚੋਂ ਲਟਕਦੀਆਂ ਢਿੱਲੀਆਂ, ਗੈਰ-ਵਰਤੋਂਯੋਗ ਅਤੇ ਖ਼ਰਾਬ ਤਾਰਾਂ ਹਟਾਉਣ ਲਈ ਪਹਿਲਾਂ ਹੀ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਪੀ ਐਸ ਪੀ ਸੀ ਐਲ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੰਦਿਆਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਜਲੰਧਰ ਵਾਸੀਆਂ ਨੂੰ ਬਿਜਲੀ ਸੰਬੰਧੀ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

## 30 ਲੜਕੀਆਂ ਨੂੰ ਸਰਟੀਫਿਕੇਟ ਤੇ 15 ਨੂੰ ਮੁਫ਼ਤ ਸਿਲਾਈ ਮਸ਼ੀਨਾਂ ਵੰਡੀਆਂ

**ਫਗਵਾੜਾ (ਰਮਨ)** ਡਾ.ਅੰਬੇਡਕਰ ਭਵਨ ਅਰਬਨ ਅਸਟੇਟ ਵਿਖੇ ਸ਼੍ਰੀ ਗੁਰੂ ਰਵਿਦਾਸ ਸਭਾ ਵਲੋਂ ਚਲਾਏ ਜਾ ਰਹੇ ਫ੍ਰੀ ਕੰਪਿਊਟਰ



ਸੈਂਟਰ ਵਿਖੇ 6 ਮਹੀਨੇ ਦਾ ਕੋਰਸ ਪੂਰਾ ਹੋਣ 15 ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇੰਨਰਵੀਲ ਕਲੱਬ ਦੇ ਸਹਿਯੋਗ ਨਾਲ ਪਿਛਲੇ 6 ਮਹੀਨੇ ਤੋਂ ਚੱਲ ਰਹੇ ਸਿਲਾਈ ਸਿਖਿਆ ਕੋਰਸ ਦੇ ਪੂਰਾ ਹੋਣ 'ਤੇ ਇਕ ਸਮਾਰੋਹ ਵਿਚ ਸਿਖਲਾਈ ਪ੍ਰਾਪਤ 15 ਲੜਕੀਆਂ ਨੂੰ ਮੁਫ਼ਤ ਸਿਲਾਈ ਮਸ਼ੀਨਾਂ ਅਤੇ ਸਰਟੀਫਿਕੇਟ ਵੰਡੇ ਗਏ। ਇਸ ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿਚ ਸ਼੍ਰੀ ਗੁਰੂ ਰਵਿਦਾਸ ਸਭਾ ਵਲੋਂ ਅਵਤਾਰ ਸਿੰਘ ਦਰਦੀ ਵਰਕਿੰਗ ਪ੍ਰੈਜ਼ੀਡੈਂਟ , ਘਨਸ਼ਾਮ ਜਨਰਲ ਸਕੱਤਰ,ਸਰਵਣ ਬਿਰਹਾ ਕੈਸ਼ੀਅਰ ਅਤੇ ਇੰਨਰਵੀਲ ਕਲੱਬ ਸਾਊਥ ਈਸਟ ਪੀ ਡੀ ਸੀ ਕਵਿਤਾ ਉੱਪਲ,ਪੀ ਡੀ ਸੀ ਚੰਦਰ ਪ੍ਰਭਾ ਗਾਂਧੀ, ਸੰਤੋਸ਼ ਕੁਮਾਰੀ ਪਾਸਟ ਪ੍ਰੈਜ਼ੀਡੈਂਟ, ਜਸਵੀਰ ਕੌਰ ਪ੍ਰੈਜ਼ੀਡੈਂਟ ਅਤੇ ਕੌਂਸਲਰ ਗੁਰਪ੍ਰੀਤ ਕੌਰ ਜੰਡੂ ਸ਼ਾਮਿਲ ਸਨ। ਸ਼੍ਰੀ ਗੁਰੂ ਰਵਿਦਾਸ ਸਭਾ ਦੇ ਜਨਰਲ਼ ਸਕੱਤਰ ਘਨਸ਼ਾਮ ਨੇ ਸਭਾ ਵਲੋਂ ਸਮਾਜ ਭਲਾਈ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਜਿਵੇਂ ਕਿ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਾਸਤੇ ਫ੍ਰੀ ਕੋਚਿੰਗ ਸੈਂਟਰ,ਫ੍ਰੀ ਕੰਪਿਊਟਰ ਸੈਂਟਰ,ਫ੍ਰੀ ਡਿਸਪੈਂਸਰੀ, ਚੈਰੀਟੇਬਲ ਲੈਬੋਰਟਰੀ,ਲਾਇਬ੍ਰੇਰੀ, ਇਨਡੋਰ ਖੇਡਾਂ ਅਤੇ ਜਿੰਮ, ਸਿਲਾਈ ਸੈਂਟਰ ਅਤੇ ਵਿਆਹ ਸ਼ਾਦੀਆਂ ਅਤੇ ਹੋਰ ਸਮਾਜਿਕ ਪ੍ਰੋਗਰਾਮ ਲਈ ਹਾਲ ਦੀ ਵਿਵਸਥਾ ਆਦਿ ਬਾਰੇ ਜਾਣਕਾਰੀ ਦਿੱਤੀ। ਇਸ ਸਮਾਰੋਹ ਵਿਚ ਸਿਖਲਾਈ ਪ੍ਰਾਪਤ ਲੜਕੀਆਂ ਤੋਂ ਇਲਾਵਾ ਸੁਰਜੀਤ ਕੌਰ , ਰੇਨੂੰ ਸੁਮਨ ,ਅੰਜੂ ਪੁਰੀ, ਸਲੋਨੀ ਜੈਨ,ਇੰਦਰਜੀਤ ਕੌਰ ਸੋਖੀ, ਸਰਬਜੀਤ ਕੌਰ ਭਿੰਡਰ,ਸ਼ੁਸ਼ਮਾ ਸ਼ਰਮਾ,ਸੂਬੇਦਾਰ ਕਿਸ਼ਨ ਸਿੰਘ,ਧਰਮਿੰਦਰ ਕੁਮਾਰ,ਸੁਰਿੰਦਰ ਕੁਮਾਰ,ਰਾਮ ਕਿਸ਼ਨ ਸੰਧੂ,ਰਾਮ ਰਤਨ, ਰਾਮ ਸਰਨ,ਤਰਸੇਮ ਸਲ੍ਹਨ , ਚਰਨਜੀਤ ਚੰਨੀ ,ਗੁਰਮੇਜ਼ ਸਿੰਘ, ਬਲਦੇਵ ਸਿੰਘ ਜੌਹਲ,ਨਸੀਬ ਚੰਦ, ਸ਼ਿੰਗਾਰਾ ਸਿੰਘ, ਭਗਵੰਤ ਰਾਏ, ਸੋਹਣ ਲਾਲ ਬਾਗਲਾ,ਚਮਨ ਲਾਲ, ਸੋਹਣ ਸਹਿਜਲ, ਸੁਰਜੀਤ ਕੁਮਾਰ, ਚਰਨਜੀਤ ਚੰਨੀ, ਸ਼੍ਰੀ ਗੁਰੂ ਰਵਿਦਾਸ ਸਭਾ ਦੇ ਮੈਂਬਰ, ਇੰਨਰਵੀਲ ਕਲੱਬ ਦੇ ਮੈਂਬਰ ਅਤੇ ਵੱਡੀ ਗਿਣਤੀ ਵਿਚ ਸਮਾਜਿਕ ਕਾਰਜਕਰਤਾ ਅਤੇ ਵਿਦਿਆਰਥੀ ਹਾਜ਼ਰ ਸਨ।




## ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਯੂਨੀਅਨ ਵਲੋਂ ਰਿਟਾਇਰਮੈਂਟ ਪਾਰਟੀ

**ਕਾਲਾ ਸੰਘਿਆਂ (ਮਨਜੀਤ ਮਾਨ)**— ਪੀ ਡਬਲਯੂ ਡੀ ਫੀਲਡ ਐਂਡ ਵਰਕਸਾਪ ਵਰਕਰ ਯੂਨੀਅਨ ਜਲੰਧਰ ਵਲੋਂ ਸੂਬਾ ਸਕੱਤਰ ਸੰਜੀਵ ਕੌਂਡਲ ਦੀ ਅਗਵਾਈ ਵਿੱਚ ਯੂਨੀਅਨ ਮੈਂਬਰ ਹਰੀ ਦੀ ਰਿਟਾਇਰਮੈਂਟ ਪਾਰਟੀ ਕੀਤੀ ਗਈ। ਇਸ ਪਾਰਟੀ ਵਿੱਚ ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ ਧਰਮਿੰਦਰ ਸਿੰਘ ਐਸ ਡੀ ਓ ਚੇਤੰਨ ਸੈਣੀ ਮਹਿਕਮੇ ਦੇ ਜੂਨੀਅਰ ਇੰਜੀਨੀਅਰ ਅਤੇ ਵੱਡੀ ਗਿਣਤੀ ਵਿੱਚ ਯੂਨੀਅਨ ਮੈਂਬਰ ਹਾਜਰ ਹੋਏ। ਯੂਨੀਅਨ ਆਗੂ ਰਾਜਨ ਕੁਮਾਰ,ਭੋਪਾਲ ਸਿੰਘ,ਨਰਿੰਦਰ ਸਿੰਘ,ਕਿਸੋਰ ਕੁਮਾਰ ਨੇ ਹਰੀ ਨੂੰ ਰਿਟਾਇਰਮੈਂਟ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ। ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ ਅਤੇ ਸਮੂਹ ਸਟਾਫ ਵੱਲੋਂ ਅਤੇ ਪੂਰੀ ਯੂਨੀਅਨ ਵਲੋਂ ਹਰੀ ਦਾ ਮਾਣ ਸਨਮਾਨ ਕੀਤਾ ਗਿਆ। ਸੂਬਾ ਸਕੱਤਰ ਸੰਜੀਵ ਕੌਂਡਲ ਨੇ ਕਿਹਾ ਕਿ ਹਰੀ ਨੇ ਯੂਨੀਅਨ ਵਲੋਂ ਹਰੇਕ ਸੰਘਰਸ਼ ਵਿਚ ਵੱਧ ਚੜ ਕੇ ਸਾਥ ਦਿੱਤਾ ਅਤੇ ਸਾਰੀ ਉਮਰ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ। ਯੂਨੀਅਨ ਹਮੇਸ਼ਾ ਉਨ੍ਹਾਂ ਨਾਲ ਖੜੀ ਰਹੇਗੀ। ਇਸ ਮੌਕੇ ਰਾਈਸ ਆਜਮ ਜੂਨੀਅਰ ਇੰਜੀਨੀਅਰ ਰੌਸਨ ਲਾਲ,ਯੁਗਰਾਜ ਸਿੰਘ,ਬਲਵੀਰ ਸਿੰਘ,ਭੁਪਿੰਦਰ ਸਿੰਘ,ਰਵੀ ਕੁਮਾਰ,ਰਾਧੇ ਸਾਮ,ਸੁਨੀਲ ਕੁਮਾਰ,ਮਨੋਜ ਕੁਮਾਰ,ਸੁਰਿੰਦਰ ਸਿੰਘ ਆਦਿ ਮੈਂਬਰ ਹਾਜਰ ਹੋਏ।

## ਆਂਚਲ ਸੰਧੂ ਸੋਖਲ ਦੀ ਪ੍ਰਧਾਨਗੀ ਹੇਠ ਹੋਈ ਲਾਇਨਜ਼ ਕਲੱਬ ਦੀ ਵਿਸ਼ੇਸ਼ ਮੀਟਿੰਗ

**ਨੂਰਮਹਿਲ (ਬਾਲ ਕ੍ਰਿਸਨ ਬਾਲੀ)**- ਲਾਇਨਜ ਕਲੱਬ ਨੂਰਮਹਿਲ ਦੀ ਮਹਿਲਾ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਦੀ



ਪ੍ਰਧਾਨਗੀ ਹੇਠ ਸਾਲ 2024-25 ਦੇ ਅੰਤਿਮ ਦਿਨ 30 ਜੂਨ ਨੂੰ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਦੁਨੀਆ ਵਿੱਚ ਨਿੱਤ ਹੁੰਦੇ ਹਾਦਸਿਆਂ ਖਾਸਕਰ ਅਹਿਮਦਾਬਾਦ ਜਹਾਜ ਹਾਦਸੇ ਵਿੱਚ ਚਲੇ ਗਈਆਂ 275 ਕੀਮਤੀ ਜਾਨਾਂ ਪ੍ਰਤੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਪਹਿਲਗਾਮ ਆਤੰਕੀ ਹਮਲਾ, ਵਿਦੇਸ਼ਾਂ ਵਿੱਚ ਲੱਗੀਆਂ ਜੰਗਾਂ ਵਿੱਚ ਮਰ ਰਹੇ ਬੇਕਸੂਰ ਲੋਕ ਆਦਿ ਦੇ ਗੰਭੀਰ ਮਸਲਿਆਂ ਦਾ ਅਧਿਐਨ ਕਰਦਿਆਂ ਵਿਸ਼ਵ ਸ਼ਾਂਤੀ ਲਈ ਈਸ਼ਵਰ ਪਾਸ ਪ੍ਰਾਰਥਨਾ ਕਰਦੇ ਹੋਏ ਸ਼ਰਧਾਂਜਲੀ ਦਿੱਤੀ। ਇਸ ਪ੍ਰਾਰਥਨਾ ਮੌਕੇ ਕਲੱਬ ਦੇ ਅਫਸਰਾਂ ਲਾਇਨ ਸੋਮਿਨਾਂ ਸੰਧੂ ਇਮੀਡੇਟ ਕਲੱਬ ਪ੍ਰਧਾਨ, ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਲਾਇਨ ਬਬਿਤਾ ਸੰਧੂ, ਲਾਇਨ ਦਿਨਕਰ ਸੰਧੂ, ਲਾਇਨ ਜਸਪ੍ਰੀਤ ਕੌਰ ਸੰਧੂ ਤੋਂ ਇਲਾਵਾ ਨੰਨ੍ਹੇ ਬੱਚਿਆਂ ਵਿੱਚ ਗੁਰਛਾਇਆ ਸੋਖਲ, ਗੁਰਅੰਸ ਸੋਖਲ, ਸ਼ਿਵਵੰਸ ਸੰਧੂ ਦੇ ਨਾਲ ਕੁਮਾਰੀ ਸਿਮਰਨ ਸਿੱਧੂ ਨੇ ਵੀ ਹਿੱਸਾ ਲਿਆ। ਇਸ ਬੈਠਕ ਵਿੱਚ ਜ਼ਿਲ੍ਹਾ ਗਵਰਨਰ ਲਾਇਨ ਰਛਪਾਲ ਸਿੰਘ ਬੱਚਾਜੀਵੀ ਦੀ ਲੀਡਰਸ਼ਿਪ 'ਚ ਹੋਏ ਸਰਬ ਪੱਖੀ ਵਿਕਾਸ ਕਾਰਜਾਂ ਭਰਭੂਰ ਸ਼ਲਾਘਾ ਕੀਤੀ ਗਈ ਅਤੇ ਉਹਨਾਂ ਦੇ ਐੱਮ.ਡੀ-321 ਦੇ ਵਾਈਸ ਮਲਟੀਪਲ ਕੌਂਸਲ ਦੇ ਚੇਅਰਮੈਨ ਚੁਣੇ ਜਾਣ 'ਤੇ ਖੁਸ਼ੀ ਦਾ ਇਜਹਾਰ ਕੀਤਾ ਗਿਆ। ਕਲੱਬ ਦੇ ਅਫਸਰਾਂ ਨੇ ਸਾਲ 2025-26 ਲਈ ਡਿਸਟ੍ਰਿਕਟ 321-ਡੀ ਦੀ ਚੁਣੀ ਗਈ ਨਵੀਂ ਟੀਮ ਐੱਮ.ਜੈ.ਐੱਫ ਲਾਇਨ ਵੀ.ਐੱਮ ਗੋਇਲ ਜ਼ਿਲ੍ਹਾ ਗਵਰਨਰ, ਐੱਮ.ਜੈ.ਐੱਫ ਲਾਇਨ ਜੀ.ਐੱਸ ਭਾਟੀਆ ਵਾਈਸ ਡਿਸਟ੍ਰਿਕਟ ਗਵਰਨਰ-1, ਪੀ.ਐੱਮ.ਜੇ. ਐੱਫ ਲਾਇਨ ਰਾਜੀਵ ਖੋਸਲਾ ਵਾਈਸ ਡਿਸਟ੍ਰਿਕਟ ਗਵਰਨਰ-2 ਲਈ ਸ਼ੁਭਕਾਮਨਾਵਾਂ ਮੰਗੀਆਂ। ਕਲੱਬ ਦੇ ਮੈਂਬਰਾਂ ਨੇ ਫੈਸਲਾ ਲਿਆ ਕਿ ਲਾਇਨਜ ਕਲੱਬ ਨੂਰਮਹਿਲ ਡ੍ਰੀਮ ਦੀ ਨਵੀਂ ਟੀਮ ਦਾ ਗਠਨ 5 ਜੁਲਾਈ ਨੂੰ ਰਵਾਨਾ ਹੋਣ ਵਾਲੀ ਸ੍ਰੀ ਅਮਰਨਾਥ ਯਾਤਰਾ ਦੇ ਸੰਪੂਰਣ ਹੋਣ ਤੋਂ ਬਾਅਦ ਲਿਆ ਜਾਵੇਗਾ।



## ਕੇਂਦਰ ਸਰਕਾਰ ਦੀਆਂ ਸਕੀਮਾਂ ਸੰਬੰਧੀ ਵਿਸ਼ੇਸ਼ ਸਹਾਇਤਾ ਕੈਂਪ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)**— ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਲਈ ਇਕ ਵਿਸ਼ੇਸ਼ ਸਹਾਇਤਾ ਕੈਂਪ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਪਿੰਡ ਟੱਪਰਿਆਂ ਖੁਰਦ ਵਿਖੇ ਲਗਾਇਆ ਗਿਆ। ਉਂਕਾਰ ਸਿੰਘ, ਸਤੀਸ ਕੁਮਾਰ ਟੋਨੀ, ਅਸ਼ੋਕ ਕੁਮਾਰ, ਸੰਜੂ ਖੁਰਦਾਂ,ਗੁਰਮੀਤ ਸਿੰਘ, ਮਨੀ ਖੁਰਦਾਂ ਵੱਲੋ ਇਸ ਕੈਂਪ ਨੂੰ ਲਗਵਾਉਣ ਲਈ ਸਹਾਇਤਾ ਕੀਤੀ ਗਈ । ਪਿੰਡ ਵਾਸੀਆਂ 'ਚ ਇਸ ਕੈਂਪ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਕੈਂਪ ਵਿੱਚ ਆਯੁਸ਼ਮਾਨ ਕਾਰਡ, ਕਿਸਾਨ ਸਨਮਾਨ ਨਿਧੀ ਯੋਜਨਾ ਆਵਾਸ ਯੋਜਨਾ, ਇ ਸ਼੍ਰਮ ਕਾਰਡ, ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ, ,ਪ੍ਰਧਾਨ ਮੰਤਰੀ ਸੂਰਯਾ ਘਰ ਯੋਜਨਾ, ਟੂਲ ਕਿਟ, ਦੇ ਲਾਭ ਉਠਾਉਣ ਲਈ ਸਹਾਇਤਾ ਕੀਤੀ ਗਈ ਅਤੇ ਕਾਰਡ ਵੀ ਬਣਾ ਕੇ ਦਿੱਤੇ ਗਏ। ਇਸ ਮੌਕੇ 'ਤੇ ਸਰਕਲ ਪ੍ਰਧਾਨ ਸੁਖਦੇਵ ਲਾਲ ਬੰਟੀ ਵਲੋਂ ਸਾਰੇ ਪਿੰਡ ਵਾਸੀਆਂ ਅਤੇ ਕੈਂਪ ਵਿੱਚ ਸ਼ਾਮਿਲ ਹੋਏ ਅਜੈ ਕਟਾਰੀਆ ਜ਼ਿਲ੍ਹਾ ਉਪ ਅਧਿਅਕਸ਼, ਨਰੇਂਦਰ ਨਾਥ ਸੂਦਨ ਜ਼ਿਲ੍ਹਾ ਕੈਸ਼ੀਅਰ,ਪੰਕਜ ਕੁਮਾਰ ਜ਼ਿਲ੍ਹਾ ਯੂਥ ਪ੍ਰਧਾਨ, ਕੀਮਤੀ ਲਾਲ ਜਰਨਲ ਸਕੱਤਰ ਸਰਕਲ ਭੱਦੀ ਦਾ ਧੰਨਵਾਦ ਕੀਤਾ।

## ਮੰਗਾਂ ਨੂੰ ਲੈ ਕੇ ਪੀ ਐੱਸ ਯੂ ਦਾ ਵਫਦ ਪ੍ਰਸ਼ਾਸਨ ਨੂੰ ਮਿਲਿਆ

**ਬੰਗਾ (ਅਵਤਾਰ ਕਲੇਰ)** ਪੰਜਾਬ ਸਟੂਡੈਂਟਸ ਯੂਨੀਅਨ ਦਾ ਪ੍ਰਵਾਭਸ਼ਾਲੀ ਵਫਦ ਵਿਦਿਆਰਥੀ/ਨੌਜਵਾਨਾਂ ਦੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਸ਼ਰਮਾ ਨੂੰ




ਮਿਲਿਆ,ਜਿਸ ਵਿੱਚ ਪਹਿਲੀ ਮੰਗ ਆਈ.ਟੀ.ਆਈ ਗਰਾਊਂਡ ਦੇ ਟਰੈਕ ਦੀ ਮੁਰੰਮਤ ਕਰਵਾਈ ਜਾਵੇ, ਦੂਸਰਾ ਕਿ ਸਾਰੇ ਪ੍ਰੈਕਟਿਸ ਕਰਨ ਲਈ ਆਉਂਦੇ ਵਿਅਕਤੀਆਂ (ਲੜਕੇ/ਲੜਕੀਆਂ) ਲਈ ਵਾਸ਼ਰੂਮਾਂ ਦਾ ਪ੍ਰਬੰਧ ਕੀਤਾ ਜਾਵੇ,ਤੀਸਰਾ ਇਹ ਕਿ ਗਰਾਊਂਡ 'ਚ ਅਤੇ ਗਰਾਊਂਡ ਦੇ ਟਰੈਕ 'ਤੇ ਕੋਈ ਵਾਹਨ ਨਾ ਚਲਾਇਆ ਜਾਵੇ, ਚੌਥੀ ਮੰਗ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਵਾਸੀਆਂ ਲਈ ਸਰਕਾਰੀ ਨੌਕਰੀਆਂ ਵਿੱਚ 90 ਫੀਸਦੀ ਰਾਖਵੇਂਕਰਨ ਦਾ ਕਾਨੂੰਨ ਬਣਾਇਆ ਜਾਵੇ ਅਤੇ ਪੰਜਵੀਂ ਮੰਗ ਇਹ ਕਿ ਪੰਜਾਬ ਦੀ ਸਿੱਖਿਆ ਨੀਤੀ ਪੰਜਾਬ ਸਰਕਾਰ ਦੁਆਰਾ ਆਪ ਬਣਾਈ ਜਾਵੇ। ਉਪਰੋਕਤ ਮੰਗਾਂ ਸੰਬੰਧੀ ਵਧੀਕ ਡਿਪਟੀ ਸਪੀਕਰ ਨੇ ਮੀਟਿੰਗ ਦੇ ਸਮੇਂ ਦੌਰਾਨ ਹੀ ਖੇਡ ਅਫ਼ਸਰ ਨੂੰ ਫੋਨ 'ਤੇ ਕਿਹਾ ਕਿ ਤਿੰਨ ਸਮੱਸਿਆਵਾਂ ਦਾ ਹੱਲ ਕਰਕੇ ਰਿਪੋਟ ਕੀਤੀ ਜਾਵੇ ਅਤੇ ਦੋ ਹੇਠਲੀਆਂ ਵਿਦਿਆਰਥੀ ਮੰਗਾਂ ਪੰਜਾਬ ਸਰਕਾਰ ਨੂੰ ਭੇਜ ਦਿੱਤੀਆਂ ਜਾਣਗੀਆਂ। ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਤੇ ਸਕੱਤਰ ਬਲਜੀਤ ਧਰਮਕੋਟ, ਆਈ.ਟੀ. ਆਈ ਦੇ ਸੈਕਟਰੀ ਅਸ਼ਵਨੀ ਕੁਮਾਰ, ਰੋਹਿਤ ਪਨਾਮ ਤੇ ਮਨਦੀਪ ਕੁਮਾਰ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਦੁਸਹਿਰੇ ਦਾ ਮੇਲਾ ਲੱਗਣ ਕਾਰਨ ਗਰਾਊਂਡ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ,ਜਿਸ ਕਰਕੇ ਅਭਿਆਸੀਆਂ ਦੇ ਸੱਟਾਂ-ਚੋਟਾਂ ਵੀ ਲੱਗੀਆਂ ਅਤੇ ਆਗੂਆਂ ਨੇ ਕਿਹਾ ਕਿ ਜੇਕਰ ਉਪਰੋਕਤ ਮੰਗਾਂ ਨੂੰ ਅੱਜ ਦੀ ਵਿਚਾਰ ਚਰਚਾ ਤੋਂ ਬਾਅਦ ਵੀ ਜੇਕਰ ਗੰਭੀਰਤਾ ਨਾਲ ਹੱਲ ਨਹੀਂ ਕੀਤਾ ਜਾਂਦਾ ਤਾਂ ਅਗਲੇ ਸੰਘਰਸ਼ ਦੀ ਰੂਪ ਰੇਖਾ ਜਲਦ ਹੀ ਤਿਆਰ ਕੀਤੀ ਜਾਵੇਗੀ। ਇਸ ਮੌਕੇ ਮੀਟਿੰਗ ਵਿੱਚ, ਸੌਰਵ, ਇੰਦਰ ਮੱਲ, ਸਾਹਿਲ, ਜਸਕਰਨ, ਅਮਨ, ਬੋਬੀ, ਅਰਮਾਨ, ਮੋਹਿਤ, ਚੇਤਨ, ਸਾਗਰ, ਸ਼ੰਕਰ, ਹਰਦੀਪ ਮੱਲ, ਮੋਹਿਤ, ਸ਼ੁਭਮ, ਰੋਹਿਤ ਬੰਗੜ, ਸਾਹਿਲ, ਮਨੀ, ਮਨਦੀਪ ਸਬਰੀ, ਪ੍ਰਿੰਸ,ਅਮਰੀਕ ਆਦਿ ਹਾਜ਼ਰ ਸਨ।